
Ray Dhaliwal
Real Estate Broker

**Moving to Indiana?**

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

Twenty-Fourth Year of Publication
ਨਿਊਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 42; October 21, 2023
20451 N. Plum Grove Rd., Palatine, IL 60074
Ph:847-359-0746, Fax:847-705-9388

# ਖੁੱਲ੍ਹੀ ਬਹਿਸ ਦੇ ਸੱਦੇ ਨੇ ਸਿਆਸਤ ਭਖਾਈ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਤਲੁਜ ਯਮੁਨਾ ਲਿੰਕ ਨਹਿਰ (ਐਸ.ਵਾਈ.ਐਲ) ਸਣੇ ਸੂਬੇ ਨਾਲ ਸਬੰਧਿਤ ਹੋਰਨਾਂ ਭਖਦੇ ਮਸਲਿਆਂ ਉਤੇ ਸਿਆਸੀ ਵਿਰੋਧੀਆਂ ਨੂੰ 'ਖੁੱਲ੍ਹੀ ਬਹਿਸ' ਦੇ ਸੱਦੇ ਨੇ ਸੂਬੇ ਦੀ ਸਿਆਸਤ ਭਖਾਈ ਹੋਈ ਹੈ। ਮੁੱਖ ਮੰਤਰੀ 'ਖੁੱਲ੍ਹੀ ਬਹਿਸ' ਦੇ ਕੀਤੇ ਐਲਾਨ ਨੂੰ ਹਕੀਕੀ ਰੂਪ ਦੇਣ ਲਈ ਬਜ਼ਿਦ ਹਨ। ਇਸ ਬਹਿਸ ਲਈ ਸੂਬਾ ਸਰਕਾਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਦਾ ਡਾ. ਮਨਮੋਹਨ ਸਿੰਘ ਆਡੀਟੋਰੀਅਮ ਹਾਲ ਪਹਿਲੀ ਨਵੰਬਰ ਲਈ ਬੁੱਕ ਕਰ ਲਿਆ ਹੈ।



ਸਰਕਾਰ ਦੀਆਂ ਇਨ੍ਹਾਂ ਸਰਗਰਮੀਆਂ ਪਿੱਛੋਂ ਮੁੱਖ ਮੰਤਰੀ ਦੇ ਬਹਿਸ ਦੇ ਸੱਦੇ ਨੂੰ ਬਹੁਤਾ ਨਾ ਗੌਲ ਰਹੇ ਸਿਆਸੀ ਵਿਰੋਧੀਆਂ ਨੂੰ ਵੀ ਹੱਥਾਂ-ਪੈਰਾਂ ਦੀ ਪੈ ਗਈ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਇਸ ਬਹਿਸ ਦਾ ਹਿੱਸਾ ਬਣਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਭਾਜਪਾ ਨੇ ਵੀ ਬਹਿਸ ਲਈ ਸ਼ਰਤਾਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਹਨ। ਕਾਂਗਰਸ ਵਾਲੇ ਵੀ ਹੁਣ ਗੁੰਮ-ਸੁੰਮ ਨਜ਼ਰ ਆ ਰਹੇ ਹਨ।

ਸੂਤਰਾਂ ਮੁਤਾਬਕ, ਜੇ ਕੋਈ ਸਿਆਸੀ ਧਿਰ ਇਸ ਬਹਿਸ ਵਿਚ ਸ਼ਮੂਲੀਅਤ ਨਹੀਂ ਕਰਦੀ ਤਾਂ ਮੁੱਖ ਮੰਤਰੀ ਵੱਲੋਂ ਪੰਜਾਬ ਦੇ ਲੋਕਾਂ ਨੂੰ ਸੰਬੋਧਨ ਕੀਤੇ ਜਾਣ ਦਾ ਪ੍ਰੋਗਰਾਮ ਹੈ। ਵੇਰਵਿਆਂ ਅਨੁਸਾਰ ਵਿਰੋਧੀ ਧਿਰਾਂ ਨੇ ਸ਼ਰਤਾਂ ਸਮੇਤ 'ਖੁੱਲ੍ਹੀ ਬਹਿਸ' ਵਿਚ ਸ਼ਮੂਲੀਅਤ ਦੀ ਗੱਲ ਆਖੀ ਸੀ। ਮੌਜੂਦਾ ਹਾਲਾਤ ਦੇ ਮੱਦੇਨਜ਼ਰ ਵਿਰੋਧੀ ਧਿਰਾਂ ਪਹਿਲੀ ਨਵੰਬਰ ਨੂੰ ਆਪਣੇ ਵੱਖਰੇ ਪ੍ਰੋਗਰਾਮ ਦੇ ਸਕਦੀਆਂ ਹਨ। ਉਧਰ, ਸਰਕਾਰ ਵੱਲੋਂ ਬਹਿਸ ਲਈ ਜਗ੍ਹਾ ਬੁੱਕ ਕਰਨ ਤੋਂ ਬਾਅਦ ਮੁੱਖ ਮੰਤਰੀ ਨੇ ਸਿਆਸੀ ਵਿਰੋਧੀਆਂ ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਮੁੜ ਸਾਫ ਕੀਤਾ ਹੈ ਕਿ ਇਹ ਬਹਿਸ ਪੰਜਾਬ ਨੂੰ ਕਿਸ ਨੇ ਅਤੇ ਕਿਵੇਂ ਲੁੱਟਣ ਉੱਤੇ ਕੇਂਦਰਤ ਹੋਵੇਗੀ ਜਿਸ ਵਿਚ ਕੁਨਬਾਪ੍ਰਸਤੀ (ਭਾਈ-ਭਤੀਜਾ, ਜੀਜਾ-ਸਾਲਾ), ਪੱਖਪਾਤ, ਟੌਲ ਪਲਾਜ਼ੇ, ਨੌਜਵਾਨਾਂ, ਖੇਤੀਬਾੜੀ, ਵਪਾਰ-ਦੁਕਾਨਦਾਰ, ਗੁਰਬਾਣੀ ਅਤੇ ਦਰਿਆਈ ਪਾਣੀਆਂ ਉਤੇ ਡਾਕਾ ਮਾਰਨ ਸਣੇ ਸੂਬੇ ਨਾਲ ਸਬੰਧਿਤ ਮਸਲਿਆਂ ਉੱਤੇ ਚਰਚਾ ਹੋਵੇਗੀ। ਉਨ੍ਹਾਂ ਆਖਿਆ ਹੈ ਕਿ ਇਹ ਲੀਡਰ ਆਉਣ ਜਾਂ ਨਾ ਆਉਣ ਪਰ ਉਹ ਬਹਿਸ ਲਈ ਇਨ੍ਹਾਂ ਨੇਤਾਵਾਂ ਦੀਆਂ ਕੁਰਸੀਆਂ ਡਾਹ ਕੇ ਰੱਖਣਗੇ। ਉਨ੍ਹਾਂ ਦੋਸ਼ ਲਾਇਆ ਕਿ ਆਪਣੇ ਗੁਨਾਹਾਂ ਤੋਂ ਪਰਦਾ ਚੁੱਕੇ ਜਾਣ ਦੇ ਡਰੋਂ ਵਿਰੋਧੀ ਆਗੂ 'ਖੁੱਲ੍ਹੀ ਬਹਿਸ' ਤੋਂ ਭੱਜ ਰਹੇ ਹਨ। ਵਿਰੋਧੀ ਪਾਰਟੀਆਂ ਦੇ ਲੀਡਰਾਂ ਦੀ ਸੂਬੇ ਨੂੰ ਬਰਬਾਦ ਕਰਨ ਵਾਲੇ ਲੋਕਾਂ ਨਾਲ ਗੰਢ-ਤੁੱਪ ਸੀ ਜਿਸ ਕਰਕੇ ਉਹ ਬਹਿਸ ਵਿਚ ਆਉਣ ਤੋਂ ਪਾਸਾ ਵੱਟ ਰਹੇ ਹਨ।

ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਬਹਿਸ ਦੇ ਸੱਦੇ 'ਤੇ ਆਖਿਆ ਕਿ ਮੁਕਾਬਲੇ ਵਿਚ ਰੈਫਰੀ ਦੀ ਲੋੜ ਹੁੰਦੀ ਹੈ, ਇਸੇ ਲਈ ਉਨ੍ਹਾਂ ਨੇ ਹਰਵਿੰਦਰ ਸਿੰਘ ਫੂਲਕਾ, ਕੰਵਰ ਸੰਧੂ ਤੇ ਡਾ. ਧਰਮਵੀਰ ਗਾਂਧੀ ਦੇ ਨਾਮ ਸੁਝਾਏ ਹਨ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਸਾਫ ਆਖ ਦਿੱਤਾ ਹੈ ਕਿ ਉਹ ਇਸ ਬਹਿਸ ਦਾ ਹਿੱਸਾ ਨਹੀਂ ਬਣਨਗੇ। ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ 'ਆਪ' ਸਰਕਾਰ ਭੁੱਲ ਗਈ ਹੈ ਕਿ ਪੰਜਾਬ ਨਾਲ ਸਾਰੇ ਅਨਿਆਂ ਕਾਂਗਰਸ ਪਾਰਟੀ ਨੇ ਕੀਤੇ ਹਨ, ਭਾਵੇਂ ਉਹ 1955 ਵਿਚ ਅੱਧਾ ਪਾਣੀ ਰਾਜਸਥਾਨ ਨੂੰ ਦੇਣ ਦਾ ਮਾਮਲਾ ਹੋਵੇ ਜਾਂ ਫਿਰ ਬਾਅਦ ਵਿਚ ਅੱਧਾ ਹਰਿਆਣਾ ਨੂੰ ਦੇਣ ਅਤੇ 1981 ਤੇ 1982 ਵਿਚ ਐਸ.ਵਾਈ.ਐਲ. ਨਹਿਰ ਪੁੱਟਣ ਦੀ ਸ਼ੁਰੂਆਤ ਕਰਨ ਦਾ ਹੋਵੇ।

ਯਾਦ ਰਹੇ ਕਿ ਸੁਪਰੀਮ ਕੋਰਟ ਨੇ ਕੇਂਦਰ ਨੂੰ ਪੰਜਾਬ ਵਿਚ ਸਤਲੁਜ ਯਮੁਨਾ ਲਿੰਕ ਨਹਿਰ ਲਈ ਸਰਵੇਖਣ ਕਰਵਾਉਣ ਦੇ ਹੁਕਮ ਦਿੱਤੇ ਸਨ ਜਿਸ ਮਗਰੋਂ ਪੰਜਾਬ 'ਚ ਦਰਿਆਈ ਪਾਣੀਆਂ ਨੂੰ ਲੈ ਕੇ ਸਿਆਸਤ ਕਾਫੀ ਭਖ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨੀਂ ਐਕਸ 'ਤੇ ਪਾਈ ਪੋਸਟ ਵਿਚ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਭਾਜਪਾ ਨੂੰ ਦਰਿਆਈ ਪਾਣੀਆਂ ਸਣੇ ਹੋਰਨਾਂ ਭਖਦੇ ਮਸਲਿਆਂ 'ਤੇ ਪਹਿਲੀ ਨਵੰਬਰ ਲਈ ਖੁੱਲ੍ਹੀ ਬਹਿਸ ਦਾ ਸੱਦਾ ਦਿੱਤਾ ਸੀ ਹਾਲਾਂਕਿ 'ਆਪ' ਸਰਕਾਰ ਨੇ ਆਪਣਾ ਪੱਖ ਰੱਖਦਿਆਂ ਸਾਫ ਕਰ ਦਿੱਤਾ ਸੀ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪਾਣੀਆਂ ਸਮੇਤ ਪੰਜਾਬ ਦੇ ਮਸਲਿਆਂ ਉਤੇ ਇਸ ਤਰ੍ਹਾਂ ਦੀ ਖੁੱਲ੍ਹੀ ਬਹਿਸ ਦਾ ਸਾਹਮਣਾ ਕਰਨਾ ਰਵਾਇਤੀ ਧਿਰਾਂ (ਅਕਾਲੀ ਦਲ-ਕਾਂਗਰਸ) ਲਈ ਵੱਡੀ ਚੁਣੌਤੀ ਹੋਵੇਗਾ। ਇਸ ਲਈ ਇਸ ਬਹਿਸ ਤੋਂ ਪਾਸਾ ਵੱਟਣ ਲਈ ਹਰ ਹੀਲਾ ਵਰਤਣਗੀਆਂ। ਐਸ.ਵਾਈ.ਐਲ. ਨਹਿਰ ਦੇ ਨੀਂਹ ਪੱਥਰ ਤੋਂ ਲੈ ਕੇ ਬਣਤਰ ਵਿਚ ਇਨ੍ਹਾਂ ਧਿਰਾਂ ਦੀ ਭੂਮਿਕਾ ਕਿਸੇ ਤੋਂ ਲੁਕੀ ਨਹੀਂ ਹੈ। ਸਵਾਲ ਇਹ ਵੀ ਹੈ ਕਿ ਕਾਨੂੰਨੀ ਪੱਖੋਂ ਪੰਜਾਬ ਦਾ ਪੱਲੜਾ ਭਾਰੀ ਹੋਣ ਦੇ ਬਾਵਜੂਦ ਇਹ ਕੇਸ ਹਰਿਆਣਾ ਦੇ ਹੱਕ ਵਿਚ ਕਿਵੇਂ ਚਲਾ ਗਿਆ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਭਾਵੇਂ ਐਸ.ਵਾਈ.ਐਲ. ਰਾਹੀਂ ਇਕ ਬੂੰਦ ਵੀ ਪਾਣੀ ਹਰਿਆਣਾ ਨੂੰ ਨਾ ਦੇਣ ਦੀਆਂ ਬੜ੍ਹਕਾਂ ਮਾਰ ਰਹੇ ਹਨ ਪਰ ਇਨ੍ਹਾਂ ਦੋਵੇਂ ਪਾਰਟੀਆਂ ਦੇ ਰਾਜ ਦੌਰਾਨ ਹੀ ਐਸ.ਵਾਈ.ਐਲ. ਦੇ ਨਿਰਮਾਣ ਦਾ ਮੁੱਢ ਬੱਝਿਆ ਸੀ। ਸਾਲ 1970 ਪੰਜਾਬ 'ਚ ਅਕਾਲੀ ਦਲ ਦੀ ਸਰਕਾਰ ਸਮੇਂ ਨਹਿਰ ਲਈ

*(ਬਾਕੀ ਸਫਾ 6 'ਤੇ)*

## ਖੱਟਰ ਵੱਲੋਂ ਮਾਨ ਨੂੰ ਮੀਟਿੰਗ ਦੀ ਪੇਸ਼ਕਸ਼

**ਚੰਡੀਗੜ੍ਹ:** ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਸਬੰਧੀ ਸੁਪਰੀਮ ਕੋਰਟ ਵੱਲੋਂ ਪੰਜਾਬ ਵਿਚ ਸਰਵੇਖਣ ਕਰਨ ਬਾਰੇ ਦਿੱਤੇ ਆਦੇਸ਼ ਤੋਂ ਬਾਅਦ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਭੇਜਿਆ ਹੈ ਤੇ ਉਨ੍ਹਾਂ ਨਾਲ ਇਸ ਮਾਮਲੇ 'ਤੇ ਗੱਲਬਾਤ ਕਰਨ ਦੀ ਇੱਛਾ ਪ੍ਰਗਟਾਈ ਹੈ। ਸ੍ਰੀ ਖੱਟਰ ਨੇ ਪੱਤਰ ਰਾਹੀਂ ਕਿਹਾ ਕਿ ਉਹ ਐਸ.ਵਾਈ.ਐਲ. ਨਹਿਰ ਦੀ ਉਸਾਰੀ ਦੇ ਰਾਹ ਵਿਚ ਆਉਣ ਵਾਲੀ ਕਿਸੇ ਵੀ ਰੁਕਾਵਟ ਦਾ ਹੱਲ ਕੱਢਣ ਲਈ ਸ੍ਰੀ ਮਾਨ ਨੂੰ ਮਿਲਣ ਲਈ ਤਿਆਰ ਹਨ। ਇਸ ਤੋਂ ਪਹਿਲਾਂ ਦੋਵਾਂ ਵਿਚਕਾਰ ਆਖਰੀ ਵਾਰ 14 ਅਕਤੂਬਰ 2022 ਨੂੰ ਮੀਟਿੰਗ ਹੋਈ ਸੀ।

## ਨਸਲੀ ਨਫਰਤ: ਸ਼ਿਕਾਗੋ 'ਚ 6 ਸਾਲਾ ਬੱਚੇ ਦੀ ਹੱਤਿਆ

**ਸ਼ਿਕਾਗੋ:** ਹਮਾਸ ਅਤੇ ਇਜ਼ਰਾਈਲ ਵਿਚਾਲੇ ਚੱਲ ਰਹੇ ਸੰਘਰਸ਼ ਦਾ ਸੇਕ ਅਮਰੀਕੀ ਸ਼ਹਿਰ ਸ਼ਿਕਾਗੋ ਤੱਕ ਪਹੁੰਚ ਗਿਆ ਹੈ। ਸ਼ਿਕਾਗੋ



ਵਿਚ 'ਨਸਲੀ ਨਫ਼ਰਤ ਦਾ ਭਿਆਨਕ ਕਾਰਾ' ਸਾਹਮਣੇ ਆਇਆ। ਇਥੇ ਛੇ ਸਾਲ ਦੇ ਮਾਸੂਮ ਬੱਚੇ ਨੂੰ ਇਸ ਲਈ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਕਿਉਂਕਿ ਉਸ ਦਾ ਪਰਿਵਾਰ ਮੁਸਲਿਮ ਭਾਈਚਾਰੇ ਨਾਲ ਸਬੰਧਿਤ ਸੀ। ਰਾਸ਼ਟਰਪਤੀ ਜੋਅ ਬਾਇਡਨ ਨੇ ਨਫਰਤੀ ਅਪਰਾਧ ਦੀ ਹੈਰਾਨ ਕਰਨ ਵਾਲੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਥੇ ਮਕਾਨ ਮਾਲਿਕ ਨੇ ਚਾਕੂ ਮਾਰ-ਮਾਰ ਕੇ 6 ਸਾਲ ਦੇ ਲੜਕੇ ਦੀ ਹੱਤਿਆ ਕਰ ਦਿੱਤੀ। ਲੜਕੇ ਦੀ ਮਾਂ ਨੂੰ ਵੀ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ ਹੈ। ਹਮਲਾ ਇਸ ਲਈ ਕੀਤਾ ਗਿਆ ਕਿਉਂਕਿ ਉਹ ਮੁਸਲਿਮ ਕਿਰਾਏਦਾਰ ਸਨ। ਸ਼ਿਕਾਗੋ ਦੇ ਰਹਿਣ ਵਾਲੇ 71 ਸਾਲਾ ਜੋਸੇਫ ਐਮ. ਕਜ਼ੂਬਾ ਨੂੰ 6 ਸਾਲ ਦੇ ਲੜਕੇ

*(ਬਾਕੀ ਸਫਾ 6 'ਤੇ)*

**One stop shop for all your taxi needs**

**The Friendly Group Ltd.**
**Chelsea Taxi Brokers**
**Ph: 212-947-9833, 212-695-0601**
*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
* Medallion transfers
* Accident claims
* Taxi Stand Facility available



We are here at your service to sell and buy or insure medallions and we are in business to help our Punjabi Community since last 40 years.

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

*Ask us about Purchase or new buyer and financing.

# ਭਾਜਪਾ ਦਾ ਪੰਜਾਬ ਵਿਚ ਦਲ ਬਦਲੀ ਵਾਲਾ ਤਜਰਬਾ ਪੁੱਠਾ ਪੈਣ ਲੱਗਾ

**ਚੰਡੀਗੜ੍ਹ:** ਭਾਜਪਾ ਦਾ ਪੰਜਾਬ ਵਿਚ ਦਲ ਬਦਲੀ ਦਾ ਤਜਰਬਾ ਨਾਕਾਮ ਸਾਬਤ ਹੋਣ ਲੱਗਾ ਹੈ। ਕਾਂਗਰਸ ਵਿਚੋਂ ਭਗਵਾ ਧਿਰ ਵਿਚ ਸ਼ਾਮਲ ਹੋਏ ਆਗੂ ਹੁਣ ਵਾਪਸੀ ਕਰਨ ਲੱਗੇ ਹਨ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਕਈ ਕਾਂਗਰਸੀ ਆਗੂਆਂ ਤੇ ਸਾਬਕਾ ਮੰਤਰੀਆਂ ਨੇ ਘਰ ਵਾਪਸੀ ਦੀ ਤਿਆਰੀ ਖਿੱਚ ਲਈ ਹੈ।

ਇਸ ਸਬੰਧੀ ਮੌਜੂਦਾ ਭਾਜਪਾ ਆਗੂ ਬਲਬੀਰ ਸਿੱਧੂ, ਜੀਤੀ ਸਿੱਧੂ, ਜੀਤ ਮੋਹਿੰਦਰ ਸਿੱਧੂ, ਰਾਜ ਕੁਮਾਰ ਵੇਰਕਾ, ਗੁਰਪ੍ਰੀਤ ਕਾਂਗੜ ਤੇ ਹੋਰ ਆਗੂਆਂ ਨੇ ਨਵੀਂ ਦਿੱਲੀ ਵਿਚ ਕਾਂਗਰਸ ਦੇ ਕੌਮੀ ਸਕੱਤਰ ਕੇ.ਸੀ. ਵੇਣੂਗੋਪਾਲ ਨਾਲ ਮੁਲਾਕਾਤ ਕੀਤੀ ਤੇ ਘਰ ਵਾਪਸੀ ਬਾਰੇ ਵਿਚਾਰ ਚਰਚਾ ਕੀਤੀ। ਇਸ ਸਬੰਧੀ ਮੁਹਾਲੀ ਦੇ ਮੇਅਰ ਜੀਤੀ ਸਿੱਧੂ ਨੇ ਫੋਨ 'ਤੇ ਮੀਟਿੰਗ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ ਦਿੱਲੀ ਵਿਚ ਕਾਂਗਰਸ ਹਾਈ ਕਮਾਂਡ ਅੱਗੇ ਆਪਣੀ ਗੱਲ ਰੱਖੀ ਹੈ ਕਿ ਉਹ ਪਾਰਟੀ ਵਿਚ ਵਾਪਸੀ ਲਈ ਤਿਆਰ ਹਨ ਤੇ ਉਨ੍ਹਾਂ ਪਾਰਟੀ ਦੀ ਬਿਹਤਰੀ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਸ੍ਰੀ ਵੇਣੂਗੋਪਾਲ ਨੂੰ ਅਪੀਲ ਕੀਤੀ ਕਿ ਉਹ ਚੰਡੀਗੜ੍ਹ ਵਿਚ ਆਪਣੇ ਸਮਰਥਕਾਂ ਸਣੇ ਪਾਰਟੀ ਵਿਚ ਸ਼ਾਮਲ ਹੋਣ ਦਾ ਰਸਮੀ ਐਲਾਨ ਕਰਨਗੇ।

ਅੰਮ੍ਰਿਤਸਰ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਅਤੇ ਸਾਬਕਾ ਮੰਤਰੀ ਰਾਜ ਕੁਮਾਰ ਵੇਰਕਾ ਜੋ 2022 ਦੀਆਂ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਸਨ, ਨੇ ਭਾਜਪਾ ਛੱਡ ਕੇ ਘਰ ਵਾਪਸੀ ਕਰਦਿਆਂ ਕਾਂਗਰਸ ਵਿਚ ਜਾਣ ਦਾ ਐਲਾਨ ਕੀਤਾ ਹੈ।



ਉਧਰ, ਕੇਂਦਰ ਸਰਕਾਰ ਨੇ ਪੰਜਾਬ ਦੇ ਲਗਭਗ 40 ਭਾਜਪਾ ਆਗੂਆਂ ਦੀ ਸੁਰੱਖਿਆ ਘਟਾ ਦਿੱਤੀ ਹੈ ਜਿਨ੍ਹਾਂ ਵਿਚ ਉਹ ਆਗੂ ਵੀ ਸ਼ਾਮਲ ਦੱਸੇ ਜਾਂਦੇ ਹਨ ਜੋ ਭਾਜਪਾ ਛੱਡ ਕੇ ਮੁੜ ਕਾਂਗਰਸ 'ਚ ਸ਼ਾਮਲ ਹੋਣਾ ਚਾਹੁੰਦੇ ਹਨ। ਇਹ ਆਗੂ ਬੀਤੇ ਦਿਨੀਂ ਨਵੀਂ ਦਿੱਲੀ ਵਿਚ ਕਾਂਗਰਸ ਦੇ ਕੌਮੀ ਸਕੱਤਰ ਨੂੰ ਵੀ ਮਿਲੇ ਸਨ। ਬਹੁਤੇ ਆਗੂਆਂ ਦੀ ਸੁਰੱਖਿਆ ਨੂੰ ਸ਼੍ਰੇਣੀ 'ਵਾਈ' ਤੋਂ 'ਐਕਸ' ਕਰ ਦਿੱਤੀ ਗਈ ਹੈ। ਇਸ ਕਾਰਵਾਈ ਨਾਲ ਭਾਜਪਾ ਦਾ ਪੰਜਾਬ 'ਚੋਂ ਦਲ ਬਦਲੀ ਦਾ ਤਜਰਬਾ ਨਾਕਾਮ ਸਾਬਤ ਹੋਣ ਲੱਗਾ ਹੈ।

ਭਾਜਪਾ ਦੇ ਇਕ ਸੀਨੀਅਰ ਆਗੂ ਨੇ ਆਪਣਾ ਨਾਮ ਗੁਪਤ ਰੱਖਦਿਆਂ ਕਿਹਾ ਕਿ ਕਾਂਗਰਸ ਵਿਚ ਮੁੜ ਸ਼ਾਮਲ ਹੋਣ ਵਾਲੇ ਆਗੂ ਭਾਜਪਾ ਵਿਚ ਆਪਣੇ ਕੱਦ ਮੁਤਾਬਕ ਰੁਤਬਾ ਜਾਂ ਅਹੁਦਾ ਭਾਲਦੇ ਸਨ ਪਰ ਭਾਜਪਾ ਕੋਲ ਇਨ੍ਹਾਂ ਵਾਸਤੇ ਕੋਈ ਬਦਲ ਨਹੀਂ ਸੀ। ਜਾਣਕਾਰੀ ਅਨੁਸਾਰ ਪਿਛਲੇ ਸਾਲ ਸੂਬਾ ਸਰਕਾਰ ਨੇ ਇਨ੍ਹਾਂ ਆਗੂਆਂ ਦੀ ਸੁਰੱਖਿਆ ਵਿਚ ਕਟੌਤੀ ਕਰ ਦਿੱਤੀ ਸੀ ਜਿਸ ਤੋਂ ਬਾਅਦ ਕੇਂਦਰ ਦੀ ਭਾਜਪਾ ਸਰਕਾਰ ਨੇ ਇਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਸੀ ਪਰ ਹੁਣ ਕਰੀਬ ਇਕ ਸਾਲ ਬਾਅਦ ਮੁੜ ਉਨ੍ਹਾਂ ਦੀ ਸੁਰੱਖਿਆ ਵਿਚ ਕਟੌਤੀ ਕਰ ਦਿੱਤੀ ਗਈ ਹੈ।

ਸੂਤਰਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲੇ ਦੇ ਹੁਕਮਾਂ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ। ਇਸ ਬਦਲਾਅ ਦੇ ਪਿੱਛੇ ਕੀ ਕਾਰਨ ਹਨ, ਇਹ ਸਪਸ਼ਟ ਨਹੀਂ ਹੋਇਆ। ਐਕਸ ਸ਼੍ਰੇਣੀ ਵਿਚ 2 ਕਰਮਚਾਰੀਆਂ ਦੀ ਸੁਰੱਖਿਆ ਹੁੰਦੀ ਹੈ। ਇਸ ਵਿਚ ਕੋਈ ਕਮਾਂਡੋ ਸ਼ਾਮਲ ਨਹੀਂ ਹੁੰਦਾ ਹੈ। ਸਿਰਫ ਹਥਿਆਰਬੰਦ ਪੁਲਿਸ ਮੁਲਾਜ਼ਮ ਹੀ ਸ਼ਾਮਲ ਹੁੰਦੇ ਹਨ। ਦੇਸ਼ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੂੰ ਇਸ ਸ਼੍ਰੇਣੀ ਦੀ ਸੁਰੱਖਿਆ ਮਿਲਦੀ ਹੈ। 'ਵਾਈ' ਸ਼੍ਰੇਣੀ ਦੀ ਸੁਰੱਖਿਆ ਵਿਚ 1 ਜਾਂ 2 ਕਮਾਂਡੋ ਅਤੇ ਪੁਲਿਸ ਮੁਲਾਜ਼ਮਾਂ ਸਮੇਤ 8 ਸਿਪਾਹੀ ਹੁੰਦੇ ਹਨ। ਸੁਰੱਖਿਆ ਲਈ ਦੋ ਨਿੱਜੀ ਸੁਰੱਖਿਆ ਅਧਿਕਾਰੀ (ਪੀ.ਐਸ.ਓ.) ਵੀ ਤਾਇਨਾਤ ਹੁੰਦੇ ਹਨ।

ਭਾਜਪਾ 'ਚ ਕਰੀਬ ਇਕ ਸਾਲ ਪਹਿਲਾਂ ਸ਼ਾਮਲ ਹੋਏ ਸਾਬਕਾ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਸਮੇਤ 9 ਆਗੂਆਂ ਵੱਲੋਂ ਭਾਜਪਾ ਛੱਡ ਕੇ ਮੁੜ ਕਾਂਗਰਸ 'ਚ ਸ਼ਾਮਲ ਹੋਣ ਨਾਲ ਕਾਂਗਰਸ ਤੇ ਭਾਜਪਾ ਉਤੇ ਸਵਾਲ ਖੜ੍ਹੇ ਹੋ ਰਹੇ ਹਨ। ਸਾਬਕਾ ਮੰਤਰੀ ਬਲਬੀਰ ਸਿੱਧੂ, ਰਾਜ ਕੁਮਾਰ ਵੇਰਕਾ ਅਤੇ ਗੁਰਪ੍ਰੀਤ ਕਾਂਗੜ ਉਹ ਆਗੂ ਹਨ ਜੋ ਕਰੀਬ ਦੋ ਦਹਾਕਿਆਂ ਤੋਂ ਆਪੋ-ਆਪਣੇ ਹਲਕਿਆਂ ਤੋਂ ਚੋਣ ਲੜਦੇ ਆ ਰਹੇ ਹਨ ਪਰ ਸਾਲ 2022 ਦੀਆਂ ਵਿਧਾਨ ਚੋਣਾਂ 'ਚ ਕਾਂਗਰਸ ਦੀ ਹਾਰ ਮਗਰੋਂ ਉਹ ਭਾਜਪਾ ਵਿਚ ਸ਼ਾਮਲ ਹੋ ਗਏ ਸਨ।

## ਭਾਜਪਾ ਛੱਡਣ ਵਾਲਿਆਂ ਬਾਰੇ ਜਾਣਕਾਰੀ ਨਹੀਂ: ਕੈਪਟਨ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਜਪਾ ਛੱਡਣ ਵਾਲੇ ਸਿਆਸਤਦਾਨਾਂ ਬਾਰੇ ਅਗਾਊਂ ਜਾਣਕਾਰੀ ਹੋਣ ਦੀਆਂ ਅਫਵਾਹਾਂ ਨੂੰ ਖਾਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਅਫਵਾਹਾਂ 'ਚ ਕੋਈ ਦਮ ਨਹੀਂ ਕਿ ਪਾਰਟੀ ਛੱਡਣ ਦੀ ਯੋਜਨਾ ਉਨ੍ਹਾਂ ਦੇ ਘਰ ਬਣਾਈ ਗਈ ਸੀ। ਇਹ ਰਿਪੋਰਟਾਂ ਨਾ ਸਿਰਫ ਬੇਬੁਨਿਆਦ ਹਨ ਬਲਕਿ ਭੰਬਲਭੂਸਾ ਪੈਦਾ ਕਰਨ ਲਈ ਜਾਣਬੁੱਝ ਕੇ ਫੈਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਵਿਚ ਸ਼ਾਮਲ ਹੋਣ ਦਾ ਫੈਸਲਾ ਚੰਗੀ ਤਰ੍ਹਾਂ ਸੋਚਿਆ ਸਮਝਿਆ ਅਤੇ ਅਟੱਲ ਸੀ। ਉਹ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਪ੍ਰਧਾਨ ਜੇਪੀ ਨੱਡਾ ਵੱਲੋਂ ਉਨ੍ਹਾਂ ਨੂੰ ਜੋ ਵੀ ਭੂਮਿਕਾ ਅਤੇ ਡਿਊਟੀ ਸੌਂਪੀ ਗਈ ਹੈ, ਉਸ ਲਈ ਵਚਨਬੱਧ ਹਨ।

# ਪਟਵਾਰੀਆਂ ਦੀ ਹੜਤਾਲ ਕਾਰਨ ਲੋਕਾਂ ਦੀਆਂ ਮੁਸ਼ਕਲਾਂ ਵਧੀਆਂ

**ਚੰਡੀਗੜ੍ਹ:** ਪੰਜਾਬ ਵਿਚ ਮਾਲ ਪਟਵਾਰੀਆਂ ਵੱਲੋਂ ਵਾਧੂ ਹਲਕਿਆਂ ਦੇ ਚਾਰਜ ਛੱਡੇ ਨੂੰ ਮਹੀਨੇ ਤੋਂ ਵੱਧ ਸਮਾਂ ਬੀਤ ਗਿਆ ਹੈ ਪਰ ਸਰਕਾਰ ਇਸ ਮਸਲੇ ਦਾ ਹੱਲ ਕੱਢਣ ਲਈ ਸੰਜੀਦਾ ਦਿਖਾਈ ਨਹੀਂ ਦੇ ਰਹੀ ਜਿਸ ਕਾਰਨ ਲੋਕ ਤਹਿਸੀਲਾਂ ਵਿਚ ਖੁਆਰ ਹੋ ਰਹੇ ਹਨ।

ਪਟਵਾਰੀਆਂ ਦੀ ਹੜਤਾਲ ਕਾਰਨ ਬੈਂਕਾਂ ਦੀਆਂ ਲਿਮਟਾਂ, ਭਾਰ ਮੁਕਤ ਸਰਟੀਫਿਕੇਟ ਅਤੇ ਇੰਤਕਾਲਾਂ ਦਾ ਕੰਮ ਰੁਕ ਗਿਆ ਹੈ। ਲੋਕ ਆਪਣੇ ਕੰਮ ਲਈ ਰੋਜ਼ਾਨਾ ਤਹਿਸੀਲ ਦਫਤਰ ਆਉਂਦੇ ਹਨ ਤੇ ਨਿਰਾਸ਼ ਹੋ ਕੇ ਮੁੜ ਜਾਂਦੇ ਹਨ। ਹੁਣ ਕਿਸਾਨ ਜਥੇਬੰਦੀਆਂ ਵੀ ਇਸ ਮਸਲੇ 'ਤੇ ਸੰਘਰਸ਼ ਵਿੱਢਣ ਦੇ ਰੌਂਅ ਵਿਚ ਹਨ। ਪਟਵਾਰੀਆਂ ਦੀ ਹੜਤਾਲ ਕਾਰਨ ਜਿਥੇ ਲੋਕਾਂ ਦੇ ਕੰਮ ਰੁਕੇ ਪਏ ਹਨ, ਉਥੇ ਸਰਕਾਰ ਦੇ ਮਾਲੀਏ ਨੂੰ ਵੀ ਸੱਟ ਵੱਜੀ ਹੈ।

ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਨੇ ਕਿਹਾ ਕਿ ਪਟਵਾਰੀਆਂ ਦੀ ਹੜਤਾਲ ਕਾਰਨ ਪੰਜਾਬ ਵਿਚ ਤਿੰਨ ਹਜ਼ਾਰ ਤੋਂ ਵੱਧ ਅਤੇ ਜ਼ਿਲ੍ਹਾ ਮੋਗਾ ਦੇ 134 ਪਟਵਾਰ ਹਲਕਿਆਂ ਦੇ ਲੋਕ ਪ੍ਰਭਾਵਿਤ ਹੋ ਰਹੇ ਹਨ। ਸੂਬੇ 'ਚ ਸਾਉਣੀ ਦੀ ਗਿਰਦਾਵਰੀ ਸ਼ੁਰੂ ਹੋ ਗਈ ਹੈ ਅਤੇ ਕਰੀਬ 9 ਹਜ਼ਾਰ ਪਿੰਡਾਂ ਦੀ ਗਿਰਦਾਵਰੀ ਦਾ ਕੰਮ ਵੀ ਹੁਣ



ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪਟਵਾਰੀਆਂ ਨੂੰ ਵਾਧੂ ਸਰਕਲਾਂ ਦਾ ਚਾਰਜ ਦੇਣ ਦੀ ਥਾਂ ਹੋਰ ਬਦਲਵਾਂ ਪ੍ਰਬੰਧ ਕਰਨਾ ਚਾਹੀਦਾ ਹੈ। ਦਿ ਰੈਵੇਨਿਊ ਪਟਵਾਰ ਯੂਨੀਅਨ ਦੇ ਸੂਬਾ ਪ੍ਰਧਾਨ ਹਰਵੀਰ ਸਿੰਘ ਢੀਂਡਸਾ, ਜਨਰਲ ਸਕੱਤਰ ਸੁਖਵਿੰਦਰ ਸਿੰਘ, ਜ਼ਿਲ੍ਹਾ ਮੋਗਾ ਦੇ ਪ੍ਰਧਾਨ ਗੁਰਦੇਵ ਸਿੰਘ ਭੁੱਲਰ ਨੇ ਕਿਹਾ ਕਿ ਜਥੇਬੰਦੀ 'ਇਕ ਤਨਖਾਹ, ਇਕ ਹਲਕਾ' ਫਾਰਮੂਲਾ 'ਤੇ ਕਾਇਮ ਹੈ। ਉਨ੍ਹਾਂ ਕਿਹਾ ਕਿ ਸੂਬੇ ਅੰਦਰ 3193 ਪਟਵਾਰ ਸਰਕਲ ਅਤੇ 8500 ਦੇ ਲਗਭਗ ਪਿੰਡ ਪਟਵਾਰੀਆਂ ਤੋਂ ਵਾਂਝੇ ਹਨ। ਪਟਵਾਰੀਆਂ ਦੀਆਂ ਅਸਾਮੀਆਂ 4716 ਹਨ ਪਰ ਸਰਕਾਰ ਨੇ ਘਟਾ ਕੇ 3660 ਕਰ ਦਿੱਤੀਆਂ ਹਨ ਜਦਕਿ ਸੂਬੇ ਅੰਦਰ ਜ਼ਿਲ੍ਹਿਆਂ ਦੀ ਗਿਣਤੀ 12 ਤੋਂ 23 ਅਤੇ ਤਹਿਸੀਲਾਂ ਦੀ ਗਿਣਤੀ 62 ਤੋਂ 97 ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜੇ ਕਿਸੇ ਪਟਵਾਰੀ ਵੱਲੋਂ ਕਰਿੰਦਾ ਰੱਖਿਆ ਹੋਇਆ ਹੈ ਤਾਂ ਉਹ ਪਟਵਾਰੀ ਖੁਦ ਜ਼ਿੰਮੇਵਾਰ ਹੋਵੇਗਾ।

# ਪਰਵਾਸ ਦਾ ਪੁੱਠਾ ਗੇੜ ਸ਼ੁਰੂ ਹੋਣ ਦਾ ਦਾਅਵਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇ 'ਮਿਸ਼ਨ ਰੁਜ਼ਗਾਰ' ਦੀ ਬਦੌਲਤ ਸੂਬੇ ਵਿਚ ਪਰਵਾਸ ਦੇ ਰੁਝਾਨ ਦਾ ਪੁੱਠਾ ਗੇੜ ਸ਼ੁਰੂ ਹੋ ਗਿਆ ਹੈ। ਰੁਜ਼ਗਾਰ ਖਾਤਰ ਵਿਦੇਸ਼ ਗਏ ਨੌਜਵਾਨ ਹੁਣ ਸੂਬੇ ਵਿਚ ਸਰਕਾਰੀ ਨੌਕਰੀਆਂ ਲੈਣ ਲਈ ਪਰਤ ਰਹੇ ਹਨ। ਉਨ੍ਹਾਂ ਇੱਥੇ ਮਿਊਂਸਿਪਲ ਭਵਨ ਵਿਚ ਗ੍ਰਹਿ ਮਾਮਲੇ, ਟਰਾਂਸਪੋਰਟ ਅਤੇ ਮਾਲ ਵਿਭਾਗਾਂ ਦੇ ਨਵੇਂ ਭਰਤੀ ਹੋਏ 304 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪਣ ਮੌਕੇ ਕਰਵਾਏ ਸਮਾਗਮ ਦੌਰਾਨ ਕਿਹਾ ਕਿ ਇਹ ਤਾਂ ਹਾਲੇ ਸ਼ੁਰੂਆਤ ਹੈ, ਨੌਕਰੀਆਂ ਦਾ ਸਿਲਸਿਲਾ ਜਾਰੀ ਰਹੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਦੇ ਡੇਢ ਸਾਲ ਦੇ ਕਾਰਜਕਾਲ ਵਿਚ 37,100 ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਨਵੇਂ ਭਰਤੀ ਹੋਏ ਉਮੀਦਵਾਰਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਦੇ ਆਧੁਨਿਕੀਕਰਨ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ ਅਤੇ ਸੂਬਾ ਸਰਕਾਰ ਨੇ 'ਸੜਕ ਸੁਰੱਖਿਆ ਫੋਰਸ' ਦੀ ਸ਼ੁਰੂਆਤ ਵੀ ਕੀਤੀ ਹੈ। ਇਸ ਨਾਲ ਹਾਦਸਿਆਂ ਨੂੰ ਠੱਲ੍ਹ ਪਵੇਗੀ। ਉਨ੍ਹਾਂ ਦੱਸਿਆ ਕਿ ਸ਼ੁਰੂਆਤੀ ਤੌਰ 'ਤੇ ਅਤਿ-ਆਧੁਨਿਕ ਯੰਤਰਾਂ ਨਾਲ ਲੈਸ 144 ਵਾਹਨ ਹਰ 30 ਕਿਲੋਮੀਟਰ ਬਾਅਦ ਸੜਕਾਂ 'ਤੇ ਤਾਇਨਾਤ ਕੀਤੇ ਜਾਣਗੇ। ਮੁੱਖ ਮੰਤਰੀ ਨੇ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ 12,710 ਅਧਿਆਪਕਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਗਿਆ ਹੈ ਤੇ ਇਸ ਨਾਲ ਇਨ੍ਹਾਂ ਅਧਿਆਪਕਾਂ ਨੂੰ ਛੁੱਟੀਆਂ ਸਣੇ ਹੋਰ ਲਾਭਾਂ ਦੇ



ਨਾਲ-ਨਾਲ ਤਨਖਾਹਾਂ ਵਿਚ ਪੰਜ ਫ਼ੀਸਦੀ ਦਾ ਸਾਲਾਨਾ ਵਾਧਾ ਮਿਲੇਗਾ। ਉਨ੍ਹਾਂ ਕਿਹਾ ਕਿ ਹੋਰ ਵੀ ਬਹੁਤ ਸਾਰੇ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰ ਦਿੱਤੀਆਂ ਜਾਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀ ਸਰਕਾਰ ਦੌਰਾਨ ਭਰਤੀਆਂ ਵਿਚ ਭਤੀਜਾਵਾਦ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਸੀ। ਰਸੂਖਵਾਨ ਲੋਕ ਖ਼ੁਦ ਹੀ ਇਨ੍ਹਾਂ ਪ੍ਰੀਖਿਆਵਾਂ ਦੇ ਪੇਪਰ ਲੀਕ ਕਰਵਾ ਕੇ ਮੋਟੀਆਂ ਰਕਮਾਂ ਲੈ ਕੇ ਅਯੋਗ ਵਿਅਕਤੀਆਂ ਦੇ ਪਿਛਲੇ ਦਰਵਾਜ਼ੇ ਰਾਹੀਂ ਦਾਖਲੇ ਕਰਵਾਉਂਦੇ ਸਨ। ਉਨ੍ਹਾਂ ਦੀ ਸਰਕਾਰ ਨੇ ਇਸ ਮਾੜੀ ਪ੍ਰਥਾ ਨੂੰ ਖਤਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਸਿਖਲਾਈ ਦੇਣ ਲਈ ਅੱਠ ਹਾਈ-ਟੈੱਕ ਸੈਂਟਰ ਖੋਲ੍ਹ ਰਹੀ ਹੈ।

# ਕਣਕ ਦੀ ਬਿਜਾਈ ਲਈ ਡੀ.ਏ.ਪੀ. ਨਹੀਂ ਮਿਲ ਰਹੀ

**ਮਾਨਸਾ:** ਇਸ ਵੇਲੇ ਪੰਜਾਬ ਵਿਚ ਹਾੜ੍ਹੀ ਦੀ ਮੁੱਖ ਫਸਲ ਕਣਕ ਦੀ ਬਿਜਾਈ ਸਿਰ ਉਤੇ ਹੈ, ਪਰ ਡੀ.ਏ.ਪੀ. ਖਾਦ ਨਾ ਮਿਲਣ ਕਾਰਨ ਕਿਸਾਨ ਪਰੇਸ਼ਾਨ ਹੋ ਰਹੇ ਹਨ। ਕਿਸਾਨਾਂ ਨੂੰ ਬਾਜ਼ਾਰ ਵਿਚ ਖਾਦ ਨਹੀਂ ਮਿਲ ਰਹੀ ਅਤੇ ਚੋਰ ਬਾਜ਼ਾਰੀ ਵਿਚ ਕਿਸਾਨ ਮਹਿੰਗੇ ਭਾਅ ਦੀ ਖਾਦ ਲੈ ਰਹੇ ਹਨ। ਵਪਾਰੀਆਂ ਦਾ ਕਹਿਣਾ ਹੈ ਕਿ ਰਾਜਸਥਾਨ, ਛੱਤੀਸਗੜ੍ਹ, ਮੱਧ ਪ੍ਰਦੇਸ਼, ਤਿਲੰਗਾਨਾ ਤੇ ਮਿਜ਼ੋਰਮ ਵਿਚ ਵਿਧਾਨ ਸਭਾ ਚੋਣਾਂ ਹੋਣ ਕਾਰਨ ਕੇਂਦਰ ਨੇ ਉਸ ਪਾਸੇ ਵੱਧ ਡੀ.ਏ.ਪੀ. ਖਾਦ ਭੇਜੀ ਦਿੱਤੀ ਹੈ ਅਤੇ ਪੰਜਾਬ ਵਿਚ ਇਸ ਵਾਰ ਆਮ ਦੇ ਮੁਕਾਬਲੇ ਬਹੁਤ ਘੱਟ ਖਾਦ ਆਈ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਕਣਕ ਦੇ ਚੰਗੇ ਝਾੜ ਲਈ ਬਿਜਾਈ ਦਾ ਢੁਕਵਾਂ ਸਮਾਂ ਅਕਤੂਬਰ ਦੇ ਚੌਥੇ ਹਫ਼ਤੇ ਤੋਂ 15 ਨਵੰਬਰ ਤੱਕ ਦੱਸਿਆ ਜਾ ਰਿਹਾ ਹੈ ਪਰ ਡੀ.ਏ.ਪੀ. ਨਾ ਮਿਲਣ ਕਾਰਨ ਕਿਸਾਨ ਚਿੰਤਤ ਹਨ। ਭਾਰਤੀ ਕਿਸਾਨ ਯੂਨੀਅਨ (ਏਕਤਾ ਸਿੱਧੂਪੁਰ) ਦੇ ਜ਼ਿਲ੍ਹਾ ਪ੍ਰਧਾਨ ਜਗਦੇਵ ਸਿੰਘ ਭੈਣੀਬਾਘਾ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਗੋਰਾ ਸਿੰਘ ਭੈਣੀਬਾਘਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਕਣਕ ਦੀ ਬਿਜਾਈ ਲਈ ਲੋੜੀਂਦੀ ਡੀ.ਏ.ਪੀ. ਖਾਦ ਪਹਿਲਾਂ ਹੀ ਮੰਗਵਾਉਣੀ ਚਾਹੀਦੀ ਸੀ। ਵੇਲੇ ਸਿਰ ਕਣਕ ਦੀ ਬਿਜਾਈ ਨਾ ਹੋਣ ਕਾਰਨ ਇਕੱਲਾ ਝਾੜ ਹੀ ਨਹੀਂ ਘਟਦਾ ਸਗੋਂ ਗੁਣਵੱਤਾ ਵਿਚ ਵੀ ਭਾਰੀ ਗਿਰਾਵਟ ਆਉਂਦੀ ਹੈ।

# ਕੰਪਿਊਟਰ ਅਧਿਆਪਕਾਂ ਨੇ ਸੰਗਰੂਰ ਵਿਚ ਮੁੱਖ ਮੰਤਰੀ ਦੀ ਕੋਠੀ ਘੇਰੀ

**ਸੰਗਰੂਰ:** ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪੁੱਜੇ ਸੈਂਕੜੇ ਕੰਪਿਊਟਰ ਅਧਿਆਪਕਾਂ ਵੱਲੋਂ ਇਥੇ ਮੁੱਖ ਮੰਤਰੀ ਦੀ ਕੋਠੀ ਅੱਗੇ ਆਵਾਜਾਈ ਠੱਪ ਕਰਕੇ ਸੂਬਾ ਪੱਧਰੀ ਰੋਸ ਧਰਨਾ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਦੀ ਵਾਅਦਾਖ਼ਿਲਾਫ਼ੀ ਦੇ ਵਿਰੋਧ 'ਚ ਨਾਅਰੇਬਾਜ਼ੀ ਕੀਤੀ ਗਈ। ਕੰਪਿਊਟਰ ਅਧਿਆਪਕ ਯੂਨੀਅਨ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਜਦੋਂ ਤੱਕ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਵੱਡੀ ਤਾਦਾਦ ਵਿਚ ਕੰਪਿਊਟਰ ਅਧਿਆਪਕ ਜੇਜੀ ਪੈਲੇਸ ਨੇੜੇ ਇਕੱਠੇ ਹੋਏ, ਜਿਥੋਂ ਰੋਸ ਮਾਰਚ ਕਰਦੇ ਹੋਏ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਅੱਗੇ ਪੁੱਜੇ ਜਿਥੇ ਤਾਇਨਾਤ ਭਾਰੀ ਪੁਲਿਸ ਫੋਰਸ ਵਲੋਂ ਨਾਕੇਬੰਦੀ ਕਰਕੇ ਉਨ੍ਹਾਂ ਨੂੰ ਰੋਕ ਲਿਆ ਗਿਆ।



ਇਸ ਦੌਰਾਨ ਅਧਿਆਪਕਾਂ ਨੇ ਆਵਾਜਾਈ ਠੱਪ ਕਰਕੇ ਸੜਕ ਉਪਰ ਹੀ ਰੋਸ ਧਰਨਾ ਦਿੱਤਾ। ਯੂਨੀਅਨ ਦੇ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ ਨੇ ਕਿਹਾ ਕਿ ਯੂਨੀਅਨ ਵੱਲੋਂ ਉਲੀਕੀ ਰਣਨੀਤੀ ਤਹਿਤ ਪਹਿਲੇ ਦਿਨ ਡੀਸੀ ਦਫ਼ਤਰ ਅੱਗੇ ਰੋਸ ਧਰਨਾ ਦਿੰਦਿਆਂ ਆਮ ਲੋਕਾਂ ਨੂੰ ਪਰਚੇ ਵੰਡ ਕੇ ਸਰਕਾਰ ਦੇ ਲਾਰਿਆਂ ਦੀ ਪੋਲ ਖੋਲ੍ਹੀ ਗਈ, ਦੂਜੇ ਦਿਨ ਸਰਕਾਰ ਨੂੰ ਜਗਾਉਣ ਲਈ ਜਾਗੋ ਕੱਢੀ ਗਈ ਅਤੇ ਮੋਮਬੱਤੀ ਮਾਰਚ ਕੀਤਾ ਗਿਆ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਪਿਛਲੇ ਸਾਲ 15 ਸਤੰਬਰ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅਖ਼ਬਾਰਾਂ, ਸੋਸ਼ਲ ਮੀਡੀਆ ਅਤੇ ਆਮ ਆਦਮੀ ਪਾਰਟੀ ਦੇ ਵੱਖ-ਵੱਖ ਮੰਚਾਂ 'ਤੇ ਕੰਪਿਊਟਰ ਅਧਿਆਪਕਾਂ ਨੂੰ ਦੀਵਾਲੀ ਮੌਕੇ ਸਾਰੇ ਬਣਦੇ ਲਾਭ ਦੇਣ ਦਾ ਐਲਾਨ ਕੀਤਾ ਸੀ ਜੋ ਇਕ ਸਾਲ ਬੀਤ ਜਾਣ ਉਪਰੰਤ ਵੀ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਦੀਆਂ ਪੰਜਾਬ ਸਰਕਾਰ ਦੇ ਅਧਿਕਾਰੀਆਂ ਨਾਲ ਕਈ ਮੀਟਿੰਗਾਂ ਹੋ ਚੁੱਕੀਆਂ ਹਨ ਜਿਸ ਵਿਚ ਲਾਰੇ ਹੀ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬੇਸ਼ੱਕ 2011 ਵਿਚ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਅਧੀਨ ਬਣੀ ਪਿਕਟਸ ਸੁਸਾਇਟੀ ਵਿਚ ਨਿਯੁਕਤੀ ਪੱਤਰਾਂ ਅਨੁਸਾਰ ਪੰਜਾਬ ਸਿਵਲ ਸਰਵਿਸ ਸੇਵਾਵਾਂ ਨਿਯਮਾਂ ਤਹਿਤ ਰੈਗੂਲਰ ਕਰ ਦਿੱਤਾ ਗਿਆ ਸੀ ਪਰ ਅਜ ਤੱਕ ਪੰਜਾਬ ਸਿਵਲ ਸਰਵਿਸ ਸੇਵਾ ਨਿਯਮ ਪੂਰਨ ਰੂਪ ਵਿਚ ਕੰਪਿਊਟਰ ਅਧਿਆਪਕਾਂ 'ਤੇ ਲਾਗੂ ਨਹੀਂ ਕੀਤੇ ਗਏ, 90 ਦੇ ਕਰੀਬ ਮ੍ਰਿਤਕ ਕੰਪਿਊਟਰ ਅਧਿਆਪਕਾਂ ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਨਹੀਂ ਦਿੱਤੀ ਗਈ ਅਤੇ ਆਸ਼ਰਿਤ ਪਰਿਵਾਰ ਨੂੰ ਨੌਕਰੀ ਨਹੀਂ ਦਿੱਤੀ ਗਈ।

## ਪੰਜਾਬ ਸਰਕਾਰ ਖਿਲਾਫ ਡਟੇ ਮੁਲਾਜ਼ਮ ਤੇ ਪੈਨਸ਼ਨਰ

**ਚੰਡੀਗੜ੍ਹ:** ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਸੈਕਟਰ-39 ਚੰਡੀਗੜ੍ਹ ਵਿਚ ਪੰਜਾਬ ਸਰਕਾਰ ਖ਼ਿਲਾਫ਼ ਰੋਸ ਰੈਲੀ ਕੀਤੀ ਗਈ। ਇਹ ਰੈਲੀ ਮਾਣ-ਭੱਤਾ ਵਰਕਰਾਂ ਉੱਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਨਾ ਕਰਨ, ਵੱਖ-ਵੱਖ ਕਿਸਮ ਦੇ ਕੱਚੇ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕੇ ਕਰਵਾਉਣ, ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤਹਿਤ ਪੈਨਸ਼ਨਰਾਂ ਉੱਤੇ 2.59 ਦਾ ਗੁਣਾਂਕ ਲਾਗੂ ਕਰਵਾਉਣ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ ਸਮੇਤ ਹੋਰ ਕਈ ਮੰਗਾਂ ਨੂੰ ਲੈ ਕੇ ਕੀਤੀ ਗਈ। ਰੈਲੀ ਉਪਰੰਤ ਮੰਤਰੀਆਂ ਦੀਆਂ ਰਿਹਾਇਸ਼ਾਂ ਤੱਕ ਪੈਦਲ ਰੋਸ ਮਾਰਚ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਲਗਭਗ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ ਦੇ ਵਿਹੜੇ ਲੱਗੀਆਂ ਸਾਹਿਤਕਾਰਾਂ ਦੀਆਂ ਰੌਣਕਾਂ

**ਸਰੀ:** 11 ਅਕਤੂਬਰ ਨੂੰ ਬਾਅਦ ਦੁਪਹਿਰ 1: 00 ਵਜੇ ਸੀਨ ਅਰ ਸੇਂਟਰ ਸਰੀ ਵਿਖੇ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਵਿਸ਼ੇਸ਼ ਮਿਲਣੀ ਹੋਈ, ਜਿਸ ਵਿਚ 'ਪੰਜਾਬ ਭਵਨ ਸਰੀ ਕੈਨੇਡਾ ਦੇ ਸਾਲਾਨਾ ਸੰਮੇਲਨ -5' ਵਿਚ ਆਏ ਉਘੇ ਸਾਹਿਤਕਾਰਾਂ ਦਾ ਸਨਮਾਨ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਕੀਤੀ ਅਤੇ ਸਟੇਜ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਾਖ਼ੂਬੀ ਨਿਭਾਇਆ। ਪ੍ਰਧਾਨਗੀ ਮੰਡਲ ਵਿਚ ਪ੍ਰਧਾਨ ਪ੍ਰਿਤਪਾਲ ਗਿੱਲ, ਮਨਬੀਰ ਕੌਰ ਮੰਨੂੰ (ਵਿਨੀਪੈਗ) ਅਤੇ ਸੁਖਦੇਵ ਸਿੰਘ ਬਾਂਸਲ (ਇੰਗਲੈਂਡ), ਕੁਲਵਿੰਦਰ ਕੌਰ ਬੁੱਟਰ (ਪੰਜਾਬ ਤੋਂ) ਆਪਣੀਆਂ ਕਵਿਤਾਵਾਂ ਅਤੇ ਵਿਚਾਰਾਂ ਨਾਲ ਸਰੋਤਿਆਂ ਦੇ ਰੂ-ਬ-ਰੂ ਹੋਏ।

ਪ੍ਰਧਾਨਗੀ ਮੰਡਲ ਅਤੇ ਬੋਰਡ ਮੈਂਬਰਾਂ ਵੱਲੋਂ ਆਏ ਮਹਿਮਾਨ ਸਾਹਿਤਕਾਰਾਂ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।

ਕਵੀ ਦਰਬਾਰ ਵਿਚ ਡਾ. ਬਲਦੇਵ ਸਿੰਘ ਖਹਿਰਾ, ਡਾ. ਗੁਰਮਿੰਦਰ ਕੌਰ ਸਿੱਧੂ, ਹਰਪਾਲ ਸਿੰਘ ਬਰਾੜ, ਗੋਪਾਲ ਸਿੰਘ



ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਵਿਸ਼ਵ ਪ੍ਰਸਿੱਧ ਪੰਜਾਬੀ ਸ਼ਾਇਰ ਬਾਬਾ ਨਜ਼ਮੀ, ਡਾ. ਸਾਹਿਬ ਸਿੰਘ, ਰਾਏ ਅਜ਼ੀਜ਼ ਉਲ੍ਹਾ ਖ਼ਾਨ, ਪ੍ਰਸਿੱਧ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਅਤੇ ਪਾਕਿਸਤਾਨੀ ਕਵਿੱਤਰੀ ਤਾਹਿਰਾ ਸਰਾ ਸੁਸ਼ੋਭਿਤ ਹੋਏ।

ਆਰੰਭ ਵਿਚ ਕੁਝ ਬੁਲਾਰਿਆਂ ਤੋਂ ਬਾਅਦ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭ ਦਾ ਸਵਾਗਤ ਕੀਤਾ ਅਤੇ ਸਭਾ ਬਾਰੇ ਵਿਸਥਾਰ ਜਾਣਕਾਰੀ ਦਿੱਤੀ। ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ, ਸੁੱਚਾ ਸਿੰਘ ਕਲੇਰ, ਪ੍ਰੋਫੈਸਰ ਕਸ਼ਮੀਰਾ ਸਿੰਘ ਤੇ ਸੁੱਖੀ ਬਾਠ ਨੇ ਵਿਚਾਰ ਪੇਸ਼ ਕੀਤੇ। ਹਰਚੰਦ ਸਿੰਘ ਗਿੱਲ ਨੇ ਗੀਤ, ਕੁਵਿੰਦਰ ਚਾਂਦ ਨੇ ਸ਼ੇਅਰ, ਬਿੱਕਰ ਸਿੰਘ ਖੋਸਾ ਨੇ ਗ਼ਜ਼ਲ, ਅਮਰੀਕ ਪਲਾਹੀ, ਹਰਚੰਦ ਸਿੰਘ ਬਾਗੜੀ, ਇੰਦਰਜੀਤ ਧਾਮੀ ਤੇ ਦਰਸ਼ਨ ਸੰਘਾ ਨੇ ਕਵਿਤਾਵਾਂ ਪੇਸ਼ ਕੀਤੀਆਂ। ਉਪਰੰਤ ਮਹਿਮਾਨ ਸਾਹਿਤਕਾਰ ਸੁਖਵਿੰਦਰ ਅੰਮ੍ਰਿਤ, ਬਾਬਾ ਨਜ਼ਮੀ, ਅਜ਼ੀਜ਼ ਉਲ੍ਹਾ ਖ਼ਾਨ, ਰੰਗ ਮੰਚ ਦੇ ਕਲਾਕਾਰ ਡਾ. ਸਾਹਿਬ ਸਿੰਘ, ਤਾਹਿਰਾ ਸਰਾ ਅਤੇ ਸੁੰਦਰ ਪਾਲ ਰਾਜਾ ਸਾਂਸੀ (ਟੋਰਾਂਟੋ), ਬੁੱਟਰ, ਡਾ. ਪ੍ਰਿਥੀਪਾਲ ਸਿੰਘ ਸੋਹੀ, ਖੁਸ਼ਹਾਲ ਗਲੋਟੀ, ਅਮਰੀਕ ਸਿੰਘ ਲੇਲ੍ਹ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਹਾਜ਼ਰ ਸਰੋਤਿਆਂ ਵਿਚ ਮੋਹਨ ਸਿੰਘ, ਗੁਰਦਰਸ਼ਨ ਸਿੰਘ ਤਤਲਾ, ਕੁਲਦੀਪ ਸਿੰਘ ਗਿੱਲ, ਗੁਰਮੀਤ ਸਿੰਘ ਸੇਖੋਂ, ਗੁਰਮੀਤ ਸਿੰਘ ਸਿੱਧੂ, ਬਲਬੀਰ ਸਿੰਘ ਗਰਚਾ, ਸੁਰਜੀਤ ਸਿੰਘ ਦਿਓ, ਜੀ.ਐਸ. ਗਰਚਾ, ਕੁਲਦੀਪ ਸਿੰਘ ਜਗਪਾਲ, ਸੁਖਦੀਪ ਸਿੰਘ ਬਾਂਸਲ, ਮਲਕੀਤ ਸਿੰਘ ਗਿੱਲ, ਬਲਬੀਰ ਸਿੰਘ ਸੰਘਾ, ਰਾਜਿੰਦਰ ਸ਼ਰਮਾ, ਗੁਰਦਿਆਲ ਸਿੰਘ ਜੌਹਲ, ਨਿਰਮਲ ਗਿੱਲ, ਡਾ. ਰਣਜੀਤ ਸਿੰਘ ਪੰਨੂ, ਕੁਲਦੀਪ ਕੌਰ ਪੰਨੂ, ਦਵਿੰਦਰ ਸਿੰਘ, ਦਵਿੰਦਰ ਕੌਰ ਸਹੋਤਾ, ਦਵਿੰਦਰ ਕੌਰ ਜੌਹਲ, ਦਵਿੰਦਰ ਕੌਰ ਬੱਚਰਾ ਸ਼ਾਮਲ ਹੋਏ। ਅੰਤ ਵਿਚ ਪ੍ਰੋਗਰਾਮ ਨੂੰ ਸਮੇਟਦਿਆਂ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭ ਦਾ ਧੰਨਵਾਦ ਕੀਤਾ। ਇਹ ਸਮਾਗਮ ਮਹਿਮਾਨ ਸਾਹਿਤਕਾਰਾਂ ਦੀ ਹਾਜ਼ਰੀ ਨਾਲ ਅਮਿੱਟ ਛਾਪ ਛੱਡ ਗਿਆ।

***-ਰਿਪੋਰਟ: ਰੁਪਿੰਦਰ ਖਹਿਰਾ ਰੂਪੀ***

# ਸੇਂਟ ਲੂਇਸ: ਫੁੱਟਬਾਲ ਕੋਚ ਦੇ ਮਾਰੀਆਂ ਗੋਲੀਆਂ, ਹਾਲਤ ਗੰਭੀਰ

**ਸੇਂਟ ਲੂਇਸ :** ਮਿਸੂਰੀ ਦੇ ਸ਼ਹਿਰ ਸੇਂਟ ਲੂਇਸ ਦੇ ਇਕ ਫੁੱਟਬਾਲ ਕੋਚ ਨੂੰ ਗੋਲੀਆਂ ਮਾਰ ਕੇ ਗੰਭੀਰ ਜ਼ਖਮੀ ਕਰ ਦੇਣ ਦੀ ਖ਼ਬਰ ਹੈ। ਸੇਂਟ ਲੂਇਸ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ। ਅਧਿਕਾਰੀਆਂ ਅਨੁਸਾਰ ਸ਼ਕੁਇਲ ਲਾਟੀਮੋਰ (30) ਦੀ ਹਾਲਤ ਗੰਭੀਰ ਪਰ ਸਥਿਰ ਹੈ। ਆਪਣੇ ਪੁੱਤਰ ਦੇ ਖੇਡਣ ਦੇ ਸਮੇਂ ਨੂੰ ਲੈ ਕੇ ਪ੍ਰੇਸ਼ਾਨ ਡੈਰੀਲ ਕਲੈਮੋਨਸ (43) ਨਾਮੀ ਵਿਅਕਤੀ ਨੇ ਲਾਟੀਮੋਰ ਨਾਲ ਹੋਏ ਝਗੜੇ ਉਪੰਰਤ ਉਸ ਉਪਰ ਗੋਲੀ ਚਲਾ ਦਿੱਤੀ। ਇਹ ਘਟਨਾ ਉੱਤਰੀ ਸੇਂਟ ਲੂਇਸ ਵਿਚ ਫੁੱਟਬਾਲ ਖਿਡਾਰੀਆਂ ਦੇ ਅਭਿਆਸ ਦੌਰਾਨ ਵਾਪਰੀ।

ਸੇਂਟ ਲੂਇਸ ਬੈਡਬਵਾਇਜ਼ ਦੇ ਸਹਾਇਕ ਕੋਚ ਤੇ ਕੋਆਰੀਨੇਟਰ ਲਾਟੀਮੋਰ ਨੇ ਹਸਪਤਾਲ ਵਿਚ ਦਿੱਤੇ ਆਪਣੇ ਬਿਆਨ ਵਿਚ ਕਿਹਾ, 'ਜਦੋਂ ਤਕ ਮੈਂ ਕਲੈਮੋਨਸ ਦੇ ਹੱਥ ਵਿਚ ਗੰਨ ਵੇਖਦਾ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ। ਮੈਂ ਦੌੜਿਆ ਪਰ ਉਸ ਨੇ ਮੇਰੀ ਪਿੱਠ ਵਿਚ ਗੋਲੀ ਮਾਰੀ ਉਪਰੰਤ ਮੈਂ ਡਿੱਗ ਪਿਆ ਤੇ ਮੇਰੇ ਡਿੱਗੇ ਪਏ ਉਪਰ ਉਸ ਨੇ ਹੋਰ ਗੋਲੀਆਂ ਚਲਾਈਆਂ।' ਇਸ ਘਟਨਾ ਵਿਚ ਮੌਕੇ 'ਤੇ ਮੌਜੂਦ ਬੱਚਿਆਂ ਸਮੇਤ ਹੋਰ ਕੋਈ ਜ਼ਖਮੀ ਨਹੀਂ ਹੋਇਆ।

ਸੇਂਟ ਲੂਇਸ ਬੈਡਬਵਾਇਜ਼ 9 ਤੋਂ 10 ਸਾਲ ਦੇ ਛੋਟੇ ਬੱਚਿਆਂ 'ਤੇ ਆਧਾਰਤ ਇਕ ਰੀਕਰੀਏਸ਼ਨਲ ਲੀਗ ਟੀਮ ਹੈ। ਘਟਨਾ ਉਪਰੰਤ ਕਲੈਮੋਨਸ ਖ਼ੁਦ ਹੀ ਪੁਲਿਸ ਅੱਗੇ ਹਾਜ਼ਰ ਹੋ ਗਿਆ ਤੇ ਉਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਲਾਟੀਮੋਰ ਦੀ ਪਿੱਠ, ਲੱਤ, ਬਾਂਹ ਤੇ ਢਿੱਡ ਵਿਚ ਗੋਲੀ ਵੱਜੀ ਹੈ। ਉਸ ਦੇ ਸਰੀਰ ਦੇ ਅੰਦਰੂਨੀ ਅੰਗ ਵੀ ਗੋਲੀ ਵੱਜਣ ਕਾਰਨ ਜ਼ਖਮੀ ਹੋਏ ਹਨ।

**-ਹੁਸਨ ਲੜੋਆ ਬੰਗਾ**

# ਸਿਆਹਫਾਮ ਵਿਅਕਤੀ ਦੀ ਮੌਤ ਦੇ ਮਾਮਲੇ ਵਿਚ ਇਕ ਪੁਲਿਸ ਅਫਸਰ ਦੋਸ਼ੀ ਕਰਾਰ, ਇਕ ਬਰੀ

**ਸੈਕਰਾਮੈਂਟੋ:** ਇਕ ਜਿਊਰੀ ਨੇ 2019 ਵਿਚ ਈਲਿਜਾਹ ਮੈਕਲੇਨ ਨਾਮੀ ਇਕ ਕਾਲੇ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿਚ ਕੋਲੋਰਾਡੋ ਦੇ ਇਕ ਪੁਲਿਸ ਅਫਸਰ ਨੂੰ ਦੋਸ਼ੀ ਕਰਾਰ ਦੇਣ ਤੇ ਇਕ ਨੂੰ ਬਰੀ ਕਰ ਦਿੱਤਾ ਹੈ। ਕੈਟਾਮਾਈਨ ਦਾ ਟੀਕਾ ਲਾਉਣ ਉਪਰੰਤ ਮੈਕਲੇਨ ਦੀ ਮੌਤ ਹੋ ਗਈ ਸੀ। 12 ਮੈਂਬਰੀ ਜਿਊਰੀ ਨੇ ਆਊਰੋਰਾ ਪੁਲਿਸ ਅਫਸਰ ਰੈਂਡੀ ਰੋਏਡੇਮਾ (41) ਨੂੰ ਅਪਰਾਧਕ ਲਾਪ੍ਰਵਾਹੀ ਵਰਤਣ ਤੇ ਤੀਸਰਾ ਦਰਜਾ ਹਮਲੇ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਜਦਕਿ ਸਾਬਕਾ ਪੁਲਿਸ ਅਫਸਰ ਜੈਸਨ ਰੋਸਨਬਲਾਟ (34) ਜਿਸ ਨੂੰ 2020 ਵਿਚ ਬਰਖ਼ਾਸਤ ਕਰ ਦਿੱਤਾ ਗਿਆ ਸੀ, ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਰੋਏਡੇਮਾ ਨੇ ਫੈਸਲਾ ਸੁਣਨ ਉਪਰੰਤ ਆਪਣਾ ਸਿਰ ਝੁਕਾ ਲਿਆ। ਮੈਕਲੇਨ ਦੀ ਮਾਂ ਸ਼ਹੇਨੀਨ ਮੈਕਲੇਨ ਨੇ ਫ਼ੈਸਲੇ 'ਤੇ ਨਿਰਾਸ਼ਾ ਪ੍ਰਗਟਾਈ ਹੈ। ਉਸ ਨੇ ਅਦਾਲਤ ਤੋਂ ਬਾਹਰ ਜਾਣ ਸਮੇਂ ਕਿਹਾ, 'ਇਹ ਵੰਡਿਆ ਹੋਇਆ ਅਮਰੀਕਾ ਹੈ ਤੇ ਇਸ ਮਾਮਲੇ ਵਿਚ ਵੀ ਅਜਿਹਾ ਹੀ ਹੋਇਆ ਹੈ।'



*ਪੁਲਿਸ ਅਫਸਰ ਰੈਂਡੀ ਰੋਏਡੇਮਾ ਤੇ ਸਾਬਕਾ ਪੁਲਿਸ ਅਫਸਰ ਜੈਸਨ ਰੋਸਨਬਲਾਟ।*


# Matrimonials

## ਲੜਕੀ ਦੀ ਲੋੜ ਹੈ

Gursikh family seeks a suitable match for their Amritdhari son, 36 years, 5'-11", vegetarian, Software Manager in San Francisco, CA, USA, owns a house in San Francisco Bay-area, innocent divorcee (short marriage of 4 months). The girl should be well qualified, amritdhari, vegetarian and keski/ dastar wearing (or willing to wear). Preference to girl living in USA or Canada. Caste no bar. Please send your biodata & recent picture to singhmat001@gmail.com or Call: +1-510-281-7065 or +91-98993-79442 (WhatsApp). 40-43

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613. 36-39

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-9028 36-39

USA based Arora Gursikh family looking for a suitable match for their turbaned, divorced son, 36, 5'9", M.Tech Engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Contact us at: email: utakecare2@yahoo.com or call 1-618-402-4269 35-38

Well educated Jatt Sikh Bay area family is seeking a match for their July 2000 US born 5' 10" Son. He has earned a Bachelor in Computer Science from UCLA and Masters in CS BioMedical Imaging from UCSF. He does not drink. He wears a turban and keeps his hair. He is employed with a six figure salary. Beyond education, girl must be with a family-oriented mindset and should have good moral family values. Please contact Ph: 5108616491 or email pgrrealty@gmail.com 34-37

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891 41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949 39-42

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744 39-42

Sikh family belongs to Ludhiana Punjab, looking for a US or Canadian Citizen match for their daughter, 35, 5'9" divorcee and has one child living with. She has completed her nursing associate in India, currently not working as she is preparing for RN/IELTS. Whatsapp us: 262-960-7366. Serious inquiries only. 34-37

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com 32-35

# ਗਾਜ਼ਾ: ਜਾਨ ਬਚਾਉਣ ਲਈ ਸੁਰੱਖਿਅਤ ਥਾਵਾਂ ਵੱਲ ਹਿਜਰਤ



**ਦੀਰ ਅਲ-ਬਾਲਾਹ:** ਇਜ਼ਰਾਈਲ ਵੱਲੋਂ ਹਮਾਸ ਖ਼ਿਲਾਫ਼ ਜ਼ਮੀਨੀ ਕਾਰਵਾਈ ਦੇ ਖ਼ਦਸ਼ੇ ਦਰਮਿਆਨ ਗਾਜ਼ਾ ਦੇ 23 ਲੱਖ ਲੋਕ ਸੁਰੱਖਿਆ, ਭੋਜਨ ਅਤੇ ਪਾਣੀ ਲਈ ਤਰਸ ਗਏ ਹਨ। ਇਜ਼ਰਾਇਲੀ ਫੌਜ ਵੱਲੋਂ ਗਾਜ਼ਾ ਦਾ ਉੱਤਰੀ ਇਲਾਕਾ ਖਾਲੀ ਕਰਨ ਦਾ ਦਿੱਤਾ ਅਲਟੀਮੇਟਮ ਭਾਵੇਂ ਖਤਮ ਹੋ ਗਿਆ ਹੈ ਪਰ ਲੱਖਾਂ ਲੋਕ ਆਪਣੀ ਜਾਨ ਬਚਾਉਣ ਲਈ ਸੁਰੱਖਿਅਤ ਥਾਵਾਂ ਵੱਲ ਹਿਜਰਤ ਕਰ ਰਹੇ ਹਨ ਜਦਕਿ ਹੋਰਾਂ ਨੇ ਇਥੇ ਹਸਪਤਾਲਾਂ 'ਚ ਪਨਾਹ ਲੈ ਲਈ ਹੈ।

ਇਜ਼ਰਾਈਲ ਵੱਲੋਂ ਖਿੱਤੇ 'ਚ ਅਮਰੀਕੀ ਜੰਗੀ ਬੇੜਿਆਂ ਦੀ ਤਾਇਨਾਤੀ ਨਾਲ ਇਜ਼ਰਾਇਲੀ ਫੌਜ ਨੇ ਗਾਜ਼ਾ ਸਰਹੱਦ ਦੇ ਆਲੇ-ਦੁਆਲੇ ਤੋਪਾਂ ਅਤੇ ਟੈਂਕਾਂ ਸਮੇਤ ਆਪਣੇ ਮੋਰਚੇ ਗੱਡ ਲਏ ਹਨ ਤਾਂ ਜੋ ਹਮਾਸ ਨੂੰ ਤਬਾਹ ਕੀਤਾ ਜਾ ਸਕੇ। ਗਾਜ਼ਾ 'ਚ ਡਾਕਟਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਈਂਧਣ ਅਤੇ ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਹਸਪਤਾਲਾਂ 'ਚ ਹਜ਼ਾਰਾਂ ਲੋਕ ਮਰ ਸਕਦੇ ਹਨ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਜ਼ਰਾਇਲੀ ਕੈਬਨਿਟ ਮੀਟਿੰਗ 'ਚ ਕਿਹਾ ਕਿ ਜੇਕਰ ਹਮਾਸ ਸੋਚਦਾ ਹੈ ਕਿ ਉਹ ਇਜ਼ਰਾਇਲੀਆਂ ਨੂੰ ਤੋੜ ਦੇਵੇਗਾ ਤਾਂ ਉਹ ਭੁਲੇਖੇ 'ਚ ਹੈ। ਉਨ੍ਹਾਂ ਕਿਹਾ ਕਿ ਸਗੋਂ ਇਜ਼ਰਾਈਲ ਹਮਾਸ ਨੂੰ ਛਹਿ-ਢੇਰੀ ਕਰ ਦੇਵੇਗਾ। ਬੀਤੇ ਇਕ ਹਫ਼ਤੇ ਦੌਰਾਨ ਸਾਰਾ ਇਲਾਕਾ ਹਵਾਈ ਹਮਲਿਆਂ ਨਾਲ ਗੂੰਜ ਉੱਠਿਆ ਪਰ ਦਹਿਸ਼ਤੀਆਂ ਨੇ ਇਜ਼ਰਾਈਲ 'ਚ ਰਾਕੇਟ ਦਾਗਣੇ ਬੰਦ ਨਹੀਂ ਕੀਤੇ ਹਨ। ਫੌਜ ਨੇ ਕਿਹਾ ਕਿ ਉਹ ਦੱਖਣ ਵਾਲੇ ਇਕੱਲੇ ਰੂਟ ਨੂੰ ਨਿਸ਼ਾਨਾ ਬਣਾਉਣ ਤੋਂ ਗੁਰੇਜ਼ ਕਰੇਗੀ। ਉਨ੍ਹਾਂ ਫਲਸਤੀਨੀਆਂ ਨੂੰ ਮੁੜ ਉੱਤਰੀ ਇਲਾਕਾ ਖਾਲੀ ਕਰਨ ਦੀ ਅਪੀਲ ਕੀਤੀ ਹੈ। ਇਜ਼ਰਾਇਲੀ ਫੌਜ ਦੇ ਮੁੱਖ ਤਰਜਮਾਨ ਰੀਅਰ ਐਡਮਿਰਲ ਡੈਨੀਅਲ ਹੇਗਾਰੀ ਨੇ ਕਿਹਾ ਕਿ ਬਹੁਤ ਛੇਤੀ ਗਾਜ਼ਾ ਸਿਟੀ 'ਤੇ ਹਮਲਾ ਕੀਤਾ ਜਾਵੇਗਾ ਪਰ ਉਸ ਨੇ ਹਮਲੇ ਦੇ ਸਮੇਂ ਬਾਰੇ ਕੁਝ ਨਹੀਂ ਦੱਸਿਆ। ਫਲਸਤੀਨੀ ਸ਼ਰਨਾਰਥੀਆਂ ਬਾਰੇ ਸੰਯੁਕਤ ਰਾਸ਼ਟਰ ਏਜੰਸੀ ਦੇ ਤਰਜਮਾਨ ਜੂਲੀਅਟ ਟਾਓਮਾ ਨੇ ਕਿਹਾ ਕਿ ਗਾਜ਼ਾ 'ਚੋਂ ਪਿਛਲੇ ਇਕ ਹਫ਼ਤੇ ਦੌਰਾਨ ਅੰਦਾਜ਼ਨ 10 ਲੱਖ ਲੋਕ ਹਿਜਰਤ ਕਰ ਚੁੱਕੇ ਹਨ। ਗਾਜ਼ਾ ਸਿਟੀ ਦੇ ਮੁੱਖ ਹਸਪਤਾਲ ਅਲ-ਸ਼ਿਫਾ 'ਚ 35 ਹਜ਼ਾਰ ਲੋਕ ਇਸ ਆਸ 'ਚ ਪਹੁੰਚ ਗਏ ਹਨ ਕਿ ਇਜ਼ਰਾਇਲੀ ਫੌਜ ਵੱਲੋਂ ਹਸਪਤਾਲ ਨੂੰ ਨਿਸ਼ਾਨਾ ਨਹੀਂ ਬਣਾਇਆ ਜਾਵੇਗਾ। ਹਸਪਤਾਲ ਦੇ ਡਾਇਰੈਕਟਰ ਮੁਹੰਮਦ ਅਬੂ ਸਲੀਮ ਨੇ ਕਿਹਾ ਕਿ ਹਾਲਾਤ ਹੋਰ ਵਿਗੜਦੇ ਜਾ ਰਹੇ ਹਨ ਅਤੇ ਪਾਣੀ 'ਤੇ ਈਂਧਣ ਦੀ ਕਮੀ ਹੁੰਦੀ ਜਾ ਰਹੀ ਹੈ। ਫਲਸਤੀਨੀਆਂ ਲਈ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਨੇ ਗਰਭਵਤੀ ਔਰਤਾਂ, ਬੱਚਿਆਂ, ਬਜ਼ੁਰਗਾਂ ਅਤੇ ਅਪਾਹਜ ਵਿਅਕਤੀਆਂ ਲਈ ਚਿੰਤਾ ਪ੍ਰਗਟਾਈ ਹੈ ਕਿਉਂਕਿ ਉਹ ਇਲਾਕਾ ਛੱਡ ਕੇ ਨਹੀਂ ਜਾ ਸਕਦੇ ਹਨ। ਏਜੰਸੀ ਨੇ ਇਜ਼ਰਾਈਲ ਨੂੰ ਆਮ ਨਾਗਰਿਕ, ਹਸਪਤਾਲ, ਸਕੂਲ, ਕਲੀਨਿਕ ਅਤੇ ਸੰਯੁਕਤ ਰਾਸ਼ਟਰ ਦੇ ਟਿਕਾਣਿਆਂ ਨੂੰ ਨਿਸ਼ਾਨਾ ਨਾ ਬਣਾਉਣ ਦੀ ਅਪੀਲ ਕੀਤੀ ਹੈ। ਦੱਖਣੀ ਕਸਬੇ ਖਾਨ ਯੂਨਿਸ ਦੇ ਨਾਸਿਰ ਹਸਪਤਾਲ 'ਚ ਜ਼ਖ਼ਮੀ ਭਰੇ ਹੋਏ ਹਨ।

ਗਾਜ਼ਾ ਸਿਹਤ ਮੰਤਰਾਲੇ ਮੁਤਾਬਕ ਮੌਜੂਦਾ ਜੰਗ ਦੌਰਾਨ 2329 ਫਲਸਤੀਨੀਆਂ ਦੀ ਮੌਤ ਹੋ ਚੁੱਕੀ ਹੈ। ਫਲਸਤੀਨੀਆਂ ਲਈ ਗਾਜ਼ਾ ਦੀਆਂ ਪੰਜ ਜੰਗਾਂ 'ਚੋਂ ਇਹ ਸਭ ਤੋਂ ਮਾਰੂ ਜੰਗ ਰਹੀ ਹੈ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਮੁਤਾਬਕ ਮ੍ਰਿਤਕਾਂ ਦੀ ਗਿਣਤੀ ਇਜ਼ਰਾਈਲ ਅਤੇ ਹਮਾਸ ਵਿਚਕਾਰ 2014 'ਚ ਹੋਈ ਤੀਜੀ ਜੰਗ 'ਚ ਮਾਰੇ ਗਏ 2251 ਫਲਸਤੀਨੀਆਂ ਨਾਲੋਂ ਜ਼ਿਆਦਾ ਹੋ ਗਈ ਸੀ। ਉਸ ਸਮੇਂ ਜੰਗ ਛੇ ਹਫ਼ਤੇ ਚੱਲੀ ਸੀ ਅਤੇ ਇਜ਼ਰਾਈਲ 'ਚ ਛੇ ਆਮ ਨਾਗਰਿਕਾਂ ਸਣੇ 74 ਵਿਅਕਤੀ ਹਲਾਕ ਹੋਏ ਸਨ।

## ਇਰਾਨ ਦੀ ਇਜ਼ਰਾਈਲ ਨੂੰ ਚਿਤਾਵਨੀ

**ਬੈਰੂਤ:** ਇਰਾਨ ਦੇ ਵਿਦੇਸ਼ ਮੰਤਰੀ ਹੁਸੈਨ ਅਮੀਰ ਅਬਦੁੱਲੀਆ ਨੇ ਇਜ਼ਰਾਈਲ ਨੂੰ ਗਾਜ਼ਾ 'ਚ ਹਮਲੇ ਬੰਦ ਕਰਨ ਦਾ ਸੱਦਾ ਦਿੰਦਿਆਂ ਚਿਤਾਵਨੀ ਦਿੱਤੀ ਹੈ ਕਿ ਜੇ ਹਿਜ਼ਬੁੱਲ੍ਹਾ ਜੰਗ 'ਚ ਸ਼ਾਮਲ ਹੋ ਗਿਆ ਤਾਂ ਇਜ਼ਰਾਈਲ ਨੂੰ 'ਵੱਡੇ ਜ਼ਲਜ਼ਲੇ' ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਇਹ ਮੱਧ ਪੂਰਬ ਦੇ ਹੋਰ ਹਿੱਸਿਆਂ 'ਚ ਵੀ ਫੈਲ ਜਾਵੇਗੀ। ਉਨ੍ਹਾਂ ਕਿਹਾ ਕਿ ਲਿਬਨਾਨ ਦੇ ਹਿਜ਼ਬੁੱਲ੍ਹਾ ਧੜੇ ਨੇ ਜੰਗ ਦੇ ਸਾਰੇ ਘਟਨਾਕ੍ਰਮ 'ਤੇ ਵਿਚਾਰ ਕੀਤਾ ਹੈ ਅਤੇ ਇਜ਼ਰਾਈਲ ਨੂੰ ਜਿੰਨੀ ਛੇਤੀ ਹੋ ਸਕੇ, ਗਾਜ਼ਾ 'ਤੇ ਹਮਲੇ ਬੰਦ ਕਰ ਦੇਣੇ ਚਾਹੀਦੇ ਹਨ।

## ਜੰਗਬੰਦੀ ਲਈ ਏਸ਼ਿਆਈ ਮੁਲਕ ਅੱਗੇ ਆਉਣ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਜ਼ਰਾਈਲ-ਹਮਾਸ ਵਿਚਾਲੇ ਛਿੜੀ ਜੰਗ ਬਾਰੇ ਚਿੰਤਾ ਪ੍ਰਗਟ ਕਰਦਿਆਂ ਇਸ ਨੂੰ ਮਨੁੱਖਤਾ ਲਈ ਵੱਡਾ ਦੁਖਾਂਤ ਕਰਾਰ ਦਿੱਤਾ ਹੈ। ਉਨ੍ਹਾਂ ਨੇ ਅਮਰੀਕਾ ਤੇ ਹੋਰ ਪੱਛਮੀ ਦੇਸ਼ਾਂ, ਇਸਲਾਮਿਕ ਮੁਲਕਾਂ ਅਤੇ ਏਸ਼ੀਆ ਦੇ ਵੱਡੇ ਦੇਸ਼ਾਂ ਨੂੰ ਅਪੀਲ ਹੈ ਕਿ ਇਸ ਮਸਲੇ 'ਤੇ ਨਿਆਂਪੂਰਨ ਤਰੀਕੇ ਨਾਲ ਯੂ.ਐਨ.ਓ. ਦੀ ਅਗਵਾਈ ਵਿਚ ਕੋਈ ਹੱਲ ਕੱਢਿਆ ਜਾਵੇ ਤਾਂ ਜੋ ਮਨੁੱਖਤਾ ਨੂੰ ਤਬਾਹ ਹੋਣ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਵਿਸ਼ਵ ਭਰ 'ਚ ਵੱਸਦੇ ਸਿੱਖ ਅਮਨ-ਸ਼ਾਂਤੀ ਦੇ ਦੂਤ ਬਣ ਕੇ ਵਿਸ਼ਵ ਸ਼ਾਂਤੀ ਦੀ ਅਰਦਾਸ ਕਰਨ।

## ਉੱਤਰੀ ਗਾਜ਼ਾ ਖਾਲੀ ਕਰਨ ਦਾ ਹੁਕਮ ਖਤਰਨਾਕ: ਗੁਟੇਰੇਜ਼

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਕਿਹਾ ਕਿ ਇਜ਼ਰਾਈਲ ਦਾ ਉੱਤਰੀ ਗਾਜ਼ਾ 'ਚ ਤਕਰੀਬਨ 11 ਲੱਖ ਲੋਕਾਂ ਨੂੰ 24 ਘੰਟੇ ਦੇ ਅੰਦਰ ਉਥੋਂ ਚਲੇ ਜਾਣ ਦੀ ਚਿਤਾਵਨੀ ਦੇਣਾ ਵਧੇਰੇ ਖ਼ਤਰਨਾਕ ਹੈ ਅਤੇ ਇਹ ਕਦੇ ਵੀ ਸੰਭਵ ਨਹੀਂ ਹੈ। ਜੰਗ ਦੇ ਵੀ ਕੁਝ ਨੇਮ ਹੁੰਦੇ ਹਨ। ਉਨ੍ਹਾਂ ਪੱਛਮੀ ਏਸ਼ੀਆ ਦੇ ਹਾਲਾਤ 'ਤੇ ਸਲਾਮਤੀ ਕੌਂਸਲ ਦੀ ਮੀਟਿੰਗ 'ਚ ਹਿੱਸਾ ਲੈਣ ਲਈ ਜਾਣ ਤੋਂ ਪਹਿਲਾਂ ਇਹ ਟਿੱਪਣੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਦੱਖਣੀ ਗਾਜ਼ਾ 'ਚ ਹਸਪਤਾਲ ਪਹਿਲਾਂ ਤੋਂ ਹੀ ਜ਼ਖ਼ਮੀਆਂ ਨਾਲ ਭਰੇ ਹੋਏ ਹਨ ਅਤੇ ਉਹ ਉੱਤਰੀ ਗਾਜ਼ਾ ਦੇ ਹਜ਼ਾਰਾਂ ਨਵੇਂ ਮਰੀਜ਼ਾਂ ਦਾ ਇਲਾਜ ਨਹੀਂ ਕਰ ਸਕਣਗੇ।

## ਮੁਕੇਸ਼ ਅੰਬਾਨੀ ਮੁੜ ਭਾਰਤ ਦੇ ਸਭ ਤੋਂ ਅਮੀਰ ਬਣੇ



**ਨਵੀਂ ਦਿੱਲੀ:** ਮੁਕੇਸ਼ ਅੰਬਾਨੀ 92 ਅਰਬ ਡਾਲਰ ਦੀ ਕੁੱਲ ਧਨ ਦੌਲਤ ਨਾਲ ਸੌ ਸਭ ਤੋਂ ਅਮੀਰ ਭਾਰਤੀਆਂ ਦੀ ਸੂਚੀ ਵਿਚ ਮੁੜ ਸਿਖਰ ਉਤੇ ਪਹੁੰਚ ਗਏ ਹਨ। ਗੌਤਮ ਅਡਾਨੀ ਇਸ ਸੂਚੀ ਵਿਚ ਦੂਜੀ ਥਾਵੇਂ ਹਨ। ਅਮਰੀਕੀ ਸ਼ਾਰਟ-ਸੈੱਲਰ ਹਿੰਡਨਬਰਗ ਰਿਸਰਚ ਦੀ ਜਨਵਰੀ ਵਿਚ ਆਈ ਰਿਪੋਰਟ ਮਗਰੋਂ ਅਡਾਨੀ ਦੀ ਕੁੱਲ ਦੌਲਤ, ਜਿਸ ਵਿਚ ਉਨ੍ਹਾਂ ਦੇ ਪਰਿਵਾਰ ਦੀ ਦੌਲਤ ਵੀ ਸ਼ਾਮਲ ਹੈ, 82 ਅਰਬ ਡਾਲਰ ਤੋਂ ਘੱਟ ਕੇ 68 ਅਰਬ ਡਾਲਰ ਰਹਿ ਗਈ ਸੀ। ਉਂਜ ਇਸ ਸਾਲ ਭਾਰਤ ਦੇ ਸੌ ਸਭ ਤੋਂ ਅਮੀਰ ਭਾਰਤੀਆਂ ਦੀ ਸਾਂਝੀ ਦੌਲਤ 799 ਅਰਬ ਡਾਲਰ ਰਹੀ ਹੈ। ਸਾਫਟਵੇਅਰ ਕਾਰੋਬਾਰੀ ਸ਼ਿਵ ਨਾਦਰ 29.3 ਅਰਬ ਡਾਲਰ ਦੀ ਦੌਲਤ ਤੇ ਦੋ ਸਥਾਨਾਂ ਦੇ ਵਾਧੇ ਨਾਲ ਤੀਜੇ ਸਥਾਨ 'ਤੇ ਹਨ। ਓਪੀ ਜਿੰਦਲ ਗਰੁੱਪ ਦੀ ਸਾਵਿੱਤਰੀ ਜਿੰਦਲ 24 ਅਰਬ ਡਾਲਰ ਨਾਲ ਸੂਚੀ ਵਿਚ ਚੌਥੇ ਸਥਾਨ ਉਤੇ ਹੈ।

## ਅਮਰੀਕਾ ਗੈਰ-ਪਰਵਾਸੀਆਂ ਨੂੰ ਪੰਜ ਸਾਲ ਲਈ ਦੇਵੇਗਾ ਰੁਜ਼ਗਾਰ ਕਾਰਡ



**ਵਾਸ਼ਿੰਗਟਨ:** ਅਮਰੀਕਾ ਨੇ ਪੰਜ ਸਾਲਾਂ ਤੋਂ ਗਰੀਨ ਕਾਰਡ ਉਡੀਕ ਰਹੇ ਗੈਰ-ਪਰਵਾਸੀਆਂ ਨੂੰ ਰੁਜ਼ਗਾਰ ਅਧਿਕਾਰ ਕਾਰਡ ਦੇਣ ਦਾ ਐਲਾਨ ਕੀਤਾ ਹੈ ਜਿਸ ਨਾਲ ਉਥੇ ਰਹਿ ਰਹੇ ਹਜ਼ਾਰਾਂ ਭਾਰਤੀਆਂ ਨੂੰ ਲਾਭ ਹੋਵੇਗਾ। ਯੂ.ਐਸ. ਸਿਟੀਜ਼ਨਸ਼ਿਪ ਅਤੇ ਇਮੀਗਰੇਸ਼ਨ ਸਰਵਿਸਿਜ਼ (ਯੂ.ਐਸ.ਸੀ.ਆਈ.ਐਸ.) ਨੇ ਕਿਹਾ ਕਿ ਉਹ ਕੁਝ ਗੈਰ-ਨਾਗਰਿਕਾਂ ਲਈ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ (ਈ.ਏ.ਡੀ.) ਦੀ ਵੱਧ ਤੋਂ ਵੱਧ ਮਿਆਦ ਪੰਜ ਸਾਲ ਤੱਕ ਵਧਾ ਰਿਹਾ ਹੈ, ਜਿਨ੍ਹਾਂ ਨੂੰ ਰੁਜ਼ਗਾਰ ਅਧਿਕਾਰ ਲਈ ਅਰਜ਼ੀ ਦੇਣੀ ਚਾਹੀਦੀ ਹੈ। ਫੈਡਰਲ ਏਜੰਸੀ ਨੇ ਕਿਹਾ ਕਿ ਇਸ ਵਿਚ ਸ਼ਰਨ ਲਈ ਅਰਜ਼ੀ ਦੇਣ ਵਾਲਿਆਂ ਜਾਂ ਉਨ੍ਹਾਂ ਨੂੰ ਮੁਲਕ 'ਚੋਂ ਬਾਹਰ ਕੱਢਣ 'ਤੇ ਰੋਕ, ਆਈ.ਐਨ.ਏ. 245 ਤਹਿਤ ਸਟੇਟਸ 'ਚ ਫੇਰ-ਬਦਲ ਅਤੇ ਹਵਾਲਗੀ ਦੀ ਮੁਅੱਤਲੀ ਆਦਿ ਵਰਗੇ ਅਰਜ਼ੀਕਾਰ ਸ਼ਾਮਲ ਹਨ। ਇਕ ਨਵੇਂ ਅਧਿਐਨ ਅਨੁਸਾਰ 10.5 ਲੱਖ ਤੋਂ ਵੱਧ ਭਾਰਤੀ ਰੁਜ਼ਗਾਰ ਆਧਾਰਿਤ ਗਰੀਨ ਕਾਰਡ ਲਈ ਲਾਈਨ ਵਿਚ ਹਨ। ਅਨੁਮਾਨ ਹੈ ਕਿ ਇਨ੍ਹਾਂ ਵਿਚੋਂ ਚਾਰ ਲੱਖ ਦੀ ਸਥਾਈ ਰਿਹਾਇਸ਼ ਦੇ ਕਾਨੂੰਨੀ ਦਸਤਾਵੇਜ਼ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਮੌਤ ਹੋ ਸਕਦੀ ਹੈ।

## ਆਸਟਰੇਲੀਆ ਦੇ ਲੋਕ ਮੂਲਵਾਸੀਆਂ ਨੂੰ ਸੰਵਿਧਾਨਕ ਮਾਨਤਾ ਦੇ ਹੱਕ 'ਚ ਨਹੀਂ



**ਮੈਲਬਰਨ:** ਆਸਟਰੇਲੀਆ ਦੇ ਬਹੁਗਿਣਤੀ ਲੋਕਾਂ ਨੇ ਸਥਾਨਕ ਮੂਲਵਾਸੀਆਂ ਨੂੰ ਸੰਵਿਧਾਨ 'ਚ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਸਬੰਧੀ ਸਰਕਾਰ ਵੱਲੋਂ ਕਰਵਾਈ ਗਈ ਇਤਿਹਾਸਕ ਰਾਇਸ਼ੁਮਾਰੀ ਦੇ ਸਾਹਮਣੇ ਆਏ ਨਤੀਜਿਆਂ ਮੁਤਾਬਕ ਵੱਡੀ ਗਿਣਤੀ ਲੋਕ ਸਥਾਨਕ ਮੂਲਵਾਸੀਆਂ ਨੂੰ ਸੰਵਿਧਾਨ 'ਚ ਮਾਨਤਾ ਦੇਣ ਦੇ ਮਤੇ ਖ਼ਿਲਾਫ਼ ਭੁਗਤੇ ਹਨ। ਆਸਟਰੇਲੀਅਨ ਮੂਲਵਾਸੀਆਂ ਦੇ ਕਰੀਬ 250 ਪ੍ਰਤੀਨਿਧਾਂ ਨੇ 2017 ਵਿਚ ਇਕ ਸਾਂਝੇ ਮਤੇ ਰਾਹੀਂ ਇਹ ਮੰਗ ਉਠਾਈ ਸੀ ਕਿ ਰਾਜਧਾਨੀ 'ਚੋਂ ਮੂਲਵਾਸੀਆਂ ਬਾਰੇ ਹੋਣ ਵਾਲੇ ਫੈਸਲਿਆਂ 'ਚ ਉਨ੍ਹਾਂ ਦੇ ਭਾਈਚਾਰੇ ਦੀ ਆਵਾਜ਼ ਵੀ ਦਰਜ ਕੀਤੀ ਜਾਵੇ। ਸੰਵਿਧਾਨਿਕ ਸੋਧ/ਵਾਧੇ ਜਾਂ ਕਿਸੇ ਤਰਮੀਮ ਲਈ ਆਸਟਰੇਲੀਆ 'ਚ ਰਾਇਸ਼ੁਮਾਰੀ ਕਰਵਾਈ ਜਾਣੀ ਲਾਜ਼ਮੀ ਹੈ। ਸੱਤਾਧਾਰੀ ਐਂਥਨੀ ਐਲਬਨੀਜ਼ ਸਰਕਾਰ ਨੇ ਰਾਇਸ਼ੁਮਾਰੀ ਲਈ ਵੋਟਾਂ ਪਵਾਈਆਂ, ਜਿਸ ਵਿਚ ਸੰਵਿਧਾਨਿਕ ਮਾਨਤਾ ਲਈ ਪੁੱਛੇ ਸੁਆਲ ਵਿਚ 'ਹਾਂ' ਜਾਂ 'ਨਾਂਹ' ਦਰਜ ਕਰਨ ਲਈ ਕਿਹਾ ਗਿਆ ਸੀ। ਇਸ ਵੋਟਿੰਗ ਦੇ ਨਤੀਜੇ ਸਾਹਮਣੇ ਆ ਗਏ ਹਨ ਜਿਸ ਵਿਚ ਬਹੁਗਿਣਤੀ ਲੋਕਾਂ ਨੇ 'ਨਾਂਹ' ਨੂੰ ਵੋਟ ਪਾਈ ਹੈ।

## ਬਰਤਾਨੀਆ: ਰੇਲ ਗੱਡੀ 'ਚ ਛੇੜਖਾਨੀ ਕਰਨ ਵਾਲੇ ਭਾਰਤੀ ਨੂੰ 16 ਹਫਤੇ ਕੈਦ

**ਲੰਡਨ:** ਬਰਤਾਨੀਆ 'ਚ ਭਾਰਤੀ ਮੂਲ ਦੇ 39 ਸਾਲਾ ਵਿਅਕਤੀ ਨੂੰ 2021 'ਚ ਰੇਲਗੱਡੀ ਵਿਚ ਮੁਟਿਆਰ ਨਾਲ ਛੇੜਖਾਨੀ ਕਰਨ ਦਾ ਦੋਸ਼ ਕਬੂਲ ਕਰਨ ਤੋਂ ਬਾਅਦ 16 ਹਫਤਿਆਂ ਲਈ ਜੇਲ੍ਹ ਭੇਜ ਦਿੱਤਾ ਹੈ ਤੇ 7 ਸਾਲ ਲਈ ਉਸ 'ਤੇ ਨਿਗਰਾਨੀ ਰੱਖਣ ਦਾ ਹੁਕਮ ਦਿੱਤਾ ਹੈ। ਵੈਸਟ ਮਿਡਲੈਂਡਜ਼ ਕਾਊਂਟੀ ਦੇ ਸੈਂਡਵੈਲ ਤੋਂ ਮੱਖਣ ਸਿੰਘ ਨੂੰ ਵਾਰਵਿਕ ਕਰਾਊਨ ਅਦਾਲਤ ਨੇ ਪੀੜਤ ਨੂੰ 128 ਪੌਂਡ ਦਾ ਸਰਚਾਰਜ ਅਦਾ ਕਰਨ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਫੈਸਲਾ ਸੁਣਿਆ ਕਿ 20 ਸਾਲ ਮੁਟਿਆਰ ਸਤੰਬਰ 2021 ਨੂੰ ਬਰਮਿੰਘਮ ਮੂਰ ਸਟਰੀਟ ਤੋਂ ਲੰਡਨ ਮੈਰੀਲੇਬੋਨ ਜਾ ਰਹੀ ਰੇਲਗੱਡੀ ਵਿਚ ਸੀ, ਜਦੋਂ ਮੱਖਣ ਸਿੰਘ ਨੇ ਉਸ ਨੂੰ ਦੇਖਣਾ ਸ਼ੁਰੂ ਕੀਤਾ। ਬਾਅਦ ਵਿਚ ਉਹ ਪੀੜਤਾ ਦੇ ਕੋਲ ਸੀਟ ਉਤੇ ਬੈਠ ਗਿਆ, ਉਸ ਨਾਲ ਕਥਿਤ ਛੇੜਖਾਨੀ ਸ਼ੁਰੂ ਕੀਤੀ। ਮੁਟਿਆਰ ਨੇ ਮੁਲਜ਼ਮ ਦੀਆਂ ਹਰਕਤਾਂ ਰਿਕਾਰਡ ਕਰ ਲਈਆਂ ਤੇ ਪੁਲਿਸ ਨੂੰ ਭੇਜ ਕੇ ਉਸ ਨੂੰ ਗ੍ਰਿਫਤਾਰ ਕਰਵਾ ਦਿੱਤਾ।

## ਪਠਾਨਕੋਟ ਹਮਲੇ ਦੇ ਸਾਜ਼ਿਸ਼ਘਾੜੇ ਦੀ ਪਾਕਿਸਤਾਨ 'ਚ ਹੱਤਿਆ



**ਨਵੀਂ ਦਿੱਲੀ:** ਪਾਕਿਸਤਾਨ ਦੇ ਸਿਆਲਕੋਟ ਜ਼ਿਲ੍ਹੇ ਦੇ ਡਸਕਾ ਕਸਬੇ ਦੀ ਮਸਜਿਦ ਦੇ ਬਾਹਰ ਅਣਪਛਾਤੇ ਹਮਲਾਵਰਾਂ ਨੇ ਜੈਸ਼-ਏ-ਮੁਹੰਮਦ ਦੇ ਦਹਿਸ਼ਤਗਰਦ ਸ਼ਾਹਿਦ ਲਤੀਫ (53) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਹਮਲੇ ਵਿਚ ਲਤੀਫ ਦਾ ਭਰਾ ਵੀ ਮਾਰਿਆ ਗਿਆ। ਲਤੀਫ ਨੂੰ 2016 ਵਿਚ ਪਠਾਨਕੋਟ 'ਚ ਭਾਰਤੀ ਹਵਾਈ ਸੈਨਾ ਦੇ ਬੇਸ 'ਤੇ ਹਮਲੇ ਦਾ ਸਾਜ਼ਿਸ਼ਘਾੜਾ ਮੰਨਿਆ ਜਾਂਦਾ ਹੈ।

ਲਤੀਫ ਜੈਸ਼ ਮੁਖੀ ਮਸੂਦ ਅਜ਼ਹਰ ਦੇ ਵਫ਼ਾਦਾਰਾਂ ਵਿਚੋਂ ਇਕ ਸੀ। ਲਤੀਫ ਉਰਫ ਬਿਲਾਲ ਨੂੰ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ ਤਹਿਤ ਦਹਿਸ਼ਤਗਰਦ ਐਲਾਨਿਆ ਹੋਇਆ ਸੀ। ਅਧਿਕਾਰੀਆਂ ਨੇ ਕਿਹਾ ਕਿ ਮੋਟਰਸਾਈਕਲ 'ਤੇ ਆਏ ਤਿੰਨ ਹਥਿਆਰਬੰਦ ਵਿਅਕਤੀਆਂ ਨੇ ਲਤੀਫ ਤੇ ਉਸ ਦੇ ਭਰਾ ਹੈਰਿਸ ਹਾਸ਼ਿਮ 'ਤੇ ਗੋਲੀਆਂ ਚਲਾਈਆਂ। ਲਤੀਫ ਤੇ ਹਾਸ਼ਿਮ, ਜੋ ਹਥਿਆਰਬੰਦ ਗਾਰਦ ਦੇ ਘੇਰੇ ਵਿਚ ਸਨ, ਉਸ ਮੌਕੇ ਨੂਰ ਮਦੀਨਾ ਮਸਜਿਦ 'ਚੋਂ ਬਾਹਰ ਆ ਰਹੇ ਸਨ। ਦੋਵਾਂ ਦੀ ਥਾਏਂ ਮੌਤ ਹੋ ਗਈ। ਲਾਹੌਰ ਤੋਂ ਏਪੀ ਦੀ ਰਿਪੋਰਟ ਮੁਤਾਬਕ ਹਥਿਆਰਬੰਦ ਹਮਲਾਵਰਾਂ ਨੇ ਅਕੀਦਤਮੰਦ ਬਣ ਕੇ ਮਸਜਿਦ ਅਹਾਤੇ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਹਾਲ ਦੀ ਘੜੀ ਕਿਸੇ ਵੀ ਜਥੇਬੰਦੀ ਨੇ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਸਥਾਨਕ ਪੁਲਿਸ ਮੁਖੀ ਹਸਨ ਇਕਬਾਲ ਨੇ ਕਿਹਾ ਕਿ ਇੰਜ ਲੱਗਦਾ ਹੈ ਕਿ ਲਤੀਫ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਗਿਆ ਹੈ। ਲਤੀਫ ਉਰਫ ਬਿਲਾਲ ਉਰਫ ਨੂਰ ਅਲ ਦੀਨ 1993 ਵਿਚ ਘੁਸਪੈਠ ਕਰਕੇ ਕਸ਼ਮੀਰ ਵਾਦੀ ਵਿਚ ਦਾਖਲ ਹੋਇਆ ਸੀ ਤੇ ਸਾਲ ਮਗਰੋਂ ਸੁਰੱਖਿਆ ਬਲਾਂ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਉਹ ਜੈਸ਼-ਏ-ਮੁਹੰਮਦ ਦੇ ਬਾਨੀ ਮਸੂਦ ਅਜ਼ਹਰ ਨਾਲ 2010 ਤੱਕ ਜੰਮੂ ਦੀ ਕੋਟ ਬਲਵਾਲ ਜੇਲ੍ਹ ਵਿਚ ਰਿਹਾ। ਅਧਿਕਾਰੀਆਂ ਨੇ ਕਿਹਾ ਕਿ ਰਿਹਾਈ ਮਗਰੋਂ 2010 ਵਿਚ ਉਸ ਨੂੰ ਵਾਪਸ ਪਾਕਿਸਤਾਨ ਭੇਜ ਦਿੱਤਾ ਗਿਆ ਤੇ ਉਹ ਰਸਮੀ ਤੌਰ 'ਤੇ ਦਹਿਸ਼ਤੀ ਸਮੂਹ ਵਿਚ ਸ਼ਾਮਲ ਹੋ ਗਿਆ।

ਲਤੀਫ ਸਿਆਲਕੋਟ ਵਿਚ ਜੈਸ਼-ਏ-ਮੁਹੰਮਦ ਦਾ ਕਮਾਂਡਰ ਸੀ ਤੇ ਭਾਰਤ ਵਿਚ ਦਹਿਸ਼ਤੀ ਹਮਲਿਆਂ ਦੀ ਪਲਾਨਿੰਗ ਤੇ ਇਨ੍ਹਾਂ ਨੂੰ ਅਮਲ ਵਿਚ ਲਿਆਉਣ 'ਚ ਸ਼ਾਮਲ ਸੀ। ਐਨ.ਆਈ.ਏ. ਵੱਲੋਂ ਲੋੜੀਂਦਾ ਲਤੀਫ ਪੰਜਾਬ ਦੇ ਗੁਜਰਾਂਵਾਲਾ ਦੇ ਅਮੀਨਾਬਾਦ ਦਾ ਵਸਨੀਕ ਸੀ।

## ਅਮਰੀਕਾ 'ਚ ਸੜਕ ਹਾਦਸੇ ਕਾਰਨ ਪੰਜਾਬੀ ਦੀ ਮੌਤ

**ਵਾਸ਼ਿੰਗਟਨ:** ਇੰਡੀਆਨਾਪੋਲਿਸ ਵਿਚ ਸੜਕ ਹਾਦਸੇ ਕਾਰਨ 42 ਸਾਲਾ ਭਾਰਤੀ-ਅਮਰੀਕੀ ਦੀ ਮੌਤ ਹੋ ਗਈ। ਹਾਦਸਾ 12 ਅਕਤੂਬਰ ਨੂੰ ਗ੍ਰੀਨਵੁੱਡ ਵਿਚ ਵਾਪਰਿਆ ਜਿਸ ਵਿਚ ਗੰਭੀਰ ਜ਼ਖ਼ਮੀ ਸੁਖਵਿੰਦਰ ਸਿੰਘ ਦੀ 13 ਅਕਤੂਬਰ ਨੂੰ ਹਸਪਤਾਲ ਵਿਚ ਮੌਤ ਹੋ ਗਈ। ਹੁਸ਼ਿਆਰਪੁਰ ਦਾ ਰਹਿਣ ਵਾਲਾ ਸੁਖਵਿੰਦਰ ਸਿੰਘ 1996 ਵਿਚ 15 ਸਾਲ ਦੀ ਉਮਰ ਵਿਚ ਅਮਰੀਕਾ ਆਇਆ ਸੀ। ਉਸ ਦੀ ਕਾਰ ਉਲਟੀ ਲੇਨ ਵਿਚ ਜਾ ਵੜੀ ਅਤੇ ਸਾਹਮਣੇ ਤੋਂ ਆ ਰਹੀ ਇਕ ਹੋਰ ਕਾਰ ਨਾਲ ਟਕਰਾ ਗਈ। ਮ੍ਰਿਤਕ ਦੇ ਪਰਿਵਾਰ 'ਚ ਪਤਨੀ, 15 ਸਾਲ ਦਾ ਬੇਟਾ ਅਤੇ 10 ਸਾਲ ਦੀ ਬੇਟੀ ਹਨ। ਹਾਦਸੇ ਕਾਰਨ ਹੋਰ ਵਾਹਨ 'ਚ ਸਵਾਰ 52 ਸਾਲਾਂ ਦੇ ਪੁਰਸ਼ ਤੇ ਮਹਿਲਾ ਜ਼ਖ਼ਮੀ ਹੋ ਗਏ।

# ਐਸ.ਵਾਈ.ਐਲ. ਨਹਿਰ ਉਤੇ ਸਿਆਸੀ ਘਮਸਾਣ ਹੋਰ ਤਿੱਖਾ ਹੋਇਆ

**ਚੰਡੀਗੜ੍ਹ:** ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ) ਨਹਿਰ ਦੇ ਮੁੱਦੇ ਉਤੇ ਪੰਜਾਬ ਵਿਚ ਸਿਆਸੀ ਘਮਸਾਣ ਜਾਰੀ ਹੈ। ਸਿਆਸੀ ਧਿਰਾਂ ਇਸ ਮੁੱਦੇ ਉਤੇ ਇਕ-ਦੂਜੇ ਨੂੰ ਘੇਰਨ ਲਈ ਟਿੱਲ ਲਾ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਕਿ ਸੁਪਰੀਮ ਕੋਰਟ ਵਿਚ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਕਹਿਣ ਉਤੇ ਪੰਜਾਬ ਦੇ ਹਿੱਤਾਂ ਦਾ ਸਮਝੌਤਾ ਕਰਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਹੁਣ ਕਾਂਗਰਸ ਪਾਰਟੀ ਨਾਲ ਰਲ ਕੇ ਰਾਵੀ-ਬਿਆਸ ਦਾ ਪਾਣੀ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਰਾਹੀਂ ਹਰਿਆਣਾ ਨੂੰ ਦੇਣ ਲਈ ਕੇਂਦਰੀ ਸਰਵੇਖਣ ਪੂਰਾ ਕਰਵਾਉਣਾ ਚਾਹੁੰਦੇ ਹਨ। ਅਕਾਲੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ 'ਆਪ' ਸਰਕਾਰ ਭੁੱਲ ਗਈ ਹੈ ਕਿ ਪੰਜਾਬ ਨਾਲ ਸਾਰੇ ਅਨਿਆਂ ਕਾਂਗਰਸ ਪਾਰਟੀ ਨੇ ਕੀਤੇ ਹਨ, ਭਾਵੇਂ ਉਹ 1955 ਵਿਚ ਅੱਧਾ ਪਾਣੀ ਰਾਜਸਥਾਨ ਨੂੰ ਦੇਣ ਦਾ ਮਾਮਲਾ ਹੋਵੇ ਜਾਂ ਫਿਰ ਬਾਅਦ ਵਿਚ ਅੱਧਾ ਹਰਿਆਣਾ ਨੂੰ ਦੇਣ ਦਾ ਅਤੇ 1981 ਤੇ 1982 ਵਿਚ ਐਸ.ਵਾਈ.ਐਲ. ਨਹਿਰ ਪੁੱਟਣ ਦੀ ਸ਼ੁਰੂਆਤ ਕਰਨ ਦਾ ਹੋਵੇ। ਉਨ੍ਹਾਂ 'ਆਪ' ਵੱਲੋਂ ਅਕਾਲੀ ਦਲ ਦੀ ਬਦਨਾਮੀ ਕਰਨ ਲਈ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਦੇਵੀ ਲਾਲ ਦੇ ਵਿਧਾਨ ਸਭਾ ਵਿਚ ਦਿੱਤੇ ਇਕ ਸਫੇ ਦੇ ਭਾਸ਼ਣ ਨੂੰ ਵਰਤਣ ਦੀ ਵੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਇਹ ਭੁੱਲ ਗਈ ਹੈ ਕਿ 122 ਕਿਲੋਮੀਟਰ ਲੰਬੀ ਐਸ.ਵਾਈ.ਐਲ. ਗਿਆਨੀ ਜ਼ੈਲ ਸਿੰਘ ਵੱਲੋਂ 1977 ਵਿਚ ਦਿੱਤੀ ਪ੍ਰਸ਼ਾਸਕੀ ਮਨਜ਼ੂਰੀ ਮਗਰੋਂ ਸ਼ੁਰੂ ਹੋਈ ਤੇ ਇਸ ਦੌਰਾਨ ਗਿਆਨੀ ਜ਼ੈਲ ਸਿੰਘ ਨੇ ਇਕ ਕਰੋੜ ਰੁਪਏ ਹਰਿਆਣਾ ਤੋਂ ਪ੍ਰਾਪਤ ਕੀਤੇ। ਉਨ੍ਹਾਂ ਦਾਅਵਾ ਕੀਤਾ ਕਿ ਮਰਹੂਮ ਪ੍ਰਕਾਸ਼ ਸਿੰਘ ਬਾਦਲ ਹੀ ਪੰਜਾਬ ਦੇ ਦਰਿਆਈ ਪਾਣੀਆਂ ਦੇ ਅਸਲ ਰਾਖੇ ਸਨ। ਉਧਰ, ਆਮ ਆਦਮੀ ਪਾਰਟੀ (ਆਪ) ਨੇ ਨਹਿਰ ਦੇ ਮੁੱਦੇ ਉਤੇ ਸ਼੍ਰੋਮਣੀ ਅਕਾਲੀ ਦਲ 'ਤੇ ਤਿੱਖਾ ਹਮਲਾ ਕੀਤਾ ਹੈ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਕੁਝ ਦਿਨ ਪਹਿਲਾਂ ਚੰਡੀਗੜ੍ਹ ਦੀਆਂ ਸੜਕਾਂ 'ਤੇ ਪ੍ਰਦਰਸ਼ਨ ਕਰਦਿਆਂ ਦਾਅਵਾ ਕੀਤਾ ਸੀ ਕਿ ਉਹ ਪੰਜਾਬ ਦੇ ਪਾਣੀ ਦੀ ਇਕ ਬੂੰਦ ਵੀ ਬਾਹਰ ਨਹੀਂ ਜਾਣ ਦੇਣਗੇ ਅਤੇ ਐਸ.ਵਾਈ.ਐਲ. ਨਹਿਰ ਦੀ ਉਸਾਰੀ ਨਹੀਂ ਹੋਣ ਦੇਣਗੇ।



ਸ੍ਰੀ ਕੰਗ ਨੇ ਕਿਹਾ ਕਿ 20 ਫਰਵਰੀ 1978 ਨੂੰ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜ਼ਮੀਨ ਐਕੁਆਇਰ ਬਿੱਲ ਦੀ ਧਾਰਾ 4 ਤਹਿਤ ਐਸ.ਵਾਈ.ਐਲ. ਲਈ ਜ਼ਮੀਨ ਐਕੁਆਇਰ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਉਸ ਸਮੇਂ ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਉਨ੍ਹਾਂ ਨਾਲ ਦੋਸਤੀ ਦੇ ਗੁਣਗਾਨ ਕੀਤੇ ਸਨ। ਇਹ ਨੋਟੀਫਿਕੇਸ਼ਨ ਪੰਜਾਬ ਸਰਕਾਰ ਦੇ ਰਿਕਾਰਡ ਵਿਚ ਹੈ ਅਤੇ ਦੇਵੀ ਲਾਲ ਦਾ ਭਾਸ਼ਣ ਹਰਿਆਣਾ ਵਿਧਾਨ ਸਭਾ ਦੀ ਕਾਰਵਾਈ ਦੇ ਰਿਕਾਰਡ ਵਿਚ ਹੈ। ਸ੍ਰੀ ਕੰਗ ਨੇ ਕਿਹਾ ਕਿ ਐਸ.ਵਾਈ.ਐਲ. ਲਈ ਜ਼ਮੀਨ ਐਕੁਆਇਰ ਕਰਨ ਦਾ ਸੂਬੇ ਦੇ ਲੋਕਾਂ ਨੇ ਵੱਡੇ ਪੱਧਰ 'ਤੇ ਵਿਰੋਧ ਕੀਤਾ। ਇਸੇ ਤਰ੍ਹਾਂ ਖੇਤੀ ਕਾਨੂੰਨਾਂ ਵੇਲੇ ਕੇਂਦਰੀ ਮੰਤਰੀ ਹੁੰਦਿਆਂ ਹਰਸਿਮਰਤ ਕੌਰ ਬਾਦਲ ਨੇ ਇਨ੍ਹਾਂ ਕਿਸਾਨ ਵਿਰੋਧੀ ਬਿੱਲਾਂ 'ਤੇ ਦਸਤਖ਼ਤ ਕੀਤੇ ਸਨ ਪਰ ਵਿਰੋਧ ਜ਼ਿਆਦਾ ਹੋਣ ਕਾਰਨ ਪਿੱਛੇ ਹਟ ਗਏ ਸਨ।

ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਲੋਕਾਂ ਨੂੰ ਜਵਾਬ ਦੇਣ ਕਿ ਸਰਕਾਰ ਨੇ ਸੁਪਰੀਮ ਕੋਰਟ ਵਿਚ ਐਸ.ਵਾਈ.ਐਲ. ਦੇ ਮਸਲੇ 'ਤੇ ਗੋਡੇ ਕਿਉਂ ਤੇ ਕਿਹੜੇ ਹਿੱਤਾਂ ਦੀ ਪੂਰਤੀ ਲਈ ਟੇਕੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜਦੋਂ ਕੋਈ ਮਸਲਾ ਉੱਠਦਾ ਹੈ ਤਾਂ ਮੁੱਖ ਮੰਤਰੀ ਭਗਵੰਤ ਮਾਨ ਲੋਕਾਂ ਦਾ ਧਿਆਨ ਵੰਡਾਉਣ ਲਈ ਉਦੋਂ ਕੋਈ ਨਾ ਕੋਈ ਸ਼ਗੂਫ਼ਾ ਛੱਡ ਦਿੰਦੇ ਹਨ।

ਉਨ੍ਹਾਂ ਕਿਹਾ, "ਪੰਜਾਬ ਦੇ ਲੋਕਾਂ ਨੇ ਦੋ-ਤਿਹਾਈ ਬਹੁਮਤ ਨਾਲ ਸਰਕਾਰ ਬਣਾਈ ਹੈ ਤੇ ਤੁਹਾਨੂੰ ਲੋਕਾਂ ਨੂੰ ਜਵਾਬ ਤਾਂ ਦੇਣੇ ਪੈਣਗੇ, ਭੱਜਿਆਂ ਨਹੀਂ ਸਰਨਾ।" ਜਾਖੜ ਨੇ ਕਿਹਾ ਕਿ ਜੇਕਰ ਅਸਲ ਵਿਚ ਹੀ ਪੰਜਾਬ ਦੇ ਪਾਣੀਆਂ ਤੇ ਲੋਕ ਮੁੱਦਿਆਂ ਦੀ ਗੱਲ ਕਰਨੀ ਹੈ ਤਾਂ ਆਓ ਅਬੋਹਰ ਦੀਆਂ ਟੇਲਾਂ 'ਤੇ ਜਾ ਕੇ ਗੱਲ ਕਰੀਏ ਜਿੱਥੇ ਪਾਣੀ ਦੀ ਮਾਰ ਸਭ ਤੋਂ ਵੱਧ ਪੈਂਦੀ ਹੈ ਤੇ ਅੱਗੇ ਵੀ ਪੈਣੀ ਹੈ ਜਾਂ ਫਿਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਚਰਚਾ ਰੱਖੋ ਜਿੱਥੇ ਇਸ ਦੇ ਸਾਰਥਕ ਹੱਲ ਨਿਕਲ ਸਕਣ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਸਰਕਾਰ ਨੂੰ ਸਤਲੁਜ ਯਮੁਨਾ ਲਿੰਕ ਨਹਿਰ ਦਾ ਪ੍ਰਸਤਾਵ ਤੁਰਤ ਵਾਪਸ ਲੈਣ ਦੀ ਮੰਗ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ 'ਆਪ' ਸਰਕਾਰ ਇਸ ਮਾਮਲੇ 'ਤੇ ਲੋਕਾਂ ਦੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਨਹਿਰ ਦੇ ਨਿਰਮਾਣ ਦਾ ਸਰਵੇਖਣ ਕਰਨ ਲਈ ਇਕ ਆਨਲਾਈਨ ਪੋਰਟਲ ਜਾਰੀ ਕੀਤਾ ਹੈ। ਇਸ ਸਾਜ਼ਿਸ਼ ਨੂੰ ਛੁਪਾਉਣ ਅਤੇ ਪੰਜਾਬੀਆਂ ਨੂੰ ਮੂਰਖ ਬਣਾਉਣ ਲਈ ਐਸ.ਵਾਈ.ਐਲ. ਦੇ ਸਰਵੇਖਣ ਦਾ ਆਰਡਰ ਲਿਸਟ ਵਿਚ ਜਾਣ ਬੁੱਝ ਕੇ ਸੀਰੀਅਲ ਨੰਬਰ 32 ਰੱਖਿਆ ਗਿਆ ਹੈ।

## ਕੇਜਰੀਵਾਲ ਦੇ ਇਸ਼ਾਰੇ 'ਤੇ ਹੋ ਰਿਹੈ ਨੁਕਸਾਨ: ਸੁਖਬੀਰ



**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਿੱਲੀ ਦੇ ਆਪਣੇ ਹਮਰੁਤਬਾ ਅਰਵਿੰਦ ਕੇਜਰੀਵਾਲ ਦੇ ਕਥਿਤ ਇਸ਼ਾਰੇ 'ਤੇ ਪੰਜਾਬ ਦਾ ਨੁਕਸਾਨ ਕਰ ਰਹੇ ਹਨ; ਅਕਾਲੀ ਦਲ ਨੇ ਹਮੇਸ਼ਾ ਪੰਜਾਬ ਦੇ ਹੱਕਾਂ ਦੀ ਲੜਾਈ ਲੜੀ ਹੈ ਅਤੇ ਭਵਿੱਖ ਵਿਚ ਵੀ ਲੜਦਾ ਰਹੇਗਾ। ਅਕਾਲੀ ਦਲ ਐਸ.ਵਾਈ.ਐਲ. ਦੇ ਮੁੱਦੇ 'ਤੇ ਮੁੱਖ ਮੰਤਰੀ ਨਾਲ ਕਿਸੇ ਵੀ ਤਰ੍ਹਾਂ ਦੀ ਬਹਿਸ ਦੇ ਹੱਕ ਵਿਚ ਨਹੀਂ ਬਲਕਿ ਅਕਾਲੀ ਦਲ ਪੰਜਾਬ ਦੇ ਸਾਰੇ ਮੁੱਦਿਆਂ ਦੇ ਹੱਲ ਲਈ ਵਚਨਬੱਧ ਹੈ। ਭਗਵੰਤ ਮਾਨ ਵੱਲੋਂ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ 'ਤੇ ਹੀ ਐਸ.ਵਾਈ.ਐਲ. ਦੇ ਮੁੱਦੇ 'ਤੇ ਡਰਾਮੇਬਾਜ਼ੀ ਕੀਤੀ ਜਾ ਰਹੀ ਹੈ।

## ਕੈਨੇਡਾ ਵਿਚ ਪੰਜਾਬੀ ਵਿਦਿਆਰਥਣ ਦੀ ਮੌਤ

**ਮਹਿਲ ਕਲਾਂ:** ਨੇੜਲੇ ਪਿੰਡ ਕੁਰੜ ਵਾਸੀ ਦਿਲਪ੍ਰੀਤ ਕੌਰ (23) ਦੀ ਕੈਨੇਡਾ ਵਿਚ ਮੌਤ ਹੋ ਗਈ। ਉਹ ਦੋ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਗਈ ਸੀ। ਉਹ ਕੈਨੇਡਾ ਦੇ ਬਰੈਂਪਟਨ 'ਚ ਰਹਿ ਰਹੀ ਸੀ। ਮ੍ਰਿਤਕਾ ਦੀ ਮਾਤਾ ਅਮਰਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਆਪਣੀ ਧੀ ਦਾ ਬਾਰ੍ਹਵੀਂ ਪਾਸ ਕਰਨ ਮਗਰੋਂ ਬਲਵੀਰ ਸਿੰਘ ਵਾਸੀ ਚਾਉਕੇ ਨਾਲ ਵਿਆਹ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਲੜਕੀ 17 ਸਤੰਬਰ 2021 ਨੂੰ ਸਟੱਡੀ ਵੀਜ਼ੇ 'ਤੇ ਕੈਨੇਡਾ ਗਈ ਸੀ। ਉਸ ਤੋਂ ਕੁੱਝ ਸਮਾਂ ਬਾਅਦ ਉਸ ਦਾ ਪਤੀ ਵੀ ਕੈਨੇਡਾ ਚਲਾ ਗਿਆ। ਉਨ੍ਹਾਂ ਦੱਸਿਆ ਕਿ ਅਚਾਨਕ ਤਬੀਅਤ ਵਿਗੜ ਜਾਣ ਕਾਰਨ ਉਨ੍ਹਾਂ ਦਾ ਜਵਾਈ ਉਸ (ਧੀ) ਨੂੰ ਹਸਪਤਾਲ ਲੈ ਗਿਆ ਜਿਥੇ ਉਸ ਦੀ ਮੌਤ ਹੋ ਗਈ। ਮੌਤ ਦਾ ਕਾਰਨ ਦਿਲ ਦਾ ਦੌਰਾ ਪੈਣਾ ਦੱਸਿਆ ਗਿਆ ਹੈ।

# ਪੰਜਾਬ ਦੇ ਕਿਸਾਨਾਂ ਵੱਲੋਂ ਝੋਨਾ ਵੇਚਣ ਲਈ ਹਰਿਆਣਾ ਵੱਲ ਰੁਖ਼

**ਚੰਡੀਗੜ੍ਹ:** ਪੰਜਾਬ ਵਿਚ ਸ਼ੈੱਲਰ ਮਾਲਕਾਂ ਦੀ ਹੜਤਾਲ ਕਾਰਨ ਸੂਬੇ ਦਾ ਝੋਨਾ ਹੁਣ ਹਰਿਆਣਾ ਦੀਆਂ ਮੰਡੀਆਂ ਵਿਚ ਵਿਕ ਰਿਹਾ ਹੈ। ਇਹ ਹੜਤਾਲ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਹੈ ਜਿਸ ਕਾਰਨ ਕਿਸਾਨਾਂ ਨੇ ਪੰਜਾਬ ਦੀਆਂ ਮੰਡੀਆਂ ਵਿਚ ਖੁਆਰ ਹੋਣ ਦੀ ਥਾਂ ਹਰਿਆਣਾ ਵੱਲ ਰੁਖ ਕਰ ਲਿਆ ਹੈ।

ਦੂਜੇ ਪਾਸੇ ਹਰਿਆਣਾ ਵਿਚ ਝੋਨੇ ਦੀ ਨਮੀ ਦਾ ਵੀ ਕੋਈ ਰੇੜਕਾ ਨਹੀਂ ਹੈ ਅਤੇ ਉਥੇ ਕਿਸਾਨਾਂ ਦਾ 'ਨਰਮ' ਵੀ ਝੋਨਾ ਫਟਾਫਟ ਵਿਕ ਰਿਹਾ ਹੈ। ਜਾਣਕਾਰੀ ਅਨੁਸਾਰ ਪੰਜਾਬ ਵਿਚ ਕੇਂਦਰ ਸਰਕਾਰ ਦੇ ਝੋਨੇ ਦੀ ਖਰੀਦ ਸਬੰਧੀ ਦੋਗਲੇ ਮਾਪਦੰਡਾਂ ਕਾਰਨ ਸ਼ੈੱਲਰ ਮਾਲਕ ਹੜਤਾਲ 'ਤੇ ਹਨ ਜਿਸ ਕਾਰਨ ਪੰਜਾਬ ਦੀਆਂ ਮੰਡੀਆਂ ਵਿਚ ਝੋਨੇ ਦੀ ਖਰੀਦ ਦੀ ਸਮੱਸਿਆ ਆ ਰਹੀ ਹੈ। ਹਾਲਾਂਕਿ ਪੰਜਾਬ ਸਰਕਾਰ ਇਸ ਮਾਮਲੇ 'ਚ ਅਜੇ ਗੰਭੀਰ ਨਹੀਂ ਹੋਈ ਹੈ ਪਰ ਪੰਜਾਬ ਦਾ ਝੋਨਾ ਹਰਿਆਣਾ ਵਿਚ ਜਾਣ ਕਾਰਨ ਸਰਕਾਰ ਨੂੰ ਮਾਰਕੀਟ ਫੀਸ ਅਤੇ ਆਰ.ਡੀ.ਐਫ. ਵਜੋਂ ਰੋਜ਼ਾਨਾ ਲੱਖਾਂ ਰੁਪਏ ਦਾ ਰਗੜਾ ਲੱਗ ਰਿਹਾ।



ਮਾਨਸਾ ਜ਼ਿਲ੍ਹੇ ਦੀ ਹੱਦ ਨਾਲ ਲੱਗਦੇ ਹਰਿਆਣਾ ਦੇ ਖਰੀਦ ਕੇਂਦਰ ਬ੍ਰਹਮਣਵਾਲਾ, ਲੱਧੂਵਾਸ, ਬੱਬਣਪੁਰ ਤੇ ਮਹਿੰਦਕੇ ਵਿਚ ਪੰਜਾਬ ਦਾ ਝੋਨਾ ਧੜਾਧੜ ਵਿਕ ਰਿਹਾ ਹੈ। 'ਆਪ' ਦੇ ਸੂਬਾਈ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਅਤੇ ਸਰਦੂਲਗੜ੍ਹ ਦੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਹਰਿਆਣਾ ਵਿਚ ਝੋਨਾ ਜਾਣ ਨੂੰ ਗੰਭੀਰਤਾ ਨਾਲ ਲੈਂਦਿਆਂ ਅਨਾਜ ਮੰਡੀਆਂ ਦਾ ਦੌਰਾ ਕਰ ਕੇ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਛੇਤੀ ਹੀ ਅਧਿਕਾਰੀ ਅਤੇ ਮੰਡੀ ਬੋਰਡ ਦੇ ਅਫ਼ਸਰਾਂ ਨਾਲ ਬੈਠ ਕੇ ਇਸ ਸਮੱਸਿਆ ਦਾ ਢੁਕਵਾਂ ਹੱਲ ਕੱਢਣਗੇ।

## ਬਾਸਮਤੀ ਦਾ ਭਾਅ ਡਿੱਗਿਆ ਤਾਂ ਦਖਲ ਦੇਵਾਂਗੇ: ਕਟਾਰੂਚੱਕ

**ਮੋਗਾ:** ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਮੁੱਖ ਅਨਾਜ ਮੰਡੀ ਅਤੇ ਧਰਮਕੋਟ ਮੰਡੀ ਵਿਚ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਅਜੇ ਤੱਕ ਬਾਸਮਤੀ ਦਾ ਵਾਜਬ ਭਾਅ ਕਿਸਾਨਾਂ ਨੂੰ ਮਿਲ ਰਿਹਾ ਹੈ ਜੇ ਬਾਸਮਤੀ ਦਾ ਭਾਅ ਡਿੱਗਿਆ ਤਾਂ ਸਰਕਾਰ ਦਖ਼ਲ ਦੇਵੇਗੀ। ਉਨ੍ਹਾਂ ਕਿਹਾ ਕਿ ਹੁਣ ਤੱਕ 15.51 ਲੱਖ ਮੀਟ੍ਰਿਕ ਟਨ ਝੋਨਾ ਦੀ ਆਮਦ ਵਿਚੋਂ 14.50 ਲੱਖ ਮੀਟ੍ਰਿਕ ਟਨ ਝੋਨਾ ਖਰੀਦਿਆ ਜਾ ਚੁੱਕਿਆ ਹੈ ਜੋ ਕੁੱਲ ਆਮਦ ਦਾ 95 ਫ਼ੀਸਦੀ ਹੈ।

# ਮੈਨੂੰ ਖੁਫੀਆ ਏਜੰਸੀਆਂ ਤੋਂ ਖਤਰਾ: ਸਿਮਰਨਜੀਤ ਸਿੰਘ ਮਾਨ

**ਹੁਸ਼ਿਆਰਪੁਰ:** ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਦੇਸ਼ ਦੀਆਂ ਖੁਫ਼ੀਆ ਏਜੰਸੀਆਂ ਤੋਂ ਖਤਰਾ ਹੈ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਉਹ ਨਾ ਕਿਸੇ ਤੋਂ ਡਰਦੇ ਹਨ ਅਤੇ ਨਾ ਹੀ ਆਪਣੇ ਸਿਧਾਂਤਾਂ ਨੂੰ ਲੈ ਕੇ ਕਿਸੇ ਕਿਸਮ ਦਾ ਸਮਝੌਤਾ ਕਰਨਗੇ।

ਆਗਾਮੀ ਲੋਕ ਸਭਾ ਚੋਣਾਂ ਸਬੰਧੀ ਪਾਰਟੀ ਵਰਕਰਾਂ ਨਾਲ ਇੱਥੇ ਮੀਟਿੰਗ ਕਰਨ ਆਏ ਸ੍ਰੀ ਮਾਨ ਨੇ ਕਿਹਾ ਕਿ ਖੁਫ਼ੀਆ ਏਜੰਸੀਆਂ ਵਿਦੇਸ਼ਾਂ 'ਚ ਬੈਠੇ ਸਿੱਖਾਂ ਨੂੰ ਜਿਸ ਤਰ੍ਹਾਂ ਵਾਰੋ-ਵਾਰੀ ਕਤਲ ਕਰਵਾ ਰਹੀਆਂ ਹਨ, ਹੋ ਸਕਦਾ ਹੈ ਕਿ ਉਨ੍ਹਾਂ ਨੂੰ ਵੀ ਖਤਮ ਕਰਵਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਭਾਜਪਾ ਨਿਰੰਤਰ ਦੇਸ਼ ਨੂੰ ਤਬਾਹੀ ਵੱਲ ਲਿਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਦਰਿਆਵਾਂ ਦੇ ਪਾਣੀ 'ਤੇ ਰਾਜਸਥਾਨ ਤੇ ਹਰਿਆਣਾ ਨਾਲੋਂ ਜ਼ਿਆਦਾ ਹੱਕ ਪਾਕਿਸਤਾਨ ਵਿਚਲੇ ਪੰਜਾਬ ਦਾ ਹੈ ਕਿਉਂਕਿ ਉਹ ਹੀ ਸੂਬੇ ਰਿਪੇਰੀਅਨ ਅਖਵਾਉਂਦੇ ਹਨ ਜਿੱਥੋਂ ਦਰਿਆ ਨਿਕਲਦੇ ਹਨ।

# ਆਮ ਆਦਮੀ ਕਲੀਨਿਕਾਂ 'ਚ ਫ਼ਰਜ਼ੀ ਮਰੀਜ਼ ਦਿਖਾਉਣ ਦੀ ਚਰਚਾ ਛਿੜੀ

**ਚੰਡੀਗੜ੍ਹ:** ਪੰਜਾਬ ਵਿਚਲੇ ਆਮ ਆਦਮੀ ਕਲੀਨਿਕਾਂ ਵਿਚ ਫ਼ਰਜ਼ੀ ਮਰੀਜ਼ਾਂ ਦੇ ਘਪਲੇ ਦਾ ਧੂੰਆਂ ਉੱਠਣ ਲੱਗਾ ਹੈ ਜਿਸ ਨੂੰ ਲੈ ਕੇ ਪੰਜਾਬ ਸਰਕਾਰ ਚੌਕਸ ਹੋ ਗਈ ਹੈ। ਸਿਹਤ ਮਹਿਕਮੇ ਵੱਲੋਂ ਫ਼ਰਜ਼ੀ ਮਰੀਜ਼ਾਂ ਦੀ ਗੁੰਜਾਇਸ਼ ਨੂੰ ਰੋਕਣ ਵਾਸਤੇ ਸਿੱਧਾ ਮਰੀਜ਼ਾਂ ਨਾਲ ਸੰਪਰਕ ਸਾਧਣਾ ਸ਼ੁਰੂ ਕੀਤਾ ਗਿਆ ਹੈ।

ਜ਼ਿਲ੍ਹਾ ਪਟਿਆਲਾ ਵਿਚ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਅਤੇ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਪੰਜ ਆਮ ਆਦਮੀ ਕਲੀਨਿਕਾਂ ਦੇ ਵਿਸ਼ੇਸ਼ ਆਡਿਟ ਦੇ ਹੁਕਮ ਜਾਰੀ ਕੀਤੇ ਹਨ ਜਿਨ੍ਹਾਂ ਵਿਚ ਮਰੀਜ਼ਾਂ ਦੀ ਗਿਣਤੀ ਦਾ ਅੰਕੜਾ 100 ਨੂੰ ਪਾਰ ਕਰ ਰਿਹਾ ਹੈ। ਇਸੇ ਤਰ੍ਹਾਂ ਜ਼ਿਲ੍ਹਾ ਲੁਧਿਆਣਾ ਵਿਚ 75 ਆਮ ਆਦਮੀ ਕਲੀਨਿਕ ਹਨ ਜਿਨ੍ਹਾਂ ਵਿਚੋਂ ਬਹੁਤੇ ਕਲੀਨਿਕਾਂ ਵਿਚ ਪ੍ਰਤੀ




ਕਲੀਨਿਕ ਮਰੀਜ਼ਾਂ ਦੀ ਗਿਣਤੀ 200 ਨੂੰ ਪਾਰ ਕਰ ਰਹੀ ਹੈ। ਹਾਲਾਂਕਿ ਕਲੀਨਿਕਾਂ ਵਿਚ ਡਾਕਟਰਾਂ ਦਾ ਡਿਊਟੀ ਸਮਾਂ ਛੇ ਘੰਟੇ ਹੈ ਅਤੇ ਜੇ ਪ੍ਰਤੀ ਮਰੀਜ਼ ਡਾਕਟਰ ਪੰਜ ਮਿੰਟ ਵੀ ਦਿੰਦਾ ਹੈ ਤਾਂ ਛੇ ਘੰਟਿਆਂ ਵਿਚ 72 ਮਰੀਜ਼ਾਂ ਨੂੰ ਹੀ ਚੈੱਕ ਕੀਤਾ ਜਾ ਸਕਦਾ ਹੈ। ਪੰਜਾਬ ਵਿਚ ਇਸ ਵੇਲੇ 664 ਆਮ ਆਦਮੀ ਕਲੀਨਿਕ ਹਨ ਜਿਨ੍ਹਾਂ ਵਿਚ ਕਰੀਬ 59 ਲੱਖ ਮਰੀਜ਼ਾਂ ਦੀ ਜਾਂਚ ਹੋਈ ਹੈ। ਸਿਹਤ ਮਹਿਕਮੇ ਦੇ ਸੀਨੀਅਰ ਅਧਿਕਾਰੀ ਦੱਸਦੇ ਹਨ ਕਿ ਪੰਜਾਬ ਦੀ ਔਸਤ ਦੇਖੀਏ ਤਾਂ ਪ੍ਰਤੀ ਕਲੀਨਿਕ 80 ਮਰੀਜ਼ਾਂ ਦੀ ਰੋਜ਼ਾਨਾ ਦੀ ਔਸਤ ਆ ਰਹੀ ਹੈ।

ਸਿਹਤ ਮੰਤਰੀ ਡਾ. ਬਲਵੀਰ ਸਿੰਘ ਦਾ ਕਹਿਣਾ ਸੀ ਕਿ ਜਿੱਥੇ ਕਿਤੇ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ, ਉੱਥੇ ਆਮ ਆਦਮੀ ਕਲੀਨਿਕਾਂ ਵਿਚ ਸ਼ਾਮ ਦੀ ਸ਼ਿਫ਼ਟ ਸ਼ੁਰੂ ਕਰਨ ਦੀ ਯੋਜਨਾ ਹੈ। ਕਲੀਨਿਕਾਂ ਵਿਚ ਮਰੀਜ਼ਾਂ ਦੀ ਰਜਿਸਟਰੇਸ਼ਨ ਆਨਲਾਈਨ ਹੁੰਦੀ ਹੈ ਅਤੇ ਹਰ ਮਰੀਜ਼ ਦਾ ਫ਼ੋਨ ਨੰਬਰ ਮਹਿਕਮੇ ਕੋਲ ਹੁੰਦਾ ਹੈ ਜਿਨ੍ਹਾਂ ਦੇ ਆਧਾਰ 'ਤੇ ਚੈਕਿੰਗ ਵੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਗ਼ਲਤ ਹੋਣ ਦੀ ਸੂਰਤ ਵਿਚ ਕਾਰਵਾਈ ਵੀ ਕੀਤੀ ਜਾਂਦੀ ਹੈ।

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਵਿਚ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਸੂਬੇ ਵਿਚ ਸਿਹਤ ਮਾਡਲ ਸ਼ੁਰੂ ਕਰਨ ਦੀ ਆਲੋਚਨਾ ਕੀਤੀ ਹੈ। ਸਿਹਤ ਵਿਭਾਗ ਦੇ ਕੁੱਝ ਉੱਚ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਕਿਸੇ ਵੱਡੇ ਘੁਟਾਲੇ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮੁਹੱਲਾ ਅਤੇ ਆਮ ਆਦਮੀ ਕਲੀਨਿਕਾਂ ਵਿਚ ਕਥਿਤ ਘੁਟਾਲੇ ਦੀ ਪੂਰੀ ਜਾਂਚ ਜਾਂ ਵਿਸ਼ੇਸ਼ ਆਡਿਟ ਕੀਤਾ ਜਾਣਾ ਚਾਹੀਦਾ ਹੈ।

# ਬੀਚਾਂ ਤੇ ਰਿਜੌਰਟਾਂ ਵਿਚ ਆਨੰਦ ਕਾਰਜ ਉਤੇ ਰੋਕ ਲਾਈ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਡੈਸਟੀਨੇਸ਼ਨ ਵੈਡਿੰਗ ਦੇ ਨਾਂ ਉਤੇ ਬੀਚ ਅਤੇ ਰਿਜੌਰਟ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਆਨੰਦ ਕਾਰਜ 'ਤੇ ਰੋਕ ਲਾ ਦਿੱਤੀ ਹੈ। ਇਸੇ ਤਰ੍ਹਾਂ ਬਠਿੰਡਾ ਦੇ ਗੁਰਦੁਆਰੇ ਵਿਚ ਦੋ ਕੁੜੀਆਂ ਦੇ ਸਮਲਿੰਗੀ ਵਿਆਹ ਦੇ ਮਾਮਲੇ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਯੋਗ ਕਰਾਰ ਦਿੰਦਿਆਂ ਉਥੋਂ ਦੇ ਮੁੱਖ ਗ੍ਰੰਥੀ, ਗ੍ਰੰਥੀ ਤੇ ਰਾਗੀ ਜਥੇ ਨੂੰ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਪੰਜ ਸਾਲਾਂ ਲਈ ਬਲੈਕ ਲਿਸਟ ਕਰ ਦਿੱਤਾ ਗਿਆ ਹੈ।

ਸ੍ਰੀ ਅਕਾਲ ਤਖਤ ਸਕੱਤਰੇਤ ਵਿਚ ਹੋਈ ਇਕੱਤਰਤਾ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਹਾਜ਼ਰ ਸਨ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਬੀਚ ਅਤੇ ਰਿਜੌਰਟ ਵਿਚ ਆਨੰਦ ਕਾਰਜ ਮੌਕੇ ਮਰਿਆਦਾ ਦੀ ਉਲੰਘਣਾ ਸਬੰਧੀ ਸ਼ਿਕਾਇਤਾਂ ਪੁੱਜੀਆਂ ਹਨ ਜਿਸ ਦੇ ਆਧਾਰ 'ਤੇ ਮਾਮਲਾ ਵਿਚਾਰਨ ਮਗਰੋਂ ਬੀਚ ਅਤੇ ਰਿਜੋਰਟ ਵਿਚ ਡੈਸਟੀਨੇਸ਼ਨ ਵੈਡਿੰਗ ਦੇ ਨਾਂ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਲਿਜਾ ਕੇ ਆਨੰਦ ਕਾਰਜ ਕਰਨ 'ਤੇ ਰੋਕ ਲਾ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਕਈ ਫਿਲਮੀ ਸਿਤਾਰਿਆਂ ਵੱਲੋਂ ਗੈਰ-ਸਿੱਖ ਹੋਣ ਦੇ ਬਾਵਜੂਦ ਸਿੱਖ ਧਰਮ ਵਿਚ ਵਿਸ਼ਵਾਸ ਦਰਸਾਉਂਦਿਆਂ ਹਾਲ ਹੀ ਵਿਚ ਡੈਸਟੀਨੇਸ਼ਨ ਵੈਡਿੰਗ ਦੇ ਨਾਂ ਹੇਠ ਆਨੰਦ ਕਾਰਜ ਕੀਤੇ ਗਏ ਹਨ ਪਰ ਹੁਣ ਇਸ ਹੁਕਮਨਾਮੇ ਮਗਰੋਂ ਅਜਿਹਾ ਨਹੀਂ ਹੋ ਸਕੇਗਾ। ਇਸ ਤੋਂ ਇਲਾਵਾ ਗੁਰਦੁਆਰਾ ਸ੍ਰੀ ਸਿੰਘ ਸਭਾ ਇੰਦੌਰ ਦੀ ਚੋਣ ਪ੍ਰਕਿਰਿਆ ਵਿਚ ਵਿਘਨ ਪਾਉਣ ਦੇ ਦੋਸ਼ ਹੇਠ ਪ੍ਰਬੰਧਕ ਕਮੇਟੀ ਦੇ ਨਾਮਜ਼ਦ ਮੈਂਬਰ ਜਗਜੀਤ ਸਿੰਘ ਦੀ ਮੈਂਬਰਸ਼ਿਪ ਖਾਰਜ ਕਰਨ ਦੇ ਆਦੇਸ਼ ਦਿੰਦਿਆਂ ਕਿਹਾ ਕਿ ਜਦੋਂ ਤੱਕ ਉਹ ਚੋਣ ਸਬੰਧੀ ਕੀਤੇ ਗਏ ਕੇਸ ਨੂੰ ਵਾਪਸ ਨਹੀਂ ਲੈਂਦਾ ਤੇ ਸ੍ਰੀ ਅਕਾਲ ਤਖਤ ਵਿਖੇ ਪੇਸ਼ ਹੋ ਕੇ ਭੁੱਲ ਨਹੀਂ ਬਖ਼ਸ਼ਾਉਂਦਾ, ਸੰਗਤ ਉਸ ਦਾ ਬਾਈਕਾਟ ਕਰੇ। ਇਸੇ ਤਰ੍ਹਾਂ ਹੁਸ਼ਿਆਰਪੁਰ ਦੇ ਦਸੂਹਾ ਵਿਖੇ ਮਿਆਨੀ ਰੋਡ ਸਥਿਤ ਗੁਰਦੁਆਰਾ ਸ੍ਰੀ ਸਿੰਘ ਸਭਾ ਦੇ ਪ੍ਰਧਾਨ ਪਰਮਜੀਤ ਸਿੰਘ, ਮੀਤ ਪ੍ਰਧਾਨ ਜੋਗਿੰਦਰ ਸਿੰਘ ਅਤੇ ਸਕੱਤਰ ਕਮਲਪ੍ਰੀਤ ਸਿੰਘ ਨੂੰ ਪ੍ਰਬੰਧ ਚਲਾਉਣ ਵਿਚ ਅਯੋਗ ਕਰਾਰ ਦਿੰਦਿਆਂ ਸੰਗਤ ਨੂੰ ਇਨ੍ਹਾਂ ਨਾਲ ਕੋਈ ਸਬੰਧ ਨਾ ਰੱਖਣ ਲਈ ਕਿਹਾ।

## ਖਹਿਰਾ ਨੂੰ ਨਿਆਇਕ ਹਿਰਾਸਤ 'ਚ ਭੇਜਿਆ

**ਜਲਾਲਾਬਾਦ:** ਥਾਣਾ ਸਦਰ ਵਿਚ ਸਾਲ 2015 ਵਿਚ ਦਰਜ ਹੋਏ ਨਸ਼ਾ ਤਸਕਰੀ ਨਾਲ ਸਬੰਧਤ ਕੇਸ ਵਿਚ ਜਲੰਧਰ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਸਵਪਨ ਸ਼ਰਮਾ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਵੱਲੋਂ ਨਾਮਜ਼ਦ ਕੀਤੇ ਗਏ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ 6 ਦਿਨ ਦਾ ਪੁਲਿਸ ਰਿਮਾਂਡ ਖਤਮ ਹੋਣ ਮਗਰੋਂ ਮੁੜ ਸਥਾਨਕ ਜੱਜ ਰਾਮਪਾਲ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿੱਥੋਂ ਅਦਾਲਤ ਨੇ ਸੁਖਪਾਲ ਖਹਿਰਾ ਨੂੰ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ।

ਸਰਕਾਰੀ ਵਕੀਲ ਬਲਜੀਤ ਸਿੰਘ ਨੇ ਅਦਾਲਤ ਵਿਚ ਸਰਕਾਰ ਦਾ ਪੱਖ ਰੱਖਿਆ ਤੇ ਦੱਸਿਆ ਕਿ ਮੁਕੱਦਮੇ ਵਿਚ ਨਾਮਜ਼ਦ ਦੋਸ਼ੀ ਗੁਰਦੇਵ ਸਿੰਘ ਦੇਬੀ ਵੱਲੋਂ ਲਏ ਕਰਜ਼ ਅਤੇ ਖਹਿਰਾ ਦੇ ਪਾਸਪੋਰਟ ਸਬੰਧੀ ਪੁਲਿਸ ਜਾਂਚ ਕਰਨਾ ਚਾਹੁੰਦੀ ਹੈ। ਇਸ ਲਈ ਉਨ੍ਹਾਂ ਖਹਿਰਾ ਦਾ ਪੁਲਿਸ ਰਿਮਾਂਡ ਵਧਾਉਣ ਲਈ ਅਦਾਲਤ ਨੂੰ ਅਪੀਲ ਕੀਤੀ। ਬਚਾਅ ਪੱਖ ਵੱਲੋਂ ਸੀਨੀਅਰ ਵਕੀਲ ਨਿਤਿਨ ਮਿੱਢਾ ਅਤੇ ਫਾਜ਼ਿਲਕਾ ਤੋਂ ਸੀਨੀਅਰ ਵਕੀਲ ਸੰਜੀਵ ਕੰਬੋਜ ਨੇ ਸਰਕਾਰ ਦੀਆਂ ਦਲੀਲਾਂ ਦਾ ਵਿਰੋਧ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਪੁਲਿਸ ਦੋ ਵਾਰੀਆਂ ਵਿਚ ਹਾਸਲ ਕੀਤੇ 8 ਦਿਨ ਦੇ ਰਿਮਾਂਡ ਦੌਰਾਨ ਖਹਿਰਾ ਤੋਂ ਕੁਝ ਵੀ ਬਰਾਮਦਗੀ ਨਹੀਂ ਕਰ ਸਕੀ। ਇਸ ਕਾਰਨ ਵਕੀਲ ਨਿਤਿਨ ਮਿੱਢਾ ਨੇ ਹੋਰ ਪੁਲਿਸ ਰਿਮਾਂਡ ਦਾ ਵਿਰੋਧ ਕੀਤਾ। ਬਚਾਅ ਪੱਖ ਦੀਆਂ ਦਲੀਲਾਂ ਤੋਂ ਸਹਿਮਤ ਹੋ ਕੇ ਅਦਾਲਤ ਨੇ ਖਹਿਰਾ ਨੂੰ 27 ਅਕਤੂਬਰ ਤੱਕ ਮੁੜ ਤੋਂ ਨਾਭਾ ਜੇਲ੍ਹ ਭੇਜਣ ਦੇ ਹੁਕਮ ਜਾਰੀ ਕੀਤੇ।

## ਨਿਊ ਯਾਰਕ 'ਚ ਸਿੱਖ ਨੌਜਵਾਨ 'ਤੇ ਨਸਲੀ ਹਮਲਾ, ਪੱਗ ਲਾਹੁਣ ਦੀ ਕੋਸ਼ਿਸ਼

**ਨਿਊ ਯਾਰਕ:** ਨਿਊ ਯਾਰਕ ਸਿਟੀ ਵਿਚ ਮੈਟਰੋਪੋਲੀਟਨ ਟਰਾਂਸਪੋਰਟੇਸ਼ਨ ਅਥਾਰਟੀ (ਐਮ.ਟੀ.ਏ.) ਦੀ ਬੱਸ ਵਿਚ ਸਵਾਰ ਵਿਅਕਤੀ ਨੇ ਨਸਲੀ ਹਮਲੇ ਵਿਚ 19 ਸਾਲਾ ਸਿੱਖ ਨੌਜਵਾਨ ਨੂੰ ਕਈ ਵਾਰ ਮੁੱਕੇ ਮਾਰੇ ਤੇ ਉਸ ਦੀ ਦਸਤਾਰ ਉਤਾਰਨ ਦੀ ਕੋਸ਼ਿਸ਼ ਕੀਤੀ।

ਏ.ਬੀ.ਸੀ. 7 ਨਿਊਜ਼ ਚੈਨਲ ਨੇ ਦੱਸਿਆ ਕਿ ਪੁਲਿਸ ਨੇ ਕਿਹਾ ਕਿ ਦੋਵੇਂ ਵਿਅਕਤੀ 118ਵੀਂ ਸਟਰੀਟ ਅਤੇ ਰਿਚਮੰਡ ਹਿੱਲ ਵਿਚ ਲਬਿਰਟੀ ਐਵੇਨਿਊ ਨੇੜੇ ਸਟਲ ਬੱਸ ਵਿਚ ਸਵਾਰ ਸਨ, ਜਦੋਂ ਸ਼ੱਕੀ ਵਿਅਕਤੀ ਪੀੜਤ ਦੇ ਕੋਲ ਪਹੁੰਚਿਆ। ਉਸ ਨੇ ਸਿੱਖ ਨੌਜਵਾਨ ਨੂੰ ਕਿਹਾ, 'ਅਸੀਂ ਇਸ ਦੇਸ ਵਿਚ ਇਹ ਨਹੀਂ ਪਹਿਨਦੇ।' ਸ਼ੱਕੀ ਨੇ ਪੱਗ ਵੱਲ ਇਸ਼ਾਰਾ ਕਰਦੇ ਹੋਏ ਪੀੜਤ ਨੂੰ ਦੱਸਿਆ, ਜਿਸ ਤੋਂ ਬਾਅਦ ਉਸ ਨੇ ਸਿੱਖ ਨੌਜਵਾਨ ਨੂੰ ਕਈ ਮੁੱਕੇ ਮਾਰੇ ਤੇ ਪੱਗ ਲਾਹੁਣ ਦੀ ਕੋਸ਼ਿਸ਼ ਕੀਤੀ। ਇਸ ਮਗਰੋਂ ਉਹ ਬੱਸ ਤੋਂ ਉਤਰ ਗਿਆ ਅਤੇ ਫਰਾਰ ਹੋ ਗਿਆ।

## ਸੁਪਰੀਮ ਕੋਰਟ ਦਾ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਇਨਕਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਾਨਤਾ ਨਾ ਦੇਣ ਦਾ ਫੈਸਲਾ ਕੀਤਾ ਹੈ। ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਸਮਲਿੰਗੀ ਵਿਆਹ ਨੂੰ 3-2 ਨਾਲ ਕਾਨੂੰਨੀ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਰਤ ਦੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਇਸ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਆਪਣਾ ਫੈਸਲਾ ਸੁਣਾਇਆ ਹੈ।

## ਪੰਜਾਬ ਵਿਚ ਮੀਂਹ ਤੇ ਝੱਖੜ ਨੇ ਕਿਸਾਨ ਝੰਜੋੜੇ

**ਚੰਡੀਗੜ੍ਹ:** ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵਿਚ ਮੀਂਹ ਕਾਰਨ ਜਿੱਥੇ ਠੰਢ ਵਧ ਗਈ, ਉਥੇ ਹੀ ਭਾਰੀ ਮੀਂਹ ਨੇ ਕਿਸਾਨਾਂ ਦੇ ਸਾਹ ਸੁੱਕਣੇ ਪਾ ਦਿੱਤੇ ਹਨ। ਝੱਖੜ ਤੇ ਉਸ ਤੋਂ ਬਾਅਦ ਪਏ ਮੀਂਹ ਕਰਕੇ ਖੇਤਾਂ ਵਿਚ ਤਿਆਰ ਖੜ੍ਹੀਆਂ ਫਸਲਾਂ ਝੰਬੀਆਂ ਗਈਆਂ ਹਨ। ਇਸ ਤੋਂ ਇਲਾਵਾ ਮੰਡੀਆਂ ਵਿਚ ਵਿਕਣ ਆਇਆ ਝੋਨਾ ਵੀ ਭਿੱਜ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਟਿਆਲਾ ਤੇ ਗੁਰਦਾਸਪੁਰ ਦੇ ਕੁਝ ਇਲਾਕਿਆਂ ਵਿਚ ਤੇਜ਼ ਮੀਂਹ ਦੇ ਨਾਲ ਗੜੇਮਾਰੀ ਹੋਣ ਕਰਕੇ ਫਸਲਾਂ ਦਾ ਜ਼ਿਆਦਾ ਨੁਕਸਾਨ ਹੋ ਗਿਆ ਹੈ ਜਦੋਂਕਿ ਸੂਬੇ ਦੇ ਬਾਕੀ ਸ਼ਹਿਰਾਂ ਵਿਚ ਮੀਂਹ ਪੈਣ ਕਰ ਕੇ ਝੋਨੇ ਦੀਆਂ ਤਿਆਰ ਖੜ੍ਹੀਆਂ ਫਸਲਾਂ ਦੀ ਕਟਾਈ ਪ੍ਰਭਾਵਿਤ ਹੋਵੇਗੀ। ਇਸੇ ਤਰ੍ਹਾਂ ਨਰਮਾ ਪੱਟੀ ਦੇ ਇਲਾਕੇ ਵਿਚ ਵੀ ਨਰਮੇ ਦੀ ਫਸਲ ਦਾ ਕਾਫੀ ਨੁਕਸਾਨ ਹੋ ਗਿਆ ਹੈ। ਖੇਤੀ ਵਿਭਾਗ ਪੰਜਾਬ ਵੱਲੋਂ ਸੂਬੇ ਵਿਚ ਮੀਂਹ ਕਰ ਕੇ ਫਸਲਾਂ ਦੇ ਹੋਏ ਖਰਾਬੇ ਦੀ ਰਿਪੋਰਟ ਮੰਗੀ ਗਈ ਹੈ। ਪੰਜਾਬ ਦੀਆਂ ਮੰਡੀਆਂ ਵਿਚ ਆਇਆ ਝੋਨਾ ਵੀ ਖੁੱਲ੍ਹੇ ਅਸਮਾਨ ਹੇਠ ਪਿਆ ਹੋਣ ਕਰਕੇ ਭਿੱਜ ਗਿਆ ਹੈ। ਇਸ ਮੀਂਹ ਨੇ ਸੂਬਾ ਸਰਕਾਰ ਵੱਲੋਂ ਮੰਡੀਆਂ ਵਿਚ ਖਰੀਦ ਪ੍ਰਬੰਧਾਂ ਸਬੰਧੀ ਕੀਤੀਆਂ ਤਿਆਰੀਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਮੌਸਮ ਵਿਗਿਆਨੀਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਪਟਿਆਲਾ ਵਿਚ 24 ਘੰਟਿਆਂ ਦੌਰਾਨ 10.6 ਐਮ.ਐਮ. ਮੀਂਹ ਪਿਆ ਹੈ। ਇਸੇ ਤਰ੍ਹਾਂ ਗੁਰਦਾਸਪੁਰ ਵਿਚ 15 ਐਮ.ਐਮ, ਚੰਡੀਗੜ੍ਹ ਵਿਚ 18.8, ਅੰਮ੍ਰਿਤਸਰ ਵਿਚ 5, ਲੁਧਿਆਣਾ 20.6, ਪਠਾਨਕੋਟ 17, ਬਠਿੰਡਾ 15.6, ਫਰੀਦਕੋਟ 9.2, ਨਵਾਂ ਸ਼ਹਿਰ 'ਚ 16.5, ਫਤਹਿਗੜ੍ਹ ਸਾਹਿਬ ਵਿਚ 11.5, ਫਿਰੋਜ਼ਪੁਰ ਵਿਚ 7, ਜਲੰਧਰ ਵਿਚ 8.5, ਮੁਹਾਲੀ ਵਿਚ 11.5 ਅਤੇ ਰੋਪੜ ਵਿਚ 17 ਐਮ.ਐਮ. ਮੀਂਹ ਪਿਆ।

## ਮਲੇਸ਼ੀਆ ਰਹਿੰਦੇ ਪੰਜਾਬੀ ਨੌਜਵਾਨ ਦੀ ਮੌਤ

**ਕਾਹਨੂੰਵਾਨ:** ਬੇਟ ਖੇਤਰ ਦੇ ਪਿੰਡ ਦਾਤਾਰਪੁਰ ਦੇ ਵਿਦੇਸ਼ ਗਏ ਨੌਜਵਾਨ ਦੀ ਮੌਤ ਹੋ ਗਈ ਹੈ। ਮ੍ਰਿਤਕ ਦੇ ਪਿਤਾ ਜਨਕ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਅਨਿਲ ਸਿੰਘ (37) ਕਰੀਬ 12 ਸਾਲ ਤੋਂ ਰੁਜ਼ਗਾਰ ਲਈ ਮਲੇਸ਼ੀਆ ਗਿਆ ਹੋਇਆ ਸੀ। ਹੁਣੇ ਹੀ ਉਹ ਛੁੱਟੀ ਕੱਟਣ ਤੋਂ ਬਾਅਦ ਤਕਰੀਬਨ 3 ਮਹੀਨੇ ਪਹਿਲਾਂ ਵਾਪਸ ਮਲੇਸ਼ੀਆ ਗਿਆ ਸੀ। ਹੁਣ ਉਸ ਦੀ ਭੈਣ ਦਾ ਵਿਆਹ ਰੱਖਿਆ ਹੋਇਆ ਹੈ। ਇਸ ਲਈ ਉਸ ਦਾ ਹਫਤੇ ਤੱਕ ਵਾਪਸ ਆਉਣ ਦਾ ਪ੍ਰੋਗਰਾਮ ਸੀ ਪਰ ਅਚਾਨਕ ਉਨ੍ਹਾਂ ਨੂੰ ਉਸ ਦੇ ਸਾਥੀਆਂ ਤੋਂ ਫੋਨ ਰਾਹੀਂ ਪਤਾ ਲੱਗਾ ਕਿ ਉਸ ਦੀ ਕਿਸੇ ਕਾਰਨ ਮੌਤ ਹੋ ਗਈ ਹੈ। ਪਰਿਵਾਰ ਨੇ ਪੰਜਾਬ ਸਰਕਾਰ ਅਤੇ ਵਿਦੇਸ਼ ਮੰਤਰਾਲੇ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪੁੱਤਰ ਦੇ ਦੇਹ ਨੂੰ ਵਾਪਸ ਮੰਗਵਾਉਣ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇ।

## ਖੁੱਲ੍ਹੀ ਬਹਿਸ ਦੇ ਸੱਦੇ ਨੇ ਸਿਆਸਤ ਭਖਾਈ

*(ਪਹਿਲੇ ਸਫੇ ਦੀ ਬਾਕੀ)*

ਜ਼ਮੀਨ ਗ੍ਰਹਿਣ ਕਰਨ ਵਾਸਤੇ ਪਹਿਲਾ ਨੋਟੀਫਿਕੇਸ਼ਨ ਜਾਰੀ ਹੋਇਆ ਸੀ। ਇਸ ਤੋਂ ਇਲਾਵਾ ਕੇਂਦਰ ਦੀ ਕਾਂਗਰਸ ਸਰਕਾਰ ਨੇ 1976 'ਚ ਪਾਣੀਆਂ ਨੂੰ ਤਿੰਨ ਹਿੱਸਿਆਂ 'ਚ ਵੰਡਣ ਸਬੰਧੀ ਨੋਟਿਸ ਜਾਰੀ ਕੀਤਾ। ਪੰਜਾਬ 'ਚ ਗਿਆਨੀ ਜੈਲ ਸਿੰਘ ਦੀ ਸਰਕਾਰ ਦੌਰਾਨ 8 ਅਪਰੈਲ 1982 ਨੂੰ ਪ੍ਰਧਾਨ ਮੰਤਰੀ ਵਜੋਂ ਇੰਦਰਾ ਗਾਂਧੀ ਨੇ ਪਟਿਆਲਾ ਦੇ ਪਿੰਡ ਕਪੂਰੀ ਨੇੜੇ ਟੱਕ ਲਾ ਕੇ ਐਸ.ਵਾਈ.ਐੱਲ. ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ।

ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਸੰਸਦ ਮੈਂਬਰ ਵਜੋਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਸ਼ਮੂਲੀਅਤ ਕੀਤੀ। ਸਾਲ 1985 ਵਿਚ ਅਕਾਲੀ ਦਲ ਦੀ ਸਰਕਾਰ ਸਮੇਂ ਨਹਿਰ ਦਾ ਨਿਰਮਾਣ ਕਾਰਜ ਸ਼ੁਰੂ ਹੋਇਆ। ਇਸੇ ਦਰਮਿਆਨ ਬਾਦਲ ਸਰਕਾਰ ਨੇ ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਵੀ ਦਾਇਰ ਕੀਤੀ ਸੀ ਜਿਸ ਨੂੰ ਕਾਂਗਰਸ ਦੀ ਦਰਬਾਰਾ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਵਾਪਸ ਲੈ ਲਿਆ ਸੀ। ਹੁਣ ਸਵਾਲ ਇਹ ਉਠ ਰਹੇ ਹਨ ਕਿ ਹਰਿਆਣਾ ਲਈ ਨਹਿਰ ਦਾ ਰਾਹ ਖੋਲ੍ਹਣ ਵਾਲੀਆਂ ਇਹ ਸਿਆਸੀ ਧਿਰਾਂ ਇਸ ਮਸਲੇ ਉਤੇ ਬਹਿਸ ਦਾ ਸਾਹਮਣੇ ਕਿਵੇਂ ਕਰਨਗੀਆਂ?

## ਸ਼ਿਕਾਗੋ 'ਚ 6 ਸਾਲਾ ਬੱਚੇ ਦੀ ਹੱਤਿਆ

*(ਪਹਿਲੇ ਸਫੇ ਦੀ ਬਾਕੀ)*

ਦੀ ਹੱਤਿਆ ਅਤੇ ਉਸ ਦੀ ਮਾਂ ਨੂੰ ਗੰਭੀਰ ਰੂਪ ਨਾਲ ਜ਼ਖ਼ਮੀ ਕਰਨ ਅਤੇ ਨਫਰਤੀ ਅਪਰਾਧ ਦੇ ਦੋਸ਼ਾਂ ਵਿਚ ਗ੍ਰਿਫਤਾਰ ਕਰ ਲਿਆ ਹੈ। ਇਹ ਨਫਰਤੀ ਅਪਰਾਧ ਕਿੰਨਾ ਦਿਲ ਕੰਬਾਊ ਸੀ, ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਛੇ ਸਾਲਾ ਵਾਡੀਆ ਅਲ-ਫਯੂਮ ਨੂੰ 26 ਵਾਰ ਚਾਕੂ ਮਾਰਿਆ ਗਿਆ। ਬੱਚੇ ਦੀ 32 ਸਾਲਾ ਮਾਂ ਹਨਾਨ ਸ਼ਾਹੀਨ ਨੂੰ ਦਰਜਨ ਤੋਂ ਵੱਧ ਵਾਰ ਚਾਕੂ ਮਾਰਿਆ ਗਿਆ। ਰਿਪੋਰਟਾਂ ਮੁਤਾਬਕ ਪੀੜਤ ਪਰਿਵਾਰ ਫਲਸਤੀਨੀ ਹੈ। ਹਮਾਸ ਅਤੇ ਇਜ਼ਰਾਈਲ ਵਿਚਾਲੇ ਚੱਲ ਰਹੀ ਜੰਗ ਦੌਰਾਨ ਪਰਿਵਾਰ ਨੂੰ ਉਨ੍ਹਾਂ ਦੇ ਧਰਮ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ। ਵ੍ਹਾਈਟ ਹਾਊਸ ਤੋਂ ਜਾਰੀ



ਬਿਆਨ ਮੁਤਾਬਕ ਇਹ ਪਰਿਵਾਰ ਫਲਸਤੀਨੀ ਹੈ। ਇਹ ਪਰਿਵਾਰ ਸ਼ਾਂਤੀ ਨਾਲ ਰਹਿਣ, ਹਿੰਸਾ ਮੁਕਤ ਮਾਹੌਲ ਵਿਚ ਪੜ੍ਹਾਈ ਅਤੇ ਸੁਰੱਖਿਅਤ ਪਨਾਹ ਦੀ ਭਾਲ ਵਿਚ ਅਮਰੀਕਾ ਆਇਆ ਸੀ। ਵਾਡੀਆ ਦੀ ਮਾਂ 12 ਅਤੇ ਪਿਤਾ 9 ਸਾਲ ਪਹਿਲਾਂ ਅਮਰੀਕਾ ਆਏ ਸਨ ਅਤੇ ਇੱਥੇ ਹੀ ਉਨ੍ਹਾਂ ਦੇ ਪੁੱਤਰ ਦਾ ਜਨਮ ਹੋਇਆ ਸੀ। ਉਹ ਪੱਛਮੀ ਕਿਨਾਰੇ (ਫਲਸਤੀਨ) ਦੇ ਇੱਕ ਪਿੰਡ ਦੇ ਰਹਿਣ ਵਾਲੇ ਸਨ। ਫਲਸਤੀਨੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਨਸਲਵਾਦ ਅਤੇ ਨਫਰਤ ਦੇ ਘਿਨਾਉਣੇ ਕੰਮ ਦੀ ਸਖਤ ਨਿੰਦਾ ਕਰਦਾ ਹੈ ਜਿਸ ਕਾਰਨ ਇਕ 6 ਸਾਲ ਦੇ ਫਲਸਤੀਨੀ ਬੱਚੇ ਦੀ ਮੌਤ ਹੋ ਗਈ ਅਤੇ ਉਸ ਦੀ ਮਾਂ ਦੇ ਗੰਭੀਰ ਸੱਟਾਂ ਲੱਗੀਆਂ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |



**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਗਨੀਵੀਰ ਨੂੰ ਫੌਜੀ ਸਨਮਾਨ ਨਾ ਦੇਣ ਦਾ ਮਾਮਲਾ ਭਖਿਆ

## ਅੰਮ੍ਰਿਤਪਾਲ ਸਿੰਘ ਨੇ ਖੁਦਕੁਸ਼ੀ ਕੀਤੀ: ਥਲ ਸੈਨਾ



**ਨਵੀਂ ਦਿੱਲੀ:** ਡਿਊਟੀ ਦੌਰਾਨ ਸ਼ਹੀਦ ਹੋਏ ਅਗਨੀਵੀਰ ਅੰਮ੍ਰਿਤਪਾਲ ਸਿੰਘ ਦੇ ਅੰਤਿਮ ਸੰਸਕਾਰ ਵੇਲੇ ਫੌਜੀ ਸਨਮਾਨ ਨਾ ਦੇਣ ਦਾ ਮਾਮਲਾ ਭਖ ਗਿਆ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਨੇ ਕੇਂਦਰ ਸਰਕਾਰ ਨੂੰ ਇਸ ਮੁੱਦੇ ਉਤੇ ਘੇਰਨਾ ਸ਼ੁਰੂ ਕਰ ਦਿੱਤਾ ਹੈ। ਸਿਆਸੀ ਧਿਰਾਂ ਵੱਲੋਂ ਇਸ ਯੋਜਨਾ ਨੂੰ ਤੁਰਤ ਬੰਦ ਕਰਨ ਦੀ ਮੰਗ ਚੁੱਕੀ ਗਈ ਹੈ।

ਉਧਰ, ਥਲ ਸੈਨਾ ਨੇ ਕਿਹਾ ਹੈ ਕਿ ਅਗਨੀਵੀਰ ਅੰਮ੍ਰਿਤਪਾਲ ਸਿੰਘ ਨੇ ਡਿਊਟੀ ਦੌਰਾਨ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਸੀ। ਇਸ ਲਈ ਉਸ ਦੇ ਅੰਤਿਮ ਸੰਸਕਾਰ ਲਈ ਫੌਜੀ ਸਨਮਾਨ ਨਹੀਂ ਦਿੱਤਾ ਗਿਆ। ਥਲ ਸੈਨਾ ਨੇ ਕਿਹਾ ਕਿ ਉਹ ਇਸ ਆਧਾਰ ਉਤੇ ਆਪਣੇ ਜਵਾਨਾਂ 'ਚ ਫਰਕ ਨਹੀਂ ਕਰਦੀ ਕਿ ਉਹ ਅਗਨੀਪਥ ਯੋਜਨਾ ਨੂੰ ਲਾਗੂ ਕਰਨ ਤੋਂ ਪਹਿਲਾਂ ਜਾਂ ਬਾਅਦ ਵਿਚ ਫੌਜ ਵਿਚ ਭਰਤੀ ਹੋਇਆ ਸੀ। ਫੌਜ 'ਤੇ ਦੋਸ਼ ਲੱਗੇ ਰਹੇ ਹਨ ਕਿ ਉਸ ਨੇ ਅੰਮ੍ਰਿਤਪਾਲ ਸਿੰਘ ਦੇ ਅੰਤਿਮ ਸੰਸਕਾਰ ਵਿਚ ਫੌਜੀ ਸਨਮਾਨ ਨਹੀਂ ਦਿੱਤਾ।

ਇਧਰ, ਜੰਮੂ ਕਸ਼ਮੀਰ ਦੇ ਪੁਣਛ ਖੇਤਰ 'ਚ ਗੋਲੀ ਲੱਗਣ ਕਾਰਨ ਸ਼ਹੀਦ ਹੋਏ ਮਾਨਸਾ ਜ਼ਿਲ੍ਹੇ ਦੇ ਅਗਨੀਵੀਰ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿਚ ਸਰਕਾਰੀ ਰਵੱਈਏ ਖਿਲਾਫ਼ ਸਿਆਸੀ ਧਿਰਾਂ ਇੱਕਜੁਟ ਹੋਣ ਲੱਗੀਆਂ ਹਨ। ਅੰਮ੍ਰਿਤਪਾਲ ਦੇ ਗੋਲੀ ਲੱਗਣ ਦਾ ਮਾਮਲਾ ਵੀ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੰਗ ਕੀਤੀ ਕਿ ਅਗਨੀਵੀਰ ਸਕੀਮ ਤੁਰਤ ਰੱਦ ਕੀਤੀ ਜਾਵੇ ਅਤੇ ਇਸ ਸਕੀਮ ਤਹਿਤ ਭਰਤੀ ਹੋਏ ਫੌਜੀ ਰੈਗੂਲਰ ਕੀਤੇ ਜਾਣ।

### ਭਗਵੰਤ ਮਾਨ ਨੇ ਪਰਿਵਾਰ ਨੂੰ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ

**ਮਾਨਸਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇਸ ਜ਼ਿਲ੍ਹੇ ਦੇ ਪਿੰਡ ਕੋਟਲੀ ਕਲਾਂ ਵਿਖੇ ਅਗਨੀਵੀਰ ਅੰਮ੍ਰਿਤਪਾਲ ਸਿੰਘ ਦੇ ਘਰ ਪੁੱਜੇ। ਉਨ੍ਹਾਂ ਸ਼ਹੀਦ ਦੇ ਮਾਤਾ ਪਿਤਾ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਗਲਤ ਹਨ, ਜਿਨ੍ਹਾਂ ਕਰਕੇ ਇਹ ਅਗਨੀਵੀਰ ਭਰਤੀ ਆਰੰਭ ਹੋਈ ਹੈ।

## ਜਾਅਲੀ ਐਨ.ਓ.ਸੀ. ਮਾਮਲੇ ਵਿਚ 'ਸਿਟ' ਕਾਇਮ

**ਡੇਰਾਬੱਸੀ:** ਇਥੋਂ ਦੀ ਤਹਿਸੀਲ ਵਿਚ ਜਾਅਲੀ ਐਨ.ਓ.ਸੀ. ਨਾਲ ਰਜਿਸਟਰੀਆਂ ਕਰਵਾਉਣ ਦੇ ਮਾਮਲੇ ਵਿਚ ਐਸ.ਐਸ.ਪੀ. ਮੁਹਾਲੀ ਡਾ. ਸੰਦੀਪ ਗਰਗ ਵੱਲੋਂ ਦੋ ਮਹਿਲਾ ਆਈ.ਪੀ.ਐਸ. ਅਧਿਕਾਰੀਆਂ ਵਾਲੀ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਦੀ ਅਗਵਾਈ ਐਸ.ਪੀ. (ਹੈਡਕੁਆਰਟਰ) ਜਯੋਤੀ ਯਾਦਵ ਕਰਨਗੇ ਜਿਸ ਵਿਚ ਉਨ੍ਹਾਂ ਤੋਂ ਇਲਾਵਾ ਡੇਰਾਬੱਸੀ ਦੇ ਏ.ਐਸ.ਪੀ. ਡਾ. ਦਰਪਣ ਆਹਲੂਵਾਲੀਆ ਅਤੇ ਥਾਣਾ ਮੁਖੀ ਅਜੀਤੇਸ਼ ਕੌਸ਼ਲ ਸ਼ਾਮਲ ਹਨ। ਡਾ. ਆਹਲੂਵਾਲੀਆ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਲਈ ਨਗਰ ਕੌਂਸਲ ਤੋਂ ਰਿਕਾਰਡ ਮੰਗਿਆ ਗਿਆ ਸੀ ਜਿਨ੍ਹਾਂ ਵੱਲੋਂ ਪਹਿਲਾਂ ਸਿਰਫ ਜਾਅਲੀ ਐਨ.ਓ.ਸੀ. ਨਾਲ ਸਬੰਧਤ ਰਿਕਾਰਡ ਪੁਲਿਸ ਨੂੰ ਸੌਂਪਿਆ ਗਿਆ ਸੀ। ਉਨ੍ਹਾਂ ਵੱਲੋਂ ਪੱਤਰ ਲਿਖ ਕੇ ਲੰਘੇ ਸਮੇਂ ਦੌਰਾਨ ਕੌਂਸਲ ਵੱਲੋਂ ਜਾਰੀ ਹੋਈਆਂ ਸਾਰੀਆਂ ਐਨ.ਓ.ਸੀ. ਦਾ ਰਿਕਾਰਡ ਮੰਗਿਆ ਗਿਆ ਹੈ ਤਾਂ ਕਿ ਤਹਿਸੀਲ ਵਿਚ ਹੋਈਆਂ ਕੁੱਲ ਰਜਿਸਟਰੀਆਂ ਨਾਲ ਮਿਲਾਨ ਕੀਤਾ ਜਾ ਸਕੇ।

# ਅਗਸਤ 2021 ਵਿਚ ਹੀ ਹੋ ਗਈ ਸੀ ਸਿੱਧੂ ਮੂਸੇਵਾਲਾ ਨੂੰ ਮਾਰਨ ਦੀ ਤਿਆਰੀ



**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਦਰਮਿਆਨ ਵਿਵਾਦ ਦਾ ਮੁੱਢ ਭਾਗੋਮਾਜਰਾ (ਮੁਹਾਲੀ) ਵਿਚ ਹੋਏ ਕਬੱਡੀ ਕੱਪ ਤੋਂ ਬੱਝਾ ਸੀ। ਪੰਜਾਬੀ ਗਾਇਕ ਦੇ ਕਤਲ ਕੇਸ ਦੇ ਮੁੱਖ ਮੁਲਜ਼ਮ ਤੇ ਲਾਰੈਂਸ ਦੇ ਭਤੀਜੇ ਸਚਿਨ ਬਿਸ਼ਨੋਈ ਉਰਫ਼ ਸਚਿਨ ਥਾਪਨ ਨੇ ਪੁਲਿਸ ਕੋਲ ਪੁੱਛ-ਪੜਤਾਲ ਦੌਰਾਨ ਨਵੇਂ ਖੁਲਾਸੇ ਕੀਤੇ ਹਨ। ਸਚਿਨ ਥਾਪਨ ਇਸ ਸਮੇਂ ਨਿਆਇਕ ਹਿਰਾਸਤ ਤਹਿਤ ਮਾਨਸਾ ਜੇਲ੍ਹ ਵਿਚ ਬੰਦ ਹੈ।

ਇਸ ਕਬੱਡੀ ਕੱਪ ਨੂੰ ਲੈ ਕੇ ਪਹਿਲਾਂ ਲਾਰੈਂਸ ਤੇ ਫਿਰ ਲਾਰੈਂਸ ਤੇ ਗੋਲਡੀ ਬਰਾੜ ਦਾ ਸਿੱਧੂ ਮੂਸੇਵਾਲਾ ਨਾਲ ਫੋਨ 'ਤੇ ਝਗੜਾ ਹੋ ਗਿਆ ਸੀ। ਇਸ ਮਗਰੋਂ ਪੰਜਾਬੀ ਗਾਇਕ ਦੇ ਕਤਲ ਦੀ ਸਾਜ਼ਿਸ਼ ਘੜੀ ਗਈ ਸੀ। ਹਾਲਾਂਕਿ ਪੁਲਿਸ ਅਧਿਕਾਰੀ ਇਸ ਮਾਮਲੇ ਸਬੰਧੀ ਕੁਝ ਵੀ ਕਹਿਣ ਤੋਂ ਇਨਕਾਰ ਕਰ ਰਹੇ ਹਨ।

ਪੁੱਛਗਿੱਛ ਦੌਰਾਨ ਸਚਿਨ ਨੇ ਦੱਸਿਆ ਕਿ ਉਸ ਨੂੰ 2021 ਵਿਚ ਹੀ ਪਤਾ ਲੱਗ ਗਿਆ ਸੀ ਕਿ ਸਿੱਧੂ ਮੂਸੇਵਾਲਾ ਦਾ ਕਤਲ ਹੋਣ ਵਾਲਾ ਹੈ। ਸਚਿਨ ਨੇ ਦੱਸਿਆ ਕਿ ਉਹ ਅਗਸਤ 2021 ਵਿਚ ਲਾਰੈਂਸ ਬਿਸ਼ਨੋਈ ਨਾਲ ਰਾਜਸਥਾਨ ਦੀ ਅਜਮੇਰ ਜੇਲ੍ਹ ਵਿਚ ਬੰਦ ਸੀ। ਉਸ ਸਮੇਂ ਬੰਬੀਹਾ ਗੈਂਗ ਵੱਲੋਂ ਪੰਜਾਬ ਵਿਚ ਕਬੱਡੀ ਕੱਪ ਕਰਵਾਇਆ ਜਾ ਰਿਹਾ ਸੀ। ਲਾਰੈਂਸ ਨੇ ਮੂਸੇਵਾਲਾ ਨੂੰ ਫੋਨ 'ਤੇ ਕਿਹਾ ਸੀ ਕਿ ਉਹ ਇਸ ਕੱਪ ਵਿਚ ਨਾ ਜਾਵੇ ਕਿਉਂਕਿ ਇਹ ਟੂਰਨਾਮੈਂਟ ਕਰਵਾਉਣ ਵਾਲਾ ਉਸ ਦਾ ਦੁਸ਼ਮਣ ਹੈ। ਲਾਰੈਂਸ ਦੇ ਇਨਕਾਰ ਦੇ ਬਾਵਜੂਦ ਸਿੱਧੂ ਮੂਸੇਵਾਲ ਉਥੇ ਗਿਆ ਅਤੇ ਬਾਅਦ ਵਿਚ ਲਾਰੈਂਸ ਨੇ ਮੂਸੇਵਾਲਾ ਨੂੰ ਫ਼ੋਨ 'ਤੇ ਪੁੱਛਿਆ ਕਿ ਉਹ ਉਸ ਦੇ ਇਨਕਾਰ ਕਰਨ ਦੇ ਬਾਵਜੂਦ ਉਥੇ ਕਿਉਂ ਗਿਆ। ਪੁਲਿਸ ਅਨੁਸਾਰ ਸਚਿਨ ਥਾਪਨ ਨੇ ਦੱਸਿਆ ਕਿ ਲਾਰੈਂਸ ਨੇ ਮੂਸੇਵਾਲਾ ਨਾਲ ਦੁਰਵਿਹਾਰ ਕੀਤਾ ਤੇ ਮੂਸੇਵਾਲਾ ਨੇ ਵੀ ਉਸੇ ਲਹਿਜੇ ਵਿਚ ਜਵਾਬ ਦਿੱਤਾ।

ਗੈਂਗਸਟਰ ਸਚਿਨ ਬਿਸ਼ਨੋਈ ਉਰਫ਼ ਸਚਿਨ ਥਾਪਨ ਤੋਂ ਪੁੱਛ-ਪੜਤਾਲ ਦੌਰਾਨ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਮਾਨਸਾ ਦੇ ਹਰਜਿੰਦਰ ਸਿੰਘ ਉਰਫ਼ ਹੈਰੀ ਦਾ ਨਾਮ ਵੀ ਸਾਹਮਣੇ ਆਇਆ ਹੈ। ਉਹ ਇਸ ਸਮੇਂ ਦੁਬਈ ਰਹਿ ਰਿਹਾ ਹੈ। ਸਚਿਨ ਨੇ ਪੁਲਿਸ ਕੋਲ ਕਬੂਲ ਕੀਤਾ ਕਿ ਹੈਰੀ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਨਿਰਦੇਸ਼ਾਂ 'ਤੇ ਉਸ ਲਈ ਜਾਅਲੀ ਪਾਸਪੋਰਟ ਦਾ ਪ੍ਰਬੰਧ ਕੀਤਾ ਸੀ। ਇਸ ਦੀ ਵਰਤੋਂ ਕਰ ਕੇ ਉਹ ਵਿਦੇਸ਼ ਭੱਜ ਜਾਂਦਾ ਸੀ। ਐਸ.ਆਈ.ਟੀ. ਦੇ ਇਕ ਮੈਂਬਰ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਸਚਿਨ ਥਾਪਨ ਤੋਂ ਪੁੱਛ-ਪੜਤਾਲ ਦੌਰਾਨ ਮਾਨਸਾ ਦੇ ਹਰਜਿੰਦਰ ਸਿੰਘ ਉਰਫ ਹੈਰੀ ਦਾ ਨਾਮ ਮੂਸੇਵਾਲਾ ਦੇ ਕਤਲ ਦੀ ਯੋਜਨਾ 'ਚ ਸ਼ਾਮਲ ਹੋਣ ਦਾ ਪਤਾ ਚੱਲਿਆ ਹੈ।

### ਅਰਸ਼ ਡਾਲਾ ਗਰੋਹ ਦੇ ਦੋ ਮੈਂਬਰ ਗ੍ਰਿਫ਼ਤਾਰ

**ਨਵੀਂ ਦਿੱਲੀ:** ਪੰਜਾਬ ਦੇ ਮੋਗਾ ਵਿਚ ਕਾਂਗਰਸੀ ਆਗੂ ਬਲਜਿੰਦਰ ਸਿੰਘ ਬੱਲੀ ਦੀ ਉਸ ਦੇ ਘਰ ਵਿਚ ਗੋਲੀ ਮਾਰ ਕੇ ਹੱਤਿਆ ਕੀਤੇ ਜਾਣ ਤੋਂ ਲਗਭਗ ਇਕ ਮਹੀਨੇ ਬਾਅਦ ਦਿੱਲੀ ਪੁਲਿਸ ਨੇ ਕੌਮੀ ਰਾਜਧਾਨੀ ਵਿਚ ਮੁਕਾਬਲੇ ਤੋਂ ਬਾਅਦ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਦੋਵੇਂ ਮੁਲਜ਼ਮ ਕਿਸ਼ਨ ਤੇ ਗਜੇਂਦਰ ਭਗੌੜੇ ਗੈਂਗਸਟਰ ਅਰਸ਼ ਡਾਲਾ ਦੇ ਸਾਥੀ ਹਨ। ਬੱਲੀ (45) ਨੂੰ 'ਨੰਬਰਦਾਰ' ਵਜੋਂ ਵੀ ਜਾਣਿਆ ਜਾਂਦਾ ਸੀ ਤੇ ਉਹ ਅਜੀਤਵਾਲ ਵਿਚ ਕਾਂਗਰਸ ਦਾ ਬਲਾਕ ਪ੍ਰਧਾਨ ਸੀ। ਬੀਤੇ 18 ਸਤੰਬਰ ਨੂੰ ਮੋਟਰਸਾਈਕਲ 'ਤੇ ਆਏ ਦੋ ਹਮਲਾਵਰਾਂ ਨੇ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਕਤਲ ਤੋਂ ਕੁਝ ਘੰਟੇ ਬਾਅਦ ਅਰਸ਼ਦੀਪ ਸਿੰਘ ਗਿੱਲ ਉਰਫ ਅਰਸ਼ ਡਾਲਾ ਨੇ ਫੇਸਬੁੱਕ 'ਤੇ ਇਸ ਦੀ ਜ਼ਿੰਮੇਵਾਰੀ ਲਈ ਸੀ।

# ਅੰਮ੍ਰਿਤਸਰ ਵਿਚੋਂ ਲਸ਼ਕਰ-ਏ-ਤੋਇਬਾ ਦੇ ਦੋ ਕਾਰਕੁਨ ਕਾਬੂ

**ਅੰਮ੍ਰਿਤਸਰ:** ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਦੀ ਮਦਦ ਨਾਲ ਅਤਿਵਾਦੀ ਸੰਗਠਨ ਲਸ਼ਕਰ-ਏ-ਤੋਇਬਾ (ਐਲ.ਈ.ਟੀ.) ਦੇ ਹਮਾਇਤੀ ਅਤਿਵਾਦੀ ਗਰੋਹ ਦੇ ਦੋ ਕਾਰਕੁਨਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕੋਲੋਂ ਦੋ ਬਾਰੂਦੀ ਸੁਰੰਗਾਂ (ਆਈ.ਈ.ਡੀ.), ਦੋ ਹੈਂਡ ਗ੍ਰਨੇਡ, ਦੋ ਮੈਗਜ਼ੀਨ ਸਣੇ .30 ਬੋਰ ਦਾ ਪਿਸਤੌਲ ਅਤੇ 24 ਕਾਰਤੂਸ, ਅੱਠ ਡੈਟੋਨੇਟਰ, ਇਕ ਟਾਈਮਰ ਸਵਿੱਚ ਅਤੇ ਚਾਰ ਬੈਟਰੀਆਂ ਬਰਾਮਦ ਹੋਈਆਂ ਹਨ। ਪੁਲਿਸ ਨੂੰ ਸ਼ੱਕ ਹੈ ਕਿ ਇਹ ਦੋਵੇਂ ਤਿਉਹਾਰਾਂ ਦੇ ਦਿਨਾਂ ਵਿਚ ਕੋਈ ਵੱਡੀ ਵਾਰਦਾਤ ਕਰ ਸਕਦੇ ਸਨ।

ਇਹ ਜਾਣਕਾਰੀ ਪੁਲਿਸ ਦੇ ਡੀ.ਜੀ.ਪੀ. ਗੌਰਵ ਯਾਦਵ ਵੱਲੋਂ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਅਤਿਵਾਦੀ ਮਾਡਿਊਲ ਨੂੰ ਲਸ਼ਕਰ-ਏ-ਤੋਇਬਾ ਦੇ ਸਰਗਰਮ ਮੈਂਬਰ ਫਿਰਦੌਸ ਅਹਿਮਦ ਭੱਟ ਵੱਲੋਂ ਚਲਾਇਆ ਜਾ ਰਿਹਾ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਉਜੈਰ ਉਲ ਹੱਕ ਵਾਸੀ ਰਾਹਪੋਰਾ ਖੁਦਵਾਨੀ ਜੰਮੂ ਕਸ਼ਮੀਰ ਅਤੇ ਰਾਜ ਮੁਹੰਮਦ ਅੰਦਲੀਬ ਵਾਸੀ ਖੇਰਵਾਨ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਇਹ ਖੁਫੀਆ ਜਾਣਕਾਰੀ ਮਿਲੀ ਸੀ ਕਿ ਲਸ਼ਕਰ-ਏ-ਤੋਇਬਾ ਵੱਲੋਂ ਹਥਿਆਰਾਂ ਅਤੇ ਧਮਾਕਾਖੇਜ ਸਮੱਗਰੀ ਦੀ ਵੱਡੀ ਖੇਪ ਦੀ ਤਸਕਰੀ ਲਈ ਪੰਜਾਬ ਸਰਹੱਦ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਇਸ ਗੁੱਟ ਦੇ ਦੋ ਮੈਂਬਰਾਂ ਵੱਲੋਂ ਕੱਥੂਨੰਗਲ ਖੇਤਰ ਵਿਚ ਇਹ ਖੇਪ ਪ੍ਰਾਪਤ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਪੰਜਾਬ ਪੁਲਿਸ ਦੇ ਐਸ.ਐਸ.ਓ.ਸੀ. ਵਿੰਗ ਨੇ ਕੇਂਦਰੀ ਏਜੰਸੀਆਂ ਨਾਲ ਤਾਲਮੇਲ ਕਰਕੇ ਖੇਤਰ ਵਿਚ ਵਿਸ਼ੇਸ਼ ਮੁਹਿੰਮ ਚਲਾਈ ਅਤੇ ਦੋਵਾਂ ਨੂੰ ਹਥਿਆਰਾਂ ਦੀ ਖੇਪ ਸਣੇ ਕਾਬੂ ਕੀਤਾ। ਡੀ.ਜੀ.ਪੀ. ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਗ੍ਰਿਫਤਾਰ ਕੀਤੇ ਗਏ ਦੋਵੇਂ ਮੁਲਜ਼ਮਾਂ ਨੂੰ ਫਿਰਦੌਸ ਅਹਿਮਦ ਭੱਟ ਵੱਲੋਂ ਇਸ ਦਹਿਸ਼ਤੀ ਜਥੇਬੰਦੀ ਵਿਚ ਭਰਤੀ ਕੀਤਾ ਗਿਆ ਸੀ। ਜਿਸ ਵੱਲੋਂ ਇਨ੍ਹਾਂ ਕਾਰਕੁਨਾਂ ਨੂੰ ਜੰਮੂ-ਕਸ਼ਮੀਰ ਅਤੇ ਪੰਜਾਬ ਵਿਚ ਮੁੱਖ ਸ਼ਖ਼ਸੀਅਤਾਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਣ ਦੀ ਯੋਜਨਾ ਸੀ। ਦੋਵੇਂ ਮੁਲਜ਼ਮ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਫਿਰਦੌਸ ਅਹਿਮਦ ਭੱਟ ਦੇ ਲਗਾਤਾਰ ਸੰਪਰਕ ਵਿਚ ਸਨ। ਉਸ ਨੇ ਹੀ ਅੰਮ੍ਰਿਤਸਰ ਤੋਂ ਹਥਿਆਰਾਂ ਦੀ ਖੇਪ ਪ੍ਰਾਪਤ ਕਰਕੇ ਕਸ਼ਮੀਰ ਘਾਟੀ ਲਿਆਉਣ ਲਈ ਇਨ੍ਹਾਂ ਦੋਵੇਂ ਨੂੰ ਭੇਜਿਆ ਸੀ।

## 'ਆਪ' ਵੱਲੋਂ ਪੰਜਾਬ 'ਚ ਬਲਾਕ ਤੇ ਸਰਕਲ ਇਕਾਈਆਂ ਭੰਗ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਵੱਲੋਂ ਆਗਾਮੀ ਨਗਰ ਨਿਗਮ ਤੇ ਪੰਚਾਇਤਾਂ ਚੋਣਾਂ ਲਈ ਜ਼ੋਰ-ਸ਼ੋਰ ਨਾਲ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ 'ਆਪ' ਨੇ ਸੂਬੇ 'ਚ ਬਲਾਕ ਤੇ ਸਰਕਲ ਪੱਧਰ ਦੀਆਂ ਸਾਰੀਆਂ ਇਕਾਈਆਂ ਨੂੰ ਭੰਗ ਕਰ ਦਿੱਤਾ ਹੈ। ਇਹ ਐਲਾਨ 'ਆਪ' ਦੇ ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ, ਮੁੱਖ ਮੰਤਰੀ ਤੇ ਭਗਵੰਤ ਮਾਨ ਅਤੇ ਸੂਬਾ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਨੇ ਪੱਤਰ ਜਾਰੀ ਕਰਕੇ ਕੀਤਾ ਹੈ।

ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪਾਰਟੀ ਵੱਲੋਂ ਆਮ ਵਾਂਗ ਇਹ ਇਕਾਈਆਂ ਭੰਗ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਜਲਦ ਹੀ ਸੂਬੇ ਭਰ ਵਿਚ ਨਵੇਂ ਬਲਾਕ ਤੇ ਸਰਕਲ ਇੰਚਾਰਜ ਤੇ ਹੋਰਨਾਂ ਅਹੁਦੇਦਾਰਾਂ ਦਾ ਐਲਾਨ ਕੀਤਾ ਜਾਵੇਗਾ।

# ਰਿਪੋਰਟ ਦਾ ਖੁਲਾਸਾ: ਪੰਜਾਬ ਦੇ ਜ਼ਮੀਨੀ ਪਾਣੀਆਂ ਵਿਚ ਘੁਲਿਆ ਜ਼ਹਿਰ

## 31 ਫੀਸਦੀ ਸੈਂਪਲਾਂ 'ਚ ਸੋਡੀਅਮ ਤੇ 5.7 ਫੀਸਦੀ ਵਿਚ ਮੈਗਨੀਸ਼ੀਅਮ ਵੱਧ



**ਚੰਡੀਗੜ੍ਹ:** ਇਕ ਪਾਸੇ ਐਸ.ਵਾਈ.ਐਲ. ਨਹਿਰ ਰਾਹੀਂ ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇਣ ਦੀ ਤਿਆਰੀ ਚੱਲ ਰਹੀ ਹੈ ਤੇ ਦੂਜੇ ਪਾਸੇ ਸੂਬੇ ਦੇ ਜ਼ਮੀਨੀ ਪਾਣੀਆਂ ਵਿਚ ਘੁਲੇ ਜ਼ਹਿਰ ਦੀਆਂ ਆ ਰਹੀਆਂ ਰਿਪੋਰਟਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

ਆਈ.ਆਈ.ਟੀ. ਮੰਡੀ ਦੁਆਰਾ ਕੀਤੇ ਇਕ ਅਧਿਐਨ ਅਨੁਸਾਰ ਕਈ ਇਲਾਕਿਆਂ ਦੇ ਪਾਣੀ ਵਿਚ ਅਜਿਹੇ ਤੱਤਾਂ ਦਾ ਵਾਧਾ ਹੋਇਆ ਹੈ। ਅਧਿਐਨ ਦਾ ਸਮਾਂ 2000 ਤੋਂ 2020 ਦੇ ਵਿਚਕਾਰ ਦਾ ਹੈ। ਇਸ ਦਾ ਕਾਰਨ ਖਾਦਾਂ ਦੀ ਵਧ ਰਹੀ ਵਰਤੋਂ ਦੱਸਿਆ ਗਿਆ ਹੈ। ਅਧਿਐਨ ਕਰਨ ਵਾਲੀ ਟੀਮ ਨੇ ਹਰ ਚਾਰ ਸਾਲਾਂ ਦੇ ਵਕਫੇ ਬਾਅਦ ਵੱਖ-ਵੱਖ ਜ਼ਿਲ੍ਹਿਆਂ 'ਚੋਂ 315 ਸੈਂਪਲ ਇਕੱਠੇ ਕੀਤੇ। 2020 ਵਿਚ ਇਕੱਠੇ ਕੀਤੇ ਗਏ ਸੈਂਪਲਾਂ ਵਿਚੋਂ 31 ਫੀਸਦੀ ਸੈਂਪਲਾਂ ਵਿਚ ਸੋਡੀਅਮ ਅਤੇ 5.7 ਫੀਸਦੀ ਵਿਚ ਮੈਗਨੀਸ਼ੀਅਮ ਜ਼ਿਆਦਾ ਪਾਏ ਗਏ। 2020 ਵਿਚ ਜਿਨ੍ਹਾਂ ਥਾਵਾਂ ਤੋਂ ਪਾਣੀ ਇਕੱਠਾ ਕੀਤਾ ਗਿਆ, ਉਨ੍ਹਾਂ ਵਿਚ 6.35 ਫੀਸਦੀ ਥਾਵਾਂ ਦੇ ਪਾਣੀ ਦੀ ਹਾਲਤ ਕਾਫੀ ਖਰਾਬ ਸੀ ਅਤੇ 12.38 ਫੀਸਦੀ ਥਾਵਾਂ ਦਾ ਪਾਣੀ ਪੀਣ ਯੋਗ ਨਹੀਂ ਸੀ। ਇਨ੍ਹਾਂ ਸਮਿਆਂ (2000 ਤੋਂ 2020 ਤੱਕ) ਵਿਚ ਹੀ ਝੋਨਾ ਲਾਉਣ ਵਾਲੇ ਰਕਬੇ ਵਿਚ ਵੱਡਾ ਵਾਧਾ ਹੋਇਆ ਹੈ ਅਤੇ ਪਾਣੀਆਂ ਵਿਚ ਵਧ ਰਹੇ ਨੁਕਸਾਨਦੇਹ ਤੱਤਾਂ ਨੂੰ ਇਸ ਵਰਤਾਰੇ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਹੈ। ਅਧਿਐਨ ਅਨੁਸਾਰ ਮਾਨਸਾ, ਸੰਗਰੂਰ, ਫਿਰੋਜ਼ਪੁਰ, ਮੁਕਤਸਰ, ਮੋਗਾ, ਬਠਿੰਡਾ, ਬਰਨਾਲਾ ਅਤੇ ਫਰੀਦਕੋਟ ਜ਼ਿਲ੍ਹੇ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ।

ਸਪੱਸ਼ਟ ਹੈ ਕਿ ਅਜਿਹੇ ਅਧਿਐਨਾਂ ਦੀਆਂ ਸਿਫਾਰਸ਼ਾਂ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਘਟਾਉਣ ਬਾਰੇ ਹੋਣਗੀਆਂ। ਪੰਜਾਬ ਇਕ ਅਜਿਹੇ ਵਿਰੋਧਾਭਾਸ ਵਿਚ ਫਸਿਆ ਹੋਇਆ ਹੈ ਜਿਸ ਵਿਚੋਂ ਬਾਹਰ ਨਿਕਲਣਾ ਮੁਸ਼ਕਲ ਹੈ। ਪੰਜਾਬ ਵਿਚ ਕਣਕ, ਝੋਨਾ ਤੇ ਹੋਰ ਫਸਲਾਂ ਦੀ ਹੋ ਰਹੀ ਰਿਕਾਰਡ ਪੈਦਾਵਾਰ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ 'ਤੇ ਨਿਰਭਰ ਹੈ। ਜੇ ਰਸਾਇਣਕ ਖਾਦਾਂ ਦੀ ਵਰਤੋਂ ਘਟਾਈ ਜਾਂਦੀ ਹੈ ਤਾਂ ਪੈਦਾਵਾਰ ਘਟਦੀ ਹੈ। ਪੈਦਾਵਾਰ ਦਾ ਘਟਣਾ ਕਿਸਾਨਾਂ ਤੇ ਦੇਸ਼ ਦੋਹਾਂ ਲਈ ਨੁਕਸਾਨਦੇਹ ਹੈ। ਰੂਸ-ਯੂਕਰੇਨ ਜੰਗ ਤੋਂ ਬਾਅਦ ਅਨਾਜ ਦਾ ਸੰਕਟ ਹੋਰ ਡੂੰਘਾ ਹੋਇਆ ਹੈ ਅਤੇ ਕੋਈ ਵੀ ਦੇਸ਼ ਅਨਾਜ ਦੀ ਪੈਦਾਵਾਰ ਘਟਾਉਣ ਬਾਰੇ ਸੋਚ ਵੀ ਨਹੀਂ ਸਕਦਾ। ਹਰੀ ਕ੍ਰਾਂਤੀ ਤੋਂ ਪਹਿਲਾਂ ਦੇਸ਼ ਨੂੰ ਅਨਾਜ ਦਰਾਮਦ ਕਰਨਾ ਪੈਂਦਾ ਸੀ; ਇਸ ਲਈ ਅਮਰੀਕਾ ਤੇ ਹੋਰ ਦੇਸ਼ਾਂ ਸਾਹਮਣੇ ਝੋਲੀ ਫੈਲਾਉਣੀ ਪੈਂਦੀ ਸੀ। ਹਰੀ ਕ੍ਰਾਂਤੀ ਨੇ ਅਨਾਜ ਦੀ ਪੈਦਾਵਾਰ ਕਈ ਗੁਣਾ ਵਧਾਈ ਅਤੇ ਦੇਸ਼ ਨੂੰ ਅਨਾਜ ਦਰਾਮਦ ਕਰਨ ਤੋਂ ਮੁਕਤੀ ਮਿਲੀ ਪਰ ਨਾਲ ਹੀ ਭਾਰਤ ਰਸਾਇਣਕ ਖਾਦਾਂ ਦਰਾਮਦ ਕਰਨ ਵਾਲਾ ਦੇਸ਼ ਬਣ ਗਿਆ; ਪਹਿਲਾਂ ਦੇਸ਼ ਅਨਾਜ ਦਰਾਮਦ ਕਰਦਾ ਸੀ ਤੇ ਹੁਣ ਖਾਦਾਂ। ਦੋਹਾਂ ਸਥਿਤੀਆਂ ਵਿਚ ਫਾਇਦਾ ਵਿਕਸਿਤ ਦੇਸ਼ਾਂ ਨੂੰ ਹੀ ਹੁੰਦਾ ਰਿਹਾ ਹੈ।

ਪੰਜਾਬ ਦੀ ਵੱਸੋਂ ਦੀ ਵੱਡੀ ਗਿਣਤੀ ਪੀਣ ਲਈ ਜ਼ਮੀਨੀ ਪਾਣੀ ਵਰਤਦੀ ਹੈ। ਇਹੀ ਨਹੀਂ ਪੰਜਾਬ ਵਿਚ ਪਾਣੀਆਂ ਦਾ ਸੰਕਟ ਇਸ ਲਈ ਵੀ ਗੰਭੀਰ ਹੈ ਕਿ ਖੇਤੀ ਲਈ ਸਿੰਜਾਈ ਦੀ ਪਾਣੀ ਦੀ ਲੋੜ ਦਾ 74 ਫੀਸਦੀ ਹਿੱਸਾ ਜ਼ਮੀਨੀ ਪਾਣੀ ਰਾਹੀਂ ਪੂਰਾ ਹੁੰਦਾ ਹੈ। ਜ਼ਮੀਨ ਹੇਠੋਂ ਲਗਾਤਾਰ ਪਾਣੀ ਕੱਢੇ ਜਾਣ ਕਾਰਨ 2020 ਵਿਚ ਪੰਜਾਬ ਦੇ 138 ਬਲਾਕਾਂ 'ਚੋਂ 109 ਬਲਾਕਾਂ ਵਿਚ ਜ਼ਮੀਨੀ ਪਾਣੀ ਦੀ ਸਥਿਤੀ ਬਹੁਤ ਸੰਵੇਦਨਸ਼ੀਲ ਸੀ ਭਾਵ ਜ਼ਮੀਨ ਹੇਠੋਂ ਬਹੁਤ ਤੇਜ਼ੀ ਨਾਲ ਪਾਣੀ ਕੱਢਿਆ ਜਾ ਰਿਹਾ ਸੀ ਅਤੇ 82 ਫੀਸਦੀ ਰਕਬੇ ਵਿਚ ਪਾਣੀ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਸੀ।

# ਕਿਸਾਨ ਧਿਰਾਂ ਵਿਚਕਾਰ ਮੁੜ ਏਕੇ ਦਾ ਮੁੱਢ ਬੱਝਣ ਲੱਗਾ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ 'ਚ ਮੁੜ ਏਕਤਾ ਦਾ ਮੁੱਢ ਬੱਝਣ ਲੱਗਿਆ ਹੈ। ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਪੈਦਾ ਹੋਈ ਨਵੀਂ ਚੁਣੌਤੀ ਨੇ ਕਿਸਾਨ ਜਥੇਬੰਦੀਆਂ ਨੂੰ ਆਪਸੀ ਤਾਲ ਮਿਲਾਉਣ ਲਈ ਰਾਹ ਦਿਖਾਉਣਾ ਸ਼ੁਰੂ ਕੀਤਾ ਹੈ। ਜਲੰਧਰ ਤੋਂ ਕਿਸਾਨ ਧਿਰਾਂ ਦੇ ਆਗੂਆਂ ਦੀ ਆਪਸੀ ਏਕਤਾ ਦੀ ਗੱਲ ਤੁਰੀ ਜਦੋਂ ਮਰਹੂਮ ਖੇਤੀ ਵਿਗਿਆਨੀ ਐਮ.ਐਸ. ਸਵਾਮੀਨਾਥਨ ਦੀ ਸੋਕ ਸਭਾ ਵਿਚ ਕਿਸਾਨ ਆਗੂ ਜੁੜੇ ਹੋਏ ਸਨ।

ਜੇਕਰ ਵੱਡੇ ਅੜਿੱਕੇ ਨਾ ਪਏ ਤਾਂ ਮੌਜੂਦਾ ਐਸ.ਵਾਈ.ਐਲ. ਦਾ ਮੁੱਦਾ ਕਿਸਾਨ ਏਕੇ ਦਾ ਸਬੱਬ ਬਣ ਸਕਦਾ ਹੈ। ਪਾਣੀਆਂ ਦੇ ਮੁੱਦੇ 'ਤੇ ਕਿਸਾਨ ਆਗੂਆਂ ਦੇ ਮੁੜ ਸਿਰ ਜੁੜ ਸਕਦੇ ਹਨ ਅਤੇ ਇਸ ਦੇ ਨਤੀਜੇ ਵੀ ਲੋਕ ਆਸਾਂ ਮੁਤਾਬਕ ਆ ਸਕਦੇ ਹਨ। ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਵਿਚ ਚੱਲੇ ਅੰਦੋਲਨ 'ਚ ਕਿਸਾਨ ਜਥੇਬੰਦੀਆਂ ਦੀ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਏਕਤਾ ਅਤੇ ਅਨੁਸ਼ਾਸਨ ਨੇ ਕੌਮੀ ਸਫ਼ਾਂ ਤੱਕ ਇਸ ਦੀ ਚਰਚਾ ਛੇੜ ਦਿੱਤੀ ਸੀ। ਉਸ ਸਮੇਂ ਜੱਗ ਹਸਾਈ ਵੀ ਹੋਈ ਸੀ ਜਦੋਂ ਦਿੱਲੀ ਤੋਂ ਵਾਪਸ ਪੰਜਾਬ ਆ ਕੇ ਕਿਸਾਨ ਆਗੂ ਖੱਖੜੀਆਂ ਕਰੇਲੇ ਹੋ ਗਏ ਸਨ।



ਬਲਬੀਰ ਸਿੰਘ ਰਾਜੇਵਾਲ ਦੇ ਧੜੇ ਸਣੇ ਚਾਰ ਹੋਰ ਕਿਸਾਨ ਧਿਰਾਂ ਨੇ ਵਿਧਾਨ ਸਭਾ ਚੋਣਾਂ ਵਿਚ ਹਿੱਸਾ ਲਿਆ ਅਤੇ ਇਨ੍ਹਾਂ ਚੋਣਾਂ ਵਿਚ ਜ਼ਮਾਨਤਾਂ ਜ਼ਬਤ ਹੋਣ ਦਾ ਮਤਲਬ ਸੀ ਕਿ ਲੋਕਾਂ ਨੂੰ ਕਿਸਾਨ ਆਗੂਆਂ ਦਾ ਸਿਆਸੀ ਪਿੜ 'ਚ ਕੁੱਦਣਾ ਪਸੰਦ ਨਹੀਂ ਆਇਆ। ਰਾਜੇਵਾਲ ਦਾ ਕਹਿਣਾ ਸੀ ਕਿ ਦਿੱਲੀ ਅੰਦੋਲਨ ਦੀ ਸਮਾਪਤੀ ਮਗਰੋਂ ਸਰਕਾਰਾਂ ਨੇ ਕਿਸਾਨੀ ਮੰਗਾਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਅਤੇ ਹੁਣ ਰਿਪੇਰੀਅਨ ਅਧਿਕਾਰਾਂ ਨੂੰ ਖੋਹਣ ਦੀ ਕਿਸੇ ਵੀ ਕੋਸ਼ਿਸ਼ ਦਾ ਸਾਂਝਾ ਵਿਰੋਧ ਕਰਨ ਲਈ ਸਾਰੇ ਆਗੂਆਂ ਨਾਲ ਗੱਲ ਕਰਨਗੇ। ਬੀ.ਕੇ.ਯੂ. ਡੱਲੇਵਾਲ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਆਖਦੇ ਹਨ ਕਿ ਉਨ੍ਹਾਂ ਦੀ ਜਥੇਬੰਦੀ ਤਾਂ ਹੀ ਸ਼ਾਮਲ ਹੋਵੇਗੀ ਕਿ ਜੇ ਬਾਕੀ ਧਿਰਾਂ ਗੈਰ ਸਿਆਸੀ ਹੋ ਕੇ ਕਿਸਾਨੀ ਮੁੱਦਿਆਂ ਦੀ ਗੱਲ ਕਰਨਗੀਆਂ।

ਚੇਤੇ ਰਹੇ ਕਿ ਬੀ.ਕੇ.ਯੂ. ਉਗਰਾਹਾਂ ਅਤੇ ਬੀ.ਕੇ.ਯੂ. ਡਕੌਂਦਾ ਨੂੰ ਪਿਛਲੇ ਸਮੇਂ ਦੌਰਾਨ ਫੁੱਟ ਦਾ ਸ਼ਿਕਾਰ ਵੀ ਹੋਣਾ ਪਿਆ ਹੈ। ਪਾਣੀਆਂ ਦੀ ਗੱਲ ਕਰੀਏ ਤਾਂ ਕਿਰਤੀ ਕਿਸਾਨ ਯੂਨੀਅਨ ਨੇ ਐਸ.ਵਾਈ.ਐਲ. ਦੇ ਮੁੱਦੇ 'ਤੇ ਇੱਕ ਰੋਜ਼ਾ ਅੰਦੋਲਨ ਵੀ ਕੀਤਾ ਹੈ ਅਤੇ ਪਾਣੀਆਂ ਦੇ ਮੁੱਦੇ 'ਤੇ ਰਾਜੇਵਾਲ ਧੜੇ ਵੱਲੋਂ ਪਿਛਲੇ ਸਮੇਂ ਦੌਰਾਨ ਇਕਹਿਰੇ ਰੂਪ ਵਿਚ ਪ੍ਰਦਰਸ਼ਨ ਵੀ ਕੀਤੇ ਗਏ ਸਨ। ਹੁਣ ਜਦੋਂ ਪੰਜਾਬ ਵਿਚ ਐਸ.ਵਾਈ.ਐਲ. ਨੂੰ ਲੈ ਕੇ ਸਿਆਸਤ ਭਖੀ ਹੋਈ ਹੈ ਅਤੇ ਸਿਆਸੀ ਧਿਰਾਂ ਇਕ ਦੂਜੇ ਖ਼ਿਲਾਫ਼ ਤਣੀਆਂ ਹੋਈਆਂ ਹਨ ਤਾਂ ਕਿਸਾਨ ਧਿਰਾਂ ਦੀ ਏਕਾਮਈ ਅਗਵਾਈ ਪੰਜਾਬ ਨੂੰ ਰਾਸ ਆ ਸਕਦੀ ਹੈ। ਐਸ.ਕੇ.ਐਮ. ਦੇ ਸੀਨੀਅਰ ਆਗੂ ਡਾ. ਦਰਸ਼ਨ ਪਾਲ ਦਾ ਕਹਿਣਾ ਹੈ ਕਿ ਏਕਤਾ ਸਮੇਂ ਦੀ ਲੋੜ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਐਸ.ਵਾਈ.ਐਲ. ਦੇ ਸਰਵੇਖਣ ਲਈ ਆਉਣ ਵਾਲੀ ਕੇਂਦਰੀ ਟੀਮ ਦੇ ਵਿਰੋਧ ਲਈ ਸਾਂਝਾ ਪ੍ਰਦਰਸ਼ਨ ਕਰਨ ਦੀ ਤਕਰੀਬਨ ਧਿਰਾਂ ਨੇ ਸਹਿਮਤੀ ਦੇ ਦਿੱਤੀ ਹੈ। ਦੇਖਿਆ ਜਾਵੇ ਤਾਂ ਫ਼ਿਲਹਾਲ ਆਮ ਲੋਕ ਕਿਸਾਨ ਜਥੇਬੰਦੀਆਂ ਨੂੰ ਉਹ ਹੁੰਗਾਰਾ ਨਹੀਂ ਦੇ ਰਹੇ ਹਨ ਜਿਸ ਤਰ੍ਹਾਂ ਦਾ ਇਤਬਾਰ ਲੋਕਾਂ ਨੇ ਦਿੱਲੀ ਮੋਰਚੇ ਸਮੇਂ ਕੀਤਾ ਸੀ। ਕਿਸਾਨ ਜਥੇਬੰਦੀਆਂ ਅੱਗੇ ਵੱਡਾ ਸੁਆਲ ਹੁਣ ਗੁਆਚੇ ਹੋਏ ਵੱਕਾਰ ਨੂੰ ਬਹਾਲ ਕਰਨਾ ਅਤੇ ਭਰੋਸੇਯੋਗਤਾ ਨੂੰ ਕਾਇਮ ਕਰਨਾ ਹੈ। ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਆਖਦੇ ਹਨ ਕਿ ਕਿਸਾਨ ਧਿਰਾਂ ਦੀ ਏਕਤਾ ਪਾਣੀਆਂ ਦੇ ਮੁੱਦੇ ਨੂੰ ਨਵਾਂ ਮੋੜਾ ਦੇ ਸਕਦੀ ਹੈ ਅਤੇ ਕਿਸਾਨਾਂ ਦਾ ਸੰਘਰਸ਼ ਪਾਣੀਆਂ ਦੇ ਵਿਵਾਦ ਨੂੰ ਟਿਕਾਊ ਹੱਲ ਵੱਲ ਲਿਜਾ ਸਕਦਾ ਹੈ। ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦਰਮਿਆਨ ਪਏ ਖੱਪੇ ਨੂੰ ਕਿਸਾਨੀ ਅੰਦੋਲਨ ਹੀ ਪੂਰ ਸਕਦਾ ਹੈ। ਚੇਤੇ ਰਹੇ ਕਿ ਜਦੋਂ ਅੰਦੋਲਨਕਾਰੀ ਧਿਰਾਂ ਦਿੱਲੀ ਤੋਂ ਪੰਜਾਬ ਮੁੜੀਆਂ ਸਨ ਤਾਂ ਉਸ ਮਗਰੋਂ ਸੰਯੁਕਤ ਕਿਸਾਨ ਮੋਰਚਾ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਸੀ। ਰਾਜੇਵਾਲ ਸਣੇ ਪੰਜ ਕਿਸਾਨ ਧਿਰਾਂ ਦਾ ਵੱਖਰਾ ਧੜਾ, ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਾਲਾ ਵੱਖਰਾ ਗਰੁੱਪ ਅਤੇ ਸੰਯੁਕਤ ਕਿਸਾਨ ਮੋਰਚੇ ਵਿਚਲੀਆਂ ਧਿਰਾਂ ਦਾ ਆਪਣਾ ਰੌਅ ਰਿਹਾ ਹੈ। ਬਹੁਤੇ ਕਿਸਾਨ ਆਗੂਆਂ ਨੇ ਮਹਿਸੂਸ ਕਰ ਲਿਆ ਹੈ ਕਿ ਏਕਤਾ ਬਿਨਾਂ ਲੋਕ ਹੁੰਗਾਰਾ ਮਿਲਣਾ ਮੁਸ਼ਕਲ ਹੈ।

## ਪਿੰਡਾਂ ਨੂੰ ਮਿਲੇਗੀ ਸਾਫ ਤੇ ਸ਼ੁੱਧ ਪਾਣੀ ਦੀ ਸਪਲਾਈ

**ਚੰਡੀਗੜ੍ਹ:** ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਆਪਣੇ ਦਫਤਰ ਵਿਚ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਆਦੇਸ਼ ਦਿੱਤੇ ਕਿ ਪਿੰਡਾਂ ਵਿਚ ਸਾਫ ਤੇ ਸ਼ੁੱਧ ਪਾਣੀ ਦੀ ਸਪਲਾਈ ਲਈ ਜਿੰਨੇ ਵੀ ਪ੍ਰੋਜੈਕਟ ਚੱਲ ਰਹੇ ਹਨ, ਉਨ੍ਹਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇ। ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਇਸ ਸਮੇਂ 15 ਸਰਫੇਸ ਵਾਟਰ ਪ੍ਰੋਜੈਕਟ ਚੱਲ ਰਹੇ ਹਨ ਜਿਨ੍ਹਾਂ ਦੇ ਮੁਕੰਮਲ ਹੋਣ ਨਾਲ 1718 ਪਿੰਡਾਂ ਨੂੰ ਸ਼ੁੱਧ ਪਾਣੀ ਦੀ ਸਪਲਾਈ ਮੁਹੱਈਆ ਹੋ ਜਾਵੇਗੀ। ਜਿੰਪਾ ਨੇ ਦੱਸਿਆ ਕਿ ਇਨ੍ਹਾਂ 15 ਪ੍ਰੋਜੈਕਟਾਂ ਵਿਚੋਂ ਜ਼ਿਲ੍ਹਾ ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਵਿਚ 3 ਪ੍ਰੋਜੈਕਟ ਮੰਡੌਲੀ, ਪਬਰਾ, ਭਵਰਾ ਅਤੇ ਨਾਨੋਵਾਲ ਦਾ ਕੰਮ ਚੱਲ ਰਿਹਾ ਹੈ। ਇਸੇ ਤਰ੍ਹਾਂ ਆਨੰਦਪੁਰ ਸਾਹਿਬ ਵਿਚ 1 ਪ੍ਰੋਜੈਕਟ ਦਾ ਕੰਮ ਪ੍ਰਗਤੀ ਅਧੀਨ ਹੈ। ਜਿੰਪਾ ਨੇ ਜ਼ਿਲ੍ਹਾ ਫਾਜ਼ਿਲਕਾ ਅਧੀਨ 2 ਅਤੇ ਜ਼ਿਲ੍ਹਾ ਫਿਰੋਜ਼ਪੁਰ ਅਧੀਨ 1 ਪ੍ਰੋਜੈਕਟ ਦੇ ਕੰਮਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ।


## ਕਾਂਗਰਸੀ ਕੌਂਸਲਰ ਤੇ ਯੂਥ ਅਕਾਲੀ ਦਲ ਦੇ ਕਈ ਆਗੂ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਪੰਜਾਬ 'ਚ ਪੰਜ ਨਗਰ ਨਿਗਮ ਦੀਆਂ ਚੋਣਾਂ ਤੋਂ ਪਹਿਲਾਂ ਜਲੰਧਰ ਤੇ ਅੰਮ੍ਰਿਤਸਰ ਵਿਚ 'ਆਪ' ਨੂੰ ਮਜ਼ਬੂਤੀ ਮਿਲੀ ਹੈ। ਜਲੰਧਰ ਤੋਂ 10 ਕਾਂਗਰਸੀ ਕੌਂਸਲਰ ਤੇ ਅੰਮ੍ਰਿਤਸਰ ਤੋਂ ਯੂਥ ਅਕਾਲੀ ਦਲ ਦੇ ਆਗੂਆਂ ਨੇ 'ਆਪ' ਦਾ ਪੱਲਾ ਫੜ ਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਵਿਚ ਨਵੇਂ ਮੈਂਬਰਾਂ ਨੂੰ ਸਿਰੋਪਾਓ ਪਾ ਕੇ ਪਾਰਟੀ ਵਿਚ ਸ਼ਾਮਲ ਕਰਵਾਇਆ ਜਿਨ੍ਹਾਂ ਵਿਚ ਜਲੰਧਰ ਉੱਤਰੀ ਤੋਂ ਦੀਪਕ ਸ਼ਾਰਦਾ, ਓਮ ਪ੍ਰਕਾਸ਼, ਦੇਸਰਾਜ ਜੱਸਲ, ਬਾਲ ਕ੍ਰਿਸ਼ਨ ਬਾਲੀ, ਸੁਨੀਲ ਕੁਮਾਰ ਸੋਢੀ, ਵਿਜੈ ਭਾਟੀਆ ਅਤੇ ਦਲਵਿੰਦਰ ਕੌਰ ਤੇ ਜਲੰਧਰ ਸੈਂਟਰਲ ਤੋਂ ਸਮਸ਼ੇਰ ਖੇੜਾ, ਮਨੂ ਵੜਿੰਗ ਅਤੇ ਮਨਮੋਹਨ ਸਿੰਘ ਰਾਜੂ ਸ਼ਾਮਲ ਹਨ। ਇਸੇ ਤਰ੍ਹਾਂ ਅੰਮ੍ਰਿਤਸਰ ਤੋਂ ਯੂਥ ਅਕਾਲੀ ਦਲ ਦੇ ਸੌਰਭ ਸੇਠ, ਨਵਜੋਤ ਗਰੇਵਰ ਅਤੇ ਸਾਗਰ ਮਹਿਰਾ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ।

# ਰਾਜਪਾਲ ਨੇ ਨਸ਼ਿਆਂ ਦੇ ਖਾਤਮੇ ਲਈ ਲੋਕਾਂ ਤੋਂ ਸਹਿਯੋਗ ਮੰਗਿਆ

**ਅੰਮ੍ਰਿਤਸਰ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਨਸ਼ਿਆਂ ਤੇ ਨਾਜਾਇਜ਼ ਖਣਨ ਨੂੰ ਰੋਕਣ ਲਈ ਲੋਕਾਂ ਤੋਂ ਸਹਿਯੋਗ ਮੰਗਿਆ ਹੈ। ਰਾਜਪਾਲ ਨੇ ਕਿਹਾ ਕਿ ਸਰਹੱਦੀ ਖੇਤਰ ਵਿਚ ਬਣਾਈਆਂ 'ਵਿਲੇਜ ਡਿਫੈਂਸ ਕਮੇਟੀਆਂ' ਦੀ ਸਫਲਤਾ ਤੋਂ ਬਾਅਦ ਹੁਣ ਪੂਰੇ ਸੂਬੇ ਵਿਚ ਅਜਿਹੀਆਂ ਨਾਗਰਿਕ ਸੁਰੱਖਿਆ ਕਮੇਟੀਆਂ ਬਣਾਈਆਂ ਜਾਣਗੀਆਂ ਜੋ ਨਸ਼ਿਆਂ ਤੇ ਗੈਰ ਕਾਨੂੰਨੀ ਮਾਈਨਿੰਗ ਦੇ ਖਾਤਮੇ ਲਈ ਕੰਮ ਕਰਨਗੀਆਂ।

ਰਾਜਪਾਲ ਨੇ ਸਰਹੱਦੀ ਖੇਤਰ ਦੇ ਪਿੰਡ ਖੇਮਕਰਨ ਵਿਚ ਬੀ.ਐਸ.ਐਫ਼. ਦੀ 101 ਬਟਾਲੀਅਨ ਦੇ ਹੈੱਡਕੁਆਰਟਰ ਵਿਚ ਮੀਟਿੰਗ ਕੀਤੀ। ਇਸ ਤੋਂ ਬਾਅਦ ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪੰਜਾਬ ਪੁਲਿਸ ਤੇ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਦੇ ਪੰਜਾਬ ਮੁਖੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਰਾਜਪਾਲ ਨੇ ਦੱਸਿਆ ਕਿ ਸਰਹੱਦ ਦੇ 15 ਕਿਲੋਮੀਟਰ ਘੇਰੇ ਵਿਚ ਬਣਾਈਆਂ ਗਈਆਂ ਸੁਰੱਖਿਆ ਕਮੇਟੀਆਂ ਦੀ ਕਾਮਯਾਬੀ ਤੋਂ ਬਾਅਦ ਪੂਰੇ ਰਾਜ ਵਿਚ ਅਜਿਹੀਆਂ ਨਾਗਰਿਕ ਸੁਰੱਖਿਆ ਕਮੇਟੀਆਂ ਬਣਾਉਣ ਦੀ ਪੰਜਾਬ ਦੇ ਮੁੱਖ ਸਕੱਤਰ ਨੂੰ ਹਦਾਇਤ ਕੀਤੀ ਗਈ ਹੈ ਅਤੇ ਸਰਕਾਰ ਨੇ ਇਸ ਨੂੰ ਪ੍ਰਵਾਨ ਕੀਤਾ ਹੈ। ਹੁਣ ਸਾਰੇ ਪੰਜਾਬ ਦੇ ਪਿੰਡਾਂ ਵਿਚ 21 ਮੈਂਬਰੀ ਸੁਰੱਖਿਆ ਕਮੇਟੀਆਂ ਬਣਾਈਆਂ ਜਾਣਗੀਆਂ, ਜੋ ਨਸ਼ਿਆਂ ਅਤੇ ਗੈਰਕਾਨੂੰਨੀ ਮਾਈਨਿੰਗ ਦੇ ਖਾਤਮੇ ਲਈ ਕੰਮ ਕਰਨਗੀਆਂ। ਇਸ ਤੋਂ ਪਹਿਲਾਂ ਕਮੇਟੀਆਂ ਨੂੰ ਸਿਰਫ ਨਸ਼ੇ ਖਤਮ ਕਰਨ ਵਿਚ ਸਹਿਯੋਗ ਦੇਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ।



ਉਨ੍ਹਾਂ ਦੱਸਿਆ ਕਿ ਰਾਜ ਵਿਚ ਪੁਲਿਸ ਤੇ ਸੁਰੱਖਿਆ ਏਜੰਸੀਆਂ ਦੇ ਤਾਲਮੇਲ ਸਦਕਾ ਨਸ਼ਿਆਂ ਦੀ ਖੇਪ ਵੱਡੀ ਗਿਣਤੀ ਵਿਚ ਫੜੀ ਗਈ ਹੈ। ਇਸ ਵੇਲੇ ਡਰੋਨ ਨਾਲ ਹੋ ਰਹੀ ਤਸਕਰੀ ਵੱਡੀ ਚੁਣੌਤੀ ਹੈ ਜਿਸ ਨਾਲ ਨਜਿੱਠਣ ਲਈ ਸਰਹੱਦੀ ਪੱਟੀ ਉਤੇ ਐਂਟੀ ਡਰੋਨ ਸਿਸਟਮ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ 15 ਅਗਸਤ 2024 ਤੱਕ ਨਸ਼ਾ ਖਤਮ ਕਰਨ ਦਾ ਐਲਾਨ ਕੀਤਾ ਗਿਆ ਹੈ ਅਤੇ ਪੁਲਿਸ ਇਸ ਟੀਚੇ ਦੀ ਪ੍ਰਾਪਤੀ ਲਈ ਕੰਮ ਕਰ ਰਹੀ ਹੈ। ਜੋ ਵੀ ਪੁਲਿਸ ਅਧਿਕਾਰੀ ਜਾਂ ਕਰਮਚਾਰੀ ਨਸ਼ੇ ਦੇ ਵਪਾਰੀਆਂ ਨਾਲ ਸੰਪਰਕ ਰੱਖਣ ਦਾ ਦੋਸ਼ੀ ਪਾਇਆ ਗਿਆ, ਉਸ ਖਿਲਾਫ ਉਹੀ ਕਾਰਵਾਈ ਹੋਵੇਗੀ, ਜੋ ਅਪਰਾਧੀਆਂ ਖਿਲਾਫ ਕੀਤੀ ਜਾਂਦੀ ਹੈ। ਪੁਲਿਸ ਉਤੇ ਨਸ਼ੇ ਅਤੇ ਨਾਜਾਇਜ਼ ਮਾਈਨਿੰਗ ਦੇ ਖਾਤਮੇ ਨੂੰ ਲੈ ਕੇ ਕਿਸੇ ਤਰ੍ਹਾਂ ਦਾ ਕੋਈ ਦਬਾਅ ਨਹੀਂ ਹੈ।

## ਕੇਂਦਰ ਨੇ ਪੰਜਾਬ ਨੂੰ ਜੀ.ਐਸ.ਟੀ. ਦਾ ਬਕਾਇਆ ਮੋੜਿਆ

**ਚੰਡੀਗੜ੍ਹ:** ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਜੁਲਾਈ 2017 ਤੋਂ ਮਾਰਚ 2022 ਦੀ ਮਿਆਦ ਲਈ ਵਸਤੂਆਂ ਅਤੇ ਸੇਵਾਵਾਂ ਕਰ (ਜੀ.ਐਸ.ਟੀ.) ਦੇ ਅਧੀਨ ਬਕਾਇਆ ਭਾਰਤ ਸਰਕਾਰ ਤੋਂ ਪੰਜਾਬ ਨੂੰ 3,670.64 ਕਰੋੜ ਰੁਪਏ ਪ੍ਰਾਪਤ ਹੋ ਗਏ ਹਨ। ਚੇਤੇ ਰਹੇ ਕਿ ਜੀ.ਐਸ.ਟੀ. ਦੇ ਬਕਾਏ ਪਏ ਮੁਆਵਜ਼ੇ ਦਾ ਕਾਫ਼ੀ ਸਮੇਂ ਤੋਂ ਰੇੜਕਾ ਬਣਿਆ ਹੋਇਆ ਸੀ ਅਤੇ ਹੁਣ ਇਹ ਮੁਆਵਜ਼ਾ ਰਾਸ਼ੀ ਪੰਜਾਬ ਦੇ ਖ਼ਜ਼ਾਨੇ ਨੂੰ ਠੁੰਮ੍ਹਣਾ ਦੇਵੇਗੀ। ਚੀਮਾ ਨੇ ਦੱਸਿਆ ਕਿ ਜੀ.ਐਸ.ਟੀ. ਅਧੀਨ ਮੁਆਵਜ਼ੇ ਦੀ ਮਿਆਦ 30 ਜੂਨ, 2022 ਨੂੰ ਖ਼ਤਮ ਹੋ ਗਈ ਸੀ ਹਾਲਾਂਕਿ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਕੋਲ ਬਕਾਇਆ ਜੀ.ਐਸ.ਟੀ. ਮੁਆਵਜ਼ੇ ਦਾ ਮੁੱਦਾ ਉਠਾਇਆ ਸੀ। ਆਖ਼ਰ ਭਾਰਤ ਸਰਕਾਰ ਨੇ ਜੁਲਾਈ, 2017 ਤੋਂ ਮਾਰਚ, 2022 ਦੀ ਮਿਆਦ ਦੇ ਬਕਾਇਆ ਮੁਆਵਜ਼ੇ ਵਜੋਂ ਰਾਜ ਨੂੰ 3,670.64 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਲਈ ਅੱਜ ਮਨਜ਼ੂਰੀ ਦੇ ਹੁਕਮ ਦਿੱਤੇ ਹਨ। ਸ੍ਰੀ ਚੀਮਾ ਨੇ ਮੁਆਵਜ਼ਾ ਰਾਸ਼ੀ ਜਾਰੀ ਕਰਨ ਲਈ ਕੇਂਦਰੀ ਵਿੱਤ ਮੰਤਰੀ ਦਾ ਧੰਨਵਾਦ ਕੀਤਾ। ਵਿੱਤ ਮੰਤਰੀ ਨੇ ਦੱਸਿਆ ਕਿ ਆਬਕਾਰੀ ਤੇ ਕਰ ਵਿਭਾਗ ਨੇ ਇਹ ਪ੍ਰਾਪਤੀ ਵਿੱਤ ਕਮਿਸ਼ਨਰ ਕਰ ਵਿਕਾਸ ਪ੍ਰਤਾਪ ਅਤੇ ਕਮਿਸ਼ਨਰ ਕਰ ਅਰਸ਼ਦੀਪ ਸਿੰਘ ਥਿੰਦ ਦੀ ਸਿੱਧੀ ਨਿਗਰਾਨੀ ਅਤੇ ਰਹਿਨੁਮਾਈ ਹੇਠ ਕੀਤੀ ਹੈ। ਉਨ੍ਹਾਂ ਵਧੀਕ ਕਮਿਸ਼ਨਰ (ਆਡਿਟ) ਰਵਨੀਤ ਸਿੰਘ ਖੁਰਾਣਾ ਅਤੇ ਡੀ.ਸੀ.ਐਫ.ਏ. ਹਰਪ੍ਰੀਤ ਕੌਰ ਵੱਲੋਂ ਕੀਤੇ ਗਏ ਯਤਨਾਂ ਦਾ ਵਿਸ਼ੇਸ਼ ਤੌਰ ਉਤੇ ਜ਼ਿਕਰ ਕੀਤਾ।

# ਸਿਵਲ ਸਕੱਤਰੇਤ: ਕਲਰਕਾਂ ਦੀਆਂ ਅਸਾਮੀਆਂ ਭਰਨ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੰਤਰੀ ਮੰਡਲ ਦੀ ਮੀਟਿੰਗ ਵਿਚ ਆਮ ਰਾਜ ਪ੍ਰਬੰਧ ਵਿਭਾਗ, ਸਿਵਲ ਸਕੱਤਰੇਤ ਚੰਡੀਗੜ੍ਹ ਵਿਚ ਕਲਰਕ ਕੇਡਰ ਦੀਆਂ 106 ਅਸਾਮੀਆਂ ਭਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਮੰਤਰੀ ਮੰਡਲ ਨੇ 481 ਵੈਟਰਨਰੀ ਫਾਰਮਾਸਿਸਟਾਂ ਦੀਆਂ ਸੇਵਾਵਾਂ 'ਚ ਇਕ ਸਾਲ ਦਾ ਵਾਧਾ ਕਰਨ ਸਮੇਤ ਸੂਬੇ ਦੇ ਪੰਜ ਸ਼ਹਿਰਾਂ ਵਿਚ ਮੈਡੀਕਲ ਕਾਲਜਾਂ ਦੇ ਨਿਰਮਾਣ ਲਈ ਢੁਕਵਾਂ ਢਾਂਚਾ ਕਾਇਮ ਕਰਨ ਦੇ ਵੀ ਆਦੇਸ਼ ਦਿੱਤੇ ਹਨ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਤੇ ਅਮਨ ਅਰੋੜਾ ਨੇ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਨ੍ਹਾਂ ਅਸਾਮੀਆਂ 'ਤੇ ਭਰਤੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਦਾ ਕੰਮਕਾਜ ਸੁਚਾਰੂ ਤਰੀਕੇ ਨਾਲ ਚੱਲ ਸਕੇਗਾ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ ਪਸ਼ੂਆਂ ਲਈ ਵਧੀਆ ਸਿਹਤ ਸੰਭਾਲ ਸਹੂਲਤਾਂ ਦੇਣ ਲਈ 582 ਵੈਟਰਨਰੀ ਹਸਪਤਾਲਾਂ 'ਚ ਕੰਮ ਕਰ ਰਹੇ 481 ਵੈਟਰਨਰੀ ਫਾਰਮਾਸਿਸਟਾਂ ਦੀਆਂ ਸੇਵਾਵਾਂ 'ਚ ਇਕ ਸਾਲ ਦਾ ਵਾਧਾ ਕਰ ਦਿੱਤਾ ਹੈ। ਇਨ੍ਹਾਂ ਨੂੰ ਫਾਰਮਾਸਿਸਟ ਸਰਵਿਸ ਪ੍ਰੋਵਾਈਡਰ ਵਜੋਂ ਪਹਿਲੀ ਅਪਰੈਲ 2023 ਤੋਂ 31 ਮਾਰਚ 2024 ਤੱਕ ਇਕ ਸਾਲ ਲਈ ਵਾਧਾ ਕਰਨ ਦੀ ਸਹਿਮਤੀ ਦਿੱਤੀ ਗਈ ਹੈ।

ਕੈਬਨਿਟ ਨੇ ਮੁਹਾਲੀ, ਕਪੂਰਥਲਾ, ਹੁਸ਼ਿਆਰਪੁਰ, ਮਾਲੇਰਕੋਟਲਾ ਤੇ ਸੰਗਰੂਰ 'ਚ ਬਣਨ ਵਾਲੇ ਮੈਡੀਕਲ ਕਾਲਜਾਂ ਲਈ ਢੁਕਵਾਂ ਢਾਂਚਾ ਕਾਇਮ ਕਰਨ ਦੀ ਪ੍ਰਵਾਨਗੀ ਦਿੱਤੀ ਹੈ। ਇਸ ਤੋਂ ਇਲਾਵਾ ਲੀਗਲ ਤੇ ਲੈਜਿਸਲੇਟਿਵ ਮਾਮਲੇ (ਗਰੁੱਪ ਬੀ) ਸੇਵਾ ਨਿਯਮ 2023 ਬਣਾਉਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਵਿਭਾਗ 'ਚ ਨਵੀਂ ਭਰਤੀ ਪ੍ਰਕਿਰਿਆ 'ਚ ਸਹੂਲਤ ਹੋਵੇਗੀ।

ਕੈਬਨਿਟ ਨੇ ਸੂਬੇ ਦੀਆਂ ਸਾਰੀਆਂ ਦੀਆਂ ਸਾਰੀਆਂ ਜੇਲ੍ਹਾਂ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ 9 ਕੈਦੀਆਂ ਵਿਚੋਂ ਪੰਜ ਕੈਦੀਆਂ ਦੀ ਅਗਾਊਂ ਰਿਹਾਈ ਦੀ ਮੰਗ ਕਰਨ ਵਾਲੇ ਕੇਸ ਭੇਜਣ ਦੀ ਸਹਿਮਤੀ ਦਿੱਤੀ, ਜਦੋਂ ਕਿ ਚਾਰ ਕੇਸ ਰੱਦ ਕਰ ਦਿੱਤੇ ਗਏ। ਇਹ ਕੇਸ ਪ੍ਰਵਾਨਗੀ ਲਈ ਰਾਜਪਾਲ ਨੂੰ ਭੇਜੇ ਜਾਣਗੇ।

# ਨਸ਼ੀਲੇ ਪਦਾਰਥ: ਡੀ.ਜੀ.ਪੀ. ਤੇ ਗ੍ਰਹਿ ਸਕੱਤਰ ਹਾਈ ਕੋਰਟ 'ਚ ਪੇਸ਼

**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਅਤੇ ਗ੍ਰਹਿ ਸਕੱਤਰ ਗੁਰਕੀਰਤ ਕ੍ਰਿਪਾਲ ਸਿੰਘ ਇਥੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਬੈਂਚ ਅੱਗੇ ਪੇਸ਼ ਹੋਏ।

ਅਦਾਲਤ ਨੇ ਨਸ਼ੀਲੇ ਪਦਾਰਥਾਂ ਨਾਲ ਜੁੜੇ ਮਾਮਲਿਆਂ ਵਿਚ ਇਸਤਗਾਸਾ ਧਿਰ ਦੇ ਗਵਾਹਾਂ ਦੀ ਗੈਰਹਾਜ਼ਰੀ ਕਾਰਨ ਸੁਣਵਾਈ ਵਿਚ ਦੇਰੀ ਹੋਣ ਕਾਰਨ ਨਾਰਾਜ਼ਗੀ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਨੂੰ ਤਲਬ ਕੀਤਾ ਸੀ। ਇਸ ਕੇਸ ਦੇ ਪਟੀਸ਼ਨਰ ਮੁਕਤਸਰ ਜ਼ਿਲ੍ਹਾ ਵਾਸੀ ਅਰਸ਼ਦੀਪ ਸਿੰਘ ਦੇ ਵਕੀਲ ਬੀ.ਐਸ. ਔਲਖ ਨੇ ਦੱਸਿਆ ਕਿ ਜਸਟਿਸ ਮੰਜਰੀ ਨਹਿਰੂ ਕੌਲ ਨੇ ਡੀ.ਜੀ.ਪੀ. ਗੌਰਵ ਯਾਦਵ ਨੂੰ ਕਿਹਾ ਕਿ ਨਸ਼ੀਲੇ ਪਦਾਰਥਾਂ ਦੇ ਮਾਮਲਿਆਂ ਬਾਰੇ ਬੀਤੇ ਦੋ ਸਾਲਾਂ ਵਿਚ ਜਿਹੜੇ ਪਰਚੇ ਦਰਜ ਹੋਏ ਹਨ, ਉਨ੍ਹਾਂ ਵਿਚ ਗਵਾਹਾਂ ਦੇ ਪੇਸ਼ ਹੋਣ ਬਾਰੇ ਵੇਰਵੇ ਦਿੰਦੇ ਹੋਏ ਹਲਫ਼ਨਾਮਾ ਦਾਇਰ ਕੀਤਾ ਜਾਵੇ।



ਸ੍ਰੀ ਔਲਖ ਨੇ ਕੇਸ ਦੀ ਸੁਣਵਾਈ ਮਗਰੋਂ ਕਿਹਾ ਕਿ ਅਦਾਲਤ ਨੇ ਡੀ.ਜੀ.ਪੀ. ਨੂੰ ਇਹ ਵੀ ਦੱਸਣ ਲਈ ਕਿਹਾ ਕਿ ਜਿਹੜੇ ਗਵਾਹ ਪੇਸ਼ ਨਹੀਂ ਹੋਏ, ਉਨ੍ਹਾਂ ਬਾਰੇ ਕਾਰਨ ਸਪੱਸ਼ਟ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਅਰਸ਼ਦੀਪ ਸਿੰਘ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿਚ ਪਿਛਲੇ ਤਿੰਨ ਸਾਲਾਂ ਤੋਂ ਹਿਰਾਸਤ ਵਿਚ ਹੈ। ਉਸ ਨੇ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਹੈ।

ਅਰਸ਼ਦੀਪ ਤੋਂ 1500 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਸਨ। ਵਕੀਲ ਅਨੁਸਾਰ ਅਰਸ਼ਦੀਪ ਨੂੰ ਪਹਿਲੀ ਸਤੰਬਰ, 2020 ਵਿਚ ਹਿਰਾਸਤ 'ਚ ਲਿਆ ਗਿਆ ਸੀ ਤੇ ਅਗਸਤ, 2021 ਵਿਚ ਦੋਸ਼ ਆਇਦ ਕੀਤੇ ਗਏ ਸਨ।

ਵਕੀਲ ਨੇ ਇਹ ਵੀ ਕਿਹਾ ਕਿ ਵਿਰੋਧੀ ਧਿਰ ਦੇ 20 ਗਵਾਹਾਂ ਵਿਚੋਂ ਹੁਣ ਤਕ ਸਿਰਫ ਇਕ ਤੋਂ ਹੀ ਪੁੱਛਗਿੱਛ ਕੀਤੀ ਗਈ ਹੈ।

# ਪੰਚਾਇਤੀ ਚੋਣਾਂ ਤੋਂ ਪਹਿਲਾਂ ਆਪਣਾ ਕੱਦ ਨਾਪੇਗੀ 'ਆਪ' ਸਰਕਾਰ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜ ਨਗਰ ਨਿਗਮਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਫਗਵਾੜਾ ਦੀਆਂ ਚੋਣਾਂ 15 ਨਵੰਬਰ ਤੱਕ ਕਰਾਉਣ ਦਾ ਫੈਸਲਾ ਕੀਤਾ ਹੈ। ਸਥਾਨਕ ਸਰਕਾਰਾਂ ਵਿਭਾਗ ਨੇ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਦੇ ਨਾਲ ਹੀ ਪੰਜ ਨਿਗਮਾਂ ਦੀਆਂ ਚੋਣਾਂ ਦੀ ਤਿਆਰੀ ਦਾ ਕੰਮ ਸ਼ੁਰੂ ਹੋ ਗਿਆ ਹੈ।

ਸਥਾਨਕ ਸਰਕਾਰਾਂ ਵਿਭਾਗ ਨੇ ਚੋਣਾਂ ਕਰਾਉਣ ਬਾਰੇ ਰਸਮੀ ਪੱਤਰ ਰਾਜ ਚੋਣ ਕਮਿਸ਼ਨ ਨੂੰ ਭੇਜ ਦਿੱਤਾ ਹੈ। ਇਸ ਫ਼ੈਸਲੇ ਤੋਂ ਸਾਫ਼ ਹੈ ਕਿ 'ਆਪ' ਸਰਕਾਰ ਪੰਚਾਇਤੀ ਚੋਣਾਂ ਤੋਂ ਪਹਿਲਾਂ ਨਗਰ ਨਿਗਮਾਂ ਦੀਆਂ ਚੋਣਾਂ ਵਿਚ ਆਪਣਾ ਸਿਆਸੀ ਕੱਦ ਨਾਪੇਗੀ। ਅੰਮ੍ਰਿਤਸਰ, ਪਟਿਆਲਾ, ਜਲੰਧਰ ਅਤੇ ਲੁਧਿਆਣਾ ਦੇ ਮੇਅਰਾਂ ਅਤੇ ਕੌਂਸਲਰਾਂ ਦੀ ਮਿਆਦ ਇਸ ਸਾਲ ਜਨਵਰੀ ਵਿਚ ਖ਼ਤਮ ਹੋ ਚੁੱਕੀ ਹੈ ਜਦਕਿ ਫਗਵਾੜਾ ਨਗਰ ਨਿਗਮ ਦੇ ਹੋਂਦ ਵਿਚ ਆਉਣ ਤੋਂ ਬਾਅਦ ਉਥੇ ਚੋਣ ਹੋਈ ਨਹੀਂ ਹੈ। ਸੂਬਾ ਸਰਕਾਰ ਨੇ ਇਨ੍ਹਾਂ ਨਿਗਮਾਂ ਵਿਚ ਵਾਰਡਬੰਦੀ ਆਦਿ ਦਾ ਕੰਮ ਮੁਕੰਮਲ ਕਰ ਲਿਆ ਹੈ। ਸੂਤਰਾਂ ਮੁਤਾਬਕ ਚੋਣਾਂ ਕਰਾਉਣ ਲਈ 15 ਨਵੰਬਰ ਤੱਕ ਦਾ ਸਮਾਂ ਬਹੁਤ ਥੋੜਾ ਹੈ ਅਤੇ ਦੇਖਣਾ ਹੋਵੇਗਾ ਕਿ ਰਾਜ ਚੋਣ ਕਮਿਸ਼ਨ ਇਸ 'ਤੇ ਕੀ ਫ਼ੈਸਲਾ ਲੈਂਦਾ ਹੈ।

ਜਲੰਧਰ ਜ਼ਿਮਨੀ ਚੋਣ ਮਗਰੋਂ 'ਆਪ' ਸਰਕਾਰ ਲਈ ਇਹ ਨਿਗਮ ਚੋਣਾਂ ਪ੍ਰੀਖਿਆ ਬਣਨਗੀਆਂ। ਪਿਛਲੇ ਦਿਨਾਂ ਵਿਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਵਿਚ 'ਸਰਕਾਰ-ਸਨਅਤਕਾਰ ਮਿਲਣੀ' ਪ੍ਰੋਗਰਾਮ ਕਰਕੇ ਇਨ੍ਹਾਂ ਚੋਣਾਂ ਵਾਸਤੇ ਜ਼ਮੀਨ ਤਿਆਰ ਕੀਤੀ ਸੀ। 'ਆਪ' ਵੱਲੋਂ ਵੱਡੇ ਸ਼ਹਿਰਾਂ ਵਿਚ ਚੋਣਾਂ ਦੀ ਤਿਆਰੀ ਵਜੋਂ ਟੀਮਾਂ ਦਾ ਗਠਨ ਕੀਤਾ ਜਾ ਚੁੱਕਾ ਹੈ। ਦੇਖਿਆ ਜਾਵੇ ਤਾਂ 34 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀ ਮਿਆਦ ਵੀ ਦਸੰਬਰ 2022 ਅਤੇ ਫਰਵਰੀ 2023 ਦਰਮਿਆਨ ਖ਼ਤਮ ਹੋ ਚੁੱਕੀ ਹੈ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਚੋਣਾਂ ਦੇ ਨਾਲ ਹੀ 39 ਨਗਰ ਕੌਂਸਲਾਂ ਦੀਆਂ ਚੋਣਾਂ ਵੀ ਕਰਵਾਈਆਂ ਜਾ ਰਹੀਆਂ ਹਨ ਜਿਨ੍ਹਾਂ ਸਬੰਧੀ ਪਹਿਲਾਂ ਹੀ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਚੁੱਕਾ ਹੈ। ਦਿੜ੍ਹਬਾ ਅਤੇ ਖਨੌਰੀ ਦੀ ਕਮੇਟੀ 'ਤੇ ਅਦਾਲਤੀ ਰੋਕ ਲੱਗੀ ਹੋਈ ਹੈ। ਜੇਕਰ ਨਗਰ ਨਿਗਮਾਂ ਦੀਆਂ ਚੋਣਾਂ 15 ਨਵੰਬਰ ਤੱਕ ਸੰਭਵ ਹੁੰਦੀਆਂ ਹਨ ਤਾਂ ਉਸ ਤੋਂ ਬਾਅਦ ਪੰਚਾਇਤੀ ਚੋਣਾਂ ਦਾ ਕੰਮ ਸ਼ੁਰੂ ਹੋਣ ਦੀ ਸੰਭਾਵਨਾ ਹੈ ਕਿਉਂਕਿ ਸਰਕਾਰ ਪਹਿਲਾਂ ਹੀ ਪੰਚਾਇਤੀ ਚੋਣਾਂ 31 ਦਸੰਬਰ ਤੱਕ ਕਰਾਉਣ ਦਾ ਫ਼ੈਸਲਾ ਕਰ ਚੁੱਕੀ ਹੈ।

# ਨਵਿਆਉਣਯੋਗ ਊਰਜਾ ਦੀ ਹਿੱਸੇਦਾਰੀ 30% ਤੱਕ ਵਧੇਗੀ



**ਚੰਡੀਗੜ੍ਹ:** ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ 'ਊਰਜਾ ਕੁਸ਼ਲਤਾ ਲਈ ਨਿਵੇਸ਼ ਬਾਜ਼ਾਰ' ਵਿਸ਼ੇ 'ਤੇ ਕਰਵਾਈ ਇਕ ਰੋਜ਼ਾ ਕਾਨਫਰੰਸ-ਕਮ-ਪ੍ਰਦਰਸ਼ਨੀ ਦਾ ਉਦਘਾਟਨ ਕੀਤਾ, ਜਿਸ ਦਾ ਉਦੇਸ਼ ਊਰਜਾ ਕੁਸ਼ਲਤਾ ਪ੍ਰੋਜੈਕਟਾਂ ਨਾਲ ਸਬੰਧਤ ਉਦਯੋਗਾਂ ਅਤੇ ਐਮ.ਐਸ.ਐਮਈਜ਼ ਵਿਚ ਨਿਵੇਸ਼ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ-ਚਰਚਾ ਕਰਨਾ ਸੀ। ਸ੍ਰੀ ਅਰੋੜਾ ਨੇ ਦੱਸਿਆ ਕਿ ਪੰਜਾਬ ਵਿਜ਼ਨ ਡਾਕੂਮੈਂਟ 2030 ਰਣਨੀਤੀ ਤਹਿਤ ਸੂਬੇ ਵੱਲੋਂ ਨਵਿਆਉਣਯੋਗ ਊਰਜਾ ਦੀ ਹਿੱਸੇਦਾਰੀ ਸਾਲ 2030 ਤੱਕ ਮੌਜੂਦਾ 15 ਫੀਸਦ ਤੋਂ 30 ਫੀਸਦ ਤੱਕ ਵਧਾਉਣ ਲਈ ਸਰਗਰਮੀ ਨਾਲ ਸੁਹਿਰਦ ਯਤਨ ਕੀਤੇ ਜਾ ਰਹੇ ਹਨ। ਇਸ ਵਿਜ਼ਨ ਤਹਿਤ ਨਾ ਸਿਰਫ਼ ਊਰਜਾ ਪੈਦਾ ਕਰਨ ਵੱਲ ਧਿਆਨ ਦਿੱਤਾ ਜਾ ਰਿਹਾ ਹੈ, ਸਗੋਂ ਵੱਖ-ਵੱਖ ਖੇਤਰਾਂ ਵਿਚ ਊਰਜਾ ਦੀ ਮੰਗ ਸਬੰਧੀ ਢੁਕਵੇਂ ਕਦਮ ਚੁੱਕਣ ਉਤੇ ਵੀ ਜੋਰ ਦਿੱਤਾ ਜਾ ਰਿਹਾ ਹੈ। ਪੇਡਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਡਾ. ਅਮਰਪਾਲ ਸਿੰਘ ਨੇ ਕਿਹਾ ਕਿ ਸਵੱਛ ਅਤੇ ਕਾਰਬਨ ਦੀ ਘੱਟ ਨਿਕਾਸੀ ਵਾਲੇ ਉਪਾਅ ਲਾਗੂ ਕਰਨ ਅਤੇ ਨਵਿਆਉਣਯੋਗ ਖਰੀਦ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਦੇਸ਼ ਵਿਚ ਊਰਜਾ ਤਬਦੀਲੀ 'ਚ ਮੋਹਰੀ ਭੂਮਿਕਾ ਨਿਭਾਉਣ ਵਾਸਤੇ ਪੰਜਾਬ ਦੇ ਨਾਮ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਬਿਜਲੀ ਮੰਤਰਾਲੇ ਅਧੀਨ ਊਰਜਾ ਕੁਸ਼ਲਤਾ ਬਿਊਰੋ ਦੇ ਜੁਆਇੰਟ ਡਾਇਰੈਕਟਰ ਸ਼ਿਆਮ ਸੁੰਦਰ ਨੇ ਸੂਬੇ ਵਿਚ ਊਰਜਾ ਕੁਸ਼ਲਤਾ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਉਦਯੋਗਾਂ ਅਤੇ ਐਮ.ਐਸ.ਐਮ.ਈਜ਼ ਦੀ ਮਹੱਤਤਾ ਅਤੇ ਸ਼ਮੂਲੀਅਤ ਅਤੇ ਕਾਨਫਰੰਸ ਦੇ ਉਦੇਸ਼ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਨਾਲ ਸੂਬੇ ਦੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ। ਉਨ੍ਹਾਂ ਨਾਲ ਹੀ ਇਹ ਸੁਝਾਅ ਦਿੱਤਾ ਕਿ ਬੈਂਕਾਂ/ਵਿੱਤੀ ਸੰਸਥਾਵਾਂ ਨੂੰ ਰਾਜ ਵਿਚ ਅਜਿਹੇ ਪ੍ਰੋਜੈਕਟਾਂ ਵਾਸਤੇ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ। ਪੇਡਾ ਦੇ ਡਾਇਰੈਕਟਰ ਐੱਮਪੀ ਸਿੰਘ ਨੇ ਕਿਹਾ ਕਿ ਪੇਡਾ ਵੱਲੋਂ ਸਾਫ-ਸੁਥਰੀ ਅਤੇ ਕਾਰਬਨ ਦੀ ਘੱਟ ਨਿਕਾਸੀ ਵਾਲੀ ਊਰਜਾ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਊਰਜਾ ਖੇਤਰ ਦੀਆਂ ਰਣਨੀਤੀਆਂ ਨੂੰ ਕਾਰਬਨ ਦੀ ਘੱਟ ਨਿਕਾਸੀ ਵਾਲੇ ਪ੍ਰਭਾਵੀ ਉਪਾਵਾਂ ਵਿਚ ਬਦਲਣ ਲਈ ਠੋਸ ਯਤਨ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਇਲੈਕਟ੍ਰਿਕ ਵਾਹਨਾਂ ਅਤੇ ਹਾਈਡ੍ਰੋਜਨ ਵਰਗੀਆਂ ਨਵੀਆਂ ਤਕਨੀਕਾਂ ਦੇ ਸੰਭਾਵੀ ਪ੍ਰਵੇਸ਼ ਦਾ ਮੁਲਾਂਕਣ ਕਰਨ ਦੀ ਲੋੜ ਹੈ, ਜੋ ਟਰਾਂਸਪੋਰਟ ਅਤੇ ਉਦਯੋਗ ਵਿਚ ਊਰਜਾ ਦੀ ਮੰਗ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਇਹ ਹਾਨੀਕਾਰਕ ਗੈਸਾਂ ਦੀ ਨਿਕਾਸੀ ਨੂੰ ਘਟਾਉਣ ਵਿਚ ਮਹੱਤਵਪੂਰਨ ਯੋਗਦਾਨ ਪਾ ਸਕਦੀਆਂ ਹਨ।

# ਅਫਸਰਾਂ ਨਾਲ ਮਿਲ ਕੇ ਸੌ ਕਰੋੜ ਦਾ ਘਪਲਾ ਕਰ ਗਏ ਸਰਪੰਚ




**ਚੰਡੀਗੜ੍ਹ:** ਲੁਧਿਆਣਾ ਪੰਚਾਇਤ ਫੰਡ ਗਬਨ ਨਾਲ ਜੁੜਿਆ ਘੁਟਾਲਾ 100 ਕਰੋੜ ਰੁਪਏ ਤੋਂ ਕਿਤੇ ਵੱਡਾ ਹੈ। ਇਹ ਖੁਲਾਸਾ ਸਰਕਾਰ ਦੀ ਜਾਂਚ ਰਿਪੋਰਟ ਤੋਂ ਹੋਇਆ ਹੈ। ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਸੌਂਪੀ ਰਿਪੋਰਟ ਮੁਤਾਬਕ ਸਰਪੰਚਾਂ ਨੇ ਅਧਿਕਾਰੀਆਂ ਤੇ ਠੇਕੇਦਾਰਾਂ ਦੀ ਮਿਲੀਭੁਗਤ ਨਾਲ ਪੰਚਾਇਤਾਂ ਦੇ ਖਾਤਿਆਂ ਵਿਚੋਂ 120.87 ਕਰੋੜ ਰੁਪਏ ਦੀ ਰਾਸ਼ੀ ਕਢਵਾਈ।

ਇਸ ਤੋਂ ਪਹਿਲਾਂ ਵਿਭਾਗ ਨੇ ਪੰਚਾਇਤਾਂ ਦੇ 100 ਕਰੋੜ ਰੁਪਏ ਖੁਰਦ ਬੁਰਦ ਹੋਣ ਦਾ ਦਾਅਵਾ ਕੀਤਾ ਸੀ। ਸੋਲਾਂ ਸਫ਼ਿਆਂ ਦੀ ਰਿਪੋਰਟ ਵਿਚ ਇਸ ਨੂੰ 'ਅਣਅਧਿਕਾਰਤ ਖਰਚਾ' ਦੱਸਦਿਆਂ, ਇਸ ਲਈ ਚਾਰ ਬੀ.ਡੀ.ਪੀ.ਓ'ਜ, 6 ਪੰਚਾਇਤ ਸਕੱਤਰਾਂ, 6 ਸਰਪੰਚਾਂ ਤੇ ਇਕ ਕਾਰਜਕਾਰੀ ਸਰਪੰਚ ਸਣੇ ਕੁਝ ਵਿਭਾਗੀ ਅਧਿਕਾਰੀਆਂ ਨੂੰ ਜ਼ਿੰਮੇਵਾਰ ਦੱਸਿਆ ਗਿਆ ਹੈ। ਸਥਾਨਕ ਅਧਿਕਾਰੀਆਂ ਤੇ ਪੰਚਾਇਤਾਂ ਵੱਲੋਂ ਜਾਂਚ ਸਬੰਧੀ ਰਿਕਾਰਡ ਦੇਣ ਤੋਂ ਨਾਂਹ ਨੁਕਰ ਕੀਤੇ ਜਾਣ ਕਰਕੇ ਰਿਪੋਰਟ ਵਿਚ ਸਿਫਾਰਸ਼ ਕੀਤੀ ਗਈ ਹੈ ਕਿ 120.87 ਕਰੋੜ ਰੁਪਏ ਦੀ ਰਾਸ਼ੀ ਪੰਚਾਇਤਾਂ ਦੇ ਖਾਤਿਆਂ ਵਿਚੋਂ ਪੈਸਾ ਕਢਵਾਉਣ ਵਾਲੇ ਅਧਿਕਾਰੀਆਂ ਤੇ ਸਰਪੰਚਾਂ ਤੋਂ ਵਸੂਲੀ ਜਾਵੇ। ਰਿਪੋਰਟ ਵਿਚ ਪੰਜਾਬ ਵਿਜੀਲੈਂਸ ਬਿਊਰੋ ਨੂੰ ਕੇਸ ਸੌਂਪਣ ਦੀ ਸਿਫਾਰਸ਼ ਵੀ ਕੀਤੀ ਗਈ ਹੈ। ਇਹ ਮਾਮਲਾ ਲੁਧਿਆਣਾ ਜ਼ਿਲ੍ਹੇ ਦੇ ਛੇ ਪਿੰਡਾਂ-ਸਲੇਮਪੁਰ, ਸਲਕਿਆਣਾ, ਬੌਂਕਰ, ਗੁੱਜਰਾਂ, ਕੜਿਆਣਾ ਖੁਰਦ ਤੇ ਧਨਾਨਸੂ- ਨਾਲ ਸਬੰਧਤ ਹੈ, ਜਿੱਥੇ 2016-17 ਤੇ 2020-21 ਦੌਰਾਨ ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਿਟੀ (ਗਲਾਡਾ) ਤੇ ਪੀ.ਐਸ.ਆਈ.ਈ.ਸੀ. ਵੱਲੋਂ ਸਾਈਕਲ ਵੈਲੀ ਪ੍ਰੋਜੈਕਟ ਲਈ ਇਨ੍ਹਾਂ ਪਿੰਡਾਂ ਦੀ 986 ਏਕੜ ਜ਼ਮੀਨ ਐਕੁਆਇਰ ਕਰਨ ਵਾਸਤੇ ਪੰਚਾਇਤਾਂ ਨੂੰ 242 ਕਰੋੜ ਰੁਪਏ ਮਿਲੇ ਸਨ। ਨੇਮਾਂ ਮੁਤਾਬਕ ਇਹ ਪੈਸਾ ਜ਼ਮੀਨ ਖਰੀਦਣ ਜਾਂ ਪੰਚਾਇਤਾਂ ਦੇ ਬੈਂਕ ਖਾਤਿਆਂ ਵਿਚ ਫਿਕਸਡ ਡਿਪਾਜ਼ਿਟ (ਐਫ.ਡੀ.) ਵਜੋਂ ਰੱਖਿਆ ਜਾਣਾ ਚਾਹੀਦਾ ਸੀ, ਪਰ ਇਹ ਪੈਸਾ ਗੈਰਕਾਨੂੰਨੀ ਢੰਗ ਨਾਲ ਖਾਤਿਆਂ ਵਿਚੋਂ ਕੱਢ ਕੇ ਸ਼ੱਕੀ ਕੰਮਾਂ 'ਤੇ ਖਰਚਿਆ ਗਿਆ।

# ਰਿਪੋਰਟ 'ਚ ਦਾਅਵਾ: ਗਿਆਸਪੁਰਾ ਗੈਸ ਕਾਂਡ ਦੇ ਅਸਲ ਕਾਰਨ ਲੱਭਣੇ ਔਖੇ



**ਲੁਧਿਆਣਾ:** ਦਿ ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਦੀ ਜਾਂਚ ਕਮੇਟੀ ਨੇ ਗਿਆਸਪੁਰਾ ਗੈਸ ਲੀਕ ਮਾਮਲੇ 'ਤੇ ਆਪਣੀ ਰਿਪੋਰਟ 'ਚ ਦਾਅਵਾ ਕੀਤਾ ਕਿ ਗੈਸ ਲੀਕ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਾਉਣਾ ਬਹੁਤ ਮੁਸ਼ਕਲ ਹੈ ਕਿਉਂਕਿ ਇਸ ਪੜਾਅ 'ਤੇ ਉਨ੍ਹਾਂ ਹਾਲਾਤ ਨੂੰ ਦੁਹਰਾਇਆ ਨਹੀਂ ਜਾ ਸਕਦਾ। ਇਸ ਘਟਨਾ ਦੀ ਜਾਂਚ ਲਈ ਅੱਠ ਮੈਂਬਰੀ ਟੀਮ ਬਣਾਈ ਗਈ ਸੀ, ਜਿਸ ਦੀ ਅਗਵਾਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਆਦਰਸ਼ ਪਾਲ ਵਿੱਗ ਨੇ ਕੀਤੀ ਸੀ।

ਇਸ ਕਮੇਟੀ ਨੇ ਪੰਜ ਮਹੀਨੇ ਦੀ ਜਾਂਚ ਉਪਰੰਤ 397 ਪੰਨਿਆਂ ਦੀ ਰਿਪੋਰਟ 11 ਅਕਤੂਬਰ ਨੂੰ ਐਨ.ਜੀ.ਟੀ. ਨੂੰ ਸੌਂਪ ਦਿੱਤੀ ਹੈ। ਜ਼ਿਕਰਯੋਗ ਹੈ ਕਿ 30 ਅਪਰੈਲ ਨੂੰ ਸਵੇਰੇ ਗਿਆਸਪੁਰਾ ਦੇ 33 ਫੁੱਟਾ ਰੋਡ 'ਤੇ ਸੀਵਰੇਜ ਵਿਚੋਂ ਨਿਕਲੀ ਗੈਸ ਕਾਰਨ ਦੋ ਪਰਿਵਾਰਾਂ ਦੇ 11 ਮੈਂਬਰਾਂ ਦੀ ਮੌਤ ਹੋ ਗਈ ਸੀ। ਇੱਥੇ ਸੀਵਰੇਜ ਵਿਚੋਂ ਹਾਈਡਰੋਜਨ ਸਲਫਾਈਡ ਗੈਸ ਲੀਕ ਹੋਣ ਕਾਰਨ ਪੰਜ ਜਣੇ ਬਿਮਾਰ ਵੀ ਹੋ ਗਏ ਸਨ।

ਜਾਂਚ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵੱਖ-ਵੱਖ ਵਿਭਾਗਾਂ ਵਲੋਂ ਪੇਸ਼ ਕੀਤੇ ਗਏ ਤੱਥਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਘਟਨਾ ਸਥਾਨ ਦੇ ਸਾਹਮਣੇ ਸੀਵਰ ਦਾ ਖਾਸ ਹਿੱਸਾ ਅਪਸਟ੍ਰੀਮ ਅਤੇ ਡਾਊਨਸਟ੍ਰੀਮ ਪੁਆਇੰਟਾਂ ਦੇ ਨਾਲ ਬਾਕੀ ਸੀਵਰ ਲਾਈਨਾਂ ਦੇ ਮੁਕਾਬਲੇ ਕਾਫੀ ਗੈਰ-ਕੁਦਰਤੀ ਢੰਗ ਨਾਲ ਵਹਿ ਰਿਹਾ ਸੀ।

ਅਜਿਹੇ ਵਿਚ ਕਈ ਕਾਰਕ ਜ਼ਿੰਮੇਵਾਰ ਹੋ ਸਕਦੇ ਹਨ। ਇਥੋਂ ਦਾ ਸੀਵਰ ਸਿਸਟਮ 20 ਸਾਲ ਪੁਰਾਣਾ ਹੈ ਜਿਸ ਦੀ ਬਣਤਰ ਵਿਚ ਵੀ ਕਈ ਬੇਨੇਮੀਆਂ ਸਾਹਮਣੇ ਆਈਆਂ ਹਨ, ਜਿਸ ਕਾਰਨ ਸੀਵਰ ਲਾਈਨ ਦੇ ਵਹਾਅ ਵਿਚ ਵੀ ਰੁਕਾਵਟਾਂ ਪੈਦਾ ਹੋ ਸਕਦੀਆਂ ਹਨ ਤੇ ਉਸ ਵੇਲੇ ਵੀ ਅਜਿਹੀ ਰੁਕਾਵਟ ਕਾਰਨ ਸੀਵਰੇਜ ਦੀ ਰਫਤਾਰ ਰੁਕ ਗਈ ਹੋਵੇਗੀ ਜਿਸ ਨਾਲ ਐਚ2ਐਸ ਗੈਸ ਪੈਦਾ ਹੋ ਸਕਦੀ ਹੈ ਜੋ ਗੈਸ ਲੀਕ ਹੋਣ ਦਾ ਇਕ ਕਾਰਕ ਹੋ ਸਕਦਾ ਹੈ।

# ਜ਼ਮੀਨ ਘੁਟਾਲਾ: ਵਿਜੀਲੈਂਸ ਨੇ ਦੋ ਅਫਸਰਾਂ ਖਿਲਾਫ ਸ਼ਿਕੰਜਾ ਕੱਸਿਆ




**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਸੈਰ ਸਪਾਟਾ ਵਿਭਾਗ ਦੀ ਗੋਆ 'ਚ ਸਥਿਤ ਜ਼ਮੀਨ ਦੇ ਸਸਤੇ ਭਾਅ ਪਟੇ ਉੱਤੇ ਦੇਣ ਦੇ ਮਾਮਲੇ ਵਿਚ ਸੂਬੇ ਦੀ ਇਕ ਮਹਿਲਾ ਆਈ.ਏ.ਐਸ. ਅਧਿਕਾਰੀ ਕੰਵਲਪ੍ਰੀਤ ਕੌਰ ਬਰਾੜ ਅਤੇ ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਸੰਜੇ ਕੁਮਾਰ ਨੂੰ ਵੀ ਲਪੇਟੇ 'ਚ ਲੈ ਲਿਆ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਉਕਤ ਦੋਹਾਂ ਅਧਿਕਾਰੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਉਣ ਲਈ ਵਿਜੀਲੈਂਸ ਨੇ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 17ਏ ਅਧੀਨ ਪ੍ਰਵਾਨਗੀ ਲਈ ਸਰਕਾਰ ਨੂੰ ਪੱਤਰ ਲਿਖ ਕੇ ਭੇਜ ਦਿੱਤਾ ਹੈ। ਇਨ੍ਹਾਂ ਦੋਹਾਂ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਲਈ ਸੂਬੇ ਦੇ ਪ੍ਰਸੋਨਲ ਵਿਭਾਗ ਵੱਲੋਂ ਪ੍ਰਵਾਨਗੀ ਦਿੱਤੀ ਜਾਣੀ ਹੈ।

ਵਿਜੀਲੈਂਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਮਾਮਲੇ ਵਿਚ, ਜਿਸ ਤਰ੍ਹਾਂ ਸਰਕਾਰ ਤੋਂ ਪ੍ਰਵਾਨਗੀ ਮੰਗੀ ਗਈ, ਉਸੇ ਤਰ੍ਹਾਂ ਦਾ ਮਾਮਲਾ ਇਨ੍ਹਾਂ ਦੋਹਾਂ ਅਧਿਕਾਰੀਆਂ ਦਾ ਹੈ। ਸ੍ਰੀਮਤੀ ਬਰਾੜ ਸੈਰ ਸਪਾਟਾ ਵਿਭਾਗ ਵਿਚ ਡਾਇਰੈਕਟਰ ਦੇ ਅਹੁਦੇ 'ਤੇ ਤਾਇਨਾਤ ਸਨ ਜਦਕਿ ਸੰਜੇ ਕੁਮਾਰ ਇਸ ਵਿਭਾਗ ਦੇ ਪ੍ਰਮੁੱਖ ਸਕੱਤਰ ਸਨ। ਸ੍ਰੀ ਕੁਮਾਰ ਫਰਵਰੀ 2022 ਵਿਚ ਸੇਵਾਮੁਕਤ ਹੋ ਗਏ ਸਨ।

ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੇਵਾਮੁਕਤੀ ਤੋਂ 2 ਸਾਲ ਦੇ ਅੰਦਰ-ਅੰਦਰ ਜੇਕਰ ਕਿਸੇ ਤਫ਼ਤੀਸ਼ੀ ਏਜੰਸੀ ਨੇ ਸਰਕਾਰ ਨਾਲ ਸਬੰਧਤ ਕਿਸੇ ਵਿੱਤੀ ਗੜਬੜੀ ਦੇ ਮਾਮਲੇ ਵਿਚ ਕਾਰਵਾਈ ਕਰਨੀ ਹੋਵੇ ਤਾਂ ਸਰਕਾਰ ਤੋਂ ਪ੍ਰਵਾਨਗੀ ਲੈਣੀ ਲਾਜ਼ਮੀ ਹੁੰਦੀ ਹੈ।

ਵਿਜੀਲੈਂਸ ਦੀ ਮੁਢਲੀ ਤਫ਼ਤੀਸ਼ ਦੌਰਾਨ ਇਹ ਤੱਥ ਸਾਹਮਣੇ ਆਏ ਸਨ ਕਿ ਗੋਆ ਵਿਚ ਸੈਰ ਸਪਾਟਾ ਵਿਭਾਗ ਦੀ ਤਕਰੀਬਨ 8 ਏਕੜ ਜ਼ਮੀਨ 15 ਸਾਲਾਂ ਲਈ 1 ਲੱਖ 13 ਹਜ਼ਾਰ ਰੁਪਏ ਮਹੀਨਾ ਦੇ ਹਿਸਾਬ ਨਾਲ ਪਟੇ 'ਤੇ ਦਿੱਤੀ ਗਈ ਸੀ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਜ਼ਮੀਨ ਨੂੰ ਪਟੇ 'ਤੇ ਦੇਣ ਮਾਮਲੇ ਵਿਚ ਉਕਤ ਦੋਹਾਂ ਆਈ.ਏ.ਐਸ. ਅਧਿਕਾਰੀਆਂ ਨੇ ਅਹਿਮ ਭੂਮਿਕਾ ਨਿਭਾਈ ਸੀ। ਇਸ ਲਈ ਸਰਕਾਰ ਵੱਲੋਂ ਪ੍ਰਵਾਨਗੀ ਦਿੱਤੇ ਜਾਣ ਤੋਂ ਬਾਅਦ ਅਗਲੀ ਕਾਰਵਾਈ ਕਰਕੇ ਗੋਆ ਜ਼ਮੀਨ ਮਾਮਲੇ ਦੀ ਜਾਂਚ ਵਿੱਚ ਤੇਜ਼ੀ ਲਿਆਂਦੀ ਜਾਵੇਗੀ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਆਈ.ਏ.ਐਸ, ਪੀ.ਸੀ.ਐਸ. ਅਤੇ ਪੁਲਿਸ ਅਧਿਕਾਰੀਆਂ ਖ਼ਿਲਾਫ ਪੜਤਾਲਾਂ ਅਤੇ ਐਫ.ਆਈ.ਆਰਜ਼. ਦਰਜ ਕਰਨ ਦੇ ਮਾਮਲਿਆਂ ਵਿਚ ਵਾਧਾ ਹੋਇਆ ਹੈ।

ਇਸ ਕਰਕੇ ਸਿਵਲ ਤੇ ਪੁਲਿਸ ਅਧਿਕਾਰੀਆਂ ਵਿਚ ਘਬਰਾਹਟ ਵੀ ਪਾਈ ਜਾ ਰਹੀ ਹੈ। ਵਿਜੀਲੈਂਸ ਵੱਲੋਂ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 17 ਏ ਅਤੇ 19ਏ ਅਧੀਨ 6 ਅਧਿਕਾਰੀਆਂ ਦੇ ਖ਼ਿਲਾਫ ਪ੍ਰਵਾਨਗੀ ਲਈ ਕੇਸ ਸੂਬੇ ਦੇ ਪ੍ਰਸੋਨਲ ਵਿਭਾਗ ਨੂੰ ਭੇਜੇ ਹੋਏ ਹਨ।

# ਅਦਾਕਾਰਾ ਮਾਨੁਸ਼ੀ ਛਿੱਲਰ ਨੂੰ ਗੁਰਮੁਖੀ ਵਾਲੀ ਫੱਟੀ ਭੇਟ



**ਮਾਨਸਾ:** ਬੌਲੀਵੁੱਡ ਅਦਾਕਾਰਾ ਮਾਨੁਸ਼ੀ ਛਿੱਲਰ ਨੂੰ ਉਸ ਦੇ ਘਰ ਮੁੰਬਈ ਵਿਚ ਮਾਨਸਾ ਜ਼ਿਲ੍ਹੇ ਦੇ ਸਮਾਜ ਸੇਵੀ ਹਰਪ੍ਰੀਤ ਸਿੰਘ ਬਹਿਣੀਵਾਲ ਵੱਲੋਂ ਗੁਰਮੁਖੀ ਭਾਸ਼ਾ ਦੀ 41 ਅੱਖਰੀ ਫੱਟੀ ਭੇਟ ਕੀਤੀ ਗਈ। ਇਸ ਫੱਟੀ ਉਪਰ ਪੰਜਾਬੀ ਗੁਰਮੁਖੀ ਅੱਖਰਾਂ ਨੂੰ ਸੌਖਾ ਸਮਝਣ ਅਤੇ ਬੋਲਣ ਲਈ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਹਰਪ੍ਰੀਤ ਸਿੰਘ ਬਹਿਣੀਵਾਲ ਵੱਲੋਂ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਨੂੰ ਕਾਇਮ ਰੱਖਣ ਲਈ ਇਹ ਫੱਟੀ ਦੇਸ਼ ਦੀਆਂ ਮਹਾਨ ਹਸਤੀਆਂ ਨੂੰ ਲਗਾਤਾਰ ਭੇਟ ਕਰਨ ਦਾ ਇਕ ਉਪਰਾਲਾ ਆਰੰਭਿਆ ਹੋਇਆ ਹੈ। ਉਹ ਇਸ ਤੋਂ ਪਹਿਲਾਂ ਇਹ ਫੱਟੀ ਹਿੰਦੀ ਫ਼ਿਲਮਾਂ ਦੇ ਪ੍ਰਸਿੱਧ ਅਦਾਕਾਰ ਧਰਮਿੰਦਰ ਅਤੇ ਹੇਮਾ ਮਾਲਣੀ ਨੂੰ ਵੀ ਭੇਟ ਕਰ ਚੁੱਕਿਆ ਹੈ। ਗੁਰਮੁਖੀ ਅੱਖਰਾਂ ਵਾਲੀ ਇਸ ਫੱਟੀ ਨੂੰ ਹਾਸਲ ਕਰਨ ਤੋਂ ਬਾਅਦ ਅਦਾਕਾਰਾ ਨੇ ਦਾਅਵਾ ਕੀਤਾ ਕਿ ਪੰਜਾਬੀ ਭਾਸ਼ਾ ਦੁਨੀਆਂ ਭਰ 'ਚ ਸਤਿਕਾਰੀ ਜਾਣ ਵਾਲੀ ਪਿਆਰੀ ਭਾਸ਼ਾ ਹੈ, ਜਿਸ ਦੀ ਪ੍ਰਫੁੱਲਤਾ ਲਈ ਉਹ ਆਪਣਾ ਬਣਦਾ ਯੋਗਦਾਨ ਪਾਉਣਗੇ।

ਹਰਿਆਣਾ ਸੂਬੇ ਨਾਲ ਸਬੰਧਤ ਮਾਨੁਸ਼ੀ ਛਿੱਲਰ, ਜੋ 2017 'ਚ ਵਿਸ਼ਵ ਸੁੰਦਰੀ ਚੁਣੀ ਗਈ ਸੀ, ਨੇ ਸਮਾਜ ਸੇਵੀ ਹਰਪ੍ਰੀਤ ਸਿੰਘ ਦੇ ਇਨ੍ਹਾਂ ਯਤਨਾਂ ਦੀ ਸ਼ਲਾਘਾ ਵੀ ਕੀਤੀ। ਮਾਨੁਸ਼ੀ ਛਿੱਲਰ ਨੇ ਕਿਹਾ ਕਿ ਇਸ ਉਪਰਾਲੇ ਨਾਲ ਦੁਨੀਆਂ ਭਰ ਵਿਚ ਪੰਜਾਬੀ ਭਾਸ਼ਾ ਤੋਂ ਅਣਜਾਣ ਲੋਕ ਵੀ ਇਸ ਭਾਸ਼ਾ ਤੋਂ ਜਾਣੂ ਹੋਣਗੇ।

ਸਮਾਜ ਸੇਵੀ ਹਰਪ੍ਰੀਤ ਸਿੰਘ ਬਹਿਣੀਵਾਲ ਨੇ ਦਾਅਵਾ ਕੀਤਾ ਕਿ ਉਹ ਇਸ ਵਿਲੱਖਣ ਫੱਟੀ ਨੂੰ ਪ੍ਰਮੁੱਖ ਹਸਤੀਆਂ ਰਾਹੀਂ ਦੇਸ਼ ਵਿਦੇਸ਼ ਵਿਚ ਭੇਜਣ ਦਾ ਕਾਰਜ ਆਰੰਭ ਕਰਨਗੇ ਤਾਂ ਕਿ ਮਾਂ ਬੋਲੀ ਪੰਜਾਬੀ ਦੀ ਪ੍ਰਫੁੱਲਤਾ ਨੂੰ ਹੋਰ ਹੁਲਾਰਾ ਮਿਲ ਸਕੇ।

# ਬਹਿਬਲ ਕਲਾਂ ਗੋਲੀਕਾਂਡ: ਆਪ ਵਿਧਾਇਕ ਨੇ ਆਪਣੀ ਸਰਕਾਰ ਘੇਰੀ

**ਕੋਟਕਪੂਰਾ:** ਸਾਲ 2015 ਵਿਚ ਬਹਿਬਲ ਕਲਾਂ ਗੋਲੀਕਾਂਡ ਦੌਰਾਨ ਸ਼ਹੀਦ ਹੋਏ ਦੋ ਸਿੱਖ ਨੌਜਵਾਨ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਬਿੱਟੂ ਸਰਾਵਾਂ ਦੀ ਸ਼ਹਾਦਤ ਦੇ ਅੱਠ ਸਾਲ ਮੁਕੰਮਲ ਹੋਣ 'ਤੇ ਬਹਿਬਲ ਕਲਾਂ ਦੇ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ।

ਗੁਰਜੀਤ ਸਿੰਘ ਬਿੱਟੂ ਸਰਾਵਾਂ ਦੀ ਬਰਸੀ ਮੌਕੇ ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਨੇ ਸ਼ਿਰਕਤ ਕੀਤੀ। ਇੱਥੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਨੇ ਆਖਿਆ ਕਿ ਪੀੜਤ ਪਰਿਵਾਰਾਂ ਅਤੇ ਗਵਾਹਾਂ ਨੂੰ ਇਨਸਾਫ ਮਿਲਣ ਦੀ ਕੋਈ ਆਸ ਦਿਖਾਈ ਨਹੀਂ ਦੇ ਰਹੀ ਕਿਉਂਕਿ ਸਮੇਂ ਦੇ ਹਾਕਮ ਇਸ ਸਬੰਧੀ ਸੁਹਿਰਦ ਨਹੀਂ ਹਨ। ਇਸ ਕਰ ਕੇ ਇਨਸਾਫ ਦੀ ਉਮੀਦ ਨਾ ਰੱਖਿਓ।

ਇਸ ਮੌਕੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਭਾਰਤੀ ਏਜੰਸੀਆਂ ਦੇਸ਼ ਅਤੇ ਵਿਦੇਸ਼ਾਂ ਅੰਦਰ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਸਿੱਖਾਂ ਦੀਆਂ ਸ਼ਹਾਦਤਾਂ 'ਤੇ ਕੇਂਦਰ ਸਰਕਾਰ ਆਪਣੀ ਸਿਆਸੀ ਜ਼ਮੀਨ ਤਿਆਰ ਕਰ ਕੇ 2024 ਦੀਆਂ ਲੋਕ ਸਭਾ ਚੋਣਾਂ ਜਿੱਤਣਾ ਚਾਹੁੰਦੀ ਹੈ। ਭਾਰਤ ਵਿਚ ਘੱਟ ਗਿਣਤੀਆਂ ਨਾਲ ਸਰਕਾਰ ਧੱਕੇਸ਼ਾਹੀ ਕਰ ਰਹੀ ਹੈ। ਸ੍ਰੀ ਮਾਨ ਨੇ ਇਹ ਵੀ




ਆਖਿਆ ਕਿ ਬੇਅਦਬੀ ਅਤੇ ਸ਼ਹਾਦਤਾਂ ਉੱਤੇ ਕੌਮਾਂ ਅੰਦਰ ਰੋਸ ਹੋਣਾ ਚਾਹੀਦਾ ਹੈ ਜੋ ਇਸ ਸਮੇਂ ਦਿਖ ਨਹੀਂ ਰਿਹਾ।

ਉਨ੍ਹਾਂ ਆਖਿਆ ਕਿ ਭਾਰਤ ਸਰਕਾਰ ਦਾ ਸਿੱਖ ਵਿਰੋਧੀ ਚਿਹਰਾ ਬੇਨਕਾਬ ਹੋਇਆ ਹੈ। ਉਨ੍ਹਾਂ ਸਾਰੀਆਂ ਪੰਥਕ ਧਿਰਾਂ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ। ਐਡਵੋਕੇਟ ਹਰਪਾਲ ਸਿੰਘ ਖਾਰਾ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਸਿੱਖਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਪੁੱਛਿਆ ਕਿ ਬਹਿਬਲ ਕਲਾਂ ਗੋਲੀ ਕਾਂਡ ਦਾ ਚਲਾਨ ਪੇਸ਼ ਕਿਉਂ ਨਹੀਂ ਕੀਤਾ ਗਿਆ, ਕੀ ਸਰਕਾਰ ਦਾ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨਾਲ ਸਮਝੌਤਾ ਹੋ ਗਿਆ ਹੈ।

# ਸੈਟੇਲਾਈਟ ਚੈਨਲ: ਸ਼੍ਰੋਮਣੀ ਕਮੇਟੀ ਨੂੰ ਪ੍ਰਵਾਨਗੀ ਨਾ ਮਿਲੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਵਾਸਤੇ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਲਈ ਫਿਲਹਾਲ ਕੇਂਦਰ ਸਰਕਾਰ ਕੋਲੋਂ ਹਰੀ ਝੰਡੀ ਨਹੀਂ ਮਿਲੀ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦਾ ਵਫ਼ਦ ਕੇਂਦਰ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਨੂੰ ਮਿਲਿਆ ਹੈ।



ਸ਼੍ਰੋਮਣੀ ਕਮੇਟੀ ਨੇ ਹਾਲ ਹੀ ਵਿਚ 24 ਜੁਲਾਈ ਨੂੰ ਵੈੱਬ ਚੈਨਲ ਸ਼ੁਰੂ ਕੀਤਾ ਸੀ ਜਿਸ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੁੰਦੇ ਗੁਰਬਾਣੀ ਦੇ ਕੀਰਤਨ ਨੂੰ ਯੂਟਿਊਬ ਅਤੇ ਫੇਸਬੁਕ ਰਾਹੀਂ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਕਮੇਟੀ ਵੱਲੋਂ ਸੈਟੇਲਾਈਟ ਚੈਨਲ ਨੂੰ ਸ਼ੁਰੂ ਕਰਵਾਉਣ ਲਈ ਸਬ-ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ, ਜੋ ਹੁਣ ਤੱਕ ਕੇਂਦਰ ਸਰਕਾਰ ਦੇ ਸੂਚਨਾ ਪ੍ਰਸਾਰਨ ਮੰਤਰਾਲੇ ਨੂੰ ਦੋ ਵਾਰ ਮਿਲ ਚੁੱਕੀ ਹੈ ਪਰ ਫਿਲਹਾਲ ਇਸ ਕਾਰਜ ਨੂੰ ਹਰੀ ਝੰਡੀ ਨਹੀਂ ਦਿੱਤੀ ਗਈ। ਹੁਣ ਸਿੱਖ ਸੰਸਥਾ ਦਾ ਇਕ ਵਫ਼ਦ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਅਪੂਰਵਾ ਚੰਦਰਾ ਨੂੰ ਮਿਲਿਆ ਹੈ।

ਇਸ ਵਫ਼ਦ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਕੁਲਵੰਤ ਸਿੰਘ ਮੰਨਣ ਅਤੇ ਮੀਤ ਸਕੱਤਰ ਸ਼ਾਹਬਾਜ਼ ਸਿੰਘ ਸ਼ਾਮਲ ਸਨ। ਇਸ ਸਬੰਧੀ ਭਾਈ ਮਹਿਤਾ ਨੇ ਦੱਸਿਆ ਕਿ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਸਕੱਤਰ ਨੇ ਸ਼੍ਰੋਮਣੀ ਕਮੇਟੀ ਵੱਲੋਂ ਰੱਖੇ ਪੱਖ ਨੂੰ ਸੰਜੀਦਗੀ ਨਾਲ ਸੁਣਿਆ ਹੈ ਅਤੇ ਜਲਦ ਹੀ ਇਸ ਸਬੰਧੀ ਮੁੜ ਵਿਚਾਰ-ਵਟਾਂਦਰੇ ਦੀ ਹਾਮੀ ਭਰੀ ਹੈ। ਉਨ੍ਹਾਂ ਦੱਸਿਆ ਕਿ ਧਾਰਮਿਕ ਸੰਸਥਾ ਹੋਣ ਕਾਰਨ ਸੈਟੇਲਾਈਟ ਚੈਨਲ ਲਈ ਕੁਝ ਤਕਨੀਕੀ ਸਮੱਸਿਆਵਾਂ ਅਤੇ ਸਰਕਾਰ ਦੇ ਨਿਯਮਾਂ ਕਰ ਕੇ ਮੁਸ਼ਕਲ ਆ ਰਹੀ ਹੈ ਪਰ ਸ਼੍ਰੋਮਣੀ ਕਮੇਟੀ ਆਪਣੀ ਤਰਫੋਂ ਲਗਾਤਾਰ ਕਾਰਜਸ਼ੀਲ ਹੈ।

# ਜੀਤ ਮਹਿੰਦਰ ਸਿੱਧੂ ਵੱਲੋਂ ਅਕਾਲੀ ਦਲ ਤੋਂ ਅਸਤੀਫਾ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਕਰਕੇ ਮੁਅੱਤਲ ਕੀਤੇ ਗਏ ਸਾਬਕਾ ਵਿਧਾਇਕ ਤੇ ਪਾਰਟੀ ਦੇ ਮੀਤ ਪ੍ਰਧਾਨ ਜੀਤ ਮਹਿੰਦਰ ਸਿੰਘ ਸਿੱਧੂ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਨੋਟਿਸ ਜਾਰੀ ਕਰਨ ਤੋਂ ਜਾਪਦਾ ਹੈ ਕਿ ਅਕਾਲੀ ਦਲ ਦੇ ਆਗੂ ਬੁਖ਼ਲਾ ਗਏ ਹਨ ਅਤੇ ਪਾਰਟੀ ਦਿਸ਼ਾ ਹੀਣ ਹੋ ਕੇ ਆਪਣੇ ਉਦੇਸ਼ਾਂ ਤੋਂ ਭਟਕ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਛੱਡਣ ਦਾ ਫੈਸਲਾ ਉਨ੍ਹਾਂ ਆਪਣੇ ਸਮਰਥਕਾਂ ਦੀ ਰਾਇ ਨਾਲ ਲਿਆ ਹੈ ਅਤੇ ਨਵਾਂ ਸਿਆਸੀ ਰਾਹ ਵੀ ਇਨ੍ਹਾਂ ਦੀ ਰਾਇ ਅਨੁਸਾਰ ਲੈਣਗੇ। ਉਨ੍ਹਾਂ ਕਿਹਾ ਕਿ 2014 ਦੌਰਾਨ ਕਾਂਗਰਸ ਪਾਰਟੀ ਨੂੰ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਫੈਸਲਾ, ਉਨ੍ਹਾਂ ਦੇ ਪਿਤਾ ਨੇ ਪ੍ਰਕਾਸ਼ ਸਿੰਘ ਬਾਦਲ ਦੇ ਜ਼ੋਰ ਪਾਉਣ 'ਤੇ ਦੁਆਇਆ ਸੀ। ਉਨ੍ਹਾਂ ਕਿਹਾ ਕਿ 2014 'ਚ ਲੋਕ ਸਭਾ ਚੋਣਾਂ ਮੌਕੇ ਉਨ੍ਹਾਂ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ 'ਚੋਂ ਕਰੀਬ 12 ਹਜ਼ਾਰ ਵੋਟਾਂ ਕਾਂਗਰਸ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਤੋਂ ਵੱਧ ਦੁਆਈਆਂ। ਉਨ੍ਹਾਂ ਦਾਅਵਾ ਕੀਤਾ ਕਿ 1984 ਤੋਂ ਬਾਅਦ ਅਕਾਲੀ ਦਲ ਨੂੰ ਤਲਵੰਡੀ ਸਾਬੋ ਵਿਚੋਂ ਪਹਿਲੀ ਵਾਰ ਜਿੱਤ ਨਸੀਬ ਹੋਈ ਸੀ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨਾਲ ਆਪਣੀ ਨੇੜਤਾ ਦਾ ਖੁਲਾਸਾ ਕਰਦਿਆਂ ਕਿਹਾ ਕਿ ਉਨ੍ਹਾਂ ਕਈ ਵਾਰ ਕਾਂਗਰਸ ਵਿਚ ਘਰ ਵਾਪਸੀ ਦੀ ਤਜਵੀਜ਼ ਸਾਹਮਣੇ ਰੱਖੀ ਸੀ ਪਰ ਉਨ੍ਹਾਂ ਅਕਾਲੀ ਦਲ ਨਾਲ ਜੁੜੇ ਰਹਿਣ ਦਾ ਪੱਕਾ ਮਨ ਬਣਾਇਆ ਹੋਇਆ ਸੀ। ਉਨ੍ਹਾਂ ਵਿਧਾਨ ਸਭਾ ਚੋਣਾਂ ਸਮੇਂ ਉਨ੍ਹਾਂ ਦਾ ਪਾਰਟੀ ਵਿਚੋਂ 'ਅੰਦਰੂਨੀ ਵਿਰੋਧ' ਹੋਣ ਪਿੱਛੇ ਇਕ ਸਿਆਸੀ ਘਰਾਣੇ 'ਤੇ ਉਂਗਲ ਚੁੱਕੀ। ਉਨ੍ਹਾਂ ਕਿਹਾ ਕਿ ਅਜਿਹਾ ਹੋਣ ਬਾਰੇ ਬਠਿੰਡਾ ਦੇ ਆਗੂ ਸਰੂਪ ਚੰਦ ਸਿੰਗਲਾ ਨੇ ਕਈ ਵਾਰ ਰੌਲਾ ਪਾਇਆ ਪਰ ਕਿਸੇ ਨੇ ਸੁਣਵਾਈ ਨਹੀਂ ਕੀਤੀ।

## ਬੇਅਦਬੀ ਮਾਮਲਿਆਂ 'ਚ ਇਨਸਾਫ ਨਾ ਮਿਲਣ 'ਤੇ ਰੋਸ ਮਾਰਚ

**ਕੋਟਕਪੂਰਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਲ 2015 ਵਿਚ ਬੇਅਦਬੀ ਮਗਰੋਂ ਪ੍ਰਦਰਸ਼ਨ ਕਰ ਰਹੇ ਸਿੱਖਾਂ ਉਤੇ ਗੋਲੀਆਂ ਚਲਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਚੋਰੀ ਹੋਣ ਦੇ ਮਾਮਲੇ ਵਿਚ ਦਮਦਮੀ ਟਕਸਾਲ ਦੇ ਅਜਨਾਲਾ ਗਰੁੱਪ ਦੇ ਮੁਖੀ ਭਾਈ ਅਮਰੀਕ ਸਿੰਘ ਅਜਨਾਲਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਦੀ ਅਗਵਾਈ ਹੇਠ ਬਰਗਾੜੀ ਦੇ ਗੁਰਦੁਆਰਾ ਪਾਤਸ਼ਾਹੀ ਦਸਵੀਂ ਤੋਂ ਰੋਸ ਮਾਰਚ ਕੱਢਿਆ ਗਿਆ। ਰੋਸ ਮਾਰਚ ਵਿਚ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਆਗੂ ਵੀ ਸ਼ਾਮਲ ਹੋਏ।

ਇਹ ਰੋਸ ਮਾਰਚ ਬਰਗਾੜੀ ਤੋਂ ਬੁਰਜ ਜਵਾਹਰ ਸਿੰਘ ਵਾਲਾ, ਮੱਲਕੇ, ਪੰਜਗਰਾਈਂ ਖੁਰਦ ਤੇ ਪੰਜਗਰਾਈਂ ਕਲਾਂ ਹੁੰਦਾ ਹੋਇਆ ਕੋਟਕਪੂਰੇ ਦੇ ਬੱਤੀਆਂ ਵਾਲੇ ਚੌਕ ਵਿੱਚ ਪੁੱਜਿਆ। ਸ੍ਰੀ ਅਜਨਾਲਾ ਨੇ ਆਖਿਆ ਕਿ ਇਨ੍ਹਾਂ ਮਸਲਿਆਂ ਵਿਚ ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ। ਬੇਅਦਬੀ ਵਰਗੇ ਗੰਭੀਰ ਮਸਲੇ ਵਿਚ ਇਨਸਾਫ ਨਾ ਮਿਲਣ ਬਾਰੇ ਉਨ੍ਹਾਂ ਆਖਿਆ ਕਿ ਉਹ ਸਬਰ ਨਾਲ ਸੰਘਰਸ਼ ਕਰਦੇ ਰਹਿਣਗੇ। ਬਹਿਬਲ ਕਲਾਂ ਗੋਲੀ ਕਾਂਡ ਵਿਚ ਮਾਰੇ ਗਏ ਮਰਹੂਮ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਨੇ ਆਖਿਆ ਕਿ ਉਨ੍ਹਾਂ ਨੂੰ ਸਰਕਾਰ ਤੋਂ ਕੋਈ ਆਸ ਨਹੀਂ ਹੈ। ਉਹ ਇਸ ਸਿਸਟਮ ਨੂੰ ਕਸੂਰਵਾਰ ਮੰਨਦੇ ਹਨ।

# ਐਨ.ਆਈ.ਏ. ਵੱਲੋਂ ਲਖਬੀਰ ਸਿੰਘ ਰੋਡੇ ਦੀ ਜ਼ਮੀਨ ਜ਼ਬਤ

**ਮੋਗਾ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਖਾਲਿਸਤਾਨ ਪੱਖੀ ਲਖਬੀਰ ਸਿੰਘ ਉਰਫ ਰੋਡੇ ਦੀ ਜ਼ਮੀਨ ਜ਼ਬਤ ਕਰਨ ਦਾ ਨੋਟਿਸ ਲਗਾ ਦਿੱਤਾ ਹੈ। ਹਾਲਾਂਕਿ ਕੇਂਦਰੀ ਏਜੰਸੀ ਦੀ ਇਸ ਕਾਰਵਾਈ ਦਾ ਕੁੱਝ ਨਿਹੰਗ ਸਿੰਘਾਂ ਨੇ ਵਿਰੋਧ ਕੀਤਾ ਜਿਸ ਕਾਰਨ ਸਥਿਤੀ ਤਣਾਅਪੂਰਨ ਬਣ ਗਈ। ਅਧਿਕਾਰੀਆਂ ਮੁਤਾਬਕ ਐਨ.ਆਈ.ਏ. ਨੇ ਇਹ ਕਾਰਵਾਈ ਵਿਸ਼ੇਸ਼ ਅਦਾਲਤ ਦੇ ਹੁਕਮਾਂ 'ਤੇ ਕੀਤੀ ਹੈ। ਲਖਬੀਰ ਸਿੰਘ ਰੋਡੇ ਲੰਮੇ ਸਮੇਂ ਤੋਂ ਰੂਪੋਸ਼ ਹੈ ਅਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦਾ ਭਤੀਜਾ ਹੈ।



ਵੇਰਵਿਆਂ ਮੁਤਾਬਕ ਐਨ.ਆਈ.ਏ. ਨੇ ਮੁਹਾਲੀ ਦੀ ਵਿਸ਼ੇਸ਼ ਅਦਾਲਤ ਦੇ 5 ਅਕਤੂਬਰ ਦੇ ਹੁਕਮਾਂ 'ਤੇ ਕਾਰਵਾਈ ਕਰਦਿਆਂ ਲਖਬੀਰ ਸਿੰਘ ਰੋਡੇ ਦੀ ਮੋਗਾ ਜ਼ਿਲ੍ਹੇ ਵਿਚ ਪਿੰਡ ਕੋਠੇ ਗੁਰਪੁਰਾ (ਰੋਡੇ) ਵਿਚ ਪੈਂਦੀ ਤਕਰੀਬਨ 11 ਕਨਾਲ ਜ਼ਮੀਨ ਵਿਚ ਇਹ ਨੋਟਿਸ ਲਾਇਆ ਹੈ। ਅਧਿਕਾਰੀਆਂ ਮੁਤਾਬਕ ਐਨ.ਆਈ.ਏ. ਅਦਾਲਤ ਨੇ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ.ਏ.ਪੀ.ਏ.) ਦੀ ਧਾਰਾ 33 (5) ਤਹਿਤ ਜ਼ਮੀਨ ਜ਼ਬਤ ਕਰਨ ਦਾ ਹੁਕਮ ਦਿੱਤਾ ਹੈ। ਜ਼ਮੀਨ ਜ਼ਬਤ ਕਰਨ ਦੀ ਕਾਰਵਾਈ ਮੌਕੇ ਪੰਜਾਬ ਪੁਲਿਸ ਦੀ ਟੀਮ ਵੀ ਮੌਜੂਦ ਸੀ।

ਇਸ ਦੌਰਾਨ ਕੁਝ ਨਿਹੰਗ ਸਿੰਘ ਮੌਕੇ 'ਤੇ ਪੁੱਜ ਗਏ ਅਤੇ ਸਥਿਤੀ ਤਣਾਅਪੂਰਨ ਬਣ ਗਈ। ਏਜੰਸੀ ਅਧਿਕਾਰੀਆਂ ਮੁਤਾਬਕ, ਲਖਬੀਰ ਸਿੰਘ ਦਾ ਸਬੰਧ ਪਾਬੰਦੀਸ਼ੁਦਾ ਸੰਗਠਨ ਖਾਲਿਸਤਾਨ ਲਿਬਰੇਸ਼ਨ ਫਰੰਟ ਨਾਲ ਹੈ ਅਤੇ ਸ਼ੱਕ ਹੈ ਕਿ ਉਹ ਪਾਕਿਸਤਾਨ ਵਿਚ ਛੁਪ ਕੇ ਦਹਿਸ਼ਤਗਰਦੀ ਕਾਰਵਾਈਆਂ ਕਰ ਰਿਹਾ ਹੈ।

ਐਨ.ਆਈ.ਏ. ਵੱਲੋਂ ਲਖਬੀਰ ਸਿੰਘ ਰੋਡੇ ਖ਼ਿਲਾਫ਼ ਪਹਿਲੀ ਅਕਤੂਬਰ 2021 ਨੂੰ ਯੂ.ਏ.ਪੀ.ਏ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਇਹ ਕੇਸ ਵਿਸ਼ੇਸ਼ ਅਦਾਲਤ ਵਿਚ ਵਿਚਾਰ ਅਧੀਨ ਹੈ।

## ਜ਼ਮੀਨ-ਜਾਇਦਾਦ ਦੀ ਰਜਿਸਟਰੇਸ਼ਨ ਲਈ ਪੰਜਾਬੀ 'ਚ ਪ੍ਰੋਫਾਰਮਾ

**ਚੰਡੀਗੜ੍ਹ:** ਪੰਜਾਬ ਦੇ ਮਾਲ ਵਿਭਾਗ ਨੇ ਜ਼ਮੀਨ-ਜਾਇਦਾਦ ਦੀ ਰਜਿਸਟਰੇਸ਼ਨ ਸਬੰਧੀ ਸਰਲ ਪੰਜਾਬੀ 'ਚ ਤਿਆਰ ਕੀਤਾ ਨਵਾਂ ਪ੍ਰੋਫਾਰਮਾ ਜਾਰੀ ਕਰ ਦਿੱਤਾ ਹੈ। ਇਸ ਨਾਲ ਹੁਣ ਆਮ ਵਿਅਕਤੀ ਆਪਣੀ ਜਾਇਦਾਦ ਦੇ ਦਸਤਾਵੇਜ਼ ਆਸਾਨੀ ਨਾਲ ਪੜ੍ਹ ਸਕੇਗਾ।

ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਡਿਵੀਜ਼ਨਲ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਤੇ ਮਾਲ ਅਧਿਕਾਰੀਆਂ ਨੂੰ ਸਪੱਸ਼ਟ ਹਦਾਇਤਾਂ ਕੀਤੀਆਂ ਹਨ ਕਿ ਜਾਇਦਾਦ ਦੇ ਮਾਲਕ ਦੀ ਇੱਛਾ ਮੁਤਾਬਕ ਨਵੇਂ ਪ੍ਰੋਫਾਰਮੇ ਨਾਲ ਰਜਿਸਟਰੇਸ਼ਨ ਕੀਤੀ ਜਾਵੇ ਤਾਂ ਕਿ ਉਸ ਨੂੰ ਆਪਣੇ ਦਸਤਾਵੇਜ਼ ਪੜ੍ਹਨ 'ਚ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਦੱਸਿਆ ਕਿ ਇਹ ਪ੍ਰੋਫਾਰਮਾ ਸਬ-ਰਜਿਸਟਰਾਰ ਅਤੇ ਸੰਯੁਕਤ ਸਬ-ਰਜਿਸਟਰਾਰ ਦੇ ਦਫ਼ਤਰਾਂ ਵਿਚ ਵੀ ਭੇਜ ਦਿੱਤਾ ਗਿਆ ਹੈ।

# ਬਾਲ ਵਿਆਹ ਕਰਵਾਉਣ ਦੇ ਦੋਸ਼ ਹੇਠ ਗ੍ਰੰਥੀ ਤੇ ਪ੍ਰਧਾਨ ਸਣੇ 9 ਖਿਲਾਫ ਕੇਸ

**ਮੋਗਾ:** ਇਥੇ ਥਾਣਾ ਸਿਟੀ ਪੁਲਿਸ ਨੇ ਬਾਲ ਵਿਆਹ ਰੋਕੋ ਐਕਟ ਤਹਿਤ ਗ੍ਰੰਥੀ ਤੇ ਗੁਰਦੁਆਰਾ ਪ੍ਰਧਾਨ ਸਣੇ ਨੌਂ ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪ੍ਰੇਮ ਵਿਆਹ ਕਰਵਾਉਣ ਵਾਲੇ ਲਾੜੇ ਦੀ ਉਮਰ 21 ਸਾਲ ਤੋਂ ਘੱਟ ਸੀ ਅਤੇ ਉਸ ਨੇ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿਚ ਸੁਰੱਖਿਆ ਲਈ ਅਰਜ਼ੀ ਦਾਇਰ ਕੀਤੀ ਸੀ। ਥਾਣਾ ਸਿਟੀ ਮੁਖੀ ਜਸਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਉੱਤੇ ਅਰਜਨ ਬਾਵਾ, ਉਸ ਦੇ ਪਿਤਾ ਸ਼ਸ਼ੀ ਭੂਸ਼ਨ, ਮਾਂ ਕ੍ਰਿਸ਼ਨਾ ਰਾਣੀ, ਆਨੰਦ ਕਾਰਜ ਵਿਚ ਸ਼ਾਮਲ ਰਾਕੇਸ਼ ਰਾਣਾ, ਦਵਿੰਦਰ ਕੁਮਾਰ, ਜੋਬਨਪ੍ਰੀਤ ਸਿੰਘ ਉਰਫ਼ ਜੋਬਨ ਸਾਰੇ ਵਾਸੀ ਜੀਰਾ ਅਤੇ ਸਥਾਨਕ ਟਰੱਕ ਯੂਨੀਅਨ ਸਥਿਤ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦੇ ਗ੍ਰੰਥੀ ਦਰਸ਼ਨ ਸਿੰਘ, ਉਸ ਦੇ ਕੀਰਤਨੀਏ ਪੁੱਤਰ ਜਗਜੀਤ ਸਿੰਘ ਅਤੇ ਗੁਰਦੁਆਰਾ ਪ੍ਰਧਾਨ ਹਰਭਜਨ ਸਿੰਘ ਖ਼ਿਲਾਫ਼ ਬਾਲ ਵਿਆਹ ਰੋਕੋ ਐਕਟ ਹੇਠ ਕੇਸ ਦਰਜ ਕੀਤਾ ਗਿਆ ਹੈ।

# ਹਜ਼ਾਰਾਂ ਫਲਸਤੀਨੀ ਸਮਰਥਕਾਂ ਵਲੋਂ ਸ਼ਿਕਾਗੋ ਵਿਚ ਰੈਲੀ

## ਇਜ਼ਰਾਇਲੀ ਅੱਤਿਆਚਾਰ ਨੂੰ ਖਤਮ ਕਰਨ ਦੀ ਮੰਗ

ਸ਼ਿਕਾਗੋ: ਸ਼ਨਿਚਰਵਾਰ ਦੁਪਹਿਰ ਨੂੰ ਹਜ਼ਾਰਾਂ ਫਲਸਤੀਨੀ ਸਮਰਥਕ ਸ਼ਿਕਾਗੋ ਦੇ ਮਿਸ਼ੀਗਨ ਐਵੇਨਿਊ ਪਹੁੰਚੇ ਅਤੇ ਉਨ੍ਹਾਂ ਨੇ ਇਜ਼ਰਾਈਲ ਖਿਲਾਫ ਰੈਲੀ ਕੱਢੀ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਆਵਾਜ਼ ਨਹੀਂ ਸੁਣੀ ਜਾ ਰਹੀ, ਉਹ ਇਜ਼ਰਾਇਲੀ ਜ਼ੁਲਮ ਦਾ ਅੰਤ ਚਾਹੁੰਦੇ ਹਨ ਅਤੇ ਅਮਰੀਕਾ ਤੋਂ ਹੋਰ ਮਦਦ ਚਾਹੁੰਦੇ ਹਨ।

ਇਜ਼ਰਾਈਲ-ਹਮਾਸ ਸੰਘਰਸ਼ ਸਬੰਧੀ ਉਨ੍ਹਾਂ ਵਿਚ ਜੋਸ਼ ਅਤੇ ਗੁੱਸਾ ਸੀ ਅਤੇ ਉਨ੍ਹਾਂ ਇਸ ਮੁੱਦੇ ਬਾਰੇ ਗੰਭੀਰ ਗੱਲਬਾਤ ਦੀ ਮੰਗ ਕੀਤੀ।




*ਇਜ਼ਰਾਈਲ ਖਿਲਾਫ਼ ਫਲਸਤੀਨੀ ਸਮਰਥਕਾਂ ਵਲੋਂ ਕੱਢੀ ਰੈਲੀ ਵਿਚ ਹਿੱਸਾ ਲੈਂਦੀ ਹੋਈ ਹਰਜਿੰਦਰ ਸਿੰਘ ਸੰਧੂ ਅਤੇ ਨਵਦੀਪ ਸੰਧੂ ਦੀ ਧੀ ਨਤਾਸ਼ਾ ਸੰਧੂ।*

ਇਕ ਵਿਅਕਤੀ ਨੇ ਕਿਹਾ, 'ਇਜ਼ਰਾਈਲ ਦੇ ਯੁੱਧ ਅਪਰਾਧ ਅਤੇ ਮਨੁੱਖਤਾ ਵਿਰੁੱਧ ਅਪਰਾਧ ਗਾਜ਼ਾ ਦੇ ਲੋਕਾਂ ਲਈ ਸਿਖਰ 'ਤੇ ਪਹੁੰਚ ਗਏ ਹਨ।'

ਹਜ਼ਾਰਾਂ ਲੋਕਾਂ ਨੇ ਮਿਸ਼ੀਗਨ ਐਵੇਨਿਊ ਦੇ ਨਾਲ-ਨਾਲ ਮਾਰਚ ਕੀਤਾ, ਅਤੇ ਕਈ ਪ੍ਰਦਰਸ਼ਨਕਾਰੀਆਂ ਨੇ ਆਪਣੇ ਹੱਥਾਂ ਵਿਚ ਚਿੰਨ੍ਹ ਅਤੇ ਆਪਣੇ ਦੇਸ਼ ਦੇ ਝੰਡੇ ਫੜੇ ਹੋਏ ਸਨ। ਉਨ੍ਹਾਂ ਮੰਗ ਕੀਤੀ ਕਿ ਅਮਰੀਕਾ ਹੁਣ ਇਜ਼ਰਾਇਲੀ ਮਿਸ਼ਨਾਂ ਨੂੰ ਫੰਡ ਨਾ ਦੇਵੇ।

ਇਕ ਪ੍ਰਦਰਸ਼ਨਕਾਰੀ ਨੇ ਕਿਹਾ, "ਕੋਈ ਮੈਨੂੰ ਦੱਸੇ ਕਿ ਇਤਿਹਾਸ ਵਿਚ ਇਕ ਵਾਰ ਵੀ ਲੋਕਾਂ ਨੂੰ ਦਬਾਅ ਕੇ, ਉਨ੍ਹਾਂ 'ਤੇ ਜ਼ੁਲਮ ਕਰ ਕੇ ਸ਼ਾਂਤੀ ਮਿਲੀ ਹੋਵੇ। ਅਜਿਹਾ ਕਿਤੇ ਵੀ ਨਹੀਂ ਹੋਇਆ।"

ਸਮੀਰ ਹਸਨ, ਜੋ ਦੋ ਮਹੀਨੇ ਪਹਿਲਾਂ ਹੀ ਫਲਸਤੀਨ ਗਿਆ ਸੀ। ਉਹ ਕਹਿੰਦਾ ਹੈ ਕਿ ਉਥੇ ਸ਼ਾਂਤੀ ਨਹੀਂ ਹੈ। ਉਸ ਨੇ ਕਿਹਾ, "ਮੈਂ ਆਪਣੇ ਪਿੰਡ ਵਿਚ ਦਾਖਲ ਵੀ ਨਹੀਂ ਹੋ ਸਕਿਆ। ਮੇਰਾ ਪਿੰਡ 360 ਕੰਧਾਂ ਨਾਲ ਘਿਰਿਆ ਹੋਇਆ ਹੈ। ਇਹ ਸਿਰਫ਼ ਇਕ ਕੰਕਰੀਟ ਦੀ ਕੰਧ ਨਹੀਂ ਹੈ, ਸਗੋਂ ਦੋ ਕੰਧਾਂ ਹਨ, ਮੇਰੇ ਅਧਿਆਪਕ ਨੇ ਦੋ ਦਿਨ ਪਹਿਲਾਂ ਹੀ ਮੈਨੂੰ ਸੁਨੇਹਾ ਭੇਜਿਆ, ਕਿਹਾ ਕਿ ਉਨ੍ਹਾਂ ਕੋਲ ਜਾਣ ਲਈ ਕੋਈ ਥਾਂ ਨਹੀਂ ਹੈ।"



ਜ਼ਿਕਰਯੋਗ ਹੈ ਕਿ ਡਾਊਨਟਾਊਨ ਰੈਲੀ ਸਿਟੀ ਕੌਂਸਲ ਦੇ ਮੈਂਬਰਾਂ ਵਲੋਂ ਹਮਾਸ ਦੀ ਨਿੰਦਾ ਕਰਨ ਵਾਲੇ ਮਤੇ ਨੂੰ ਮਨਜ਼ੂਰੀ ਦੇਣ ਤੋਂ ਇਕ ਦਿਨ ਬਾਅਦ ਕੀਤੀ ਗਈ ਹੈ।

ਫਲਸਤੀਨ ਦੇ ਸਿਹਤ ਮੰਤਰਾਲੇ ਅਨੁਸਾਰ, ਗਾਜ਼ਾ ਪੱਟੀ ਵਿਚ ਇਜ਼ਰਾਇਲੀ ਫੌਜ ਦੁਆਰਾ ਪਿਛਲੇ ਸ਼ਨੀਵਾਰ ਤੋਂ ਹੁਣ ਤਕ ਕਰੀਬ 583 ਬੱਚਿਆਂ ਸਮੇਤ 1,800 ਫਲਸਤੀਨੀ ਮਾਰੇ ਜਾ ਚੁੱਕੇ ਹਨ।

ਇਕ ਹੋਰ ਪ੍ਰਦਰਸ਼ਨਕਾਰੀ ਨੇ ਕਿਹਾ, "ਯੂਕਰੇਨ, ਫਲਸਤੀਨ, ਦੱਖਣੀ ਅਫਰੀਕਾ ਅਤੇ ਦੁਨੀਆ ਭਰ ਵਿਚ ਹਰ ਕਿਸੇ ਲਈ ਨਿਆਂ ਅਤੇ ਆਜ਼ਾਦੀ ਹੀ ਇਕੋ ਇਕ ਹੱਲ ਹੈ।"

ਵਿਦੇਸ਼ਾਂ ਵਿਚ ਚੱਲ ਰਹੀ ਜੰਗ ਦੇ ਮੱਦੇਨਜ਼ਰ ਸ਼ਿਕਾਗੋ ਪੁਲਿਸ ਨੇ ਵੀ ਗਸ਼ਤ ਵਧਾ ਦਿੱਤੀ ਹੈ।

## ਗੱਤਕਾ ਫੈਡਰੇਸ਼ਨ ਯੂ.ਐਸ.ਏ. ਵਲੋਂ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ 28 ਅਕਤੂਬਰ ਨੂੰ

**ਨਿਊਯਾਰਕ:** ਅਮਰੀਕਾ ਵਿਚ ਗੱਤਕੇ ਦੇ ਪ੍ਰਚਾਰ-ਪ੍ਰਸਾਰ ਲਈ ਪੱਬਾਂ ਭਾਰ ਹੋ ਕੇ ਕੰਮ ਕਰ ਰਹੀ ਗੱਤਕਾ ਖੇਡ ਦੀ ਨੈਸ਼ਨਲ ਜਥੇਬਦੀ 'ਗੱਤਕਾ ਫੈਡਰੇਸ਼ਨ ਯੂ.ਐਸ.ਏ.' ਅਮਰੀਕਾ ਵਿਚ ਪਹਿਲੀ ਵਾਰੀ 28 ਅਕਤੂਬਰ, ਸ਼ਨਿਚਰਵਾਰ ਨੂੰ "ਦਿ ਸਿੱਖ ਸੈਂਟਰ ਆਫ ਨਿਊਯਾਰਕ ਇੰਕ", 222-28-95 ਅਵੈਨਿਉ, ਕੁਈਨਜ਼ ਵਿਲੇਜ ਨਿਊਯਾਰਕ ਦੇ ਉਚੇਚੇ ਸਹਿਯੋਗ ਨਾਲ ਪਹਿਲੀ 'ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ.' ਕਰਵਾਉਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਗੱਤਕਾ ਫੈਡਰੇਸ਼ਨ ਯੂ.ਐਸ.ਏ ਪਿਛਲੇ ਕਾਫੀ ਸਾਲਾਂ ਤੋਂ ਗੱਤਕੇ ਦੇ ਪ੍ਰਚਾਰ ਹਿੱਤ ਵੱਖ ਵੱਖ ਰਾਜਾਂ ਵਿਚ ਗੱਤਕਾ ਸਿਖਲਾਈ ਲਈ ਉਪਰਾਲੇ ਕਰ ਰਹੀ ਹੈ। ਨਵੇਂ ਖਿਡਾਰੀਆਂ ਨੂੰ ਮੌਕੇ ਪ੍ਰਦਾਨ ਕਰਨ ਅਤੇ ਨੈਸ਼ਨਲ ਕੈਂਪਾਂ ਦੇ ਆਯੋਜਨ ਨਾਲ ਤਕਨੀਕੀ ਮਾਹਿਰਾਂ ਦੇ ਨਾਲ-ਨਾਲ ਗੱਤਕਾ ਆਫੀਸ਼ੀਅਲਜ਼ ਪੈਦਾ ਕਰਨਾ ਫੈਡਰੇਸ਼ਨ ਦੇ ਮੁੱਢਲੇ ਉਦੇਸ਼ਾਂ ਵਿਚੋਂ ਇਕ ਹੈ।







*ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਚੇਅਰਮੈਨ ਸ. ਗੁਰਿੰਦਰ ਸਿੰਘ ਖਾਲਸਾ , ਪ੍ਰਧਾਨ ਸ. ਕਲਵਿੰਦਰ ਸਿੰਘ ਕੈਲੀਫੋਰਨੀਆ ਅਤੇ ਸ. ਦੀਪ ਸਿੰਘ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਬਾਰੇ ਜਾਣਕਾਰੀ ਦਿੰਦੇ ਹੋਏ।*

ਇਸ ਗੱਤਕਾ ਚੈਂਪੀਅਨਸ਼ਿਪ ਬਾਰੇ ਗੱਲ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਚੇਅਰਮੈਨ ਸ. ਗੁਰਿੰਦਰ ਸਿੰਘ ਖਾਲਸਾ, ਅਤੇ ਪ੍ਰਧਾਨ, ਸ. ਕਲਵਿੰਦਰ ਸਿੰਘ ਕੈਲੀਫੋਰਨੀਆ- ਉੱਘੇ ਕਾਰੋਬਾਰੀ ਨੇ ਦੱਸਿਆ ਕਿ ਭਾਵੇਂ ਵੱਖ-ਵੱਖ ਜਥੇਬੰਦੀਆਂ ਅਤੇ ਫੈਡਰੇਸ਼ਨ ਵਲੋਂ ਗੱਤਕਾ ਪ੍ਰਚਾਰ ਹਿੱਤ ਕਈ ਉਪਰਾਲੇ ਕੀਤੇ ਜਾਂਦੇ ਹਨ ਪਰ ਪਹਿਲੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ ਆਪਣੇ ਆਪ ਵਿਚ ਨਿਵੇਕਲੀ ਹੋਵੇਗੀ ਕਿਉਂਕਿ ਅਮਰੀਕਾ ਵਿੱਚ ਗੱਤਕਾ ਖੇਡ ਦਾ ਨੈਸ਼ਨਲ ਪੱਧਰ ਦਾ ਮੁਕਾਬਲਾ ਅਜੇ ਤੱਕ ਨਹੀਂ ਕਰਵਾਇਆ ਗਿਆ ਜੋ ਕਿ ਇਤਿਹਾਸਕ ਹੋਵੇਗਾ।

ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ ਦੇ ਪ੍ਰਧਾਨ ਸ. ਕਲਵਿੰਦਰ ਸਿੰਘ ਕੈਲੀਫੋਰਨੀਆ ਨੇ ਦੱਸਿਆ ਕਿ ਗੱਤਕਾ ਫੈਡਰੇਸ਼ਨ ਯੂ.ਐਸ.ਏ. ਵੱਖ-ਵੱਖ ਉਮਰ ਵਰਗ ਦੇ ਤਿੰਨ ਵੱਖ-ਵੱਖ ਮੁਕਾਬਲੇ ਕਰਵਾਉਣ ਜਾ ਰਹੀ ਹੈ। ਇਸ ਤਹਿਤ ਉਮਰ ਵਰਗ 14 ਸਾਲ ਵਿਚ ਪ੍ਰਦਰਸ਼ਨੀ ਅਤੇ ਸਿੰਗਲ ਸੋਟੀ ਫਾਈਟ ਇਵੈਂਟ ਵਿਚ ਕ੍ਰਮਵਾਰ ਉਮਰ ਵਰਗ 17 ਅਤੇ 21 ਸਾਲ ਦੇ ਸਿੰਘ ਅਤੇ ਕੌਰ ਦੇ ਮੁਕਾਬਲੇ ਹੋਣਗੇ। ਡਾ. ਦੀਪ ਸਿੰਘ, ਜਨਰਲ ਸਕੱਤਰ ਵਿਸ਼ਵ ਗੱਤਕਾ ਫੈਡਰੇਸ਼ਨ ਵਿਸ਼ੇਸ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਚੈਂਪੀਅਨਸ਼ਿਪ ਦੇ ਜੇਤੂਆਂ ਨੂੰ ਇਨਾਮ ਵੰਡਣਗੇ।

ਸ. ਦਲੇਰ ਸਿੰਘ ਚੇਅਰਮੈਨ, ਜਸਕੀਰਤ ਸਿੰਘ ਪ੍ਰਧਾਨ ਨਿਊਯਾਰਕ ਗੱਤਕਾ ਐਸੋਸੀਏਸ਼ਨ ਨੇ ਕਿਹਾ ਕਿ ਇਨ੍ਹਾਂ ਨੈਸ਼ਨਲ ਮੁਕਾਬਲਿਆਂ ਵਿਚ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਨਿਯਮ ਲਾਗੂ ਹੋਣਗੇ ਅਤੇ ਮਾਨਤਾ ਪ੍ਰਾਪਤ ਰੈਫਰੀ ਅਤੇ ਜੱਜ ਸਾਹਿਬਾਨ ਹੀ ਜੱਜਮੈਂਟ-ਰੈਫਰੀ ਵਜੋਂ ਸੇਵਾ ਨਿਭਾਉਣਗੇ। ਉਨ੍ਹਾਂ ਚਾਨਣਾ ਪਾਇਆ ਕਿ ਇਨ੍ਹਾਂ ਮੁਕਾਬਲਿਆਂ ਦਾ ਮਨੋਰਥ ਨੌਜਵਾਨ ਪੀੜ੍ਹੀ ਨੂੰ ਬਾਣੀ-ਬਾਣੇ ਨਾਲ ਜੋੜਨਾ ਅਤੇ ਸਿੱਖ ਪੰਥ ਦੇ ਗੌਰਵਮਈ ਇਤਿਹਾਸ ਨਾਲ ਜੋੜਨਾ ਹੈ। ਇਸ ਮੌਕੇ ਬੀਬੀ ਸਰਬਜੀਤ ਕੌਰ ਵੈਸਚੈਸਟਰ ਕਾਊਂਟੀ, ਸਿੱਖ ਆਗੂ ਭਾਈ ਗਗਨਦੀਪ ਸਿੰਘ ਬਰੇਲੀ, ਸੀਨੀਅਰ ਗੱਤਕਾ ਕੋਚ ਸੁਜਾਨ ਸਿੰਘ, ਦਸਮੇਸ਼ ਸਿੰਘ ਪਲੇਨਵਿਊ ਅਤੇ ਬਲਜਿੰਦਰ ਸਿੰਘ ਬਨਵੈਤ ਆਦਿ ਹਾਜ਼ਰ ਸਨ।

## ਚੋਰੀ ਹੋਈ 16 ਲੱਖ ਡਾਲਰਾਂ ਦੇ ਮੁੱਲ ਦੀ ਸ਼ਰਾਬ ਦਾ ਮਾਮਲਾ ਨਹੀਂ ਹੋਇਆ ਹੱਲ

**ਫਲੋਰਿਡਾ:** ਇੱਥੇ ਇਕ ਕੰਪਨੀ ਵਿਚੋਂ ਚੋਰਾਂ ਵੱਲੋਂ 16 ਲੱਖ ਡਾਲਰਾਂ ਤੋਂ ਵੱਧ ਕੀਮਤ ਦੀ ਸ਼ਰਾਬ ਚੋਰੀ ਕਰਨ ਦਾ ਮਾਮਲਾ ਸੁਰਖੀਆਂ ਵਿਚ ਹੈ। ਇਸ ਸਾਲ ਜੁਲਾਈ ਵਿਚ ਹੋਈ ਚੋਰੀ ਦੀ ਇਸ ਘਟਨਾ ਸਬੰਧੀ ਜਾਂਚਕਾਰਾਂ ਦੇ ਹੱਥ ਕੋਈ ਸੁਰਾਗ ਨਹੀਂ ਲੱਗਾ ਤੇ ਮਾਮਲਾ ਜਾਂਚ ਅਧੀਨ ਹੈ ਪਰ ਅਧਿਕਾਰੀ ਇਹ ਪਤਾ ਲਾਉਣ ਵਿਚ ਕਾਮਯਾਬ ਹੋਏ ਹਨ ਕਿ ਚੋਰੀ ਦੀ ਇਸ ਘਟਨਾ ਵਿਚ ਚੋਰਾਂ ਨੇ ਸ਼ਰਾਬ ਲਿਜਾਣ ਲਈ ਟਰੈਕਟਰ-ਟਰਾਲਿਆਂ ਦੀ ਵਰਤੋਂ ਕੀਤੀ ਸੀ। ਜਾਰੀ ਨਵੇਂ ਤਲਾਸ਼ੀ ਵਾਰੰਟਾਂ ਅਨੁਸਾਰ ਹਿਲਜ ਬੋਰੋਘ ਕਾਊਂਟੀ ਵਿਚ ਟਾਂਪਾ ਦੇ ਦੱਖਣ ਵਿਚ ਸਥਿਤ ਰਿਪਬਲਿਕ ਨੈਸ਼ਨਲ ਡਿਸਟ੍ਰੀਬਿਊਸ਼ਨ ਕੰਪਨੀ ਵਿਚੋਂ ਚੋਰਾਂ ਨੇ 8 ਜੁਲਾਈ ਨੂੰ ਤੜਕਸਾਰ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ। ਤਲਾਸ਼ੀ ਵਾਰੰਟਾਂ ਵਿਚ ਚੋਰਾਂ ਨੂੰ 'ਅਣਪਛਾਤੇ ਸ਼ੱਕੀ' ਵਜੋਂ ਦਰਜ ਕੀਤਾ ਗਿਆ ਹੈ।




## ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਵੱਲੋਂ ਸਾਲਾਨਾ ਪੰਜਾਬੀ ਸਾਹਿਤਕ ਕਾਨਫਰੰਸ 28 ਅਤੇ 29 ਅਕਤੂਬਰ ਨੂੰ

**ਕੈਲੀਫੋਰਨੀਆ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਵੱਲੋਂ 23ਵੀਂ ਸਾਲਾਨਾ ਪੰਜਾਬੀ ਸਾਹਿਤਕ ਕਾਨਫਰੰਸ 28 ਅਤੇ 29 ਅਕਤੂਬਰ 2023 ਨੂੰ ਹੇਵਰਡ ਵਿਖੇ ਕਰਵਾਈ ਜਾ ਰਹੀ ਹੈ।

ਇਹ ਜਾਣਕਾਰੀ ਦਿੰਦਿਆਂ ਇਸ ਕਾਨਫਰੰਸ ਦੇ ਮੁੱਖ ਪ੍ਰਬੰਧਕ ਅਤੇ ਨਾਮਵਰ ਸ਼ਾਇਰ ਕੁਲਵਿੰਦਰ ਅਤੇ ਜਗਜੀਤ ਨੌਸ਼ਹਿਰਵੀ ਨੇ ਦੱਸਿਆ ਕਿ ਇਸ ਕਾਨਫਰੰਸ ਵਿਚ ਕੈਨੇਡਾ, ਅਮਰੀਕਾ, ਭਾਰਤ ਅਤੇ ਹੋਰ ਕਈ ਦੇਸ਼ਾਂ ਤੋਂ ਨਾਮਵਰ ਵਿਦਵਾਨ, ਕਹਾਣੀਕਾਰ, ਨਾਟਕਕਾਰ ਅਤੇ ਕਵੀ ਸ਼ਾਮਲ ਹੋਣਗੇ, ਜਿਨ੍ਹਾਂ ਵਿਚ ਡਾ. ਵਰਿਆਮ ਸਿੰਘ ਸੰਧੂ, ਨਾਮਵਰ ਸ਼ਾਇਰ ਜਸਵਿੰਦਰ, ਡਾ. ਆਤਮ ਸਿੰਘ ਰੰਧਾਵਾ, ਨਾਮਵਰ ਸ਼ਾਇਰ ਦਰਸ਼ਨ ਬੁੱਟਰ, ਜਸਵੰਤ ਸਿੰਘ ਜ਼ਫ਼ਰ, ਡਾ. ਰਾਜੇਸ਼ ਸ਼ਰਮਾ, ਡਾ. ਸੁਹਿੰਦਰ ਵੀਰ, ਰਵਿੰਦਰ ਸਹਿਰਾਅ, ਡਾ. ਮੋਨੋਜੀਤ, ਕਹਾਣੀਕਾਰ ਅਜਮੇਰ ਸਿੱਧੂ, ਮੁੱਖ ਬੁਲਾਰੇ ਹੋਣਗੇ।

ਇਸ ਮੌਕੇ ਕਰਵਾਏ ਜਾ ਰਹੇ ਕਵੀ ਦਰਬਾਰ ਵਿਚ ਕੈਨੇਡਾ ਤੋਂ ਪ੍ਰਸਿੱਧ ਸ਼ਾਇਰ ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਹਰਦਮ ਮਾਨ, ਭਾਰਤ ਤੋਂ ਸਤੀਸ਼ ਗੁਲਾਟੀ ਤੇ ਸੁਸ਼ੀਲ ਦੁਸਾਂਝ, ਅਮਰੀਕਾ ਤੋਂ ਮਨਜੀਤ ਕੌਰ ਗਿੱਲ, ਰਾਕਿੰਦ ਕੌਰ, ਸੁਰਿੰਦਰ ਸੋਹਲ ਤੇ ਹੋਰ ਬਹੁਤ ਸਾਰੇ ਕਵੀ ਆਪਣਾ ਕਲਾਮ ਪੇਸ਼ ਕਰਨਗੇ। ਕਾਨਫਰੰਸ ਵਿਚ ਡਾ. ਦੀਵਾਨ ਸਿੰਘ ਕਾਲੇਪਾਣੀ ਉੱਪਰ ਆਧਾਰਤ ਇਕ ਪਾਤਰੀ ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਦਾ ਪਾਠ ਡਾ. ਆਤਮਜੀਤ ਪੇਸ਼ ਕਰਨਗੇ, ਨਵੀਆਂ ਕਿਤਾਬਾਂ ਰਿਲੀਜ਼ ਕੀਤੀਆਂ ਜਾਣਗੀਆਂ ਅਤੇ ਲੇਖਕਾਂ ਦਾ ਮਾਣ-ਸਨਮਾਨ ਕੀਤਾ ਜਾਵੇਗਾ।

ਕਾਨਫਰੰਸ ਦੌਰਾਨ ਪ੍ਰਸਿੱਧ ਗਜ਼ਲ ਗਾਇਕ ਸੁਖਦੇਵ ਸਾਹਿਲ ਵੱਲੋਂ ਸੰਗੀਤਕ ਮਹਿਫਲ ਸਜਾਈ ਜਾਵੇਗੀ। ਇਸ ਕਾਨਫਰੰਸ ਵਿਚ ਸ਼ਾਮਿਲ ਹੋਣ ਲਈ ਸਮੂਹ ਪੰਜਾਬੀਆਂ ਨੂੰ ਤਹਿ ਦਿਲੋਂ ਸੱਦਾ ਦਿੱਤਾ ਗਿਆ ਹੈ। ਕਾਨਫਰੰਸ ਸਬੰਧੀ ਹੋਰ ਜਾਣਕਾਰੀ ਲਈ ਕੁਲਵਿੰਦਰ ਨਾਲ ਫੋਨ ਨੰਬਰ 510-367-2090 ਅਤੇ ਜਗਜੀਤ ਨੌਸ਼ਹਿਰਵੀ ਨਾਲ 510-676-1565 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*-ਹਰਦਮ ਮਾਨ*

ਪੰਜਾਬ ਟਾਈਮਜ਼

ਸ਼ਨਿਚਰਵਾਰ, 21 ਅਕਤੂਬਰ, 2023

## ਨਿਆਂ-ਅਨਿਆਂ

ਨਿਠਾਰੀ ਕਾਂਡ ਮਾਮਲੇ ਦੇ ਦੋਸ਼ੀਆਂ ਨੂੰ ਬਰੀ ਕਰਨ ਦੇ ਫੈਸਲੇ ਨੇ ਹਰ ਸੰਜੀਦਾ ਸ਼ਖਸ ਨੂੰ ਹੈਰਾਨ ਤੇ ਪ੍ਰੇਸ਼ਾਨ ਕਰ ਦਿੱਤਾ ਹੈ। ਅਲਾਹਾਬਾਦ ਹਾਈ ਕੋਰਟ ਨੇ ਇਸ ਮਾਮਲੇ ਵਿਚ ਘਰੇਲੂ ਨੌਕਰ ਸੁਰੇਂਦਰ ਕੋਲੀ ਅਤੇ ਉਸ ਦੇ ਮਾਲਕ ਮਨਿੰਦਰ ਸਿੰਘ ਪੰਧੇਰ ਨੂੰ ਸਬੂਤਾਂ ਦੀ ਅਣਹੋਂਦ ਕਾਰਨ ਬਰੀ ਕਰ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸਤਗਾਸਾ ਧਿਰ ਆਪਣੇ ਕੇਸ ਨੂੰ ਸਾਬਤ ਕਰਨ ਵਿਚ ਨਾਕਾਮ ਰਹੀ ਹੈ। ਕੋਲੀ ਜੋ ਇਸ ਵੇਲੇ ਗਾਜ਼ੀਆਬਾਦ ਦੀ ਜੇਲ੍ਹ ਵਿਚ ਬੰਦ ਹੈ, ਨੂੰ ਅਲਾਹਾਬਾਦ ਹਾਈ ਕੋਰਟ ਵੱਲੋਂ 12 ਕੇਸਾਂ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਪੰਧੇਰ ਨੌਇਡਾ ਦੀ ਜੇਲ੍ਹ ਵਿਚ ਹੈ ਤੇ ਦੋ ਕੇਸਾਂ ਵਿਚ ਉਹ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਦੋਵਾਂ ਉੱਤੇ ਬਲਾਤਕਾਰ ਤੇ ਕਤਲ ਦਾ ਦੋਸ਼ ਸੀ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਹੋਈ ਸੀ। 2007 ਵਿਚ ਪੰਧੇਰ ਅਤੇ ਕੋਲੀ ਖਿਲਾਫ਼ ਕੁੱਲ 19 ਕੇਸ ਦਰਜ ਹੋਏ ਸਨ। ਸੀ.ਬੀ.ਆਈ. ਸਬੂਤਾਂ ਦੀ ਅਣਹੋਂਦ ਕਾਰਨ ਇਨ੍ਹਾਂ ਵਿਚੋਂ ਤਿੰਨ ਕੇਸਾਂ ਵਿਚ ਕਲੋਜ਼ਰ ਰਿਪੋਰਟ ਦਾਖਲ ਕਰ ਚੁੱਕੀ ਹੈ। ਬਾਕੀ ਬਚਦੇ 16 ਕੇਸਾਂ ਵਿਚੋਂ ਤਿੰਨ ਵਿਚ ਕੋਲੀ ਨੂੰ ਬਰੀ ਕੀਤਾ ਜਾ ਚੁੱਕਾ ਹੈ ਤੇ ਇਕ ਵਿਚ ਉਸ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਹੋ ਚੁੱਕੀ ਹੈ। ਕੋਲੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਯੂ.ਪੀ. ਸਰਕਾਰ ਦੀ ਪਟੀਸ਼ਨ ਸੁਪਰੀਮ ਕੋਰਟ ਵਿਚ ਅਜੇ ਬਕਾਇਆ ਹੈ। ਬਾਕੀ ਬਚਦੇ 12 ਕੇਸਾਂ ਵਿਚ ਉਸ ਨੂੰ ਬਰੀ ਕਰ ਦਿੱਤਾ ਗਿਆ ਹੈ। ਲੜੀਵਾਰ ਹੱਤਿਆਵਾਂ ਦਾ ਇਹ ਸਨਸਨੀਖੇਜ਼ ਮਾਮਲਾ 29 ਦਸੰਬਰ 2006 ਨੂੰ ਕੌਮੀ ਰਾਜਧਾਨੀ ਦੀ ਸਰਹੱਦ ਨਾਲ ਲੱਗਦੇ ਨੌਇਡਾ ਦੇ ਨਿਠਾਰੀ ਵਿਚ ਪੰਧੇਰ ਦੇ ਘਰ ਪਿੱਛਿਓਂ ਲੰਘਦੇ ਨਾਲੇ ਵਿਚੋਂ ਅੱਠ ਬੱਚਿਆਂ ਦੇ ਪਿੰਜਰਾਂ ਦੀਆਂ ਹੱਡੀਆਂ ਮਿਲਣ ਨਾਲ ਸੁਰਖੀਆਂ ਵਿਚ ਆਇਆ ਸੀ। ਇਸ ਲੜੀਵਾਰ ਕਤਲ ਕਾਂਡ ਵਿਚ ਘੱਟੋ-ਘੱਟ 19 ਔਰਤਾਂ ਤੇ ਬੱਚਿਆਂ ਨੂੰ ਕਤਲ ਕੀਤਾ ਗਿਆ ਸੀ।

ਆਪਣੇ ਫ਼ੈਸਲੇ ਵਿਚ ਹਾਈ ਕੋਰਟ ਨੇ ਕਿਹਾ ਹੈ ਕਿ ਸਜ਼ਾ ਦਿਵਾਉਣ ਵਾਲੀ ਸਰਕਾਰੀ ਧਿਰ ਆਪਣੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਸਾਬਤ ਨਹੀਂ ਕਰ ਸਕੀ। ਇਸ ਫ਼ੈਸਲੇ ਨੇ ਮਾਮਲੇ ਦੀ ਸੀ.ਬੀ.ਆਈ. ਦੁਆਰਾ ਕੀਤੀ ਗਈ ਜਾਂਚ ਸਬੰਧੀ ਗੰਭੀਰ ਸ਼ੱਕ-ਸ਼ੁਬਹੇ ਪੈਦਾ ਕਰ ਦਿੱਤੇ ਹਨ। ਸਾਫ਼ ਤੌਰ 'ਤੇ ਸਾਹਮਣੇ ਆਏ ਸਬੂਤਾਂ ਅਤੇ ਕੋਲੀ ਦੇ ਇਕਬਾਲੀਆ ਬਿਆਨ ਦੇ ਆਧਾਰ 'ਤੇ ਗਾਜ਼ੀਆਬਾਦ ਸਥਿਤ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਕੋਲੀ ਨੂੰ ਕਤਲ, ਜਬਰ ਜਨਾਹ, ਅਗਵਾ ਅਤੇ ਜੁਰਮ ਦੇ ਸਬੂਤਾਂ ਨੂੰ ਖੁਰਦ-ਬੁਰਦ ਕਰਨ ਦਾ ਮੁਜਰਮ ਕਰਾਰ ਦਿੱਤਾ ਸੀ ਅਤੇ ਪੰਧੇਰ ਨੂੰ ਅਨੈਤਿਕ ਤਸਕਰੀ ਦਾ ਵੀ ਦੋਸ਼ੀ ਪਾਇਆ ਗਿਆ ਸੀ। ਇਸ ਦੇ ਬਾਵਜੂਦ ਦੇਸ਼ ਦੀ ਮੋਹਰੀ ਜਾਂਚ ਏਜੰਸੀ ਦੋਹਾਂ ਖ਼ਿਲਾਫ਼ ਪੁਖ਼ਤਾ ਕੇਸ ਬਣਾਉਣ ਵਿਚ ਨਾਕਾਮ ਰਹੀ ਹੈ। ਸੀ.ਬੀ.ਆਈ. ਜਿਹੀ ਏਜੰਸੀ ਦਾ 19 ਔਰਤਾਂ ਤੇ ਬੱਚਿਆਂ ਦੇ ਕਤਲ ਕੇਸ ਵਿਚ ਅਪਰਾਧ ਦੀ ਥਾਹ ਪਾਉਣ ਵਿਚ ਨਾਕਾਮ ਰਹਿਣਾ ਕਾਨੂੰਨੀ ਏਜੰਸੀਆਂ ਦੀ ਤਫ਼ਤੀਸ਼ ਕਰਨ ਦੀ ਸਮਰੱਥਾ ਬਾਰੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਉਧਰ, ਇਸ ਫ਼ੈਸਲੇ ਕਾਰਨ ਪੀੜਤਾਂ ਦੇ ਪਰਿਵਾਰਾਂ ਦਾ ਨਿਆਂ ਪ੍ਰਣਾਲੀ ਹੱਥੋਂ ਖ਼ੁਦ ਨੂੰ ਠੱਗੇ ਗਏ ਮਹਿਸੂਸ ਕਰਨਾ ਸੁਭਾਵਿਕ ਹੈ। ਇਹ ਮਾਮਲਾ ਸ਼ੁਰੂ ਤੋਂ ਹੀ ਸੰਵੇਦਨਹੀਣਤਾ ਦਾ ਸ਼ਿਕਾਰ ਰਿਹਾ ਹੈ। ਉਸ ਵੇਲੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਦੇ ਭਰਾ ਤੇ ਮੰਤਰੀ ਸ਼ਿਵਪਾਲ ਯਾਦਵ ਨੇ ਤਾਂ ਇਨ੍ਹਾਂ ਹੱਤਿਆਵਾਂ ਨੂੰ 'ਛੋਟੀ-ਮੋਟੀ ਘਟਨਾ' ਤੱਕ ਕਰਾਰ ਦੇ ਦਿੱਤਾ ਸੀ। ਪੁਲਿਸ ਨੇ ਇਲਾਕੇ ਵਿਚੋਂ ਬੱਚਿਆਂ ਦੇ ਲਗਾਤਾਰ ਗ਼ਾਇਬ ਹੋਣ ਸਬੰਧੀ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਨਹੀਂ ਸੀ ਲਿਆ ਅਤੇ ਕੁਝ ਪੁਲਿਸ ਅਫਸਰਾਂ ਦੀ ਪੰਧੇਰ ਨਾਲ ਕਥਿਤ ਮਿਲੀਭੁਗਤ ਦੇ ਦੋਸ਼ਾਂ ਦੀ ਵੀ ਕਦੇ ਗੰਭੀਰਤਾ ਨਾਲ ਜਾਂਚ ਨਹੀਂ ਸੀ ਕੀਤੀ ਗਈ। ਦੋਵਾਂ ਨੂੰ ਇੰਝ ਬਰੀ ਕਰ ਦਿੱਤਾ ਜਾਣਾ ਹੋਰ ਕੁਝ ਨਹੀਂ ਸਗੋਂ ਨਿਆਂ ਦਾ ਮਜ਼ਾਕ ਉਡਾਉਣਾ ਹੀ ਹੈ।

ਅਦਾਲਤ ਦੇ ਇਸ ਫੈਸਲੇ ਨਾਲ ਇਕ ਵਾਰ ਫਿਰ ਸਰਕਾਰੀ ਏਜੰਸੀਆਂ 'ਤੇ ਸਵਾਲ ਉਠਣੇ ਆਰੰਭ ਹੋ ਗਏ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਸੀ.ਬੀ.ਆਈ., ਈ.ਡੀ. ਵਰਗੀਆਂ ਸਰਕਾਰੀ ਏਜੰਸੀਆਂ ਪਿਛਲੇ ਕੁਝ ਸਮੇਂ ਵਿਰੋਧੀ ਧਿਰਾਂ ਦੇ ਆਗੂਆਂ ਖ਼ਿਲਾਫ਼ ਤਾਂ ਬਥੇਰੀਆਂ ਮੁਹਿੰਮਾਂ ਚਲਾ ਰਹੀਆਂ ਹਨ ਪਰ ਨਿਠਾਰੀ ਵਰਗੇ ਗੰਭੀਰ ਕੇਸ ਵਿਚ ਸੀ.ਬੀ.ਆਈ. ਵਰਗੀ ਜਾਂਚ ਏਜੰਸੀ ਨੇ ਕੋਈ ਗੰਭੀਰਤਾ ਨਹੀਂ ਦਿਖਾਈ। ਚੇਤੇ ਰਹੇ ਕਿ ਜਦੋਂ ਤੋਂ 2014 ਵਿਚ ਕੇਂਦਰ ਵਿਚ ਮੋਦੀ ਸਰਕਾਰ ਹੋਂਦ ਵਿਚ ਆਈ ਹੈ, ਕੇਂਦਰੀ ਏਜੰਸੀਆਂ ਨੂੰ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਵਰਤਿਆ ਜਾ ਰਿਹਾ ਹੈ। ਮੀਡੀਆ ਅਤੇ ਹੋਰ ਮੰਚਾਂ ਉਤੇ ਇਸ ਬਾਰੇ ਬਹਿਸ ਵੀ ਬਹੁਤ ਵਾਰ ਚੱਲੀ ਹੈ ਪਰ ਮੋਦੀ ਸਰਕਾਰ ਆਪਣੀ ਇਸ ਕਵਾਇਦ ਤੋਂ ਇਕ ਇੰਚ ਵੀ ਪਿੱਛੇ ਨਹੀਂ ਹਟੀ ਹੈ। ਹੁਣ ਅਗਲੇ ਸਾਲ ਲੋਕ ਸਭਾ ਚੋਣਾਂ ਨੇੜੇ ਆਉਣ ਕਰ ਕੇ ਇਨ੍ਹਾਂ ਕੇਂਦਰੀ ਏਜੰਸੀਆਂ ਨੂੰ ਹੋਰ ਤੇਜ਼ ਕੀਤਾ ਜਾ ਰਿਹਾ ਹੈ। ਹੋਰ ਤਾਂ ਹੋਰ, ਮੋਦੀ ਸਰਕਾਰ ਚੋਣ ਕਮਿਸ਼ਨ ਵਰਗੇ ਅਦਾਰੇ ਨੂੰ ਵੀ ਆਪਣੇ ਸਿਆਸੀ ਹਿਤਾਂ ਲਈ ਵਰਤਣ ਤੋਂ ਗੁਰੇਜ਼ ਨਹੀਂ ਕਰ ਰਹੀ। ਹੁਣ ਜਦੋਂ ਨਿਠਾਰੀ ਕਾਂਡ ਵਰਗੇ ਮਾਮਲਿਆਂ ਵਿਚ ਦੋਸ਼ੀ ਬਰੀ ਹੋ ਰਹੇ ਹਨ ਤਾਂ ਸਭ ਤੋਂ ਵੱਡਾ ਸਵਾਲ ਜਾਂਚ ਏਜੰਸੀਆਂ ਦੀ ਕਾਰਗੁਜ਼ਾਰੀ ਉਤੇ ਲੱਗ ਰਿਹਾ ਹੈ। ਇਸ ਮਾਮਲੇ ਕਾਰਨ ਸਮੁੱਚਾ ਮੁਲਕ ਝੰਜੋੜਿਆ ਗਿਆ ਸੀ ਅਤੇ ਮਾਸੂਮ ਬੱਚੇ ਦੋਸ਼ੀਆਂ ਦੀ ਮਾੜੀ ਮਾਨਸਿਕਤਾ ਦੇ ਸ਼ਿਕਾਰ ਹੋ ਗਏ ਸਨ। ਇੰਨੇ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਦਾ ਬਰੀ ਹੋਣਾ ਸੀ.ਬੀ.ਆਈ. ਹੀ ਨਹੀਂ, ਸਰਕਾਰ ਦੀ ਕਾਰਕਰਦਗੀ ਉਤੇ ਵੀ ਸਵਾਲੀਆ ਨਿਸ਼ਾਨ ਲਾ ਰਿਹਾ ਹੈ। ਇਹ ਪੀੜਤ ਪਰਿਵਾਰਾਂ ਨਾਲ ਸਰਾਸਰ ਅਨਿਆਂ ਹੈ। ਅਪਰਾਧੀਆਂ ਦਾ ਇਸ ਤਰ੍ਹਾਂ ਬਰੀ ਹੋਣਾ ਸਮੁੱਚੀ ਨਿਆਂ ਪ੍ਰਣਾਲੀ ਲਈ ਵੀ ਵੱਡਾ ਸਵਾਲ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਆਕੀਆਂ ਦੀ ਜਾਨ

'ਪੰਜੇ-ਤੱਕੜੀ' ਦੋਹਾਂ ਨੇ ਫੜੀ ਰੱਖੀ 'ਉੱਤਰ ਕਾਟੋ ਮੈਂ ਚੜ੍ਹਾਂ' ਦੀ ਤਾਨ ਯਾਰੋ।
ਹੁਣ ਵੀ ਕੁਰਸੀ 'ਤੇ ਰੱਖ ਕੇ ਅੱਖ ਦੋਵੇਂ ਦੇਈ ਜਾਂਦੇ ਐ ਬਦਲਵੇਂ ਬਿਆਨ ਯਾਰੋ।
ਰਾਖੀ ਕਰ ਨਾ ਸਕੇ ਇਹ ਪਾਣੀਆਂ ਦੀ ਜੋ ਪੰਜਾਬ ਦੀ ਜ਼ਿੰਦਗੀ ਜਾਨ ਯਾਰੋ।
ਪਾਏ ਬੇੜੀ ਵਿਚ ਵੱਟੇ ਨੇ 'ਦੋਹਾਂ' ਦੇ ਹੀ ਹੁਣ ਝਾੜੂ ਦਾ ਹੈਗਾ ਇਮਤਿਹਾਨ ਯਾਰੋ।
ਦਿੱਲੀ ਮੁੱਢੋਂ 'ਮਤਰੇਈ' ਹੀ ਬਣੀ ਆਈ 'ਸਕੀ' ਮਾਂ ਇਹ ਹੋਵੇਗੀ ਬਾਕੀਆਂ ਦੀ।
ਡਾਕਾ ਮਾਰਨਾ ਚਾਹੁੰਦੀ ਐ ਪਾਣੀਆਂ 'ਤੇ ਨਹੀਂ ਜਾਣਦੀ ਅਣਖ ਇਹ ਆਕੀਆਂ ਦੀ!

# ਵਿਰੋਧੀ ਧਿਰਾਂ ਨੂੰ ਬਹਿਸ ਦੀ ਵੰਗਾਰ ਬਨਾਮ ਪੰਜਾਬ ਦੇ ਮੁੱਦੇ

*ਸਵਾਲ ਇਹ ਨਹੀਂ ਹੈ ਕਿ ਇਸ ਬਹਿਸ ਵਿਚ ਮੁੱਖ ਮੰਤਰੀ ਸਾਹਮਣੇ ਇਨ੍ਹਾਂ ਰਵਾਇਤੀ ਪਾਰਟੀਆਂ ਦਾ ਕੋਈ ਲੀਡਰ ਆਉਂਦਾ ਹੈ ਜਾਂ ਨਹੀਂ ਬਲਕਿ ਸਵਾਲ ਇਹ ਹੈ ਕਿ ਜਿਨ੍ਹਾਂ ਲੀਡਰਾਂ ਨੂੰ ਲੰਘੀਆਂ ਚੋਣਾਂ ਵਿਚ ਲੋਕ ਨਕਾਰ ਚੁੱਕੇ ਹਨ, ਉਨ੍ਹਾਂ ਨੂੰ ਬਹਿਸ ਲਈ ਹੋਕਰੇ ਮਾਰ ਕੇ ਮੁੱਖ ਮੰਤਰੀ ਕੀ ਸਾਬਤ ਕਰਨਾ ਚਾਹੁੰਦੇ ਹਨ। ਮੁੱਖ ਮੰਤਰੀ ਨੇ ਅਜਿਹਾ ਕਿਹੜਾ ਮਾਅਰਕਾ ਮਾਰ ਦਿੱਤਾ ਹੈ ਜੋ ਦੂਜਿਆਂ ਨਾਲ ਬਹਿਸ ਦੀ ਨੌਬਤ ਆ ਗਈ?*

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਹਿਲੀ ਨਵੰਬਰ ਦੇ ਦਿਨ ਸੂਬੇ ਦੀਆਂ ਤਿੰਨ ਰਾਜਨੀਤਕ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਜਪਾ ਦੇ ਆਗੂਆਂ ਨੂੰ ਖੁੱਲ੍ਹੀ ਬਹਿਸ ਦਾ ਸੱਦਾ ਦਿੱਤਾ ਹੋਇਆ ਹੈ। 'ਪੰਜਾਬ ਦਿਵਸ' ਵਾਲੇ ਦਿਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਆਡੀਟੋਰੀਅਮ ਵਿਚ ਮੀਡੀਆ ਸਾਹਮਣੇ ਕੀਤੀ ਜਾਣ ਵਾਲੀ ਇਸ ਬਹਿਸ ਲਈ ਬਕਾਇਦਾ ਬੁੱਕਿੰਗ ਵੀ ਕਰਵਾਈ ਗਈ ਹੈ। ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇਸ ਬਹਿਸ ਤੋਂ ਕਿਨਾਰਾ ਕਰ ਲੈਣ ਨੂੰ 'ਆਪ' ਵਰਕਰ ਆਪਣੀ ਜਿੱਤ ਸਮਝ ਰਹੇ ਹਨ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਸਾਡੇ ਲਈ ਸਵਾਲ ਇਹ ਨਹੀਂ ਹੈ ਕਿ ਇਸ ਅਖੌਤੀ ਬਹਿਸ ਵਿਚ ਮੁੱਖ ਮੰਤਰੀ ਸਾਹਮਣੇ ਇਹਨਾਂ ਰਵਾਇਤੀ ਪਾਰਟੀਆਂ ਦਾ ਕੋਈ ਲੀਡਰ ਆਉਂਦਾ ਹੈ ਜਾਂ ਨਹੀਂ ਬਲਕਿ ਸਾਡੇ ਲਈ ਸਵਾਲ ਇਹ ਹੈ ਕਿ ਜਿਨ੍ਹਾਂ ਲੀਡਰਾਂ ਨੂੰ ਲੰਘੀਆਂ ਚੋਣਾਂ ਵਿਚ ਲੋਕ ਨਕਾਰ ਚੁੱਕੇ ਹਨ, ਉਨ੍ਹਾਂ ਨੂੰ ਬਹਿਸ ਲਈ ਹੋਕਰੇ ਮਾਰ ਕੇ ਮੁੱਖ ਮੰਤਰੀ ਜੀ ਕੀ ਸਾਬਤ ਕਰਨਾ ਚਾਹੁੰਦੇ ਹਨ। ਦੂਜਾ ਇਹ ਕਿ ਸੂਬੇ ਵਿਚ ਮੁੱਖ ਮੰਤਰੀ ਜੀ ਨੇ ਅਜਿਹਾ ਕਿਹੜਾ ਮਾਅਰਕਾ ਮਾਰ ਦਿੱਤਾ ਹੈ ਜੋ ਦੂਜਿਆਂ ਨਾਲ ਬਹਿਸ ਦੀ ਨੌਬਤ ਆ ਗਈ। ਅੱਜ ਵੀ ਸੂਬੇ ਦੇ ਕਿਸਾਨ ਖੁਦਕੁਸ਼ੀਆਂ ਕਰ ਰਹੇ, ਮਜਦੂਰ ਮਨਰੇਗਾ ਤਹਿਤ ਰੁਜ਼ਗਾਰ ਦੀ ਮੰਗ ਲਈ ਧਰਨੇ ਦੇ ਰਹੇ ਹਨ, ਬੇਰੁਜ਼ਗਾਰ ਨੌਜਵਾਨ ਰੁਜ਼ਗਾਰ ਦੀ ਖਾਤਰ ਪਾਣੀ ਵਾਲੀਆਂ ਟੈਂਕੀਆਂ 'ਤੇ ਚੜ੍ਹ ਰਹੇ ਹਨ, ਮੁਲਾਜਮਾਂ ਦਾ ਵੱਡਾ ਹਿੱਸਾ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਕਰ ਰਿਹਾ ਹੈ, ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਤੇ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਰੜਕ ਰਹੀ ਹੈ ਤਾਂ ਮੁੱਖ ਮੰਤਰੀ ਜੀ ਇਸ ਪਾਸੇ ਧਿਆਨ ਦੇਣ ਦੀ ਬਜਾਏ ਵਿਰੋਧੀਆਂ ਨੂੰ ਬਹਿਸ ਵਿਚ ਹਰਾਉਣ ਲਈ ਤੁਰੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪੰਜਾਬ ਵਿਚ ਫੈਲੀ ਬੇਰੁਜ਼ਗਾਰੀ, ਨਸ਼ਿਆਂ, ਬੇਲੋੜੇ ਪਰਵਾਸ, ਹਰ ਤਰ੍ਹਾਂ ਦੇ ਮਾਫੀਆ ਲਈ ਮੁੱਖ ਰੂਪ ਵਿਚ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ। ਇਸੇ ਕਰ ਕੇ ਲੰਘੀਆਂ ਚੋਣਾਂ ਵਿਚ ਇਹ ਪਾਰਟੀਆਂ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਈਆਂ ਸਨ ਪਰ ਹੁਣ ਤਾਂ ਮੁੱਦਾ ਇਸ ਤੋਂ ਅੱਗੇ ਤੁਰਨ ਦਾ ਹੈ। ਆਮ ਆਦਮੀ ਪਾਰਟੀ ਨੇ ਪੰਜਾਬੀਆਂ ਨੂੰ 'ਬਦਲਾਅ' ਦਾ ਹੋਕਾ ਦੇ ਕੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦੀ ਸਰਕਾਰ ਦੇਣ ਦਾ ਵਾਅਵਾ ਕੀਤਾ ਸੀ ਲੇਕਿਨ ਹੁਣ ਮੁੱਖ ਮੰਤਰੀ ਜੀ 'ਬਦਲਾਅ' ਵਾਲੇ ਪਾਸੇ ਤੁਰਨ ਦੀ ਥਾਂ ਰਵਾਇਤੀ ਪਾਰਟੀਆਂ ਸਬੰਧੀ ਟੋਟਕੇ ਸੁਣਾ ਕੇ ਟਾਈਮ ਪਾਸ ਕਰਨ ਲੱਗੇ ਹੋਏ ਹਨ। ਗੈਰ-ਪ੍ਰਸੰਗਿਕ ਲੀਡਰਾਂ ਨੂੰ ਬਹਿਸ ਦੀ ਚੁਣੌਤੀ ਦੇਣਾ ਸਿਆਸਤ ਵਿਚ ਉਹਨਾਂ ਦੀ ਪ੍ਰਸੰਗਿਕਤਾ ਬਹਾਲ ਕਰਨ ਅਤੇ ਖੁਦ ਦੀ ਚੌਧਰ ਸਥਾਪਤ ਕਰਨ ਤੋਂ ਵੱਧ ਕੁਝ ਵੀ ਨਹੀਂ ਹੈ।

ਓਪਰੀ ਨਜ਼ਰੇ ਵੇਖਣ-ਸੁਣਨ ਨੂੰ ਇਹ ਚੰਗਾ ਲੱਗਦਾ ਹੈ ਕਿ ਕਿਸੇ ਸੂਬੇ ਦਾ ਮੁੱਖ ਮੰਤਰੀ ਵਿਰੋਧੀ ਧਿਰਾਂ ਦੇ ਲੀਡਰਾਂ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦੇ ਰਿਹਾ ਹੈ ਪਰ ਹਕੀਕਤ ਇਹ ਹੈ ਕਿ ਇਹ ਉਹੀ ਮੁੱਖ ਮੰਤਰੀ ਹੈ ਜੋ ਸੂਬੇ ਦੀਆਂ ਮਜ਼ਦੂਰ ਜਥੇਬੰਦੀਆਂ ਨੂੰ ਕਈ ਵਾਰ ਸਮਾਂ ਦੇ ਕੇ ਵੀ ਮੀਟਿੰਗ ਕਰਨ ਲਈ ਨਹੀਂ ਬਹੁੜਿਆ। ਮਜ਼ਦੂਰ ਜਥੇਬੰਦੀਆਂ ਸੂਬੇ ਦੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਦੀ ਚਰਚਾ ਲਈ ਕਈ ਵਾਰ ਇਸ ਨੂੰ ਮਿਲਣ ਲਈ ਇਹਨਾਂ ਦੇ ਘਰ ਤੱਕ ਪਹੁੰਚੀਆਂ ਪਰ ਇਹ ਮਿਲਣ ਤੋਂ ਟਾਲਾ ਵੱਟ ਰਹੇ ਹਨ।

ਪੰਜਾਬ ਵਿਚ ਜਦ ਤੋਂ 'ਆਪ' ਦੀ ਸਰਕਾਰ ਬਣੀ ਹੈ ਤਦ ਤੋਂ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਮਸਲਿਆਂ ਸਬੰਧੀ ਇੱਕ ਵੀ ਖੁੱਲ੍ਹੀ ਪ੍ਰੈੱਸ ਕਾਨਫਰੰਸ ਨਹੀਂ ਕੀਤੀ ਹੈ। ਭਗਵੰਤ ਮਾਨ ਵੱਲੋਂ ਵਿਰੋਧੀ ਧਿਰਾਂ ਦੇ ਲੀਡਰਾਂ ਨੂੰ ਅਖੌਤੀ ਬਹਿਸ ਲਈ ਮਾਰੇ ਜਾ ਰਹੇ ਹੋਕਰਿਆਂ ਦੇ ਸੋਹਲੇ ਗਾਉਣ ਵਾਲੇ ਕਈ ਭੱਦਰਪੁਰਸ਼ ਪੱਤਰਕਾਰਾਂ ਨੂੰ ਵੀ ਸਵਾਲ ਬਣਦਾ ਹੈ ਕਿ ਭਾਈ ਤੁਸੀਂ ਹੀ ਮੁੱਖ ਮੰਤਰੀ ਦੀ ਇੰਟਰਵਿਊ ਕਰ ਕੇ ਦਿਖਾਓ।

ਹਰ ਰੋਜ਼ ਸ਼ਾਮ ਨੂੰ ਮੁੱਖ ਧਾਰਾ ਮੀਡੀਆ ਦੇ ਪ੍ਰਾਈਮ ਟਾਈਮ ਸ਼ੋਅ ਵਿਚ ਰਾਜਨੀਤਕ ਆਗੂਆਂ ਦੀਆਂ ਅਜਿਹੀਆਂ ਅਖੌਤੀ ਬਹਿਸਾਂ ਲੋਕ ਹਰ ਰੋਜ਼



ਹੀ ਸੁਣਦੇ ਹਨ ਤੇ ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਇਹ ਬਹਿਸਾਂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ ਲੋਕਾਂ ਨੂੰ 'ਸਿਆਸੀ ਸਵਾਦ' ਦੇਣ ਤੋਂ ਵੱਧ ਕੁਝ ਨਹੀਂ ਹੁੰਦੀਆਂ ਹਨ। ਭਗਵੰਤ ਮਾਨ ਨੇ ਕਈ ਦਹਾਕੇ ਕਮੇਡੀ ਕਲਾਕਾਰ ਵਜੋਂ ਸਟੇਜੀ ਟੋਟਕੇ ਸੁਣਾ ਕੇ ਆਪਣਾ ਰੁਜ਼ਗਾਰ ਚਲਾਇਆ ਹੈ ਤੇ ਹੁਣ ਉਹ ਪਹਿਲੀ ਨਵੰਬਰ ਨੂੰ ਪੀ.ਏ.ਯੂ. ਦੀ ਸਟੇਜ 'ਤੇ ਰਵਾਇਤੀ ਪਾਰਟੀਆਂ ਸਬੰਧੀ ਟੋਟਕੇ ਸੁਣਾ ਕੇ ਲੋਕਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਜੇਕਰ ਭਗਵੰਤ ਮਾਨ ਜੀ ਸੱਚਮੁੱਚ ਪੰਜਾਬ ਦੇ ਚਲੰਤ ਮਸਲਿਆਂ 'ਤੇ ਵਿਰੋਧੀ ਧਿਰਾਂ ਨਾਲ ਖੁੱਲ੍ਹੀ ਬਹਿਸ ਕਰਨ ਦੇ ਇਛੁੱਕ ਹਨ ਤਾਂ ਪੰਜਾਬ ਵਿਧਾਨ ਸਭਾ ਦਾ ਖੁੱਲ੍ਹਾ ਜਿਹਾ ਸੈਸ਼ਨ ਬੁਲਾਉਣ 'ਤੇ ਉੱਥੇ ਬਹਿਸ ਕਰਨ ਤੋਂ ਕੌਣ ਰੋਕਦਾ ਹੈ, ਲੋਕ ਵੀ ਲਾਈਵ ਦੇਖ ਲੈਣਗੇ ਅਤੇ ਸਰਕਾਰੀ ਰਿਕਾਰਡ ਵੀ ਬਣੇਗਾ ਪਰ ਇਹ ਤੱਥ ਹੈ ਕਿ 'ਆਪ' ਸਰਕਾਰ ਨੇ ਪਿਛਲੇ ਡੇਢ ਸਾਲ ਦੌਰਾਨ ਵਿਧਾਨ ਸਭਾ ਸੈਸ਼ਨ ਬਲਾਉਣ ਸਮੇਂ ਹੱਥ ਘੁੱਟਿਆ ਹੈ। ਦੋ-ਦੋ ਰੋਜ਼ਾ ਵਿਸ਼ੇਸ਼ ਸੈਸ਼ਨ ਕਹਿ ਕੇ ਤਾਂ ਆਹ ਤੀਜਾ ਸੈਸ਼ਨ ਕੀਤਾ ਜਾ ਰਿਹਾ ਹੈ। ਜੇਕਰ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੂੰ ਹੀ ਬਹਿਸ ਵਿਚ ਸੱਦਣਾ ਹੈ ਤਾਂ ਫਿਰ ਬਹਿਸ ਵਿਧਾਨ ਸਭਾ ਦੇ 20 ਤੇ 21 ਅਕਤੂਬਰ ਨੂੰ ਬੁਲਾਏ ਜਾ ਰਹੇ ਸੈਸ਼ਨ ਦੌਰਾਨ ਹੀ ਬਹਿਸ ਕਰਨ ਦਾ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ। ਜੇ ਬਹਿਸ ਵਿਧਾਨ ਸਭਾ ਤੋਂ ਬਾਹਰ ਕਰਨੀ ਹੈ ਤਾਂ ਫਿਰ ਸਵਾਲ ਹੈ ਕਿ ਸੂਬੇ ਦੀਆਂ ਬਾਕੀ ਰਾਜਨੀਤਕ ਪਾਰਟੀਆਂ, ਕਿਸਾਨ, ਮਜ਼ਦੂਰ, ਜਨਤਕ ਜਥੇਬੰਦੀਆਂ ਨੂੰ ਇਸ ਬਹਿਸ ਵਿਚ ਕਿਉਂ ਨਹੀਂ ਸੱਦਿਆ ਜਾ ਰਿਹਾ।

ਅਸਲ ਵਿਚ ਮੁੱਖ ਮੰਤਰੀ ਜੀ ਚੁਣੀਦਾ ਰਾਜਨੀਤਕ ਲੀਡਰਾਂ ਨਾਲ ਤੈਅਸ਼ੁਦਾ ਫਰੈਂਡਲੀ ਮੈਚ ਖੇਡਣ ਦੇ ਇਛੁੱਕ ਹਨ ਜਿੱਥੇ ਮੀਡੀਆ ਦਾ ਵੱਡਾ ਹਿੱਸਾ ਸਰਕਾਰ ਦੀ ਜੈ-ਜੈਕਾਰ ਕਰਨ ਲਈ ਉਤਾਵਲਾ ਹੋਵੇਗਾ। ਉਨ੍ਹਾਂ ਨੂੰ ਡਰ ਹੈ ਕਿ ਜੇ ਕਿਸਾਨ, ਮਜ਼ਦੂਰ ਜਥੇਬੰਦੀਆਂ ਬੁਲਾ ਲਈਆਂ ਤਾਂ ਉਹ ਸਵਾਲ ਕਰਨਗੀਆਂ ਕਿ ਤੁਹਾਡੀ ਸਰਕਾਰ ਦੌਰਾਨ ਮਜ਼ਦੂਰਾਂ ਦੀ ਦਿਹਾੜੀ ਦਾ ਓਵਰਟਾਈਮ ਕਿਉਂ ਵਧਾਇਆ ਗਿਆ ਹੈ?

ਮੁੱਖ ਮੰਤਰੀ ਜੀ ਨੂੰ ਬਹਿਸ ਕਰਨ ਤੋਂ ਪਹਿਲਾਂ ਇਹ ਤਾਂ ਦੱਸਣਾ ਹੀ ਚਾਹੀਦਾ ਹੈ ਕਿ ਕੀ ਉਹਨਾਂ ਦੀ ਸਰਕਾਰ ਨੇ ਚੋਣ ਵਾਅਦੇ ਪੂਰੇ ਕਰ ਦਿੱਤੇ ਹਨ? ਚੋਣਾਂ ਸਮੇਂ ਔਰਤਾਂ ਨੂੰ ਇੱਕ ਹਜ਼ਾਰ ਰੁਪਿਆ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ ਡੇਢ ਸਾਲ ਤੋਂ ਜਿਆਦਾ ਸਮਾਂ ਹੋ ਗਿਆ ਸਰਕਾਰ ਬਣਿਆ ਲੇਕਿਨ ਅਜੇ ਤੱਕ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ ਦੀ ਯੋਜਨਾ ਤੱਕ ਨਹੀਂ ਉਲੀਕੀ ਗਈ ਹੈ। ਇਕ ਨਵੰਬਰ ਨੂੰ ਮੁੱਖ ਮੰਤਰੀ ਜੀ ਇਹ ਤਾਂ ਕਹਿ ਦੇਣਗੇ ਕਿ ਨਸ਼ੇ ਪਿਛਲੀਆਂ ਸਰਕਾਰਾਂ ਦੀ ਦੇਣ ਹਨ ਪਰ ਪੌਣੇ ਦੋ ਸਾਲਾਂ ਦੌਰਾਨ ਉਹਨਾਂ ਦੀ ਸਰਕਾਰ ਨੇ ਨਸ਼ੇ ਨੂੰ ਠੱਲ੍ਹ ਕਿਉਂ ਨਹੀਂ ਪਾਈ, ਇਸ ਬਾਰੇ ਖੁੱਲ੍ਹ ਕੇ ਨਹੀਂ ਦੱਸਣਗੇ। ਬੇਰੁਜ਼ਗਾਰੀ, ਅਨਿਸ਼ਚਤ ਭਵਿੱਖ ਕਾਰਨ ਸੂਬੇ ਦੇ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਫਸੇ ਹੋਏ ਹਨ ਪਰ ਮੁੱਖ ਮੰਤਰੀ ਜੀ ਇਸ ਬਾਰੇ ਸੰਜੀਦਾ ਨਹੀਂ ਹਨ। ਕੀ ਪਹਿਲੀ ਨਵੰਬਰ ਨੂੰ ਲੁਧਿਆਣੇ ਹੋਣ ਵਾਲੀ ਬਹਿਸ ਵਿਚ ਸ਼ਾਮਲ ਹੋਣ ਤੋਂ ਮੁੱਖ ਮੰਤਰੀ ਜੀ ਆਪਣੇ ਜ਼ਿਲ੍ਹੇ ਵਿਚਲੀ ਪਾਣੀ ਵਾਲੀ ਟੈਂਕੀ 'ਤੇ ਚੜ੍ਹੇ ਕੱਚੇ ਅਧਿਆਪਕਾਂ ਨੂੰ ਮਿਲ ਕੇ ਜਾਣਗੇ ਜੋ ਸਰਕਾਰ ਤੋਂ ਆਪਣੇ ਹੱਕ ਲੈਣ ਲਈ ਸੰਘਰਸ਼ ਕਰ ਰਹੇ ਹਨ।

ਅਕਾਲੀਆਂ, ਕਾਂਗਰਸੀਆਂ ਨਾਲ ਬਹਿਸ ਲਈ ਪੱਬਾਂ ਭਾਰ ਹੋਏ ਮੁੱਖ ਮੰਤਰੀ ਜੀ ਇਹ ਦੱਸਣ ਦੀ ਖੇਚਲ ਤਾਂ ਕਰਨ ਕਿ ਉਹਨਾਂ ਇਹਨਾਂ ਤੋਂ ਵੱਖਰੀ ਕਿਹੜੀ ਪਿਰਤ ਪਾਈ ਹੈ। ਸਰਕਾਰੀ ਸਮਾਗਮਾਂ ਦੇ ਨਾਮ ਹੇਠ ਅੰਮ੍ਰਿਤਸਰ ਸਾਹਿਬ ਅਤੇ ਪਟਿਆਲਾ ਵਿਚ ਕੇਜਰੀਵਾਲ ਦੀ ਆਮਦ ਮੌਕੇ ਕੀਤੇ ਸਿਆਸੀ ਇਕੱਠਾਂ ਵਿਚ ਸਰਕਾਰੀ ਬੱਸਾਂ ਤੇ ਸਰਕਾਰੀ ਮੁਲਾਜ਼ਮਾਂ ਦੀ ਸ਼ਰੇਆਮ ਦੁਰਵਰਤੋਂ ਕੀਤੀ ਗਈ ਹੈ। ਐਸ.ਵਾਈ.ਐਲ. ਦੇ ਮਸਲੇ 'ਤੇ ਜੋ ਕੁੱਝ ਦੂਜੀਆਂ ਪਾਰਟੀਆਂ ਕਰਦੀਆਂ ਰਹੀਆਂ ਹਨ, ਉਹੀ ਕੁਝ ਤੁਹਾਡੀ ਪਾਰਟੀ ਕਰ ਰਹੀ ਹੈ; 'ਆਪ' ਦਾ ਪੰਜਾਬ ਯੂਨਿਟ ਕਹਿ ਰਿਹਾ ਹੈ ਕਿ ਹਰਿਆਣਾ ਦਾ ਐਸ.ਵਾਈ.ਐਲ. ਦੇ ਪਾਣੀ 'ਤੇ ਕੋਈ ਹੱਕ ਨਹੀਂ ਹੈ ਪਰ ਨਾਲ ਦੇ ਕਮਰੇ ਵਿਚ ਬੈਠ ਕੇ ਹਰਿਆਣਾ ਯੂਨਿਟ ਕਹਿ ਰਿਹਾ ਹੈ ਕਿ ਪਾਣੀ 'ਤੇ ਸਾਡਾ ਹੱਕ ਹੈ, ਇਹ ਕਿਹੜਾ ਰਾਜਨੀਤਕ ਸੱਭਿਆਚਾਰ ਹੈ।

ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਵਿਚ ਫਸੇ ਆਪਣੇ 'ਆਪ' ਸਰਕਾਰ ਦੇ ਸਾਬਕਾ ਮੰਤਰੀ, ਵਿਧਾਇਕ ਸਰਕਾਰੀ ਸਮਾਗਮਾਂ ਵਿਚ ਮੁੱਖ ਮਹਿਮਾਨ ਬਣ ਰਹੇ ਹਨ, ਉਨ੍ਹਾਂ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਦਿਖਾਉਣ ਦੀ ਥਾਂ ਬਚਾਅ ਕੀਤਾ ਗਿਆ ਹੈ।

ਮੁੱਖ ਮੰਤਰੀ ਜੀ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿਚ ਵਿਰੋਧੀਆਂ ਨੂੰ ਬਹਿਸ ਦਾ ਸੱਦਾ ਦਿੰਦਿਆਂ ਲਿਖਿਆ ਸੀ ਕਿ "ਰੋਜ਼-ਰੋਜ਼ ਦੀ ਕਿੱਚ-ਕਿੱਚ ਨਾਲੋਂ ਆਜੋ ਆਪਾਂ ਪੰਜਾਬੀਆਂ ਅਤੇ ਮੀਡੀਆ ਸਾਹਮਣੇ ਬੈਠ ਕੇ ਪੰਜਾਬ ਨੂੰ ਹੁਣ ਤੱਕ ਕੀਹਨੇ ਕਿਵੇਂ ਲੁੱਟਿਆ, ਭਾਈ-ਭਤੀਜੇ, ਸਾਲੇ-ਜੀਜੇ, ਮਿੱਤਰ-ਮੁਲਾਹਜ਼ੇ, ਟੋਲ ਪਲਾਜ਼ੇ, ਜਵਾਨੀ ਕਿਸਾਨੀ, ਵਪਾਰ-ਦੁਕਨਦਾਰ, ਗੁਰੂਆਂ ਦੀ ਬਾਣੀ, ਨਹਿਰਾਂ ਦਾ ਪਾਣੀ... ਸਾਰੇ ਮੁੱਦਿਆਂ 'ਤੇ ਲਾਈਵ ਬਹਿਸ ਕਰੀਏ...।"

ਮੁੱਖ ਮੰਤਰੀ ਜੀ ਪੰਜਾਬ ਨੂੰ ਹੁਣ ਤੱਕ ਕੀਹਨੇ ਲੁੱਟਿਆ, ਇਸ ਦਾ ਪੰਜਾਬੀਆਂ ਨੂੰ ਭਲੀਭਾਂਤ ਪਤਾ ਹੈ। ਜੇ ਪੰਜਾਬੀਆਂ ਨੂੰ ਇਹ ਪਤਾ ਹੈ ਕਿ ਹੁਣ ਤੱਕ ਕੀਹਨੇ ਲੁੱਟਿਆ ਤਾਂ ਹੀ ਤੁਸੀਂ ਮੁੱਖ ਮੰਤਰੀ ਬਣਾਏ ਸੀ, ਤੁਹਾਡੇ ਸਾਹਮਣੇ ਤਾਂ ਇਸ ਤੋਂ ਅੱਗੇ ਤੁਰ ਕੇ ਪੰਜਾਬ ਪੱਖੀ ਕੋਈ ਮਾਡਲ ਦੇਣ ਦਾ ਏਜੰਡਾ ਤੈਅ ਹੋਣਾ ਚਾਹੀਦਾ ਸੀ ਪਰ ਅਫਸੋਸ! ਤੁਸੀਂ ਉਸ ਰਾਹ ਤੁਰਨ ਦੀ ਬਜਾਇ ਪਿਛਲੀਆਂ ਸਰਕਾਰਾਂ ਵੱਲੋਂ ਸਥਾਪਤ ਕੀਤੇ ਰਸਤੇ 'ਤੇ ਹੀ ਤੁਰ ਪਏ।

ਸੋ, ਹੁਣ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ 'ਆਪ' ਸਰਕਾਰ ਸੰਜੀਦਗੀ ਨਾਲ ਲੋਕਾਂ ਦੇ ਮੰਗਾਂ ਮਸਲੇ ਹੱਲ ਕਰਨ ਦੀ ਬਜਾਇ ਟੋਟਕਿਆਂ, ਹਾਸੇ-ਠੱਠਿਆਂ ਨਾਲ ਸਰਕਾਰ ਚਲਾ ਰਹੀ ਹੈ। ਇਸ ਦੀ ਕਾਰਜ ਪ੍ਰਣਾਲੀ ਮੁੱਖ ਰੂਪ ਵਿਚ ਪਿਛਲੀਆਂ ਸਰਕਾਰਾਂ ਵਾਲੀ ਹੀ ਹੈ।

# ਹੁਣ ਖ਼ਾਮੋਸ਼ ਰਹਿਣ ਦਾ ਸਮਾਂ ਨਹੀਂ...

ਨਿਊਜ਼ ਪੋਰਟਲ 'ਨਿਊਜ਼ਕਲਿੱਕ' ਬੰਦ ਕਰਾਉਣ ਲਈ ਇੱਕੋ ਸਮੇਂ 88 ਥਾਵਾਂ 'ਤੇ ਛਾਪੇ ਅਤੇ ਦੋ ਮੁੱਖ ਸੰਚਾਲਕਾਂ ਦੀ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰੀ ਤੋਂ ਬਾਅਦ ਸੱਤਾ ਦਾ ਜਾਬਰ ਪੰਜਾ ਪ੍ਰਸਿੱਧ ਲੇਖਕਾ ਅਰੁੰਧਤੀ ਰਾਏ ਤੱਕ ਜਾ ਪਹੁੰਚਿਆ ਹੈ। ਕੁਝ ਹਫ਼ਤੇ ਪਹਿਲਾਂ ਹੀ 5 ਸਤੰਬਰ ਨੂੰ ਕੌਮੀ ਜਾਂਚ ਏਜੰਸੀ ਨੇ ਯੂ.ਪੀ. ਅਤੇ ਝਾਰਖੰਡ ਵਿਚ ਮਨੁੱਖੀ ਹੱਕਾਂ ਦੇ ਦਰਜਨਾਂ ਕਾਰਕੁਨਾਂ ਦੇ ਘਰਾਂ ਵਿਚ ਛਾਪੇ ਮਾਰੇ ਅਤੇ ਉਨ੍ਹਾਂ ਦੇ ਮੋਬਾਈਲ, ਲੈਪਟਾਪ ਤੇ ਹੋਰ ਡਿਜੀਟਲ ਯੰਤਰ ਜ਼ਬਤ ਕਰ ਲਏ ਸਨ। ਫਿਰ ਆਂਧਰਾ ਪ੍ਰਦੇਸ਼ ਤੇ ਤਿਲੰਗਾਨਾ ਵਿਚ ਕੌਮੀ ਜਾਂਚ ਏਜੰਸੀ ਨੇ 62 ਥਾਵਾਂ ਉੱਪਰ ਮਨੁੱਖੀ ਹੱਕਾਂ/ਸ਼ਹਿਰੀ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-64342**

ਆਜ਼ਾਦੀਆਂ ਦੇ ਉੱਘੇ ਕਾਰਕੁਨਾਂ ਅਤੇ ਲੇਖਕਾਂ ਦੇ ਘਰਾਂ ਵਿਚ ਛਾਪੇ ਮਾਰ ਕੇ ਪੁੱਛਗਿੱਛ ਕੀਤੀ। 12 ਅਕਤੂਬਰ ਨੂੰ ਏਜੰਸੀ ਨੇ ਮਹਾਰਾਸ਼ਟਰ ਵਿਚ ਕੈਦੀਆਂ ਦੇ ਹੱਕਾਂ ਦੇ ਕਾਰਕੁਨ ਅਬਦੁਲ ਵਾਹਿਦ ਸ਼ੇਖ਼ ਦੇ ਘਰ ਛਾਪਾ ਮਾਰਿਆ। ਡੇਢ ਦਰਜਨ ਤੋਂ ਵਧੇਰੇ ਕਾਰਕੁਨ, ਉੱਘੇ ਲੇਖਕ ਅਤੇ ਪੱਤਰਕਾਰ ਪਹਿਲਾਂ ਹੀ ਭੀਮਾ-ਕੋਰੇਗਾਓਂ ਕੇਸ ਵਿਚ ਪੰਜ ਸਾਲ ਤੋਂ ਜੇਲ੍ਹ ਵਿਚ ਹਨ। ਦਰਅਸਲ, ਇਹ ਸਵਾਲ ਉਠਾਉਣ ਵਾਲੇ ਮੀਡੀਆ ਅਤੇ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਤੇ ਇਮਾਨਦਾਰ ਬੌਧਿਕ ਹਲਕਿਆਂ ਵਿਰੁੱਧ ਛੇੜਿਆ ਭਗਵੀਂ ਹਕੂਮਤ ਦਾ ਯੁੱਧ ਹੈ ਜਿਸ ਦਾ ਜ਼ਿਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਇਸ ਨੂੰ 'ਸਿਵਲ ਸੁਸਾਇਟੀ ਵਿਰੁੱਧ ਲੜਾਈ ਦਾ ਚੌਥਾ ਮੋਰਚਾ' ਨਾਂ ਦੇ ਕੇ ਕੀਤਾ ਸੀ। ਹਕੂਮਤ ਦਾ ਸਪਸ਼ਟ ਸੰਦੇਸ਼ ਹੈ ਕਿ ਜੋ ਹਕੂਮਤ ਉੱਪਰ ਤੱਥਪੂਰਨ ਸਵਾਲ ਉਠਾਏਗਾ, ਉਸ ਨੂੰ ਜੇਲ੍ਹ 'ਚ ਡੱਕ ਦਿੱਤਾ ਜਾਵੇਗਾ।

ਨਿਊਜ਼ਕਲਿੱਕ ਉੱਪਰ ਆਮਦਨ ਕਰ ਟੀਮ ਨੇ 2020 'ਚ ਵੀ ਛਾਪਾ ਮਾਰਿਆ ਸੀ ਅਤੇ ਲੰਮੀ-ਚੌੜੀ ਪੁੱਛਗਿੱਛ ਕੀਤੀ ਸੀ ਪਰ ਜਾਂਚ ਅਧਿਕਾਰੀ ਅੱਜ ਤੱਕ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੇ। ਕਿੱਤੇ ਨੂੰ ਸਮਰਪਿਤ ਇਮਾਨਦਾਰ ਪੱਤਰਕਾਰਾਂ ਦੀ ਜ਼ੁਬਾਨਬੰਦੀ ਲਈ ਉਪਰੋਕਤ ਛਾਪੇਮਾਰੀ ਕਰਵਾ ਕੇ ਹੁਣ ਸੀ.ਬੀ.ਆਈ. ਤੋਂ ਇਕ ਹੋਰ ਕੇਸ ਦਰਜ ਕਰਵਾਇਆ ਗਿਆ ਹੈ। ਆਲੋਚਕ ਆਵਾਜ਼ਾਂ ਉੱਪਰ ਇਸੇ ਹਮਲੇ ਦੀ ਕੜੀ ਵਜੋਂ ਦਿੱਲੀ ਦੇ ਲੈਫਟੀਨੈਂਟ ਗਵਰਨਰ ਸਕਸੈਨਾ ਨੇ ਅਰੁੰਧਤੀ ਰਾਏ ਅਤੇ ਕਸ਼ਮੀਰ ਦੀ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਵਿਰੁੱਧ ਕੇਸ ਚਲਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪ੍ਰੋਫੈਸਰ ਐੱਸ.ਏ.ਆਰ. ਗਿਲਾਨੀ (ਸੀ.ਆਰ.ਪੀ.ਪੀ. ਦੇ ਪ੍ਰਧਾਨ ਅਤੇ ਪਾਰਲੀਮੈਂਟ ਉੱਪਰ ਕਥਿਤ ਦਹਿਸ਼ਤਵਾਦੀ ਹਮਲੇ ਦਾ ਸਰਗਣਾ ਹੋਣ ਦੇ ਇਲਜ਼ਾਮ ਤੋਂ ਬਰੀ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ) ਅਤੇ ਮੁੱਖ ਹੁਰੀਅਤ ਆਗੂ ਸਈਦ ਅਲੀ ਸ਼ਾਹ ਗਿਲਾਨੀ ਦੀ ਮੌਤ ਹੋ ਚੁੱਕੀ ਹੈ। ਜਿਊਂਦੇ ਹੁੰਦੇ ਤਾਂ ਉਨ੍ਹਾਂ ਉੱਪਰ ਵੀ ਮੁਕੱਦਮਾ ਚੱਲਣਾ ਸੀ। ਇਸ ਕਾਰਵਾਈ ਦੀ ਅਸਲ ਮਨਸ਼ਾ ਅਰੁੰਧਤੀ ਰਾਏ ਦੀ ਬੁਲੰਦ ਆਵਾਜ਼ ਨੂੰ ਖ਼ਾਮੋਸ਼ ਕਰਨਾ ਹੈ। ਰਾਏ ਦੀ ਲਕੀਰ ਖਿੱਚ ਕੇ ਆਪਣੀ ਗੱਲ ਕਹਿਣ ਦੀ ਬੌਧਿਕ ਇਮਾਨਦਾਰੀ ਸੰਘ ਬ੍ਰਿਗੇਡ ਨੂੰ ਖ਼ੌਫ਼ਜ਼ਦਾ ਕਰਦੀ ਹੈ। ਸ਼ਬਦਾਂ ਦੇ ਜਾਦੂ ਰਾਹੀਂ ਸਮੇਂ ਦਾ ਸੱਚ ਬਿਆਨ ਕਰਨ ਦੀ ਉਸ ਦੀ ਬੌਧਿਕ ਕਾਬਲੀਅਤ ਸੰਘ ਬ੍ਰਿਗੇਡ ਲਈ ਹਊਆ ਹੈ ਕਿਉਂਕਿ ਕੁਲ ਦੁਨੀਆ ਦੇ ਇਨਸਾਫ਼ਪਸੰਦ ਅਗਾਂਹਵਧੂ ਲੋਕ ਉਸ ਦੀ ਨਿਧੜਕ ਆਵਾਜ਼ ਨੂੰ ਬਹੁਤ ਗੌਰ ਨਾਲ ਸੁਣਦੇ ਹਨ।

ਸੰਗੀਨ ਧਾਰਾਵਾਂ ਤਹਿਤ ਇਹ ਮੁਕੱਦਮਾ ਚਲਾਉਣ ਦਾ ਆਧਾਰ 13 ਸਾਲ ਪੁਰਾਣੇ ਭਾਸ਼ਣ ਬਾਬਤ ਦਰਜ ਕੀਤੀ ਐੱਫ.ਆਈ.ਆਰ. ਨੂੰ ਬਣਾਇਆ ਹੈ। ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਆਲਮੀ ਪੱਧਰ 'ਤੇ ਹੋਣ ਵਾਲੀ ਭੰਡੀ ਦੇ ਡਰੋਂ ਫਾਸ਼ੀਵਾਦੀ ਹਕੂਮਤ ਬੁੱਕਰ ਇਨਾਮ ਜੇਤੂ ਲੇਖਿਕਾ ਨੂੰ ਹੱਥ ਨਹੀਂ ਪਾਏਗੀ। ਲੇਖਕਾ ਵੀ ਆਪਣੀਆਂ ਲਿਖਤਾਂ ਤੇ ਭਾਸ਼ਣਾਂ 'ਚ ਇਹ ਕਹਿੰਦੀ ਰਹੀ ਹੈ ਕਿ ਫਾਸ਼ੀਵਾਦੀ ਹੁਕਮਰਾਨਾਂ ਵੱਲੋਂ ਤਿੱਖੀਆਂ ਟਿੱਪਣੀਆਂ ਨੂੰ ਨਜ਼ਰਅੰਦਾਜ਼ ਕਰਨ ਪਿੱਛੇ ਵੱਡਾ ਕਾਰਨ ਉਸ ਦਾ 'ਸਨਮਾਨਿਤ ਲੇਖਕ' ਹੋਣਾ ਹੀ ਹੈ। ਉਪਰੋਕਤ ਮਨਜ਼ੂਰੀ ਸਾਫ਼ ਇਸ਼ਾਰਾ ਹੈ ਕਿ ਹੁਣ ਹਕੂਮਤ ਬਹੁਤ ਅੱਗੇ ਵਧ ਚੁੱਕੀ ਹੈ। ਹੁਣ ਹਾਲਾਤ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਖ਼ਤਰਨਾਕ ਹੋ ਚੁੱਕੇ ਹਨ ਜਿਵੇਂ ਆਪਣੀਆਂ ਲਿਖਤਾਂ ਵਿਚ ਰਾਏ ਵੀ ਵਾਰ-ਵਾਰ ਚੁਕੰਨੇ ਕਰਦੀ ਰਹੀ ਹੈ।




*ਨਿਊਜ਼ਕਲਿੱਕ ਦਾ ਲੋਗੋ ਅਤੇ ਅਰੁੰਧਤੀ ਰਾਏ।*

ਇਹ ਸਮੁੱਚੀ ਮੁਹਿੰਮ ਕੇਂਦਰ ਸਰਕਾਰ ਦੇ ਪੱਧਰ 'ਤੇ ਘੜੀ ਡੂੰਘੀ ਸਾਜ਼ਿਸ਼ ਤਹਿਤ ਚਲਾਈ ਜਾ ਰਹੀ ਹੈ। ਦਿੱਲੀ ਪੁਲਿਸ ਕੋਲੋਂ ਪੁਰਾਣੇ ਕੇਸ ਦੀ ਕਬਰ ਪੁਟਵਾਈ ਅਤੇ ਪੁਲਿਸ ਅਧਿਕਾਰੀਆਂ ਨੇ ਲੈਫਟੀਨੈਂਟ ਗਵਰਨਰ ਕੋਲੋਂ 2010 ਦੇ ਕੇਸ ਦਾ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਉੱਪਰ ਮੋਹਰ ਲਗਵਾ ਲਈ। 21 ਅਕਤੂਬਰ 2010 ਨੂੰ ਸਿਆਸੀ ਕੈਦੀਆਂ ਦੀ ਰਿਹਾਈ ਲਈ ਕਮੇਟੀ (ਸੀ.ਆਰ.ਪੀ.ਪੀ.) ਨੇ ਦਿੱਲੀ ਵਿਚ 'ਆਜ਼ਾਦੀ-ਦਿ ਓਨਲੀ ਵੇਅ' ਬੈਨਰ ਹੇਠ ਚਰਚਾ ਕਰਵਾਈ ਸੀ। ਉਸ ਚਰਚਾ ਵਿਚ ਕਸ਼ਮੀਰ 'ਤੇ ਥੋਪੇ ਫ਼ੌਜੀ ਰਾਜ ਦਾ ਵਿਰੋਧ ਕਰਦਿਆਂ ਕਸ਼ਮੀਰੀ ਅਵਾਮ ਦੇ ਸਵੈ-ਨਿਰਣੇ ਦੇ ਹੱਕ ਦੀ ਵਜਾਹਤ ਕੀਤੀ ਸੀ। ਅਰੁੰਧਤੀ ਰਾਏ ਅਤੇ ਹੋਰ ਉੱਘੀਆਂ ਸ਼ਖ਼ਸੀਅਤਾਂ ਉਸ ਪ੍ਰੋਗਰਾਮ ਵਿਚ ਮੁੱਖ ਬੁਲਾਰੇ ਸਨ।

ਕਸ਼ਮੀਰ ਦੇ 'ਸਮਾਜਿਕ ਕਾਰਕੁਨ' ਸੁਸ਼ੀਲ ਪੰਡਿਤ ਨੇ 28 ਅਕਤੂਬਰ 2010 ਨੂੰ ਦਿੱਲੀ ਦੇ ਤਿਲਕ ਮਾਰਗ ਥਾਣੇ ਵਿਚ ਸ਼ਿਕਾਇਤ ਦਰਜ ਕਰਾਈ ਸੀ ਕਿ ਇਨ੍ਹਾਂ ਬੁਲਾਰਿਆਂ ਨੇ 'ਜਨਤਕ ਤੌਰ 'ਤੇ ਭੜਕਾਊ ਭਾਸ਼ਣ' ਦਿੱਤੇ ਅਤੇ ਦੋਸ਼ੀਆਂ ਵਿਰੁੱਧ ਰਾਜਧ੍ਰੋਹ ਤੇ ਹੋਰ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਜਾਵੇ। ਸ਼ਿਕਾਇਤ ਬੇਬੁਨਿਆਦ ਹੋਣ ਕਾਰਨ ਐੱਫ.ਆਈ.ਆਰ. ਦਰਜ ਕਰਾਉਣ ਲਈ ਮੈਟਰੋਪੋਲਿਟਿਨ ਮੈਜਿਸਟਰੇਟ ਕੋਲੋਂ ਉਚੇਚੇ ਤੌਰ 'ਤੇ ਆਦੇਸ਼ ਜਾਰੀ ਕਰਵਾਇਆ ਗਿਆ ਪਰ ਗੱਲ ਇਸ ਤੋਂ ਅੱਗੇ ਨਾ ਵਧੀ ਕਿਉਂਕਿ ਉਦੋਂ ਸਰਕਾਰਾਂ ਨੇ ਕੇਸ ਚਲਾਉਣ 'ਚ ਦਿਲਚਸਪੀ ਨਹੀਂ ਲਈ। ਹੁਣ ਮੁਕੱਦਮਾ ਚਲਾਉਣ ਲਈ 13 ਸਾਲ ਪੁਰਾਣੀ ਐੱਫ.ਆਈ.ਆਰ. ਨੂੰ ਬਹਾਨਾ ਬਣਾ ਲਿਆ ਗਿਆ।

ਲੈਫਟੀਨੈਂਟ ਗਵਰਨਰ ਨੇ ਕਿਹਾ ਕਿ ਉਸ ਸ਼ਿਕਾਇਤ ਅਨੁਸਾਰ ਅਰੁੰਧਤੀ ਰਾਏ ਅਤੇ ਪ੍ਰੋਫੈਸਰ ਹੁਸੈਨ ਵਿਰੁੱਧ ਧਾਰਾ 153ਏ, 153ਬੀ ਅਤੇ ਧਾਰਾ 505 ਤਹਿਤ ਮੁਕੱਦਮਾ ਚਲਾਉਣ ਦਾ ਵਾਜਬ ਆਧਾਰ ਮੌਜੂਦ ਹੈ (ਰਾਜਧ੍ਰੋਹ ਦੀ ਧਾਰਾ ਇਸ ਕਰ ਕੇ ਨਹੀਂ ਲਗਾਈ ਜਾ ਸਕੀ ਕਿਉਂਕਿ ਸੁਪਰੀਮ ਕੋਰਟ ਵਿਚ ਵਿਚਾਰ-ਅਧੀਨ ਹੋਣ ਕਾਰਨ ਇਸ ਧਾਰਾ ਤਹਿਤ ਮੁਕੱਦਮਾ ਚਲਾਉਣ ਦੀ ਮਨਾਹੀ ਹੈ)। ਇਸੇ ਤਰ੍ਹਾਂ ਦਾ 'ਵਾਜਬ ਆਧਾਰ' ਨਿਊਜ਼ਕਲਿੱਕ ਉੱਪਰ ਹਮਲਾ ਕਰਨ ਲਈ ਨਿਊਯਾਰਕ ਟਾਈਮਜ਼ ਦੀ ਖ਼ਬਰ ਵਿਚ ਲੱਭਿਆ ਗਿਆ ਹਾਲਾਂਕਿ ਇਸੇ ਅਖ਼ਬਾਰ ਵਿਚ ਅਡਾਨੀ ਦੇ ਮਹਾਂ-ਘੁਟਾਲਿਆਂ ਬਾਰੇ ਬਹੁਤ ਸਾਰੇ ਖ਼ੁਲਾਸੇ ਛਪ ਚੁੱਕੇ ਹਨ, ਫਿਰ ਉਸ ਵਿਰੁੱਧ ਐੱਫ.ਆਈ.ਆਰ. ਦਰਜ ਕਰ ਕੇ ਪੁੱਛਗਿੱਛ ਕਿਉਂ ਨਹੀਂ ਕੀਤੀ ਜਾ ਰਹੀ? ਸਕਸੈਨਾ ਨੇ 'ਵਾਜਬ ਆਧਾਰ' ਦੀ ਦਲੀਲ ਇਸ ਕਰ ਕੇ ਘੜੀ ਕਿਉਂਕਿ ਹੇਟ ਸਪੀਚ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਹੇਟ ਕ੍ਰਾਈਮ, ਰਾਜਧ੍ਰੋਹ, ਰਾਜ ਵਿਰੁੱਧ ਯੁੱਧ ਛੇੜਨ ਅਤੇ ਭਾਈਚਾਰਿਆਂ ਦਰਮਿਆਨ ਦੁਸ਼ਮਣੀ ਭੜਕਾਉਣ ਵਰਗੇ ਖ਼ਾਸ ਦੋਸ਼ਾਂ ਤਹਿਤ ਸਬੰਧਿਤ ਸੰਗੀਨ ਧਾਰਾਵਾਂ ਲਗਾ ਕੇ ਕੇਸ ਚਲਾਉਣ ਲਈ ਫ਼ੌਜਦਾਰੀ ਦੰਡ ਪ੍ਰਕਿਰਿਆ ਕੋਡ ਦੇ ਸੈਕਸ਼ਨ 196(1) ਤਹਿਤ ਰਾਜ ਸਰਕਾਰ ਦੀ ਮਨਜ਼ੂਰੀ ਲੈਣ ਦੀ ਰਸਮੀਂ ਕਾਰਵਾਈ ਪਾਉਣੀ ਜ਼ਰੂਰੀ ਹੈ।

ਸਕਸੈਨਾ ਕੋਲ ਇਸ ਵਾਜਬ ਸਵਾਲ ਦਾ ਕੋਈ ਜਵਾਬ ਨਹੀਂ ਕਿ 13 ਸਾਲ ਪਹਿਲਾਂ ਦਿੱਤੇ ਭਾਸ਼ਣਾਂ ਨਾਲ ਨਾ ਸਮਾਜੀ ਸਦਭਾਵਨਾ ਨੂੰ ਕੋਈ ਨੁਕਸਾਨ ਪੁੱਜਾ, ਨਾ ਕੋਈ ਦੰਗਾ ਭੜਕਿਆ, ਨਾ ਕਿਤੇ ਹਿੰਸਾ ਹੋਈ, ਨਾ ਕੋਈ ਰਾਜਨੀਤਕ ਮਸਲਾ ਬਣਿਆ; ਫਿਰ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਕਿਸ ਆਧਾਰ 'ਤੇ? ਦਰਅਸਲ ਸਕਸੈਨਾ ਜੋ ਸੀਮਿੰਟ ਨਿਰਮਾਤਾ ਜੇ.ਕੇ. ਗਰੁੱਪ ਦਾ ਸਾਬਕਾ ਜਨਰਲ ਮੈਨੇਜਰ ਹੈ, ਗੁਜਰਾਤ ਵਿਚ ਸਿਵਲ ਲਿਬਰਟੀਜ਼ ਐੱਨ.ਜੀ.ਓ. ਦੇ ਨਾਂ ਹੇਠ ਨਰਮਦਾ ਬਚਾਓ ਅੰਦੋਲਨ ਨੂੰ ਸੱਟ ਮਾਰਨ ਲਈ ਖ਼ਲਲ ਪਾਊ ਕਾਰਵਾਈਆਂ ਕਰਨ ਅਤੇ ਉੱਘੀ ਵਾਤਾਵਰਣ ਪ੍ਰੇਮੀ ਮੇਧਾ ਪਟਕਰ ਨਾਲ ਧੱਕਾ-ਮੁੱਕੀ ਕਰਨ ਵਾਲਾ ਮੋਦੀ ਪੱਖੀ ਬਦਨਾਮ ਸ਼ਖ਼ਸ ਹੈ। ਅਜਿਹੇ ਸ਼ਖ਼ਸਾਂ ਦੇ 'ਯੋਗਦਾਨ' ਦਾ ਮੁੱਲ ਪਾਉਣ ਲਈ ਮੋਦੀ ਹਕੂਮਤ ਉਨ੍ਹਾਂ ਨੂੰ ਅਜਿਹੇ ਅਹੁਦੇ ਬਖ਼ਸ਼ਦੀ ਹੈ ਅਤੇ ਫਿਰ ਉਨ੍ਹਾਂ ਕੋਲੋਂ ਆਪਣੀ ਮਰਜ਼ੀ ਅਨੁਸਾਰ ਕਾਲੇ ਕਾਰਨਾਮਿਆਂ ਉੱਪਰ ਸੰਵਿਧਾਨਕ ਮੋਹਰਾਂ ਲਗਵਾਉਂਦੀ ਹੈ।

ਸੰਗੀਨ ਧਾਰਾਵਾਂ ਲਗਾਉਣ ਅਤੇ ਮਨਜ਼ੂਰੀ ਦੇਣ ਲਈ ਭਾਰਤ ਦੀ ਪੁਲਿਸ ਤੇ ਸਰਕਾਰਾਂ ਦੇ ਦੋਹਰੇ ਮਿਆਰ ਜੱਗ ਜ਼ਾਹਿਰ ਹਨ। ਆਰ.ਐੱਸ.ਐੱਸ.-ਭਾਜਪਾ ਨੂੰ ਖ਼ੁਸ਼ ਕਰਨ ਅਤੇ ਨਾਪਸੰਦ ਸ਼ਖ਼ਸੀਅਤਾਂ ਵਿਰੁੱਧ ਸੰਗੀਨ ਧਾਰਾਵਾਂ ਲਾਉਣ ਲਈ ਪੁਲਿਸ ਤੇ ਜਾਂਚ ਏਜੰਸੀਆਂ ਦੇ ਅਧਿਕਾਰੀ ਸੱਤਾਧਾਰੀ ਧਿਰ ਦੇ ਪੈਰਾਂ 'ਚ ਵਿਛਦੇ ਹਨ। ਇਸ ਦੀ ਤਾਜ਼ਾ ਮਿਸਾਲ ਮੱਧ ਪ੍ਰਦੇਸ਼ ਪੁਲਿਸ ਹੈ ਜਿਸ ਨੇ ਗੁਨਾ ਤੋਂ ਆਨਲਾਈਨ ਅਖ਼ਬਾਰ 'ਦੈਨਿਕ ਖ਼ੁਲਾਸਾ' ਦੇ ਕ੍ਰਾਈਮ ਰਿਪੋਰਟਰ ਜਾਲਮ ਸਿੰਘ ਵਿਰੁੱਧ ਚਾਰ ਦਿਨ ਵਿਚ ਗਿਆਰਾਂ ਐੱਫ.ਆਈ.ਆਰ. ਦਰਜ ਕਰ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ। ਜ਼ਿਆਦਾਤਰ ਐੱਫ.ਆਈ.ਆਰ. ਇਸ ਕਦਰ ਬੇਤੁਕੀਆਂ ਹਨ ਕਿ ਉਨ੍ਹਾਂ ਮਾਮਲਿਆਂ ਦਾ ਪੱਤਰਕਾਰ ਨਾਲ ਦੂਰ ਦਾ ਵੀ ਕੋਈ ਸਬੰਧ ਨਹੀਂ। ਉਸ ਦਾ ਕਸੂਰ ਸਿਰਫ਼ ਇਹ ਹੈ ਕਿ ਉਸ ਨੇ ਮੱਧ ਪ੍ਰਦੇਸ਼ ਦੇ ਪੰਚਾਇਤ ਮੰਤਰੀ ਮਹਿੰਦਰ ਸਿੰਘ ਸਿਸੌਦੀਆ ਬਾਰੇ ਵਾਇਰਲ ਵੀਡੀਓ ਦੇ ਆਧਾਰ 'ਤੇ ਰਿਪੋਰਟ ਭੇਜੀ ਸੀ।

ਦੂਜੇ ਪਾਸੇ ਜਦੋਂ ਭਗਵੇਂ ਦਹਿਸ਼ਤੀ ਗਰੋਹਾਂ, ਸੰਸਦ ਵਿਚ ਦਹਿਸ਼ਤਵਾਦੀ ਧਮਕੀਆਂ ਦੇਣ ਵਾਲੇ ਭਾਜਪਾਈ ਸੰਸਦ ਮੈਂਬਰਾਂ, ਅਖੌਤੀ ਹਿੰਦੂ ਸਾਧਾਂ-ਮਹੰਤਾਂ, ਟਰੌਲ ਅਨਸਰਾਂ ਜਾਂ ਆਰ.ਐੱਸ.ਐੱਸ. ਤੇ ਸੰਘ ਪਰਿਵਾਰ ਦੇ ਆਗੂਆਂ ਦੇ ਭੜਕਾਊ ਭਾਸ਼ਣਾਂ, ਨਫ਼ਰਤ ਤੇ ਦਹਿਸ਼ਤ ਫੈਲਾਊ ਬਿਆਨਾਂ, ਦੰਗੇ ਭੜਕਾਊ ਕਾਰਵਾਈਆਂ ਕਾਰਨ ਉਨ੍ਹਾਂ ਵਿਰੁੱਧ ਇਹ ਧਾਰਾਵਾਂ ਲਗਾਉਣ ਦੀ ਗੱਲ ਆਉਂਦੀ ਹੈ ਤਾਂ ਇਹੀ ਅਧਿਕਾਰੀ ਮੂੰਹ ਫੇਰ ਲੈਂਦੇ ਹਨ।

ਇਸੇ ਤਰ੍ਹਾਂ ਦਾ ਝੂਠਾ ਕੇਸ ਨਿਊਜ਼ਕਲਿੱਕ ਵਿਰੁੱਧ ਹੈ ਜੋ ਇਕ ਅਮਰੀਕਨ ਅਖ਼ਬਾਰ ਦੀ ਖ਼ਬਰ ਨੂੰ ਆਧਾਰ ਬਣਾ ਕੇ ਘੜਿਆ ਹੈ। ਜਿਸ ਦਿਨ ਨਿਊਜ਼ਕਲਿੱਕ ਉੱਪਰ ਛਾਪੇ ਮਾਰੇ, ਉਸ ਰਾਤ ਦੋ ਵਜੇ ਦਿੱਲੀ ਪੁਲਿਸ ਦੇ ਸਦਰ-ਮੁਕਾਮ ਵਿਚ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ, ਈ.ਡੀ., ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਅਤੇ ਯੂ.ਪੀ. ਪੁਲਿਸ ਦੇ ਅਧਿਕਾਰੀਆਂ ਦੀ ਵਿਸ਼ੇਸ਼ ਹਲਚਲ ਦੀਆਂ ਖ਼ਬਰਾਂ ਦੱਸਦੀਆਂ ਹਨ ਕਿ ਮੋਦੀ ਵਜ਼ਾਰਤ ਦੇ ਹੁਕਮ 'ਤੇ ਫੁੱਲ ਚੜ੍ਹਾਉਂਦਿਆਂ ਜੰਗੀ ਪੱਧਰ 'ਤੇ ਤਿਆਰੀ ਕੀਤੀ ਗਈ। ਦਿਨ ਚੜ੍ਹਦੇ ਹੀ ਨੋਇਡਾ ਤੋਂ ਲੈ ਕੇ ਗਾਜ਼ੀਆਬਾਦ ਅਤੇ ਗੁੜਗਾਓਂ ਤੱਕ ਇਸ ਅਦਾਰੇ ਨਾਲ ਜੁੜੇ ਪੱਤਰਕਾਰਾਂ ਦੇ ਘਰਾਂ ਦੀ ਤਲਾਸ਼ੀ ਲੈ ਕੇ ਮੋਬਾਈਲ, ਲੈਪਟਾਪ, ਫਲੈਸ਼ ਡਰਾਈਵਾਂ, ਹਾਰਡ ਡਿਸਕਾਂ ਆਦਿ ਕਬਜ਼ੇ 'ਚ ਲੈ ਲਈਆਂ ਤਾਂ ਜੋ ਨਿਊਜ਼ਕਲਿੱਕ ਦੀ ਪੂਰਾ ਕੰਮ ਠੱਪ ਹੋ ਜਾਵੇ ਅਤੇ ਪੱਤਰਕਾਰ ਵੀ ਕੋਈ ਕੰਮ ਨਾ ਕਰ ਸਕਣ। ਸੀਨੀਅਰ ਪੱਤਰਕਾਰਾਂ ਦੀ ਪੁੱਛਗਿੱਛ ਅਤੇ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰੀਆਂ ਦੀ ਮੁਹਿੰਮ ਦੇ ਵੇਰਵੇ ਦੱਸਦੇ ਹਨ ਕਿ ਇਸ ਯੋਜਨਾ ਦਾ ਮਕਸਦ ਨਿਊਜ਼ਕਲਿੱਕ ਦੇ ਕੰਮਕਾਜ ਨੂੰ ਠੱਪ ਕਰਨ ਤੋਂ ਅੱਗੇ ਸਮੁੱਚੇ ਪੱਤਰਕਾਰ ਭਾਈਚਾਰੇ ਨੂੰ ਹਕੂਮਤ ਦੇ ਫਾਸ਼ੀਵਾਦੀ ਇਰਾਦਿਆਂ ਦਾ ਸੰਦੇਸ਼ ਦੇਣਾ ਵੀ ਹੈ। ਪੱਤਰਕਾਰਾਂ ਨੂੰ ਤਿੰਨ ਵਿਸ਼ਿਆਂ 'ਕਿਸਾਨ ਅੰਦੋਲਨ, ਸ਼ਾਹੀਨ ਬਾਗ਼ ਅਤੇ ਪੂਰਵ-ਉੱਤਰੀ ਦਿੱਲੀ 'ਚ ਦੰਗਿਆਂ' ਦੀ ਜ਼ਮੀਨੀ ਰਿਪੋਰਟਿੰਗ ਕਰਨ ਬਾਰੇ ਸਵਾਲ ਪੁੱਛੇ ਗਏ। 'ਚੀਨ ਤੋਂ ਪੈਸਾ ਲੈ ਕੇ ਭਾਰਤ ਵਿਰੋਧੀ ਮਾਹੌਲ ਬਣਾਉਣ' ਤੇ ਇਸ ਦਾ ਸਬੰਧ ਕਿਸਾਨ ਅੰਦੋਲਨ ਨਾਲ ਜੋੜਨ ਅਤੇ ਬਿਨਾਂ ਸਬੂਤ ਯੂ.ਏ.ਪੀ.ਏ. ਲਗਾਏ ਜਾਣ ਤੋਂ ਸਪਸ਼ਟ ਹੈ ਕਿ ਆਰ.ਐੱਸ.ਐੱਸ.-ਭਾਜਪਾ ਹਕੂਮਤ 2024 ਦੀਆਂ ਚੋਣਾਂ ਦੇ ਮੱਦੇਨਜ਼ਰ ਸਵਾਲ ਉਠਾਉਣ ਵਾਲੇ ਮੀਡੀਆ ਹਿੱਸਿਆਂ ਅਤੇ ਬੁੱਧੀਜੀਵੀਆਂ ਨੂੰ ਦਹਿਸ਼ਤਜ਼ਦਾ ਕਰ ਕੇ ਖ਼ਾਮੋਸ਼ ਕਰਨਾ ਚਾਹੁੰਦੀ ਹੈ।

ਸਰਕਾਰ ਦਾ 'ਲੋਕ ਸੰਪਰਕ ਵਿਭਾਗ' ਨਾ ਬਣਨ ਵਾਲੇ ਮੀਡੀਆ ਹਿੱਸਿਆਂ, ਮਨੁੱਖੀ ਹੱਕਾਂ ਦੇ ਕਾਰਕੁਨਾਂ ਸਮੇਤ ਸਮੂਹ ਨਿਧੜਕ ਆਵਾਜ਼ਾਂ ਨੂੰ ਦੀ ਜ਼ੁਬਾਨਬੰਦੀ ਕਰਨਾ ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਨੂੰ ਐਨਾ ਜ਼ਰੂਰੀ ਕਿਉਂ ਸਮਝਦੀ ਹੈ। ਇਹ ਸਾਰੇ ਹਿੱਸੇ ਸੰਘ ਬ੍ਰਿਗੇਡ ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਅਤੇ 'ਵਿਕਾਸ' ਦੇ ਨਾਂ ਹੇਠ ਕਾਰਪੋਰੇਟ ਘਰਾਣਿਆਂ ਦੀ ਬੇਹਯਾ ਚਾਕਰੀ ਦੀ ਨੀਤੀ ਦੇ ਤਿੱਖੇ ਆਲੋਚਕ ਹਨ। ਆਰ.ਐੱਸ.ਐੱਸ.-ਭਾਜਪਾ ਦੇ ਰਾਸ਼ਟਰਵਾਦ ਅਤੇ ਪਾਟਕ-ਪਾਊ ਫਿਰਕੂ ਸਿਆਸਤ ਉੱਪਰ ਸਵਾਲ ਉਠਾਉਣ ਦੇ ਨਾਲ-ਨਾਲ ਵਿਕਾਸ ਪ੍ਰੋਜੈਕਟਾਂ ਦੇ ਨਾਂ ਹੇਠ ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਦਲਿਤਾਂ ਤੇ ਧਾਰਮਿਕ ਘੱਟਗਿਣਤੀਆਂ ਉੱਪਰ ਫਾਸ਼ੀਵਾਦੀ ਹਮਲਿਆਂ ਦਾ ਧੜੱਲੇ ਨਾਲ ਵਿਰੋਧ ਕਰਨ ਅਤੇ ਦੱਬੇਕੁਚਲੇ ਅਵਾਮ ਨੂੰ ਉਨ੍ਹਾਂ ਦੇ ਹਿਤਾਂ ਤੇ ਹੱਕਾਂ ਲਈ ਜਾਗਰੂਕ ਕਰਨ ਦੀ ਕੋਈ ਵੀ ਸਰਗਰਮੀ ਸੱਤਾ ਨੂੰ ਬਹੁਤ ਚੁਭਦੀ ਹੈ। ਇਨ੍ਹਾਂ ਆਵਾਜ਼ਾਂ ਵੱਲੋਂ ਪੇਸ਼ ਕੀਤੀਆਂ ਜਾਂਦੀਆਂ ਦਲੀਲਾਂ ਅਤੇ ਤੱਥ ਆਰ.ਐੱਸ.ਐੱਸ-ਭਾਜਪਾ ਵੱਲੋਂ ਮੁਲਕ ਦੀ ਅਵਾਮ ਨੂੰ ਗੁਮਰਾਹ ਕਰਨ ਲਈ ਪਰੋਸੇ ਜਾਂਦੇ ਝੂਠੇ ਬਿਰਤਾਂਤਾਂ ਦੀ ਪੋਲ ਖੋਲ੍ਹਦੇ ਹਨ। ਸੰਘੀਆਂ ਦਾ ਧੜਵੈਲ ਪ੍ਰਚਾਰਤੰਤਰ ਇਨ੍ਹਾਂ ਸੀਮਤ ਵਸੀਲਿਆਂ ਤੇ ਸਾਧਨਾਂ ਵਾਲੇ ਜਾਗਰੂਕ ਹਿੱਸਿਆਂ ਦੀ ਅਵਾਮ ਨੂੰ ਜਾਗਰੂਕ ਕਰਨ ਦੇ ਯਤਨਾਂ ਅੱਗੇ ਬੇਵਸ ਤੇ ਬੌਣਾ ਮਹਿਸੂਸ ਕਰਦਾ ਹੈ। ਇਨ੍ਹਾਂ ਦੀ ਜ਼ੁਬਾਨਬੰਦੀ ਕਰ ਕੇ ਅਤੇ ਨਾ ਝੁਕਣ ਵਾਲਿਆਂ ਨੂੰ ਜੇਲ੍ਹਾਂ 'ਚ ਡੱਕ ਕੇ ਹੀ ਫਾਸ਼ੀਵਾਦੀ ਹਕੂਮਤ ਆਪਣੇ ਦੇਸ਼ਧ੍ਰੋਹੀ ਪ੍ਰੋਜੈਕਟਾਂ ਨੂੰ ਅੱਗੇ ਵਧਾ ਸਕਦੀ ਹੈ ਅਤੇ ਫਿਰਕੂ ਪਾਲਾਬੰਦੀ ਤੇ ਹੋਰ ਝੂਠੇ ਬਿਰਤਾਂਤਾਂ ਨੂੰ ਅਗਲੀਆਂ ਚੋਣਾਂ 'ਚ ਕਾਮਯਾਬੀ ਨਾਲ ਮੁੱਦਾ ਬਣਾ ਸਕਦੀ ਹੈ।

ਵਿਚਾਰ ਪ੍ਰਗਟਾਵੇ ਅਤੇ ਪ੍ਰੈੱਸ ਦੀ ਆਜ਼ਾਦੀ ਉੱਪਰ ਤਾਬੜਤੋੜ ਹਮਲਿਆਂ ਅਤੇ ਹੋਰ ਤਰੀਕਿਆਂ ਨਾਲ ਸੱਤਾ ਨੂੰ ਸਵਾਲ ਕਰਨ ਵਾਲੀਆਂ ਜਾਗਰੂਕ ਆਵਾਜ਼ਾਂ ਅਤੇ ਰੋਸ਼ਨ-ਖਿਆਲ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕੀਤੇ ਜਾਣ ਦਾ ਡੱਟ ਕੇ ਵਿਰੋਧ ਕਰਨ ਦੀ ਲੋੜ ਹੈ।

## ਪੁਰਾਣਾ ਕੇਸ ਖੋਲ੍ਹਣ ਪਿੱਛੇ ਬਦਨੀਅਤ

ਲੇਖਕਾ ਤੇ ਕਾਰਕੁਨ ਅਰੁੰਧਤੀ ਰਾਏ ਅਤੇ ਕਸ਼ਮੀਰ ਦੇ ਇਕ ਅਕਾਦਮੀਸ਼ੀਅਨ ਵਿਰੁੱਧ 2010 ਦਾ ਫ਼ੌਜਦਾਰੀ ਕੇਸ ਦੁਬਾਰਾ ਖੋਲ੍ਹਣਾ ਬਦਨੀਅਤ ਭਰਿਆ ਜਾਪਦਾ ਹੈ। ਦਿੱਲੀ ਦੇ ਲੈਫਟੀਨੈਂਟ ਗਵਰਨਰ ਵੀ.ਕੇ. ਸਕਸੈਨਾ ਨੇ ਅਰੁੰਧਤੀ ਰਾਏ ਅਤੇ ਕਸ਼ਮੀਰ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਵਿਰੁੱਧ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਦਾ ਹੋਰ ਕੋਈ ਕਾਰਨ ਨਹੀਂ ਹੋ ਸਕਦਾ। ਇਹ ਮੁਕੱਦਮਾ ਕਈ ਸਾਲ ਪਹਿਲਾਂ ਕਥਿਤ ਭੜਕਾਊ ਭਾਸ਼ਣ ਦੇਣ ਅਤੇ ਕੌਮੀ ਏਕਤਾ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਤਹਿਤ ਚਲਾਇਆ ਜਾਵੇਗਾ ਜੋ 21 ਅਕਤੂਬਰ 2010 ਨੂੰ ਦਿੱਲੀ ਵਿਚ ਦਿੱਤੇ ਗਏ ਸਨ। ਨਿਊਜ਼ਕਲਿੱਕ ਦੇ ਪ੍ਰਮੁੱਖ ਸੰਪਾਦਕ ਪ੍ਰਬੀਰ ਪੁਰਕਾਇਸਥ ਦੀ ਦਹਿਸ਼ਤਵਾਦ ਵਿਰੋਧੀ ਕਾਨੂੰਨ ਅਤੇ ਹੋਰ ਦੰਡ ਵਿਵਸਥਾਵਾਂ ਤਹਿਤ ਹਾਲ ਹੀ ਵਿਚ ਹੋਈ ਗ੍ਰਿਫ਼ਤਾਰੀ ਤੋਂ ਬਾਅਦ 13 ਸਾਲ ਪੁਰਾਣੇ ਕੇਸ ਨੂੰ ਮੁੜ ਖੋਲ੍ਹਣਾ ਸਰਕਾਰ ਦੀ ਅਸਹਿਣਸ਼ੀਲਤਾ ਨੂੰ ਦਰਸਾਉਂਦਾ ਹੈ; ਤੇ ਇਹ ਸਿਵਲ ਸੁਸਾਇਟੀ ਨਾਲ ਜੁੜੇ ਰਾਜ-ਵਿਰੋਧੀ ਸਮਝੇ ਜਾਂਦੇ ਬੇਬਾਕ ਆਲੋਚਕਾਂ ਦੇ ਖ਼ਿਲਾਫ਼ ਬਦਲਲਊ ਪੈਟਰਨ 'ਤੇ ਹੈ।

ਅਹਿਮ ਗੱਲ ਇਹ ਹੈ ਕਿ ਉਸ ਸਮੇਂ ਦਿੱਲੀ ਪੁਲਿਸ ਨੂੰ ਇਹ ਭਾਸ਼ਣ ਰਾਜ-ਧ੍ਰੋਹ ਦਾ ਮੁਕੱਦਮਾ ਚਲਾਉਣ ਦੇ ਲਾਇਕ ਨਹੀਂ ਲੱਗੇ ਜਿਸ ਦੀ ਮੰਗ ਇਕ ਸ਼ਿਕਾਇਤਕਰਤਾ ਨੇ ਮੈਜਿਸਟਰੇਟ ਦੀ ਅਦਾਲਤ ਵਿਚ ਸ਼ਿਕਾਇਤ ਦਰਜ ਕਰ ਕੇ ਕੀਤੀ ਸੀ। ਹਾਲਾਂਕਿ, ਮੈਟਰੋਪੋਲੀਟਨ ਮੈਜਿਸਟਰੇਟ ਨੇ ਪੁਲਿਸ ਦੀ ਰਾਏ ਰੱਦ ਕਰ ਦਿੱਤੀ ਅਤੇ 27 ਨਵੰਬਰ 2010 ਨੂੰ ਪਹਿਲੀ ਸੂਚਨਾ ਰਿਪੋਰਟ (ਐੱਫ.ਆਈ.ਆਰ.) ਦਰਜ ਕਰਨ ਦਾ ਨਿਰਦੇਸ਼ ਦਿੱਤਾ। ਪੁਲਿਸ ਨੇ ਹੁਕਮਾਂ ਦੀ ਪਾਲਣਾ ਕੀਤੀ ਅਤੇ ਦੇਸ਼ਧ੍ਰੋਹ, ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਭੜਕਾਉਣ ਵਾਲੇ ਬਿਆਨਾਂ, ਕੌਮੀ ਅਖੰਡਤਾ ਨੂੰ ਨੁਕਸਾਨ ਪਹੁੰਚਾਉਣ ਵਾਲੇ ਦੋਸ਼ਾਂ ਅਤੇ ਜਨਤਕ ਅਸ਼ਾਂਤੀ ਫੈਲਾਉਣ ਵਾਲੇ ਬਿਆਨਾਂ ਨਾਲ ਸਬੰਧਿਤ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ ਲਗਾ ਦਿੱਤੀਆਂ। ਐੱਫ.ਆਈ.ਆਰ. ਵਿਚ ਗੈਰ-ਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ (ਯੂ.ਏ.ਪੀ.ਏ.) ਦੀ ਧਾਰਾ 13 ਵੀ ਸ਼ਾਮਲ ਹੈ ਜੋ 'ਗੈਰ-ਕਾਨੂੰਨੀ ਕਾਰਵਾਈਆਂ' ਨੂੰ ਸਜ਼ਾ ਦੇਣ ਦੀ ਵਿਵਸਥਾ ਕਰਦੀ ਹੈ।

ਇਹ ਜ਼ਾਹਿਰ ਹੈ ਕਿ ਤਤਕਾਲੀ ਸਰਕਾਰ 'ਆਜ਼ਾਦੀ: ਦਿ ਓਨਲੀ ਵੇਅ' ਸਿਰਲੇਖ ਹੇਠ ਹੋਈ ਕਾਨਫਰੰਸ ਵਿਚ ਕੀਤੀਆਂ ਟਿੱਪਣੀਆਂ ਵਿਰੁੱਧ ਕੋਈ ਕੇਸ ਨਹੀਂ ਚਲਾਉਣਾ ਚਾਹੁੰਦੀ ਸੀ ਕਿਉਂਕਿ ਉਹ ਤਿੰਨ ਵਿਚੋਲਿਆਂ ਰਾਹੀਂ ਕਸ਼ਮੀਰ ਮੁੱਦੇ ਦਾ ਸਿਆਸੀ ਹੱਲ ਲੱਭਣ ਲਈ ਚੱਲ ਰਹੀਆਂ ਕੋਸ਼ਿਸ਼ਾਂ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਚਾਹੁੰਦੀ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਕਸ਼ਮੀਰ ਵਿਚ ਬਹੁਤ ਕੁਝ ਬਦਲ ਗਿਆ ਹੈ ਜਿਸ ਵਿਚ ਚੁਣੇ ਹੋਏ ਸ਼ਾਸਨ ਦਾ ਇਕ ਦੌਰ ਅਤੇ ਫਿਰ ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਖ਼ਤਮ ਕਰਨਾ ਅਤੇ ਇਸ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਵੰਡਣਾ ਸ਼ਾਮਲ ਹੈ।

ਅਜਿਹੀ ਸਥਿਤੀ ਵਿਚ ਪੁਰਾਣੇ ਸਿਆਸੀ ਭਾਸ਼ਣਾਂ ਨੂੰ ਜੁਰਮ ਬਣਾਉਣ ਦਾ ਕੋਈ ਮਤਲਬ ਸਮਝ 'ਚ ਨਹੀਂ ਆਉਂਦਾ। ਲੈਫਟੀਨੈਂਟ ਗਵਰਨਰ ਨੇ ਹੋਰ ਅਪਰਾਧਾਂ ਲਈ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਹੈ ਪਰ ਰਾਜਧ੍ਰੋਹ ਲਈ ਨਹੀਂ ਕਿਉਂਕਿ ਸੁਪਰੀਮ ਕੋਰਟ ਨੇ ਰਾਜਧ੍ਰੋਹ ਦੇ ਦੋਸ਼ਾਂ ਨਾਲ ਜੁੜੀ ਕਾਰਵਾਈ 'ਤੇ ਰੋਕ ਲਾਈ ਹੋਈ ਹੈ। ਇਹ ਸਪਸ਼ਟ ਨਹੀਂ ਹੈ ਕਿ ਕੀ ਪੁਲਿਸ ਯੂ.ਏ.ਪੀ.ਏ. ਦੇ ਦੋਸ਼ ਨੂੰ ਬਰਕਰਾਰ ਰੱਖੇਗੀ ਕਿਉਂਕਿ ਇਸ ਕਾਨੂੰਨ ਦੀ ਧਾਰਾ 45 ਕੇਂਦਰ ਸਰਕਾਰ ਦੀ ਮਨਜ਼ੂਰੀ ਲਾਜ਼ਮੀ ਬਣਾਉਂਦੀ ਹੈ ਅਤੇ ਇਸ ਨਾਲ ਜੁੜੇ ਨਿਯਮ ਮਨਜ਼ੂਰੀ ਹਾਸਲ ਕਰਨ ਲਈ ਕਰੜੀ ਸਮਾਂ-ਸੀਮਾ ਤੈਅ ਕਰਦੇ ਹਨ।


ਇਸ ਦੀ ਪੁਣ-ਛਾਣ ਜ਼ਰੂਰ ਹੋਣੀ ਜਾਣੀ ਚਾਹੀਦੀ ਹੈ ਕਿ ਕੀ ਸਮਾਂ-ਸੀਮਾ ਮੁਕੱਦਮਾ ਚਲਾਏ ਜਾਣ ਤੋਂ ਰੋਕਦੀ ਹੈ। ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ (ਸੀ.ਆਰ.ਪੀ.ਸੀ.) ਤਹਿਤ ਤਿੰਨ ਸਾਲ ਤੱਕ ਦੀ ਸਜ਼ਾ ਵਾਲੇ ਜੁਰਮਾਂ ਦੀ ਸਮਾਂ-ਸੀਮਾ ਤਿੰਨ ਸਾਲ ਹੈ। ਜਿਨ੍ਹਾਂ ਤਿੰਨ ਧਾਰਾਵਾਂ - 153ਏ, 153ਬੀ ਤੇ 505 ਲਈ ਮਨਜ਼ੂਰੀ ਦਿੱਤੀ ਹੈ, ਉਨ੍ਹਾਂ ਤਹਿਤ ਤਿੰਨ ਸਾਲ ਦੀ ਕੈਦ ਦੀ ਵਿਵਸਥਾ ਹੈ। ਸੀ.ਆਰ.ਪੀ.ਸੀ. ਸਮਾਂ-ਸੀਮਾ ਨੂੰ ਗਿਣਦੇ ਸਮੇਂ ਮਨਜ਼ੂਰੀ ਦੀ ਇੰਤਜ਼ਾਰ ਕਰਨ 'ਚ ਲੱਗੇ ਸਮੇਂ ਨੂੰ ਬਾਹਰ ਰੱਖਣ ਦੀ ਇਜਾਜ਼ਤ ਦਿੰਦਾ ਹੈ ਪਰ ਜੇ ਮਨਜ਼ੂਰੀ ਹੀ ਸਮਾਂ-ਸੀਮਾ ਦਾ ਅਰਸਾ ਬੀਤ ਜਾਣ ਤੋਂ ਬਾਅਦ ਮੰਗੀ ਗਈ ਹੋਵੇ ਤਾਂ ਅਦਾਲਤ ਸ਼ਾਇਦ ਹੀ ਇੰਤਜ਼ਾਰ ਦੇ ਸਮੇਂ ਨੂੰ ਬਾਹਰ ਰੱਖਣ ਦੀ ਇਜਾਜ਼ਤ ਦੇਵੇਗੀ।

***('ਦਿ ਹਿੰਦੂ' ਦਾ ਸੰਪਾਦਕੀ)***

# ਵੱਡੇ ਜਹਾਜ਼ ਕਦੇ ਡੋਲਦੇ ਨਹੀਂ!

## ਨਾਟਕ ਸਮੀਖਿਆ

ਆਤਮਜੀਤ ਦੀ ਇਕ ਲੱਤ ਛੋਟੀ, ਇਕ ਵੱਡੀ...ਪਰ ਉਸਨੂੰ ਸਿੱਧਾ ਖੜ੍ਹਨਾ ਆਉਂਦੈ! ਇਤਿਹਾਸਕ ਵਰਤਾਰਿਆਂ ਵਿਚੋਂ ਉਹ ਟੇਢ ਲੱਭ ਲੈਂਦਾ ਹੈ...ਫਿਰ ਉਸ ਟੇਢ ਨੂੰ ਵੰਗਾਰਦਾ ਹੈ, ਸਿੱਧਾ ਖੜ੍ਹ ਕੇ! ਭੁੱਲੇ-ਵਿੱਸਰੇ ਨਾਇਕ ਤਲਾਸ਼ਦੈ...ਪਰ ਜਿੱਥੇ ਇੱਕ ਪਾਸੇ ਨਾਇਕ ਦਾ ਨਾਇਕਪੁਣਾ ਤਰਾਸ਼ਣ ਦੇ ਰਾਹ ਪੈਂਦਾ ਹੈ, ਉੱਥੇ ਨਾਲ ਹੀ ਉਸਦਾ ਆਲਾ-ਦੁਆਲਾ ਛਿੱਲਣ ਬਹਿ ਜਾਂਦਾ ਹੈ!..ਤੇ ਜਦੋਂ ਛਿੱਲ ਉਤਰਦੀ ਹੈ ਤਾਂ ਹੇਠੋਂ ਕੌੜੇ ਸੱਚ ਉਜਾਗਰ ਹੁੰਦੇ ਨੇ...ਤੇ ਪਰਤ-ਦਰ-ਪਰਤ ਨਿੱਕੇ ਵੱਡੇ ਪਾਤਰ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ




ਸਾਹਿਬ ਸਿੰਘ
ਫੋਨ: +91-98880-11096

ਨੇ!..ਉਹ ਹਰ ਪਾਤਰ ਨੂੰ ਸਤਿਕਾਰ ਦਿੰਦੈ...ਤਰਸ ਦਾ ਪਾਤਰ ਕਿਸੇ ਨੂੰ ਵੀ ਨਹੀਂ ਬਣਾਉਂਦੈ, ਕਿਉਂਕਿ ਉਹਦੇ ਆਪਣੇ ਅੰਦਰ ਸਵੈਮਾਣ ਕੁੱਟ-ਕੁੱਟ ਭਰਿਆ ਹੋਇਆ ਹੈ। ਉਹ ਨਾਟਕ ਲਿਖ ਤਾਂ ਰਿਹੈ ਦੀਵਾਨ ਸਿੰਘ ਕਾਲੇਪਾਣੀ 'ਤੇ, ਪਰ ਉਸ ਨੂੰ ਫਿਕਰ ਡਾਕਟਰ ਸਾਹਿਬ ਦੀ ਸ਼ਰੀਕ-ਏ-ਹਯਾਤ ਇੰਦਰ ਕੌਰ ਦਾ ਕਿਤੇ ਵੱਧ ਹੈ। ਕੁਰਬਾਨੀ ਕਰਦੇ ਪਾਤਰਾਂ ਨੂੰ ਉਹ ਆਪਣੇ ਨਾਟਕਾਂ ਵਿਚ ਪੇਸ਼ ਕਰਦਾ ਹੈ...ਪਰ ਕੁਰਬਾਨੀ ਕਰਨ ਵਾਲੇ 'ਤੇ ਕੁਰਬਾਨ ਹੋਈਆਂ ਅਚੇਤ-ਸੁਚੇਤ 'ਕੁਰਬਾਨੀਆਂ' ਉਸ ਦੀ ਨਾਟਕਕਾਰੀ ਨੂੰ ਵੱਖਰਾ ਰੰਗ ਬਖ਼ਸ਼ਦੀਆਂ ਹਨ। ਉਹ ਗ਼ਦਰ ਐਕਸਪ੍ਰੈੱਸ ਲਿਖਦੈ ਤਾਂ ਗ਼ਦਰੀ ਯੋਧਿਆਂ ਨੂੰ ਸਲਾਮ ਤਾਂ ਕਰਦਾ ਹੀ ਹੈ, ਪਰ ਉਸ ਦੀ ਕਲਮ ਪਿੱਛੇ ਰਹਿ ਗਈਆਂ ਔਰਤਾਂ ਲਈ ਹੰਝੂ ਵਹਾਉਂਦੀ ਹੈ; ਕੀਨੀਆ ਦੇ ਇਤਿਹਾਸ ਵਿਚ ਪੈੜਾਂ ਪਾਉਣ ਵਾਲੇ ਮੱਖਣ ਸਿੰਘ ਦੀ ਗਾਥਾ ਛੋਂਹਦਾ ਹੈ ਤਾਂ ਉਸ ਦੀ ਜੀਵਨ-ਸਾਥਣ ਦੇ ਕਿਰਦਾਰ ਨੂੰ ਬਰਾਬਰ ਥਾਂ ਦਿੰਦਾ ਹੈ; ਸੰਸਾਰ ਯੁੱਧ ਦੀ ਭੱਠੀ 'ਚ ਸੜ ਮਰੇ ਸਿਪਾਹੀਆਂ ਦੀ ਦਲੇਰੀ ਦਾ ਸੱਚ ਬਿਆਨਦਾ ਹੈ ਤਾਂ ਉਨ੍ਹਾਂ ਦੇ 'ਲਾਮਾਂ ਤੋਂ ਮੁੜਨ' ਦੀ ਉਡੀਕ ਕਰਦੀ "ਚੁੱਪ ਦਲੇਰੀ" ਦੇ ਗੀਤ ਵੀ ਛੋਂਹਦੈ! ਹੁਣ ਨਾਟਕਕਾਰ ਦੇ ਆਪਣੇ ਸ਼ਬਦਾਂ 'ਚ ਡਾਕਟਰ ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ ਸਫ਼ਰ ਬਾਰੇ ਨਾਟਕ ਲਿਖ ਕੇ ਉਹ ਪਵਿੱਤਰ ਹੋਇਆ ਮਹਿਸੂਸ ਕਰਦਾ ਹੈ, ਪਰ ਇੱਕ ਵਾਰ ਫੇਰ ਪਵਿੱਤਰਤਾ ਦਾ ਪ੍ਰਮਾਣ ਪੱਤਰ ਉਸ ਨੇ ਇੰਦਰ ਕੌਰ ਤੋਂ ਹਾਸਲ ਕੀਤਾ ਹੈ...ਜਪਾਨੀਆਂ ਦੇ ਪੈਰਾਂ ਹੇਠ ਦਰੜੀਆਂ ਗਈਆਂ ਮਾਸੂਮ ਕੁੜੀਆਂ ਦੇ ਸਿਰ 'ਤੇ ਪਿਓ ਜਿਹਾ ਹੱਥ ਧਰ ਪ੍ਰਾਪਤ ਕੀਤਾ ਹੈ। ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਇਤਿਹਾਸਕ ਹੈ, ਪਰ ਇਤਿਹਾਸ ਦੀ ਕਸੀਦਾਕਾਰੀ ਨਹੀਂ ਹੈ। ਉਹ ਇਤਿਹਾਸਕ ਵਰਤਾਰਿਆਂ 'ਚ ਮੌਜੂਦ ਟੋਇਆਂ ਨੂੰ ਮਿੱਟੀ ਪਾ ਪੂਰਦਾ ਨਹੀਂ, ਪਾਠਕ/ ਦਰਸ਼ਕ ਨੂੰ ਧੌਣੋਂ ਫੜ ਉਨ੍ਹਾਂ ਟੋਇਆਂ ਦੇ ਧੁਰ ਥੱਲੇ ਦੀਂਹਦੇ ਹਨੇਰ 'ਚੋਂ ਸੱਚ ਤਲਾਸ਼ਣ ਲਈ ਪ੍ਰੇਰਦਾ ਹੈ। ਨਾਟਕ ਦਾ ਕਾਰਜ ਸਥਲ ਅੰਡੇਮਾਨ ਨਿਕੋਬਾਰ ਦਾ ਟਾਪੂ ਹੈ ਪਰ ਵਿਚਾਰ ਸਥਲ ਅਜੋਕੀ ਦਿੱਲੀ ਤੱਕ ਫੈਲਿਆ ਹੋਇਆ ਹੈ।

ਪਿਛਲੇ ਦਿਨੀਂ ਪੰਜਾਬ ਕਲਾ ਭਵਨ ਚੰਡੀਗੜ੍ਹ ਦੇ ਆਡੀਟੋਰੀਅਮ ਵਿਚ ਜਦੋਂ ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਦਾ ਪਾਠ ਕੀਤਾ ਗਿਆ, ਤਾਂ ਇਕ ਪਾਸੇ ਡਾ ਆਤਮਜੀਤ ਨਾਟਕਕਾਰ ਦੀ ਸੂਖਮ ਨਾਟਕਕਾਰੀ ਦਾ ਜਲੌਅ ਪ੍ਰਗਟ ਹੋ ਰਿਹਾ ਸੀ ਤੇ ਦੂਜੇ ਪਾਸੇ ਆਵਾਜ਼ ਦੇ ਉਤਰਾਅ-ਚੜ੍ਹਾਅ ਤੇ ਹਾਵ-ਭਾਵ ਦੀ ਤੁਰਤ-ਫੁਰਤ ਤਬਦੀਲੀ ਇਸ ਪਾਠ ਨੂੰ ਪੇਸ਼ਕਾਰੀ ਵਰਗੀ ਰੰਗਤ ਦੇ ਰਹੀ ਸੀ। ਦਰਸ਼ਕ ਨਾਟਕ ਸੁਣਨ/ ਦੇਖਣ ਤੋਂ ਪਹਿਲਾਂ ਹੀ ਇਹ ਜਾਣਦਾ ਹੈ ਕਿ ਨਾਟਕਕਾਰ ਨੇ ਡਾਕਟਰ ਦੀਵਾਨ ਸਿੰਘ ਕਾਲੇਪਾਣੀ ਦੀ ਹਸਤੀ ਨੂੰ ਡਿੱਕੇ-ਡੋਲੇ ਖਾਂਦੀਆਂ, ਦੌੜੀਆਂ ਫ਼ਿਰਦੀਆਂ, ਖੌਰੂ ਪਾਉਂਦੀਆਂ, ਆਪਣੇ ਨਿੱਕੇ ਵਜੂਦ ਨੂੰ ਹੀ ਮੁਕੰਮਲ ਸੰਸਾਰ ਸਮਝਣ ਦੇ ਭਰਮ 'ਚ ਜਿਉਂਦੀਆਂ ਅਨੇਕਾਂ ਦੇਸੀ ਵਿਦੇਸ਼ੀ ਕਿਸ਼ਤੀਆਂ ਦੇ ਵਿਚਕਾਰ ਖੜ੍ਹੇ ਅਡੋਲ ਜਹਾਜ਼ ਦੇ ਰੂਪ 'ਚ ਪੇਸ਼ ਕਰਨਾ ਹੈ। ਕਿਵੇਂ ਕਰਨਾ ਹੈ, ਦਰਸ਼ਕ ਇਹ ਦੇਖਣ ਗਿਆ ਹੈ। ਆਤਮਜੀਤ ਬਰੈਖਤ ਸ਼ੈਲੀ ਦਾ ਸਹਾਰਾ ਲੈਂਦਾ ਹੈ, ਕਿਉਂਕਿ ਉਹ ਭਾਵੁਕ ਕਰਦਿਆਂ ਹੋਇਆਂ ਵੀ ਸੋਚਣ ਲਾਉਣਾ ਚਾਹੁੰਦਾ ਹੈ। ਪਰਦਾ ਉਠਦੇ ਸਾਰ ਹੀ ਜਹਾਜ਼ ਤੋਂ ਪਹਿਲਾਂ ਇਕ ਪਿਆਰੀ ਕਿਸ਼ਤੀ ਨਮੂਦਾਰ ਹੁੰਦੀ ਹੈ, ਜਿਸ ਦਾ ਨਾਮ ਇੰਦਰ ਕੌਰ ਹੈ। ਜਹਾਜ਼ ਕਿੰਨਾ ਵੀ ਵਿਸ਼ਾਲ ਕਿਉਂ ਨਾ ਹੋਵੇ, ਡੂੰਘੇ ਪਾਣੀਆ 'ਚ ਉਤਰਨ ਦਾ ਦ੍ਰਿੜ ਇਰਾਦਾ ਰੱਖਦਾ ਹੋਵੇ, ਉਸ ਦੀ ਸਪਲਾਈ ਲਾਈਨ ਕਿਸੇ ਕਿਸ਼ਤੀ ਨਾਲ ਜ਼ਰੂਰ ਜੁੜੀ ਹੁੰਦੀ ਹੈ! ਇੰਦਰ ਕੌਰ ਨੂੰ ਹਰ ਸਥਿਤੀ ਵਿਚ ਅੰਗ-ਸੰਗ ਰੱਖਣ ਲਈ ਨਾਟਕਕਾਰ ਨੇ ਬ੍ਰੈਖਤ ਦਾ ਸਹਾਰਾ ਲਿਆ ਹੈ। ਕਦੇ ਉਹ ਬਜਾਤ-ਏ-ਖੁਦ ਇੰਦਰ ਕੌਰ ਹੈ, ਕਦੇ ਡਾਕਟਰ ਦੀਵਾਨ ਸਿੰਘ ਕਾਲੇਪਾਣੀ ਦੇ ਧੁਰ ਅੰਦਰ ਵਸਦੀ ਰੂਹ ਦੇ ਰੂਪ 'ਚ ਮੌਜੂਦ ਹੈ। ਨਾਟਕ ਵਿਚ ਉਹ ਸੂਤਰਧਾਰ ਵੀ ਹੈ ਤੇ ਖ਼ੁਦ ਇੱਕ ਸੂਤਰ ਵੀ, ਜਿਸ ਸੂਤਰ ਨੂੰ ਆਤਮਜੀਤ ਟੁੱਟਦਾ ਵੀ ਦਿਖਾਉਂਦਾ ਹੈ ਤੇ ਜੁੜਦਾ ਵੀ!

ਡਾ ਦੀਵਾਨ ਸਿੰਘ ਦੀ ਸ਼ਖ਼ਸੀਅਤ ਦੇ ਪਾਸਾਰ ਬਹੁਤ ਜ਼ਿਆਦਾ ਨੇ। ਉਹ ਦਰਦਮੰਦ ਡਾਕਟਰ ਹੈ, ਆਪਣੇ ਮਰੀਜ਼ਾਂ ਨਾਲ ਹਮਦਰਦੀ ਵਾਲ਼ਾ ਅਤੇ ਇਨਸਾਨੀਅਤ ਦਾ ਰਿਸ਼ਤਾ ਨਿਭਾਉਂਦਾ ਹੈ, ਅਹਿਸਾਸਮੰਦ ਕਵੀ ਹੈ, ਸਖ਼ਤ ਮਿਹਨਤ 'ਚ ਵਿਸ਼ਵਾਸ ਰੱਖਦਾ ਹੈ, ਯਸੂ ਮਸੀਹ ਨੂੰ ਸਿਜਦਾ ਕਰਦਾ ਹੈ ਤੇ ਬਾਬੇ ਨਾਨਕ ਦਾ ਪੈਰੋਕਾਰ ਹੈ, ਸੇਵਾ ਭਾਵੀ ਹੈ, ਕੋਮਲ ਹੈ ਪਰ ਬਾਗ਼ੀ ਹੈ, ਬਹੁਤ ਸੂਖਮ ਬਗਾਵਤ ਕਰਨ ਵਾਲਾ! ਕੈਦੀਆਂ ਦੀ ਸੇਵਾ-ਸੰਭਾਲ ਕਰਦਾ ਖੁਦ ਕੈਦੀ ਬਣਦਾ ਹੈ ਤੇ ਆਖ਼ਰ ਸ਼ਹਾਦਤ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ



ਦੀ ਬਹੁ ਪਾਸਾਰੀ ਸ਼ਖ਼ਸੀਅਤ ਬਾਰੇ ਲਿਖਣ ਲੱਗਿਆਂ ਡਾ. ਆਤਮਜੀਤ ਨੇ ਏਨਾ ਜ਼ਬਤ ਕਿਵੇਂ ਰੱਖਿਆ...ਇਹ ਸਮਝਣਾ ਹੀ ਅਸਲ ਵਿਚ ਇਸ ਨਾਟਕ ਨਾਲ ਜੁੜਨ ਦਾ ਸੂਤਰ ਹੈ। ਏਸੇ ਲਈ ਨਾਟਕਕਾਰ ਡਾਕਟਰ ਸਾਹਿਬ ਨੂੰ ਮੁੱਖ ਤੇ ਇੰਦਰ ਕੌਰ ਨੂੰ ਪ੍ਰਮੁੱਖ ਪਾਤਰ ਬਣਾਉਣ ਦੇ ਰਾਹ ਤੁਰਦਾ ਹੈ...ਇਹ ਕੋਈ 'ਸਿਰਫ ਨਾਰੀਵਾਦੀ' ਪ੍ਰਗਟਾਅ ਨਹੀਂ ਹੈ।

ਸਥਾਪਤ ਨਾਇਕ ਬਾਰੇ ਨਾਟਕ ਲਿਖਦਿਆਂ ਇਹ ਸੰਵਾਦ ਸਿਰਜਣਾ ਬਾਮਕਸਦ ਹਰਕਤ ਹੈ...ਜ਼ਰਾ ਸੁਣੋ, ਇੰਦਰ ਕੌਰ ਕੀ ਕਹਿੰਦੀ ਹੈ:

"ਬਹੁਤ ਵੱਡਾ ਇਨਸਾਨ ਸੀ...ਫੇਰ ਵੀ ਰੱਬ ਨਹੀਂ ਸੀ!..ਲੇਖਕਾਂ ਵਾਲ਼ੇ ਹੁਕਮ ਚਾੜ੍ਹਦਾ ਸੀ...ਅਖੇ ਇੰਦਰ ਕੌਰੇ ਅਚਾਰ ਪਾ ਦੇ ਦੋ ਸੇਰ ਨਿੰਬੂਆਂ ਦਾ...ਦੁੱਧ ਦਾ ਡੋਲੂ ਉਬਾਲਦੇ...ਵੀਹ ਪਰਾਉਂਠੇ ਪਕਾ ਦੇ...(ਦਰਸ਼ਕਾਂ ਨੂੰ) ਨਾ ਮੈਂ ਇਹਦੀ ਤੀਵੀਂ ਸੀ ਕਿ ਢਾਬੇ ਵਾਲ਼ੀ!"

ਭਾਵੇਂ ਇਹ ਸੰਵਾਦ ਹਲਕਾ-ਫੁਲਕਾ ਵਿਅੰਗਾਤਮਕ ਹਾਸਾ ਸਿਰਜਦਾ ਹੈ, ਪਰ ਆਤਮਜੀਤ ਦੀ ਸਮੁੱਚੀ ਨਾਟ ਰਚਨਾ ਦੇ ਮਰਮ ਅਨੁਸਾਰ ਇਹਦੇ ਅਰਥ ਕਿਤੇ ਵੱਡੇ ਹਨ। ਨਾਇਕ ਨੂੰ ਜਦੋਂ ਆਮ ਸਧਾਰਨ ਵਿਅਕਤੀ ਦੇ ਵਿਹੜੇ 'ਚੋਂ ਉਧਾਲ ਕੇ ਉਚ ਆਦਰਸ਼ ਦੇ ਸਿਖਰਲੇ ਚਬੂਤਰੇ 'ਤੇ ਸਜਾ ਦਿਤਾ ਜਾਂਦਾ ਹੈ ਤਾਂ ਉਹ ਬੁੱਤ ਬਣ ਜਾਂਦਾ ਹੈ, ਪੂਜਾ ਕਰਨ ਦੇ ਯੋਗ! ਪਰ ਆਤਮਜੀਤ ਪੂਜਾ ਨਹੀਂ ਚਾਹੁੰਦਾ, ਸਮਝ ਚਾਹੁੰਦਾ ਹੈ...ਤੇ ਪਾਠਕ ਦੇ ਮਨ 'ਚ ਨਿਵੇਕਲਾ ਅਹਿਸਾਸ ਪੈਦਾ ਕਰਨਾ ਚਾਹੁੰਦਾ ਹੈ ਕਿ ਜ਼ਿੰਦਗੀ ਦੇ ਨਿਕੇ-ਨਿਕੇ ਰਾਹਾਂ ਤੋਂ ਆਮ ਵਿਅਕਤੀ ਦੀ ਤਰ੍ਹਾਂ ਹੀ ਮੋੜ ਕੱਟਦਾ ਇਕ ਵਿਅਕਤੀ ਮਹਾਨ ਕਿਵੇਂ ਤੇ ਕਿਉਂ ਬਣ ਜਾਂਦਾ ਹੈ...ਪ੍ਰੇਰਣਾ ਇਸ ਗੱਲ ਤੋਂ ਮਿਲਦੀ ਹੈ! ਤੇ ਇਹ ਨਾਟਕ ਪ੍ਰੇਰਨਾ ਦਾ ਭਰ ਵਗਦਾ ਸਮੁੰਦਰ ਹੈ, ਜਿਸ ਦੇ ਐਨ ਵਿਚਕਾਰ ਦੀਵਾਨ ਸਿੰਘ ਕਾਲੇਪਾਣੀ ਜਹਾਜ਼ ਦੇ ਰੂਪ 'ਚ

"ਮੈਨੂੰ ਪਰਵਾਹ ਨਹੀਂ ਕਿ ਵੱਡੇ ਲੋਕ ਮੇਰੇ ਬਾਰੇ ਕੀ ਸੋਚਦੇ ਨੇ...ਮੈਂ ਏਥੇ ਉਨ੍ਹਾਂ ਨੂੰ ਖੁਸ਼ ਕਰਨ ਲਈ ਨਹੀਂ ਆਇਆ...ਮੇਰਾ ਕੰਮ ਲੋਕਾਂ ਦੀ ਸੇਵਾ ਕਰਨਾ ਹੈ...ਦੁਨੀਆਂ ਦਾ ਕੋਈ ਵੀ ਲਾਲਚ ਜਾਂ ਡਰ ਮੈਨੂੰ ਭਟਕਾ ਨਹੀਂ ਸਕਦਾ!"

ਆਤਮਜੀਤ ਦੇ ਸ਼ਬਦਾਂ ਵਿਚ "ਦੀਵਾਨ ਸਿੰਘ ਹਰਮਨ ਭਾਉਂਦੀ ਬਹਿਰ ਵਾਲਾ ਸੱਚਾ-ਸੁੱਚਾ ਗੀਤ ਸੀ...ਤੇ ਉਸ ਦੌਰ ਦੇ ਅੰਦਰ ਸਭ ਤੋਂ ਸੁਥਰੀ ਲਹਿਰ ਸੀ!" ਹਾਕਮਾਂ ਨੂੰ ਸੁਥਰੀਆਂ ਲਹਿਰਾਂ ਕਦੋਂ ਰਾਸ ਆਉਂਦੀਆਂ, ਜਿਸ ਵਿਚ ਨਾ ਫਿਰਕੂ ਜ਼ਹਿਰ ਨਾ ਮਜ਼੍ਹਬੀ ਅੱਗ!..ਅਦਾਕਾਰੀ ਦੀ ਸਹਿਜ ਸੁਰ ਪਕੜਦਾ ਨਾਟਕਕਾਰ ਪੇਸ਼ਕਾਰੀ ਦੌਰਾਨ ਜਦੋਂ ਦੀਵਾਨ ਸਿੰਘ ਦੀ ਕਵਿਤਾ ਬੋਲਦਾ ਹੈ ਤਾਂ ਝੁਣਝੁਣੀ ਆਉਂਦੀ ਹੈ ਅਤੇ ਅੱਖਾਂ ਦੇ ਕੋਏ ਨਮ ਹੁੰਦੇ ਹਨ:

ਛੱਡ ਇਸ ਮਜ਼ਹਬ ਨੂੰ
ਕਿ ਇਸ ਤੈਨੂੰ ਅੰਨ੍ਹਾ ਕਰ ਦਿੱਤਾ ਹੈ
ਉਠ ਛਾਲ ਮਾਰ
ਇਸ ਸਦ ਵਗਦੇ ਜੀਵਨ ਸਮੁੰਦਰ ਵਿਚ
ਖੁੱਲ੍ਹੇ ਦਿਲ ਖੁੱਲ੍ਹੀ ਬਾਹੀਂ
ਹੱਸ ਖੇਡ ਜਿੰਨਾ ਕੁ ਖੇਡ ਸਕੇਂ
ਹੱਸਦਿਆਂ ਨਾਲ ਹੱਸ, ਰੋਂਦਿਆਂ ਨੂੰ ਹਸਾ
ਪਿਆਰ ਕਰ, ਜਿੰਨਾ ਕੁ ਕਰ ਸਕੇਂ!

ਪੇਸ਼ਕਾਰ ਆਤਮਜੀਤ ਦੀ ਸੁਰ ਤੇ ਤਾਲ ਏਨੀ ਢੁਕਵੀਂ ਸੀ ਕਿ ਸਭ ਵਲਗਣਾਂ ਤੋਂ ਆਜ਼ਾਦ ਹੋ ਕੇ ਪਿਆਰ ਕਰਨ ਦਾ ਸੁਨੇਹਾ ਕੰਨਾਂ ਥਾਣੀਂ ਦਿਲ ਦੇ ਧੁਰ ਅੰਦਰ ਉਤਰ ਗਿਆ। ਪਰ ਇਤਿਹਾਸ ਦੇ ਹਰ ਦੌਰ 'ਚ ਸੁਥਰੀਆਂ ਲਹਿਰਾਂ ਨੂੰ ਦਬਾਇਆ ਜਾਂਦਾ ਹੈ। ਦੀਵਾਨ ਸਿੰਘ ਨੂੰ ਵੀ ਸੱਚ ਦਾ ਸਾਥ ਨਾ ਛੱਡਣ ਦੀ ਸਜ਼ਾ ਮਿਲੀ। ਜਿਸ ਟਾਪੂ 'ਚ ਉਹ ਹਰ ਦੁਖੀ ਦੀ ਸੇਵਾ ਕਰਦਾ ਸੀ, ਉਸੇ ਟਾਪੂ ਦੀ ਜੇਲ੍ਹ 'ਚ ਉਸ ਨੂੰ ਕੈਦ ਕੀਤਾ ਗਿਆ। ਨਾਟਕ ਦਾ ਅੰਤਿਮ ਦ੍ਰਿਸ਼ ਆਣ ਪਹੁੰਚਾ ਹੈ। ਡਾਕਟਰ ਦੀਵਾਨ ਸਿੰਘ ਜੇਲ੍ਹ ਦੇ ਵਾਰਡ ਨੰਬਰ ਛੇ 'ਚ ਬੇ-ਸੁਰਤ ਪਿਆ ਹੈ। ਮੂੰਹ 'ਚੋਂ ਵਾਹਿਗੁਰੂ ਦੀ ਆਵਾਜ਼ ਆ ਰਹੀ ਹੈ। ਇਹ ਉਹ ਸਮਾਂ ਹੈ ਜਦੋਂ ਉੱਥੇ ਆਜ਼ਾਦ ਹਿੰਦ ਫੌਜ ਦਾ ਰਾਜ ਸਥਾਪਤ ਹੋ ਚੁੱਕਾ ਹੈ। ਨਾਟਕਕਾਰ ਦੇ ਮਨ ਵਿਚ ਰੋਹ ਹੈ,ਗਿਲਾ ਹੈ, ਅਨੇਕਾਂ ਸਵਾਲ ਹਨ। ਜੇ ਸਿੱਧਾ ਪੁੱਛਦੈ ਤਾਂ ਉਹ ਆਤਮਜੀਤ ਨਹੀਂ ਰਹਿੰਦਾ! ਇੰਦਰ ਕੌਰ ਕੋਲ ਜਾਂਦਾ ਹੈ, ਦੀਵਾਨ ਸਿੰਘ ਦੀ ਪਤਨੀ ਕੋਲ!..ਇੰਦਰ ਕੌਰ ਉਸਦੇ ਰੋਹ, ਗਿਲੇ ਤੇ ਸਵਾਲਾਂ ਨੂੰ ਆਵਾਜ਼ ਦਿੰਦੀ ਹੈ:

"ਨੇਤਾ ਜੀ, ਵਾਰਡ ਨੰਬਰ ਛੇ 'ਚ ਤੁਸੀਂ ਕਿਉਂ ਨਹੀਂ ਗਏ? ਕੀ ਮਜਬੂਰੀ ਸੀ ਤੁਹਾਡੀ??"

ਸਵਾਲ ਇੱਥੇ ਹੀ ਨਹੀਂ ਮੁੱਕਦੇ...ਦੀਵਾਨ ਸਿੰਘ ਹਯਾਤੀ ਦਾ ਸਫ਼ਰ ਮੁਕੰਮਲ ਕਰ ਦੁਨੀਆਂ ਤੋਂ ਰੁਖਸਤ ਹੋ ਚੁੱਕਾ ਹੈ...ਨਾਟਕਕਾਰ ਫਿਰ ਇੰਦਰ ਕੌਰ ਕੋਲ ਜਾਂਦਾ ਹੈ...ਹੁਣ ਇੰਦਰ ਕੌਰ 21ਵੀਂ ਸਦੀ ਦੇ ਉਸ ਵਕਤ 'ਚ ਖੜ੍ਹੀ ਹੈ, ਜਿਥੇ ਕਾਲੇ ਪਾਣੀਆਂ ਦਾ ਰੂਪ ਬਦਲ ਚੁੱਕਾ ਹੈ ਪਰ ਦੀਵਾਨ ਸਿੰਘ ਅੱਜ ਵੀ ਨਜ਼ਰਬੰਦ ਹਨ! ਨਾਟਕਕਾਰ ਦੇ ਘੰਡ 'ਚ ਇਕ ਸਵਾਲ ਫਸਿਆ ਹੋਇਆ ਹੈ...ਉਹ ਸਵਾਲ ਦੀ ਦਹਾੜ ਮਰਨ ਤੋਂ ਪਹਿਲਾਂ ਭੂਮਿਕਾ ਬੰਨ੍ਹਦਾ ਹੈ:

"ਉੱਥੇ ਹੁਣ ਆਜ਼ਾਦੀ ਹੈ...ਨਹਿਰੂ ਤੇ ਗਾਂਧੀ ਉਥੇ ਕਦੇ ਨਹੀਂ ਗਏ, ਪਰ ਇਕ ਸਰਕਾਰ ਨੇ ਉਨ੍ਹਾਂ ਦੇ ਬੁੱਤ ਲਾ ਕੇ ਉਨ੍ਹਾਂ ਦਾ ਸਨਮਾਨ ਕੀਤਾ! ਵੀਰ ਸਾਵਰਕਰ ਉਥੇ ਗਿਆ ਸੀ, ਪਰ ਨਿਕਲ ਆਇਆ ਸੀ...ਉਹਦੇ ਨਾਮ 'ਤੇ ਹਵਾਈ ਅੱਡਾ ਬਣਾ ਕੇ ਦੂਜੀ ਸਰਕਾਰ ਨੇ ਉਸ ਨੂੰ ਯਾਦ ਕੀਤਾ!"

ਭੂਮਿਕਾ ਖਤਮ...ਤੇ ਸਵਾਲ ਸ਼ੁਰੂ: "ਕੀ ਸੱਚਮੁੱਚ ਦੇ ਸ਼ਹੀਦਾਂ ਨੂੰ ਯਾਦ ਕਰਨ ਲਈ ਪਾਰਟੀਆਂ, ਸਰਕਾਰਾਂ ਤੇ ਧਰਮ ਦੀ ਲੋੜ ਜ਼ਰੂਰੀ ਹੈ?..ਬੋਲਦਾ ਕਿਉਂ ਨਹੀਂ?...ਸਰਕਾਰਾਂ ਅਤੇ ਪਾਰਟੀਆਂ ਦੀਆਂ ਐਨਕਾਂ ਧੁੰਦਲੀਆਂ ਕਿਉਂ ਹੁੰਦੀਆਂ ਨੇ?"

ਇੰਦਰ ਕੌਰ ਤਰਲਾ ਮਾਰਦੀ ਹੈ, "ਦੱਸ ਨਾ!"...ਫੇਰ ਤਸੱਲੀ ਦੇ ਭਾਵ ਉਜਾਗਰ ਕਰਦੀ ਹੈ, "ਮੈਂ ਲੋਕਾਂ ਦੀ ਕਰਜ਼ਦਾਰ ਹਾਂ...ਉਹਨਾਂ ਤੇਰੇ ਬਣਾਏ ਗੁਰਦੁਆਰੇ ਨੂੰ ਤੇਰਾ ਨਾਂ ਦੇ ਦਿਤਾ।" ਨਾਟਕ ਕੋਰਸ ਗੀਤ ਰਾਹੀਂ ਸਮਾਪਤੀ ਵੱਲ ਵਧਦਾ ਹੈ, ਪਰ ਸਮਾਪਤ ਹੋਣ ਤੋਂ ਪਹਿਲਾਂ ਬਹੁਤ ਕੁੱਝ ਆਰੰਭ ਕਰ ਗਿਆ ਹੈ। ਆਪਣੇ ਇਤਿਹਾਸਕ ਨਾਇਕਾਂ ਨੂੰ ਐਨਕਾਂ ਦੇ ਸ਼ੀਸੇ ਸਾਫ਼ ਕਰ ਕੇ ਦੇਖਣ ਲਈ ਪ੍ਰੇਰ ਗਿਆ ਹੈ।...ਅੱਜ ਜਦੋਂ ਅਸੀਂ ਧਰੁਵੀਕਰਨ ਦੇ ਪ੍ਰਚੰਡ ਦੌਰ 'ਚੋਂ ਗੁਜ਼ਰ ਰਹੇ ਹਾਂ ਤਾਂ ਆਤਮਜੀਤ ਦਾ ਇਹ ਨਾਟਕ ਸਮਤੋਲ ਦ੍ਰਿਸ਼ਟੀਕੋਣ ਦੇ ਰਾਹ ਤੋਰਦਾ ਹੈ। ਵੱਡੇ ਜਹਾਜ਼ ਡੁੱਬ ਸਕਦੇ ਨੇ, ਪਰ ਡੋਲਦੇ ਨਹੀਂ! ਆਤਮਜੀਤ ਪੰਜਾਬੀ ਨਾਟਕਕਾਰੀ ਦਾ ਵੱਡਾ ਜਹਾਜ਼ ਹੈ...ਕਿਸ਼ਤੀਆਂ ਦੀ ਕਦਰ ਵੀ ਕਰਦਾ ਹੈ ਤੇ ਜਹਾਜ਼ ਬਣਨ ਲਈ ਪ੍ਰੇਰਦਾ ਵੀ ਹੈ। ਇਸ ਨਾਟਕ ਨੂੰ ਮੈਂ ਸ਼ਰਧਾ ਮੂਲਕ ਨਹੀਂ, ਵਿਚਾਰ ਮੂਲਕ ਸਲਾਮ ਕਰਦਾ ਹਾਂ।

# ਸਮੇਂ ਦਾ ਸੱਚ

* ਸ਼ਰੀਕਾਂ ਦੇ ਪੁੱਤ ਭਾਈ ਨੀਂ ਬਣਦੇ, ਭਾਵੇਂ ਘੁੱਟ-ਘੁੱਟ ਜੱਫੀਆਂ ਪਾਈਏ।

* ਚੁਗਲਖੋਰ ਤੇ ਚੋਰ ਕਦੇ ਮਿਤ ਨੀਂ ਬਣਦੇ ਭਾਵੇਂ ਘਰ ਬਿਠਾ ਬਿਠਾ ਖਵਾਈਏ।

* ਅਜੇ ਘੜਾ ਸਮੇਂ ਦੇ ਸੱਚ ਦੀਆਂ ਗੱਲਾਂ ਦਾ ਭਰਿਆ ਨਹੀਂ, ਜਦ ਭਰ ਕੇ ਡੁੱਲ੍ਹ ਫਿਰ ਸੋਚਾਂਗੇ।

* ਨਸ਼ਈ ਪਤੀ ਕਿਸੇ ਪਤਨੀ ਨੂੰ ਚੰਗਾ ਨਹੀਂ ਲਗਦਾ।

* ਪਤਨੀ ਚਾਹੁੰਦੀ ਹੈ ਕਿ ਉਸ ਦਾ ਪਤੀ, ਉਸ ਨੂੰ ਕਦੇ ਕਦੇ ਰੁੱਸੀ ਨੂੰ ਵੀ ਮਨਾਵੇ।

* ਕਈ ਪਤੀ ਭਾਵੇਂ ਜਿੰਨੇ ਮਰਜ਼ੀ ਖਰਚ ਕਰ ਦੇਣ ਪਰ ਉਹ ਪਤਨੀ ਦੀਆਂ ਭਾਵਨਾਵਾਂ ਨਹੀਂ ਸਮਝਦੇ।

* ਸੰਚਾਰ ਦੇ ਸਾਧਨਾਂ ਦੀ ਹੋਈ ਇਨਕਲਾਬੀ ਕਾਢ ਨੇ ਅੱਜ ਜੀਵਨ ਦੇ ਹਰ ਪੱਖ ਨੂੰ ਪ੍ਰਭਾਵਿਤ ਕੀਤਾ ਹੈ।

* ਬੁਢਾਪੇ ਦੀ ਉਮਰੇ ਜਾ ਕੇ ਮਨੁੱਖ ਨੂੰ ਆਪਣਾ ਜੀਵਨ ਇਸ ਤਰੀਕੇ ਨਾਲ ਢਾਲ ਲੈਣਾ ਚਾਹੀਦਾ ਹੈ ਕਿ ਇਹ ਸਮਾਂ ਉਸ ਨੂੰ ਕਿਸੇ ਕਾਰਨ ਦੁੱਖ ਪਹੁੰਚਾਉਣ ਦਾ ਕਾਰਨ ਨਾ ਬਣੇ।

* ਬੁਢਾਪੇ 'ਤੇ ਜਾ ਕੇ ਆਮ ਕਰਕੇ ਸਭ ਤੋਂ ਵੱਧ ਦੁਖੀ ਕਰਨ ਵਾਲਾ ਮੌਤ ਦਾ ਡਰ ਹੈ।

* ਮਨੁੱਖ ਦੇ ਵਿਚਾਰਾਂ ਵਿਚ ਕਿਸੇ ਵੀ ਤਰ੍ਹਾਂ ਬੁਢਾਪਾ ਭਾਰੂ ਨਹੀਂ ਹੋਣਾ ਚਾਹੀਦਾ ਜਿਹੜਾ ਮਨੁੱਖ ਨੂੰ ਦਿਮਾਗੀ ਤੌਰ 'ਤੇ ਕਮਜ਼ੋਰ ਕਰਦਾ ਹੈ।

* ਬੁਢਾਪੇ ਦੇ ਦਿਨਾਂ ਵਿਚ ਜਵਾਨੀ ਵਰਗਾ ਜਜ਼ਬਾ ਕਾਇਮ ਰਹਿਣਾ ਚਾਹੀਦਾ ਹੈ।

* ਬੁਢਾਪਾ ਮਨੁੱਖੀ ਜੀਵਨ ਦਾ ਢਲਦਾ ਪਹਿਰ ਹੈ।

* ਜ਼ਿੰਦਗੀ ਜਿੱਥੇ ਚਾਵਾਂ ਤੇ ਉਮੰਗਾਂ ਨਾਲ ਭਰੀ ਹੋਵੇ, ਉਥੇ ਕੁਦਰਤੀ ਹੀ ਇਸ ਦੀ ਤੋਰ ਹਿਰਨੀ ਵਾਂਗ ਤੇਜ਼ ਤੇ ਮਟਕ ਭਰੀ ਹੁੰਦੀ ਹੈ।

* ਚਾਵਾਂ ਤੇ ਉਮੰਗਾਂ ਨਾਲ ਭਰਿਆ ਇਨਸਾਨ ਜ਼ਰੂਰ ਹੀ ਕਿਸੇ ਮੁੱਹਬਤ ਦੇ ਗੂੜ੍ਹੇ ਰੰਗਾਂ ਨਾਲ ਰੰਗਿਆ ਹੁੰਦਾ ਹੈ।

* ਇੱਜ਼ਤ, ਮਾਣ-ਸਤਿਕਾਰ ਵਿਚ ਰੰਗਿਆ ਮਨ ਭਰਿਆ-ਭਰਿਆ ਤੇ ਚਾਵਾਂ ਲੱਦਿਆ ਹੁੰਦਾ ਹੈ।

* ਗ਼ੈਰਤਮੰਦ ਹਿਰਦਾ ਜੇ ਚਾਹੇ ਤਾਂ ਸਾਰੀ ਦੁਨੀਆਂ ਨੂੰ ਆਪਣੀ ਰੰਗਤ ਵਿਚ ਰੰਗ ਸਕਦਾ ਹੈ।

* ਅਣਖ 'ਚ ਭਿੱਜਿਆ ਕੋਈ ਰਾਹੀ ਆਪਣੇ ਆਪ ਨੂੰ ਜ਼ਿੰਦਗੀ ਦਾ ਸ਼ਹਿਨਸ਼ਾਹ ਅਖਵਾਉਂਦਾ ਹੈ।

* ਜ਼ਿੰਦਗੀ ਦੀਆਂ ਚਾਰੇ ਕੰਨੀਆਂ 'ਚ ਪਿਆਰ ਦੇ ਗੂੜ੍ਹੇ ਸੁਨੇਹੇ ਸੰਜੋਏ ਹੁੰਦੇ ਹਨ।

* ਮਨ ਕਰਦਾ ਹੈ ਕਿ ਜ਼ਿੰਦਗੀ ਦੇ ਇਹ ਬਾਗ਼ ਸਦਾ ਮਹਿਕਦੇ ਰਹਿਣ।

* ਸਦਾ ਮਿੱਠੀ-ਮਿੱਠੀ ਪੌਣ ਮਨ ਦੇ ਵਿਹੜੇ ਵਿਚ ਸੱਜਣ ਪਿਆਰਿਆਂ ਦੇ ਸੁਨੇਹੇ ਲੈ ਕੇ ਆਵੇ।

* ਮਿੱਠੀਆਂ-ਮਿੱਠੀਆਂ ਮੋਹ ਭਿੱਜੀਆਂ ਆਵਾਜ਼ਾਂ ਕੰਨਾਂ ਨਾਲ ਆ ਕੇ ਅਠਖੇਲੀਆਂ ਕਰਨ।

* ਹਰਾ-ਭਰਾ ਮਨ ਇਸ ਦੁਨੀਆਂ ਦੀਆਂ ਹਕੀਕਤਾਂ ਨੂੰ ਪਿਆਰ ਕਰਨ ਲੱਗਦਾ ਹੈ।

* ਪਿਆਰ ਦੀ ਚਿਣਗ ਜਾਗਣ ਦੇ ਨਾਲ ਕੰਮ 'ਚ ਰੌਸ਼ਨੀ ਦੀ ਚਿਣਗ ਵੀ ਸ਼ਾਮਲ ਹੋਈ ਪ੍ਰਤੀਤ ਹੁੰਦੀ ਹੈ।

* ਜ਼ਿੰਦਗੀ ਦੀਆਂ ਹਕੀਕਤਾਂ ਤਾਂ ਭਾਵੇਂ ਕਰੜੀਆਂ ਤੇ ਸਖ਼ਤ ਵੀ ਹੁੰਦੀਆਂ ਹਨ ਪਰ ਪਿਆਰ ਭਿੱਜੇ ਮਨਾਂ ਨਾਲ ਇਹ ਹਕੀਕਤਾਂ ਸਹਿਜੇ ਹੀ ਸੌਖੀਆਂ ਹੋ ਨਿੱਬੜਦੀਆਂ ਹਨ।

* ਜਿੱਥੇ ਪ੍ਰੇਮੀਆਂ ਲਈ ਇਮਤਿਹਾਨਾਂ ਦੇ ਕੋਰਸ ਬੜੇ ਮੁਸ਼ਕਲ ਹੁੰਦੇ ਹਨ, ਉਥੇ ਪਿਆਰ ਨਾਲ ਰੰਗੇ ਮਨ ਵੀ ਕਈ ਵਾਰ ਅਜਿਹੇ ਕੋਰਸਾਂ 'ਚ ਅੱਵਲ ਨੰਬਰ ਲੈ ਕੇ ਪਾਸ ਹੁੰਦੇ ਵੇਖੇ ਗਏ ਹਨ।

* ਜ਼ੁਲਮ ਇੰਨਾ ਬੁਰਾ ਨਹੀਂ ਜਿੰਨੀ ਬੁਰੀ ਤੁਹਾਡੀ ਖਾਮੋਸ਼ੀ ਹੈ, ਬੋਲਣਾ ਸਿੱਖੋ ਨਹੀਂ ਤਾਂ ਤੁਹਾਡੀਆਂ ਪੀੜ੍ਹੀਆਂ ਗੂੰਗੀਆਂ ਹੋ ਜਾਣਗੀਆਂ।

* ਕਈ ਰਿਸ਼ਤਿਆਂ 'ਚ ਨਾ ਡਾਂਗਾਂ ਚੱਲੀਆਂ, ਨਾ ਗੋਲੀ ਚੱਲੀ, ਸਿਰਫ ਜ਼ੁਬਾਨ ਚੱਲੀ ਹੋਣ ਕਰਕੇ ਸਾਂਝਾਂ ਖਤਮ ਹੋ ਜਾਂਦੀਆਂ ਹਨ।

* ਵੋਟਾਂ ਹਿੰਦੋਸਤਾਨ ਦੀਆਂ, ਇਕ ਬੰਦਾ ਕਾਫੀ ਸਮੇਂ ਤੋਂ ਵੋਟਿੰਗ ਮਸ਼ੀਨ ਅੱਗੇ ਖੜਾ ਸੀ, ਪੋਲਿੰਗ ਅਫਸਰ ਨੇ ਪੁੱਛਿਆ, 'ਬਾਈ ਕੀ ਹੋ ਗਿਆ', ਬੰਦੇ ਨੇ ਕਿਹਾ, 'ਰਾਤ ਕੀਹਨੇ ਪਿਆਈ ਸੀ ਯਾਦ ਨਹੀਂ ਆ ਰਿਹਾ'?

* ਮੈਂ ਦੀਵਾ ਹਾਂ ਮੇਰੀ ਲੜਾਈ ਤਾਂ ਹਨੇਰੇ ਨਾਲ ਹੈ, ਹਵਾ ਤਾਂ ਐਵੇਂ ਖਾਰ ਖਾਂਦੀ ਹੈ।

* ਤੇਰੀ ਸ਼ਕਲ ਨਹੀਂ ਵਿਚਾਰ ਯਾਦ ਰਹਿਣਗੇ, ਤੇਰਾ ਪੈਸਾ ਨਹੀਂ ਪਿਆਰ-ਸਤਿਕਾਰ ਯਾਦ ਰਹਿਣਗੇ। ਜਿੰਨਾ ਮਰਜ਼ੀ ਸਾਫ ਸੁਥਰਾ ਬਣ ਕੇ ਨਿਕਲ ਲੈ, ਤੇਰੇ ਕੱਪੜੇ ਨਹੀਂ ਕਿਰਦਾਰ ਯਾਦ ਰਹਿਣਗੇ।

* ਡਰ ਅੱਗੇ ਹਾਰ ਤੇ ਸੰਘਰਸ਼ ਅੱਗੇ ਜਿੱਤ।

* ਚੌਰਾਹੇ 'ਤੇ ਖੜ੍ਹੀ ਜ਼ਿੰਦਗੀ ਲੱਭ ਰਹੀ ਹੈ ਇਕ ਐਸਾ ਬੋਰਡ ਜਿਸ 'ਤੇ ਲਿਖਿਆ ਹੋਵੇ, ਸ਼ਾਂਤੀ ਇਸ ਪਾਸੇ 0 ਕਿਲੋਮੀਟਰ 'ਤੇ।

* 10 ਰੁਪਏ ਦਾ ਨੋਟ ਸਾੜਨ ਦੀ ਹਿੰਮਤ ਨਹੀਂ ਹੋਣੀ ਪਰ ਪੰਡਿਤਾਂ ਦੇ ਕਹਿਣ 'ਤੇ 700 ਰੁਪਏ ਦਾ ਦੇਸੀ ਘਿਓ ਦਾ ਡੱਬਾ ਅੱਗ 'ਚ ਸਾੜ ਦੇਣਗੇ। ਇਹ ਹੈ ਮਾਨਸਿਕ ਗੁਲਾਮੀ।

* ਜੇ ਕੁੱਝ ਬਣਨਾ ਹੈ ਤਾਂ ਸਮੁੰਦਰ ਬਣੋ, ਲੋਕਾਂ ਦੇ ਪਸੀਨੇ ਛੁੱਟਣੇ ਚਾਹੀਦੇ ਹਨ ਤੁਹਾਡੀ ਔਕਾਤ ਨਾਪਦੇ ਨਾਪਦੇ।

* ਚੰਗੇ ਲੱਗਦੇ ਹਾਂ ਅਸੀਂ ਬਹੁਤਿਆਂ ਨੂੰ ਪਰ ਇਹ ਵੀ ਚੰਗਾ ਨਹੀਂ ਲੱਗਦਾ ਬਹੁਤਿਆਂ ਨੂੰ।

* ਤਾਕਤ ਤੇ ਪੈਸਾ ਜ਼ਿੰਦਗੀ ਦੇ ਫ਼ਲ ਨੇ, ਜਦਕਿ ਪਰਿਵਾਰ ਤੇ ਦੋਸਤ ਜ਼ਿੰਦਗੀ ਦੀਆਂ ਜੜ੍ਹਾਂ ਨੇ।

* ਕੁੜੀ ਇੰਡੀਆ ਵਿਆਹ ਕਰਵਾਉਂਦੀ ਹੈ, ਫਿਰ ਮੁੰਡਾ ਬਾਹਰ ਮੰਗਵਾਉਂਦੀ ਹੈ। ਇਥੇ ਸੱਦ ਕੇ ਰੋਹਬ ਜਮਾਉਂਦੀ ਹੈ। "ਤੈਨੂੰ ਮੈਂ ਸੱਦਿਆ" ਰੋਜ਼ ਸੁਣਾਉਂਦੀ ਹੈ, ਗੱਲ ਗੱਲ 'ਤੇ ਥੱਲੇ ਲਾਉਂਦੀ ਹੈ।

* ਰਿਸ਼ਤੇ-ਨਾਤੇ ਮਾੜੇ ਨਹੀਂ ਬਸ ਸੋਚ ਮਾੜੀ ਹੈ।

* ਜੇ ਝਗੜਾ ਮੁਕਾਉਣ ਲਈ ਝਗੜੋਗੇ ਤਾਂ ਝਗੜਾ ਕਦੇ ਨਹੀਂ ਮੁੱਕੇਗਾ।

* ਘਰ ਵਿਚ ਇਕ ਦੂਜੇ ਦੀ ਇੱਜ਼ਤ ਕਰਨੀ ਕੋਈ ਡਰਾਮਾ ਨਹੀਂ ਹੁੰਦਾ।

* ਸੰਦੂਕਾਂ ਉਹਲੇ ਕੁੱਟਣਾ, ਲੱਗਦੈ ਚਿੱਕੜ ਸੁੱਟਣਾ।

* ਬੰਨ੍ਹ ਦਾ ਪਾਣੀ ਜੇ ਢੰਗ ਤਰੀਕੇ ਨਾਲ ਛੱਡਿਆ ਜਾਵੇ ਤਾਂ ਪਾਣੀ ਹੈ, ਬਿਨਾਂ ਯੋਜਨਾ ਤੋਂ ਛੱਡਿਆ ਪਾਣੀ ਹੜ੍ਹ ਬਣ ਜਾਵੇਗਾ।

* ਮਸ਼ਹੂਰ ਵਿਅਕਤੀ ਨੂੰ ਲਲਕਾਰਨ ਵਾਲਾ ਵੀ ਮਸ਼ਹੂਰ ਹੋ ਜਾਂਦਾ ਹੈ।

* ਕਦੀ ਸਮਾਂ ਹੁੰਦਾ ਸੀ, ਸਾਰੇ ਪਿੰਡ ਦਾ ਦੁੱਖ ਸੁੱਖ ਸਾਂਝਾ ਹੁੰਦਾ ਸੀ।

* ਅੱਜ ਦਾ ਮਨੁੱਖ ਮਸ਼ੀਨ ਬਣ ਕੇ ਰਹਿ ਗਿਆ ਹੈ।

* ਅੱਜ ਖ਼ੂਨ ਦੇ ਰਿਸ਼ਤਿਆਂ ਵਿਚ ਪਾਣੀ ਪੈ ਗਿਆ ਹੈ।

* ਅੱਜ ਦਾ ਮਨੁੱਖ, ਖ਼ੁਦਗਰਜ਼, ਪੱਖਪਾਤੀ, ਅਕ੍ਰਿਤਘਣ, ਅਹੰਕਾਰੀ, ਈਰਖਾਲੂ ਤੇ ਝਗੜਾਲੂ ਹੋ ਗਿਆ ਹੈ।

* ਆਪਣਾ ਗੁੱਸਾ ਸਹੀ ਢੰਗ ਤਰੀਕੇ ਨਾਲ ਕੱਢਾਂਗੇ ਤਾਂ ਠੀਕ ਰਹੇਗਾ ਨਹੀਂ ਤਾਂ ਨੁਕਸਾਨ ਦਾ ਕਾਰਨ ਹੀ ਬਣੇਗਾ।

*-ਪਰਮਜੀਤ ਸਿੰਘ ਸੇਖੋਂ (ਦਾਖਾ),*
*ਫੋਨ: 5107745909*

# ਸੂਰਜ ਦੀ ਭਾਲ ਵਿਚ ਇਕ ਸੂਰਜ ਅਸਤ ਹੋ ਗਿਆ

ਪ੍ਰੋ. ਅਨੂਪ ਵਿਰਕ ਦੇ ਇਕ ਗੀਤ ਦਾ ਮੁਖੜਾ ਹੈ-
ਜੋ ਦਰਦ ਪਛਾਣੇ ਰਾਤਾਂ ਦਾ,
ਕੋਈ ਐਸਾ ਸੂਰਜ ਭਾਲ ਰਿਹਾ।
ਹੋਵੇ ਹਰ ਤਰਫ ਚਿਰਾਗ ਜਿਹਾ,
ਗੀਤਾਂ ਦੇ ਦੀਵੇ ਬਾਲ ਰਿਹਾ।

10 ਮਈ 1944 ਨੂੰ ਪਿੰਡ ਨੱਢਾ, ਜ਼ਿਲ੍ਹਾ ਗੁਜਰਾਂਵਾਲਾ (ਹੁਣ ਪਾਕਿਸਤਾਨ) ਵਿਚ ਚੜ੍ਹਿਆ ਸੂਰਜ 14 ਅਕਤੂਬਰ ਕੁਦਰਤ ਦੀ ਢਲਦੀ ਸਮੇਂ ਅਸਤ ਹੋ ਗਿਆ। ਪਿਛਲੇ ਤਿੰਨ ਕੁ ਸਾਲਾਂ ਤੋਂ ਉਹ ਕੈਲੇਫੋਰਨੀਆ ਦੇ ਮਡੈਸਟੋ ਵਿਚ ਕਿਆਮ ਕਰ ਰਿਹਾ ਸੀ। ਆਪਣੇ ਪਿਛੇ ਉਹ ਸਾਥਣ ਆਸ਼ਾ ਵਿਰਕ ਤੇ ਧੀ ਡਾ. ਨਗਮਾ ਵਿਰਕ ਅਤੇ ਰੋਂਦੇ ਕਰਲਾਉਂਦੇ ਅਣ-ਗਿਣਤ ਪੰਜਾਬੀ ਪਿਆਰਿਆਂ ਨੂੰ ਛੱਡ ਗਿਆ ਹੈ। ਦੁਨੀਆ ਵਿਚ ਕੁਝ ਸ਼ਖਸ ਅਜਿਹੇ ਹੁੰਦੇ ਹਨ ਜੋ ਆਪਣੇ ਦਰਦ ਨੂੰ ਲੋਕਾਈ ਦੇ



**ਰਵਿੰਦਰ ਸਹਿਰਾਅ**
**ਫੋਨ: 219-900-1115**

ਦਰਦ ਵਿਚ ਬਦਲ ਦਿੰਦੇ ਹਨ। ਜੋ ਹਾਸਿਆਂ ਦੀ ਛਹਿਬਰ ਨਾਲ ਅਨੇਕਾਂ ਮੁਰਝਾਏ ਚਿਹਰਿਆਂ ਉੱਪਰ ਸਦੀਵੀ ਮੁਸਕਾਨ ਬਖੇਰ ਦਿੰਦੇ ਹਨ। ਜੋ ਪੰਜਾਬੀ ਅਤੇ ਪੰਜਾਬ ਲਈ ਹਰ ਵਕਤ ਫਿਕਰਮੰਦ



ਰਹਿੰਦੇ ਹਨ। ਜੋ ਬੁਲ੍ਹੇ ਸ਼ਾਹ ਨੂੰ ਆਪਣਾ ਮੁਰਸ਼ਦ ਤੇ ਕਬੀਰ ਨੂੰ ਆਪਣੀ ਕਾਇਆ ਵਿਚ ਸਮਾਇਆ ਮਹਿਸੂਸਦੇ ਹਨ। ਜੋ ਆਪਣੀ ਰੂਹ ਵਿਚ ਭਗਤ ਰਵਿਦਾਸ ਤੇ ਮੀਆ ਮੀਰ ਨੂੰ ਅੰਗ-ਸੰਗ ਮਹਿਸੂਸਦੇ ਹਨ। ਜੋ ਮਨ-ਮਸਤਕ ਵਿਚ ਭਾਈ ਮਰਦਾਨੇ ਤੇ ਸਫਰ ਵਿਚ ਬਾਬੇ ਨਾਨਕ ਨੂੰ ਨਾਲ ਤੁਰਦਾ ਮਹਿਸੂਸਦੇ ਹਨ। ਅਜਿਹਾ ਹੀ ਸ਼ਖਸ ਸੀ ਅਨੂਪ ਵਿਰਕ। ਆਸ਼ਾ ਉਸਨੂੰ ਪਿਆਰ ਨਾਲ ਨੂਪੀ ਕਹਿ ਕੇ ਪੁਕਾਰਦੀ। ਇਕਲੌਤੀ ਤੇ ਹੋਣਹਾਰ ਧੀ ਨਗਮਾਂ ਨੂੰ ਉਹ ਬਨੀ ਕਹਿੰਦਾ। ਨੌਜਵਾਨ ਸ਼ਾਇਰਾਂ- ਜਿਵੇਂ ਸੁਰਜੀਤ ਜੱਜ, ਕਵਿੰਦਰ ਚਾਂਦ, ਦਰਸ਼ਨ ਬੁੱਟਰ, ਸੁਸ਼ੀਲ ਦੋਸਾਂਝ ਜੈਨਇੰਦਰ ਚੌਹਾਨ, ਬਰਜਿੰਦਰ ਚੌਹਾਨ, ਬਲਵਿੰਦਰ ਸੰਧੂ, ਹਰਵਿੰਦਰ ਚੰਡੀਗੜ੍ਹ ਅਤੇ ਜਸਵਿੰਦਰ ਆਦਿ ਨੂੰ ਆਪਣੇ ਸਾਹਿਤਕ ਪੁੱਤ ਕਹਿੰਦਾ।

ਪੰਦਰਾਂ-ਸੋਲਾਂ ਸਾਲ ਪਹਿਲਾਂ ਦੀ ਗੱਲ ਹੈ, ਉਹ ਆਪਣੀ ਧੀ ਨੂੰ ਮਿਲਣ ਲਈ ਅਮਰੀਕਾ ਆਇਆ। ਆਸ਼ਾ ਵੀ ਨਾਲ ਸੀ। ਨਗਮਾਂ ਉਦੋਂ ਸ਼ੋਸਆਲੋਜੀ ਦੀ ਮਾਸਟਰ ਕਰ ਕੇ ਫਿਲਾਡੈਲਫੀਆ (ਪੈਨਸਿਲਵੇਨੀਆ) ਵਿਚ ਪੀ. ਐਚ. ਡੀ ਕਰ ਰਹੀ ਸੀ। ਥੋੜ੍ਹੇ ਦਿਨ ਉਹ ਆਸ਼ਾ ਦੇ ਭੈਣਾਂ-ਭਰਾਵਾਂ ਕੋਲ ਕੈਲੇਫੋਰਨੀਆ ਰਹਿ ਕੇ ਆਏ ਸਨ। ਅਸੀਂ ਵੀ ਉਦੋਂ ਪੈਨਸਿਲਵੇਨੀਆ ਹੀ ਸਾਂ। ਫੋਨ ਆਇਆ ਕਿ ਮਿਲਣ ਨੂੰ ਦਿਲ ਕਰਦੈ, ਕਿਵੇਂ ਕਰੀਏ? ਮੈਂ ਤੇ ਨੀਰੂ ਅਗਲੇ ਦਿਨ ਜਾ ਕੇ ਉਨ੍ਹਾਂ ਨੂੰ ਨਾਲ ਲੈ ਆਂਦਾ।

ਵਿਰਕ ਸ਼ਾਮ ਨੂੰ ਰੰਗੀਨ ਹੋਇਆ ਆਖਿਆ ਕਰੇ, "ਯਾਰ ਰਵਿੰਦਰ! ਇਹ ਆਸ਼ਾ ਦੇ ਭੈਣ-ਭਰਾਵਾਂ ਕੋਲ ਮਹਿਲਾਂ ਵਰਗੇ ਘਰ ਹਨ, ਪਰ ਮੇਰਾ ਤਾਂ ਉਥੇ ਦਮ ਘੁਟਦਾ ਸੀ। ਹੁਣ ਨਹੀਂ ਅਸੀਂ ਉਥੇ ਜਾਣਾ।"

ਖੈਰ! ਜਾਣਾ ਤਾਂ ਸੀ ਹੀ। ਹਫਤਾ ਭਰ ਅਸੀਂ ਉਨ੍ਹਾਂ ਦੋਹਾਂ ਜੀਆਂ ਦੀ ਰੱਜ ਕੇ ਸੰਗਤ ਮਾਣੀ। ਨੀਰੂ ਨੇ ਕੰਮ 'ਤੇ ਹੋਣਾ ਤਾਂ ਆਸ਼ਾ ਨੇ ਮਗਰੋਂ ਸਾਰਾ ਘਰ ਸ਼ੀਸ਼ੇ ਵਾਂਗ ਚਮਕਾ ਦੇਣਾ। ਕਹਿਣਾ, "ਮੈਨੂੰ ਪਤਾ ਨੀਰੂ! ਤੇਰੇ ਕੋਲ ਇੰਨਾ ਟਾਈਮ ਨਹੀਂ ਹੁੰਦਾ।"

2001 ਵਿਚ ਅਸੀਂ ਦਿੱਲੀ ਰਾਸ਼ਟਰੀ ਕਵੀ ਦਰਬਾਰ 'ਚੋਂ ਵਿਹਲੇ ਹੋ ਕੇ ਫਗਵਾੜੇ ਪਰਤ ਰਹੇ ਸੀ। ਅਨੂਪ ਵੀ ਨਾਲ। ਸਾਰੇ ਊਂਘਣ ਲੱਗ ਪਏ ਪਰ ਉਹਦੇ ਲਤੀਫਿਆਂ ਨੇ ਹਾਸੇ ਬਖੇਰ ਦਿੱਤੇ। ਪਤਾ ਹੀ ਨਾ ਲੱਗਾ ਕਦੋਂ ਰਾਜਪੁਰਾ ਆ ਗਿਆ। ਉਹਦਾ ਦਿਲ ਨਾ ਕਰੇ ਉਤਰਨ ਲਈ, ਕਹਿੰਦਾ, 'ਚਲੋ ਯਾਰ ਸਿੱਧੇ ਫਗਵਾੜੇ ਹੀ ਚੱਲਦੇ ਆ, ਆਪੇ ਕੱਲ੍ਹ ਬੱਸ ਫੜ ਕੇ ਪਟਿਆਲੇ ਆ ਜਾਉਂਗਾ।'

ਸਾਰੇ ਰਾਹ 'ਚ ਉਹ ਕਦੇ ਕਿਸੇ ਸਾਹਿਤਕਾਰ ਬਾਰੇ ਕਦੇ ਕਿਸੇ ਆਲੋਚਕ ਬਾਰੇ ਲਤੀਫੇ ਸੁਣਾਉਂਦਾ ਰਿਹਾ। ਪੰਜਾਬ ਦੇ ਸਿਆਸੀ ਆਗੂਆਂ ਬਾਰੇ ਟਿਪਣੀਆਂ ਨਾਲ ਮਹਿਫਲਾਂ ਗਰਮਾਈ ਰੱਖਦਾ।

ਪ੍ਰੋ. ਕੁਲਵੰਤ ਗਰੇਵਾਲ ਤੇ ਪ੍ਰੋ. ਲਾਲੀ ਬਾਰੇ ਗੱਲ ਕਰਦਿਆਂ ਉਹ ਸੰਜੀਦਾ ਹੋ ਜਾਂਦਾ। ਆਖਦਾ, 'ਯਾਰ ਓਹੋ ਜਿਹੇ ਕਵੀ ਵਾਰ ਵਾਰ ਨਹੀਂ ਜੰਮਦੇ।'

ਮਹਿਫਲ 'ਚ ਉਹਦੀ ਗੱਲ ਕਦੇ ਨਾ ਮੁਕਦੀ ਪਰ ਮਜਾਲ ਹੈ ਕਿ ਕੋਈ ਵੀ ਉਕਤਾ ਜਾਵੇ। ਗੱਲ 'ਚੋਂ ਗੱਲ ਕੱਢਦਾ ਜਾਂਦਾ ਅਨੇਕਾਂ ਸਨਮਾਨ ਮਿਲੇ। ਉਹਦਾ ਘਰ ਸ਼ੀਲਡਾਂ ਨਾਲ ਭਰਿਆ ਪਿਆ। ਭਾਸ਼ਾ ਵਿਭਾਗ ਨੇ ਸ਼੍ਰੋਮਣੀ ਕਵੀ ਨਾਲ ਨਿਵਾਜਿਆ ਪਰ ਉਹ ਪੰਜਾਬ ਦੇ ਦਰਦ ਨੂੰ ਲੈ ਕੇ ਹਮੇਸ਼ਾ ਸਰਕਾਰਾਂ ਦੀ ਨੁਕਤਾਚੀਨੀ ਕਰਦਾ ਰਿਹਾ। ਲਹਿੰਦੇ ਪੰਜਾਬ ਨਾਲ ਅੰਤਾਂ ਦਾ



ਮੋਹ ਰਹੀ, ਜੰਮਿਆਂ ਵੀ ਤਾਂ ਉਧਰ ਹੀ ਸੀ ਨਾ...। ਇਕ ਵੇਰ ਇਕ ਫੰਕਸ਼ਨ 'ਚ ਅਸੀਂ ਫਿਰੋਜਪੁਰ ਇਕੱਠੇ ਹੋਏ। ਫੰਕਸ਼ਨ ਅਜੇ ਚੱਲ



ਰਿਹਾ ਸੀ। ਮੈਨੂੰ ਹੋਲੇ ਜਿਹੇ ਆ ਕੇ ਕਹਿੰਦਾ, "ਜਰਾ ਬਾਹਰ ਆ! ਆਪਾਂ ਕਿਤੇ ਜਰੂਰੀ ਕੰਮ ਚੱਲਣਾ।" ਸਾਡੇ ਕੋਲ ਵੈਨ ਸੀ। ਅਸੀਂ ਪੰਜ-ਸੱਤ ਜਾਣੇ ਉਸਦੇ ਮਗਰ ਹੋ ਤੁਰੇ। ਕਹਿੰਦਾ, "ਚਲੋ ਬਈ ਹੁਸੈਨੀਵਾਲਾ ਬਾਰਡਰ 'ਤੇ ਚਲਣਾ ਆਪਾਂ।"

ਗਏ ਤਾਂ ਵੈਨ 'ਚੋਂ ਉਤਰ ਕੇ ਬੜੀ ਤੇਜ ਭੱਜਿਆ ਤੇ ਕੰਡਿਆਲੀ ਵਾੜ ਕੋਲੋਂ ਲਹਿੰਦੇ ਪੰਜਾਬ ਦੀ ਮਿੱਟੀ ਦੀ ਮੁੱਠ ਭਰ ਕੇ ਚੁੰਮਣ ਲੱਗ ਪਿਆ। ਕਿੰਨਾ ਮੋਹ ਸੀ ਉਹਨੂੰ ਆਪਣੀ ਮਿੱਟੀ ਨਾਲ! 2019 'ਚ ਅਸੀਂ ਪੰਜਾਬ ਗਏ। ਇਕ ਰਾਤ ਅਸੀਂ ਉਹਦੇ ਕੋਲ ਰਹੇ। ਆਸ਼ਾ ਨੇ ਆਉ-ਭਗਤ ਵਿਚ ਕੋਈ ਕਸਰ ਨਾ ਛੱਡੀ। ਓਥੇ ਬਲਵਿੰਦਰ ਸੰਧੂ ਵੀ ਆ ਗਿਆ। ਬੜੀ ਦੇਰ ਰਾਤ ਤੱਕ ਉਹ ਹਾਸੇ ਬਖੇਰਦਾ ਰਿਹਾ। ਮਾਲਵੇ 'ਚ ਜਿਵੇਂ ਆਪਾ ਜਾਣਦੇ ਹਾਂ ਲੋਕ ਦੋਸਤਾਂ-ਮਿੱਤਰਾਂ ਨੂੰ 'ਬਾਈ ਜੀ' ਕਹਿ ਕੇ ਬੁਲਾਉਂਦੇ ਨੇ। ਪਟਿਆਲੇ ਦੀ ਖਾਲਸਾ ਕਾਲਜ 'ਚ ਉਸਦੀ ਖੂਬਸੂਰਤ ਕੋਠੀ ਦਾ ਨੰਬਰ ਕੁਦਰਤੀ 22 ਸੀ। ਉਸਨੇ ਘਰ ਦੀ ਤਖਤੀ ਉੱਪਰ ਲਿਖਵਾਇਆ- 'ਬਾਈ ਵਿਰਕਾਂ' ਦਾ। ਤੇ ਹੁਣ ਉਹ ਬਾਈ ਵਿਰਕਾਂ ਦਾ ਹੀ ਨਹੀਂ ਬਾਈ ਸਾਰੇ ਪੰਜਾਬੀ ਹਿਤੈਸ਼ੀਆ ਦਾ ਬਣ ਚੁੱਕਿਆ ਸੀ।

ਪਿਛਲੇ ਸਾਲ ਮਰਹੂਮ ਜਾਵੇਦ ਬੂਟਾ ਦਾ ਫੋਨ ਆਇਆ। ਉਸਨੂੰ ਅਨੂਪ ਦਾ ਬਾਇਓਡਾਟਾ ਚਾਹੀਦਾ ਸੀ। ਲਾਹੌਰ 'ਚ ਉਸਦੀ ਵਾਰਤਕ ਦੁਬਾਰਾ ਛਾਪਣੀ ਸੀ। ਬੱਸ ਅਗਸਤ 'ਚ ਆਖਰੀ ਵਾਰ ਉਹਨੇ ਗੱਲਬਾਤ ਕੀਤੀ। ਕਿਸੇ ਨਾਲ ਵੀ ਗੱਲਬਾਤ ਨਾ ਕਰਦਾ। ਗੁੰਮਨਾਮੀ 'ਚ ਹੀ ਆਪਣਾ ਸਫਰ ਤੈਅ ਕਰ ਲਿਆ। ਅੱਜ ਜਦੋਂ ਆਸ਼ਾ ਵਿਰਕ ਭੈਣ ਜੀ ਨਾਲ ਗੱਲ ਕਰ ਰਿਹਾ ਸੀ ਤਾਂ ਉਨ੍ਹਾਂ ਦੱਸਿਆ ਕਿ ਸਾਹ ਰੁਕ ਰੁਕ ਕੇ ਆ ਰਹੇ ਸਨ ਤਾਂ ਡਾਕਟਰਾਂ ਕਿਹਾ, 'ਉਹ ਕੋਈ ਗੱਲ ਕਰਨੀ ਚਾਹੁੰਦਾ ਹੈ ਤੁਹਾਡੇ ਨਾਲ। ਗੱਲ ਕਰੋ ਤੇ ਵਿਦਾਈ ਦਿਉ। ਕਹਿੰਦੀ ਮੈਂ ਕਿਹਾ, "ਔਹ ਦੇਖ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਜਸਵੰਤ ਸਿੰਘ ਕੰਵਲ...।" ਮੇਰਾ ਗੱਚ ਭਰ ਆਇਆ। ਹੋਰ ਕੀ ਗੱਲ ਕਰਨੀ ਸੀ। ਹਾੜ੍ਹਾ ਵੇ ਹਾੜਾ ਇਹ ਕੀ ਅਨਰਥ ਹੋ ਗਿਆ।

ਸੂਰਜ ਦੀ ਭਾਲ ਵਿਚ, ਇਕ ਸੂਰਜ ਅਸਤ ਹੋ ਗਿਆ।

ਆਸ਼ਾ ਭੈਣ ਜੀ ਨਾਲ ਦੁਖ ਸਾਂਝਾਂ ਕਰਨ ਲਈ ਇਸ ਨੰਬਰ 925-596-8639 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭੁੱਖਮਰੀ ਦਾ ਸੰਕਟ ਅਤੇ ਬੱਚਿਆਂ ਦਾ ਸ਼ੋਸ਼ਣ

ਹਰ ਮਨੁੱਖ ਬੱਚਿਆ ਪ੍ਰਤੀ ਲਗਾਉ ਮਹਿਸੂਸ ਕਰਦਾ ਹੈ। ਮਨੁੱਖ ਸਾਰੇ ਜੀਵਾਂ 'ਚੋਂ ਜ਼ਿਆਦਾ ਉੱਨਤ ਜੀਵ ਹੈ ਜੋ ਆਪਣੇ ਬੱਚਿਆਂ ਤੋਂ ਬਿਨਾ ਹੋਰਾਂ ਮਨੁੱਖਾਂ ਦੇ ਬੱਚਿਆਂ ਪ੍ਰਤੀ ਵੀ ਲਗਾਉ ਰੱਖਦਾ ਹੈ। ਬੱਚੇ ਆਪਣੇ ਕੋਮਲ ਚਿਹਰਿਆਂ ਅਤੇ ਆਪਣੀਆਂ ਹਰਕਤਾਂ ਨਾਲ ਸਾਨੂੰ ਆਪਣੇ ਵੱਲ ਖਿੱਚਦੇ ਹੀ ਨਹੀਂ ਸਗੋਂ ਅਸੀਂ ਉਨ੍ਹਾਂ ਅੰਦਰ ਆਪਣਾ ਭਵਿੱਖ ਵੀ ਦੇਖਦੇ ਹਾਂ। ਉਂਝ, ਅਸੀਂ ਜਿਹੋ-ਜਿਹੇ ਪ੍ਰਬੰਧ 'ਚ ਰਹਿ ਰਹੇ ਹਾਂ, ਉਸ ਦਾ ਇਨ੍ਹਾਂ ਕੋਮਲ ਜਿੰਦਾਂ ਵੱਲ ਰਵੱਈਆ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਇਹ ਪ੍ਰਬੰਧ ਭਵਿੱਖ ਪ੍ਰਤੀ ਕਿੰਨਾ ਵੈਰ ਭਾਵੀ ਹੈ।

ਇਹ ਜਾਨਣ ਲਈ ਅਸੀਂ ਦੁਨੀਆ ਦੇ ਇੱਕ ਹਿੱਸੇ, ਅਫਰੀਕੀ ਮਹਾਂਦੀਪ 'ਤੇ ਵਸਦੇ ਬੱਚਿਆਂ ਬਾਰੇ ਗੱਲ ਕਰਦੇ ਹਾਂ ਜਿੱਥੇ ਕਰੋੜਾਂ

**ਜਸਵਿੰਦਰ ਸਿੰਘ**
**ਫੋਨ: +91-98555-03174**

ਹੀ ਬੱਚੇ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਵੱਲੋਂ ਫੈਲਾਈ ਭੁੱਖਮਰੀ ਕਾਰਨ ਭੁੱਖੇ ਮਰ ਰਹੇ ਹਨ। ਪਿਛਲੇ ਸਮੇਂ 'ਚ ਅਫਰੀਕੀ ਬੱਚਿਆਂ ਲਈ ਨੀਤੀ ਸਬੰਧੀ ਫੋਰਮ ਵੱਲੋਂ ਜਾਰੀ ਰਿਪੋਰਟ ਅਨੁਸਾਰ, ਉੱਥੇ 6 ਕਰੋੜ ਬੱਚੇ ਭੁੱਖਮਰੀ ਦਾ ਸਾਹਮਣਾ ਕਰ ਰਹੇ ਹਨ। ਇਹ ਆਮ ਭੁੱਖਮਰੀ ਵਾਲੀ ਹਾਲਤ ਨਹੀਂ ਸਗੋਂ ਇਸ ਨੂੰ ਅਕਾਲ ਦੀ ਸਥਿਤੀ ਐਲਾਨਿਆ ਗਿਆ ਹੈ। ਉੱਥੇ ਲੱਖਾਂ ਹੀ ਅਜਿਹੇ ਬੱਚੇ ਹਨ ਜੋ ਬਚੇ-ਖੁਚੇ ਭੋਜਨ, ਭਾਵ ਦੂਜਿਆਂ ਦਾ ਜੂਠ ਖਾਣ ਲਈ ਮਜਬੂਰ ਹਨ ਤਾਂ ਕਿ ਆਪਣੇ ਸਾਹ ਚੱਲਦੇ ਰੱਖ ਸਕਣ। ਇਸ ਮਹਾਂਦੀਪ 'ਚ ਬੱਚਿਆਂ ਦੀਆਂ ਅੱਧੀਆਂ ਮੌਤਾਂ ਭੁੱਖਮਰੀ ਕਾਰਨ ਹੁੰਦੀਆਂ ਹਨ। ਦਸ 'ਚੋਂ ਨੌਂ ਬੱਚਿਆਂ ਨੂੰ ਖਾਣ ਲਈ ਸੰਤੁਲਿਤ ਭੋਜਨ ਨਹੀਂ ਮਿਲ ਰਿਹਾ। ਪੰਜ ਪਿੱਛੇ ਦੋ ਬੱਚੇ ਹਰ ਰੋਜ਼ ਭੁੱਖੇ ਰਹਿੰਦੇ ਹਨ। ਹਰ ਤੀਜਾ ਬੱਚਾ ਕੁਪੋਸ਼ਣ ਦਾ ਸ਼ਿਕਾਰ ਹੈ ਤੇ ਮਹਾਂਦੀਪ ਦੀ 20 ਫ਼ੀਸਦੀ ਆਬਾਦੀ ਭੁੱਖਮਰੀ ਹੰਢਾਅ ਰਹੀ ਹੈ।

ਬੱਚਿਆਂ ਤੋਂ ਅਗਾਂਹ ਵੱਡਿਆਂ ਦੀ ਗੱਲ ਕਰੀਏ ਤਾਂ ਦਸ ਹਜ਼ਾਰ ਪਿੱਛੇ ਦੋ ਮੌਤਾਂ ਭੁੱਖਮਰੀ ਕਾਰਨ ਹੋ ਰਹੀਆਂ ਹਨ। ਅਫਰੀਕਾ ਦੇ ਸਬ-ਸਹਾਰਾ ਖੇਤਰ 'ਚ ਹਰ ਚੌਥਾ ਸ਼ਖ਼ਸ ਭੁੱਖਮਰੀ ਹੰਢਾਅ ਰਿਹਾ ਹੈ। 2017 ਦੀ ਰਿਪੋਰਟ ਅਨੁਸਾਰ ਇਥੋਪੀਆ ਦੇ 80 ਲੱਖ, ਮਾਲੀ ਦੇ 50 ਲੱਖ, ਜ਼ਿੰਬਾਬਵੇ ਦੇ 40 ਲੱਖ ਤੇ 30 ਲੱਖ ਕੀਨੀਆਈ ਲੋਕ ਭੁੱਖਮਰੀ ਦੀ ਮਾਰ ਹੇਠ ਸਨ ਪਰ 2017 ਤੋਂ ਬਾਅਦ ਹਾਲਤ ਕੋਈ ਬਿਹਤਰ ਬਣੀ ਹੋਏਗੀ, ਤਾਜ਼ਾ ਰਿਪੋਰਟਾਂ ਇਸ ਦੀ ਕੋਈ ਪੁਸ਼ਟੀ ਕਰਨ ਦੀ ਬਜਾਇ ਉਲਟ ਇਸ਼ਾਰਾ ਕਰ ਰਹੀਆਂ ਹਨ; ਮਤਲਬ, ਹਾਲਤ ਹੋਰ ਭਿਅੰਕਰ ਹੈ। ਮੌਜੂਦਾ ਸਥਿਤੀ ਇਹ ਹੈ ਕਿ ਲੋਕ ਭੋਜਨ ਦੀ ਭਾਲ 'ਚ ਆਪਣੇ ਘਰ ਛੱਡ ਕੇ ਜਾ ਰਹੇ ਹਨ।

ਗਰੇਸ ਕੀਨੀਆ ਦਾ ਰਹਿਣ ਵਾਲਾ ਬੱਚਾ ਹੈ ਜੋ ਆਪਣੇ ਮਾਪਿਆਂ ਦੇ ਲੱਕੜ/ਕਾਨਿਆਂ ਦੇ ਘਰ 'ਚ ਇਕੱਲਾ ਰਹਿ ਰਿਹਾ ਹੈ। ਪਹਿਲਾਂ ਉਸ ਦੇ ਪਿਤਾ ਘਰੋਂ ਚਲੇ ਗਏ ਅਤੇ ਬਾਅਦ 'ਚ ਉਸ ਦੀ ਮਾਂ ਵੀ ਕੰਮ ਦੀ ਭਾਲ 'ਚ ਇਥੋਪੀਆ ਚਲੀ ਗਈ; ਦੋਵਾਂ 'ਚੋਂ ਕੋਈ ਵੀ ਵਾਪਸ ਨਹੀਂ ਮੁੜਿਆ। ਹੁਣ ਇਹ ਬੱਚਾ ਮਾਪਿਆਂ ਦੇ ਹੁੰਦਿਆਂ ਵੀ ਅਨਾਥ ਹੈ। ਇਸ ਇੱਕ ਪਰਿਵਾਰ ਦੀ ਉਦਾਹਰਨ ਜ਼ਰੀਏ ਅਸੀਂ ਬਾਕੀ ਅਫਰੀਕੀ ਪਰਿਵਾਰਾਂ ਦੀ ਹਾਲਤ ਸਮਝ ਸਕਦੇ ਹਾਂ।

2022 ਦੇ ਆਲਮੀ ਭੁੱਖਮਰੀ ਸੂਚਕ ਅੰਕ ਅਨੁਸਾਰ ਅਫਰੀਕੀ ਮਹਾਂਦੀਪ ਦੇ 54 ਦੇਸ਼ਾਂ 'ਚੋਂ 37 ਭੁੱਖਮਰੀ ਦਾ ਸਾਹਮਣਾ ਕਰ ਰਹੇ ਹਨ। ਦੁਨੀਆ ਦੇ 10 ਸਭ ਤੋਂ ਜ਼ਿਆਦਾ ਗੰਭੀਰ ਭੁੱਖਮਰੀ ਦਾ ਸ਼ਿਕਾਰ ਦੇਸ਼ਾਂ ਵਿਚੋਂ 7 ਅਫਰੀਕੀ ਦੇਸ਼ ਹਨ। 2022 ਵਿਚ ਸੈਂਟਰਲ ਅਫਰੀਕਨ ਰਿਪਬਲਿਕ ਚਾਡ, ਡੈਮੋਕ੍ਰੇਟਿਕ ਰਿਪਬਲਿਕ ਆਫ ਕਾਂਗੋ, ਮੈਡਾਗਸਕਰ ਨੂੰ ਭੁੱਖਮਰੀ ਦੀ ਚਿਤਾਵਨੀ ਦਿੱਤੀ ਗਈ ਸੀ ਪਰ ਚਿਤਾਵਨੀ ਦਾ ਕੀ ਮਤਲਬ ਜਦੋਂ ਲੋੜੀਂਦੇ ਕਦਮ ਹੀ ਨਹੀਂ ਚੁੱਕਣੇ! ਇਹ ਤਾਂ ਉਹੀ ਹਾਲਤ ਹੋਈ ਜਿਵੇਂ ਕੋਈ ਭੁੱਖੇ ਨੂੰ ਦੱਸ ਰਿਹਾ ਹੋਵੇ ਕਿ ਤੂੰ ਭੁੱਖਾਂ ਏ... ਇਹ ਤਾਂ ਉਸ ਨੂੰ ਵੀ ਪਤਾ ਹੈ, ਉਸ ਨੂੰ ਤਾਂ ਖਾਣ ਲਈ ਕੁਝ ਚਾਹੀਦਾ ਹੈ।

ਦੂਜੇ ਪਾਸੇ ਅਨਾਜ ਦੀ ਪੈਦਾਵਾਰ ਦੇ ਮਾਮਲੇ 'ਚ ਬਿਨਾ ਸ਼ੱਕ ਪਹਿਲਾਂ ਨਾਲੋਂ ਅਫਰੀਕਾ ਦੀ ਹਾਲਤ ਸੁਧਰੀ ਹੈ। ਇਸ ਦੀ ਕੁੱਲ ਘਰੇਲੂ ਪੈਦਾਵਾਰ 'ਚ ਵੀ 17 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ ਪਰ ਇਸੇ ਰਫਤਾਰ ਨਾਲ ਇਥੇ ਭੁੱਖਮਰੀ ਵੀ ਵਧੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜਿਹੜਾ ਵਾਧਾ ਹੋਇਆ ਹੈ, ਇਸ ਨੇ ਆਮ ਲੋਕਾਂ ਦੇ ਪੱਲੇ ਕੁਝ ਪਾਉਣ ਦੀ ਬਜਾਇ ਸਰਮਾਏਦਾਰਾਂ ਦੀਆਂ ਜੇਬਾਂ ਹੀ ਭਾਰੀਆਂ ਕੀਤੀਆਂ ਹਨ ਅਤੇ ਆਮ ਲੋਕਾਂ ਦੇ ਮੂੰਹੋਂ ਬਚਦਾ ਟੁੱਕ ਵੀ ਖੋਹਿਆ ਹੈ। ਉੱਥੇ ਤਕਰੀਬਨ 46 ਕਰੋੜ ਲੋਕ ਗਰੀਬੀ ਹੰਢਾਅ ਰਹੇ ਹਨ।

ਆਮ ਲੋਕਾਂ ਲਈ ਇਸ ਖਿੱਤੇ ਦਾ ਕੁਦਰਤੀ ਤੌਰ 'ਤੇ ਅਮੀਰ ਹੋਣਾ ਕੁਝ ਦੇਣ ਦੀ ਬਜਾਇ ਜ਼ਿੰਦਗੀ ਮੁਸ਼ਕਿਲ ਹੀ ਬਣਾ ਰਿਹਾ ਹੈ। ਉੱਥੇ ਸੋਨਾ, ਚਾਂਦੀ, ਤੇਲ ਤੇ ਹੋਰ ਖਣਿਜ ਪਦਾਰਥਾਂ ਦੇ ਭੰਡਾਰ ਹਨ ਪਰ ਇਸ ਦੇ ਨਤੀਜੇ ਵਜੋਂ ਸਾਮਰਾਜੀ ਦੇਸ਼ਾਂ ਦੀ ਨਜ਼ਰ ਵੀ ਇਸ ਖਿੱਤੇ 'ਤੇ ਹੈ ਜਿਹੜੇ ਉੱਥੋਂ ਦੇ ਸਰਮਾਏਦਾਰਾਂ ਨਾਲ ਸਾਂਝ ਭਿਆਲ਼ੀ ਪਾ ਕੇ ਕੁਦਰਤੀ ਵਸੀਲੇ ਲੁੱਟਦੇ ਹਨ। ਸਾਮਰਾਜੀ ਖਹਿ-ਭੇੜ ਕਰ ਕੇ ਇਹ ਖਿੱਤਾ ਲੰਮੇ ਸਮੇਂ ਤੋਂ ਸਿਆਸੀ ਅਸਥਿਰਤਾ 'ਚੋਂ ਲੰਘ ਰਿਹਾ ਹੈ। ਇਸ ਸਿਆਸੀ ਅਸਥਿਰਤਾ ਅਤੇ ਜੰਗਾਂ ਦਾ ਸਭ ਤੋਂ ਵੱਡਾ ਬੋਝ ਕਿਰਤੀਆਂ ਨੂੰ ਹੀ ਹੰਢਾਉਣਾ ਪੈਂਦਾ ਹੈ।

ਇੱਕ ਰਿਪੋਰਟ ਅਨੁਸਾਰ ਸਾਮਰਾਜੀ ਮੁਲਕ ਦੀ ਇੱਥੋਂ ਕੀਤੀ ਜਾ ਰਹੀ ਲੁੱਟ ਦਰਸਾਈ ਗਈ ਹੈ। ਇਹ ਰਿਪੋਰਟ ਪੁਰਾਣੀ ਹੈ, ਨਵੇਂ ਅੰਕੜੇ ਇਸ ਤੋਂ ਕਿਤੇ ਜ਼ਿਆਦਾ ਭਿਆਨਕ ਹੋਣ ਦਾ ਖ਼ਦਸ਼ਾ ਹੈ। ਇਸ ਖਿੱਤੇ 'ਚ ਹਰ ਸਾਲ 134 ਅਰਬ ਅਮਰੀਕੀ ਡਾਲਰ ਕਰਜ਼ਾ, ਵਿਦੇਸ਼ੀ ਨਿਵੇਸ਼ ਅਤੇ ਫੰਡਾਂ ਦੇ ਰੂਪ 'ਚ ਆਉਂਦਾ ਹੈ; ਦੂਸਰੇ ਪਾਸੇ 192 ਅਰਬ ਅਮਰੀਕੀ ਡਾਲਰ ਮੁਨਾਫੇ ਦੇ ਰੂਪ 'ਚ ਬਾਹਰ ਜਾਂਦਾ ਹੈ। ਇਸ ਤੋਂ ਇਲਾਵਾ ਦੁਨੀਆ ਪੱਧਰ ਉੱਤੇ ਅਣਗਿਣਤ

ਸੰਸਥਾਵਾਂ ਅਫਰੀਕੀ ਬੱਚਿਆਂ ਦੀਆਂ ਭੁੱਖੇ-ਨੰਗਿਆਂ ਦੀਆਂ ਫੋਟੋਆਂ ਦਿਖਾ ਕੇ ਕਰੋੜਾਂ ਰੁਪਏ ਫੰਡ ਇਕੱਠਾ ਕਰਦੀਆਂ ਹਨ ਪਰ ਅਸਲ ਹਾਲਤ ਫਿਰ ਵੀ ਹਰ ਦਿਨ ਭਿਅੰਕਰ ਹੋ ਰਹੀ ਹੈ। ਅਸਲ ਵਿਚ, ਇਨ੍ਹਾਂ 'ਚੈਰੀਟੇਬਲ' ਸੰਸਥਾਵਾਂ ਦਾ ਕੰਮ ਭੁੱਖਮਰੀ, ਗਰੀਬੀ ਦੇ ਹਕੀਕੀ ਕਾਰਨ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਨੂੰ ਢਕਣਾ ਅਤੇ ਇਸ ਦੀ ਉਮਰ ਲੰਮੀ ਕਰਨਾ ਹੈ।

ਉੱਘੇ ਸ਼ਾਇਰ ਸੰਤ ਰਾਮ ਉਦਾਸੀ ਦੀਆਂ ਸਤਰਾਂ ਵਾਂਗ 'ਜੇ ਸੋਕਾ ਇਹ ਹੀ ਜਰਦੇ ਨੇ, ਜੇ ਡੋਬਾ ਇਹ ਹੀ ਜਰਦੇ ਨੇ, ਸਭ ਕਹਿਰ ਇਨ੍ਹਾਂ ਸਿਰ ਵਰ੍ਹਦੇ ਨੇ' ਵਾਂਗ ਅਫਰੀਕੀ ਮਹਾਂਦੀਪ ਦਾ ਹਾਰਨ ਆਫ ਅਫਰੀਕਾ ਦਾ ਇਲਾਕਾ ਸੋਕਾ ਪ੍ਰਭਾਵਿਤ ਹੈ ਜਿੱਥੇ ਸੋਕੇ ਨੇ ਸਾਢੇ ਤਿੰਨ ਕਰੋੜ ਤੋਂ ਉੱਪਰ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ; ਦੂਸਰੇ ਪਾਸੇ ਕੇਂਦਰੀ ਤੇ ਪੂਰਬੀ ਅਫਰੀਕਾ ਹੜ੍ਹਾਂ ਦੀ ਮਾਰ ਝੱਲ ਕੇ ਹਟਿਆ ਹੈ। ਕੀ ਇਹ ਸਭ ਕੁਦਰਤੀ ਹੈ? ਨਹੀਂ, ਇਸ ਲਈ ਤਾਂ ਸਗੋਂ ਸਰਮਾਏਦਾਰਾ ਪ੍ਰਬੰਧ ਜ਼ਿੰਮੇਵਾਰ ਹੈ। ਕੁਦਰਤੀ ਭੰਡਾਰ ਲੁੱਟਣ ਲੱਗਿਆਂ ਇਸ ਗੱਲ ਦੀ ਭੋਰਾ ਪਰਵਾਹ ਨਹੀਂ ਕੀਤੀ ਜਾ ਰਹੀ ਕਿ ਇਸ ਦਾ ਆਮ ਲੋਕਾਂ ਅਤੇ ਵਾਤਾਵਰਨ ਉੱਤੇ ਕੀ ਅਸਰ ਪਵੇਗਾ। ਦਹਾਕਿਆਂ ਤੋਂ ਚੱਲ ਰਹੇ ਸਾਮਰਾਜੀ ਖਹਿ-ਭੇੜ ਕਾਰਨ ਬਣੀ ਸਿਆਸੀ ਅਸਥਿਰਤਾ ਕਾਰਨ ਤੇ ਸੋਕੇ-ਹੜ੍ਹ ਵਰਗੀਆਂ ਹਾਲਤਾਂ ਕਾਰਨ ਲੋਕ ਇੱਕ ਥਾਂ ਵੀ ਨਹੀਂ ਬੈਠ ਸਕਦੇ। ਕਈਆਂ ਦੇਸ਼ਾਂ ਦੀ ਹਾਲਤ ਇਹ ਹੈ ਕਿ ਜਿਸ ਉਮਰ 'ਚ ਬੱਚੇ ਦੇ ਮੋਢਿਆਂ 'ਤੇ ਕਿਤਾਬਾਂ ਦਾ ਬੈਗ ਹੋਣਾ ਚਾਹੀਦਾ ਸੀ, ਉਸ ਉਮਰੇ ਮਾਪੇ ਆਪਣੇ ਬੱਚਿਆਂ ਦੇ ਮੋਢੇ ਮੰਗਣ ਵਾਲਾ ਝੋਲਾ ਪਾ ਕੇ ਭੀਖ ਮੰਗਣ ਲਈ ਭੇਜਦੇ ਹਨ।

ਅਫਰੀਕਾ ਤੋਂ ਬਾਅਦ ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ ਦੀ ਗੱਲ ਕਰੀਏ ਤਾਂ ਉੱਥੇ ਵੀ ਹਾਲਤ ਕੋਈ ਵੱਖਰੀ ਨਹੀਂ। ਪਿਛਲੇ ਸਾਲ ਪਾਕਿਸਤਾਨ ਦੇ ਲੋਕਾਂ ਨੇ ਹੜ੍ਹਾਂ ਦੀ ਮਾਰ ਝੱਲੀ ਜਿਸ ਕਾਰਨ ਮਨੁੱਖੀ ਜਾਨਾਂ ਤੋਂ ਇਲਾਵਾ ਹੋਰ ਵੀ ਬਹੁਤ ਨੁਕਸਾਨ ਹੋਇਆ। ਹਜ਼ਾਰਾਂ ਸਕੂਲ, ਸਿਹਤ ਕੇਂਦਰ ਅਤੇ ਪੀਣ ਵਾਲੇ ਪਾਣੀ ਦੇ ਕੇਂਦਰ ਤਬਾਹ ਹੋ ਗਏ। ਇਨ੍ਹਾਂ ਹੜ੍ਹਾਂ ਨੂੰ ਇੱਕ ਸਾਲ ਹੋ ਗਿਆ ਹੈ ਪਰ ਅਜੇ ਤੱਕ ਇਸ ਉਜਾੜੇ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਭਾਰਤ ਦਾ ਭੁੱਖਮਰੀ ਸੂਚਕ ਅੰਕ ਵਿਚ 101ਵਾਂ ਨੰਬਰ ਹੈ ਅਤੇ ਇੱਥੇ 33 ਲੱਖ ਤੋਂ ਉੱਪਰ ਬੱਚਿਆਂ ਨੂੰ ਲੋੜੀਂਦਾ ਭੋਜਨ ਨਹੀਂ ਮਿਲ ਰਿਹਾ। ਇਸ ਵਿਚੋਂ 17 ਲੱਖ ਬੱਚੇ ਨਾਜ਼ੁਕ ਹਾਲਤ 'ਚ ਹਨ। ਰਿਪੋਰਟਾਂ ਅਨੁਸਾਰ ਭਾਰਤ ਵਿਚ ਪੰਜ ਸਾਲ ਦੀ ਉਮਰ ਤੱਕ ਦੇ ਕੁਪੋਸ਼ਿਤ ਬੱਚਿਆਂ ਦੀ ਦਰ 18.7 ਫ਼ੀਸਦੀ (2022) ਹੈ ਅਤੇ 31.7 ਫ਼ੀਸਦੀ ਬੱਚੇ ਬੌਣੇਪਨ ਦੀ ਲਪੇਟ ਵਿਚ ਆ ਜਾਂਦੇ ਹਨ। ਇਹ ਅੰਕੜੇ ਵੀ 2022 ਦੇ ਹਨ।

ਅਫਰੀਕਾ ਮਹਾਂਦੀਪ ਦੀ ਹਾਲਤ ਬਿਨਾ ਸ਼ੱਕ ਬਾਕੀ ਦੁਨੀਆ ਨਾਲੋਂ ਜ਼ਿਆਦਾ ਭਿਆਨਕ ਹੈ। ਇਸ ਲਈ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਇਸ ਪਿੱਛੇ ਕੋਈ ਸ਼ਖ਼ਸ ਨਹੀਂ ਸਗੋਂ ਪੂਰਾ-ਸੂਰਾ ਪ੍ਰਬੰਧ ਹੈ ਜਿਹੜਾ ਮਨੁੱਖੀ ਲਹੂ 'ਤੇ ਪਲਦਾ ਹੈ ਜਿਸ ਨੂੰ ਪ੍ਰਸਿੱਧ ਸਾਹਿਤਕਾਰ ਮੈਕਸਿਮ ਗੋਰਕੀ ਨੇ ਪੀਲਾ ਦੈਂਤ ਆਖਿਆ ਸੀ। ਦੁਨੀਆ ਪੱਧਰ 'ਤੇ ਭੁੱਖਮਰੀ ਦੇ ਨਾਮ 'ਤੇ ਚੱਲਦੀਆਂ ਸੰਸਥਾਵਾਂ ਇਸ ਪੀਲੇ ਦੈਂਤ ਦੀ ਉਮਰ ਲੰਮੀ ਕਰਨ ਦਾ ਕੰਮ ਕਰਦੀਆਂ ਹਨ। ਜਿੰਨਾ ਚਿਰ ਇਹ ਪੀਲਾ ਦੈਂਤ ਜਿਊਂਦਾ ਹੈ, ਉਦੋਂ ਤੱਕ ਇਹ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਖਾਂਦਾ ਰਹੇਗਾ ਤੇ ਬਚਦਿਆਂ ਨੂੰ ਸਿਰਫ ਜਿਊਂਦੇ ਰਹਿਣ ਜੋਗਾ ਟੁੱਕਰ ਦੇਵੇਗਾ। ਇਸ ਲਈ ਅੱਜ ਦੀ ਜ਼ਰੂਰਤ ਇਸ ਪੀਲੇ ਦੈਂਤ ਦਾ ਖ਼ਾਤਮਾ ਕਰਨ ਅਤੇ ਇਸ ਦੀ ਥਾਂ ਮਨੁੱਖ ਕੇਂਦਰਿਤ ਪ੍ਰਬੰਧ ਉਸਾਰਨ ਦੀ ਹੈ ਜਿਹੜਾ ਲੋਕਾਈ ਦੇ ਜਥੇਬੰਦ ਹੋਏ ਬਗੈਰ ਸੰਭਵ ਨਹੀਂ। ਇਸ ਲਈ ਜਿੰਨਾ ਛੇਤੀ ਹੋ ਸਕੇ, ਮਾਸੂਮਾਂ ਲਈ ਮੁਸ਼ਕਿਲ ਬਣੇ ਇਸ ਪ੍ਰਬੰਧ ਨੂੰ ਖ਼ਤਮ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ।

# ਸਤਲੁਜ-ਯਮਨਾ ਲਿੰਕ ਨਹਿਰ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਦੀ ਭੂਮਿਕਾ

ਪੰਜਾਬ ਨੇ ਇਸ ਮਸਲੇ ਨੂੰ ਕਈ ਵਾਰ ਭਖਦੇ ਅਤੇ ਠੰਢਾ ਹੁੰਦਾ ਵੇਖਿਆ ਹੈ। ਹੁਣ ਜਦੋਂ ਸੁਪਰੀਮ ਕੋਰਟ ਨੇ ਸਤਲੁਜ-ਯਮਨਾ ਲਿੰਕ ਨਹਿਰ ਦੇ ਨਿਰਮਾਣ ਦੀ ਵਰਤਮਾਨ ਸਥਿਤੀ ਬਾਰੇ ਸਰਵੇ ਕਰਵਾ ਕੇ ਵੇਖਣ ਦਾ ਹੁਕਮ ਦਿੱਤਾ ਤਾਂ ਮਾਮਲਾ ਇੱਕ ਵਾਰ ਫਿਰ ਗਰਮਾ ਗਿਆ ਹੈ। ਹੁਣ ਤੱਕ ਕਿਹੜੇ ਮੁੱਖ ਮੰਤਰੀ ਦਾ ਪੰਜਾਬ ਦੇ




**ਡਾ. ਪ੍ਰਿਥੀ ਪਾਲ ਸਿੰਘ ਸੋਹੀ**
**ਫੋਨ: 604-653-7889**
pssohi57@gmail.com

ਪਾਣੀਆਂ ਅਤੇ ਐਸ ਵਾਈ ਐਲ ਬਾਰੇ ਕੀ ਸਟੈਂਡ ਰਿਹਾ ਹੈ, ਹੁਣ ਇਸ ਬਾਰੇ ਕੁੱਝ ਜਾਣਕਾਰੀ ਸਾਂਝੀ ਕਰਨੀ ਬਣਦੀ ਹੈ।

### ਪੰਜਾਬ ਅਤੇ ਪੈਪਸੂ ਦੇ ਕਾਂਗਰਸੀ ਮੁੱਖ ਮੰਤਰੀਆਂ ਭੀਮ ਸੈਨ ਸੱਚਰ ਅਤੇ ਬਰਿਜ ਭਾਨ ਦਾ ਰੋਲ:

ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ 1955 ਵਿਚ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਭੀਮ ਸੈਨ ਸੱਚਰ ਅਤੇ ਪੈਪਸੂ ਦੇ



ਮੁੱਖ ਮੰਤਰੀ ਬਰਿਸ਼ ਭਾਨ (ਪੈਪਸੂ 1956 ਵਿਚ ਪੰਜਾਬ ਵਿਚ ਸ਼ਾਮਲ ਹੋਇਆ ਸੀ) ਰਾਹੀਂ ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀਆਂ ਵਿਚੋਂ ਪੰਜਾਬ ਤੋਂ ਵੀ ਵੱਧ ਮਾਤਰਾ ਪਾਣੀ ਰਾਜਸਥਾਨ ਨੂੰ ਦਿਵਾ



ਦਿੱਤਾ। ਇਸ ਸਮੇਂ 1921-45 ਦੇ ਪਾਣੀ ਦੇ ਵਹਾਅ ਨੂੰ ਹੀ ਵੰਡ ਦਾ ਆਧਾਰ ਬਣਾਇਆ ਗਿਆ ਸੀ। ਇਸ ਵਿਚ ਗਲਤੀ ਇਹ ਸੀ ਕਿ ਰਾਜਸਥਾਨ ਰੀਪੇਰੀਅਨ ਰਾਜ ਨਹੀਂ ਸੀ, ਫਿਰ ਉਸ ਨੂੰ ਪਾਣੀ ਕਿਉਂ ਦਿੱਤਾ ਗਿਆ?

### ਪੰਜਾਬ ਪੁਨਰਗਟ ਐਕਟ 1966 ਦਾ ਰੋਲ:

ਇਸ ਐਕਟ ਵਿਚਲੀ ਇਕ ਧਾਰਾ 78 ਕੇਂਦਰ ਸਰਕਾਰ ਨੂੰ ਦੋਹਾਂ ਰਾਜਾਂ ਨੂੰ ਪਾਣੀਆਂ ਸਬੰਧੀ ਆਦੇਸ਼ ਕਰਨ ਦੇ ਨਿਰੰਕੁਸ਼ ਅਧਿਕਾਰ ਦਿੰਦੀ ਹੈ, ਇਸ ਅਧੀਨ ਹੀ 1976 ਵਿਚ ਕੇਂਦਰ ਨੇ ਦਰਿਆਈ ਪਾਣੀਆਂ ਨੂੰ ਵੰਡਣਯੋਗ ਘੋਸ਼ਤ ਕਰ ਦਿੱਤਾ ਸੀ। 1976 ਵਿਚ ਐਮਰਜੈਂਸੀ ਲੱਗੀ ਹੋਈ ਸੀ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੀ ਮਰਜ਼ੀ ਨਾਲ ਹੀ ਕੇਂਦਰ ਦੇ ਖੇਤੀ ਅਤੇ ਸਿੰਜਾਈ ਵਿਭਾਗ ਤੋਂ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦਾ ਐਲਾਨ ਕਰਾ ਦਿੱਤਾ। ਇਸ ਵਿਚ ਇਹ ਐਲਾਨ ਵੀ ਕਰ ਦਿੱਤਾ ਗਿਆ ਕਿ ਹਰਿਆਣਾ ਨੂੰ ਵਾਧੂ ਪਾਣੀ ਦੇਣ ਲਈ ਸਤਲੁਜ-ਯਮਨਾ ਲਿੰਕ ਨਹਿਰ ਬਣਾਈ ਜਾਵੇਗੀ, ਜੋ ਜੂਨ 1980 ਤੱਕ ਮੁਕੰਮਲ ਕੀਤੀ ਜਾਵੇਗੀ। ਇਹ ਪੰਜਾਬ ਨਾਲ ਸਰਾਸਰ ਧੱਕਾ ਸੀ, ਯਮਨਾ ਦਾ ਪਾਣੀ ਇਸ ਵੰਡ ਵਿਚ ਸ਼ਾਮਲ ਨਹੀਂ ਸੀ ਕੀਤਾ ਗਿਆ, ਜਦੋਂ ਕਿ ਉਹ ਵੀ ਪੁਰਾਣੇ ਪੰਜਾਬ ਦਾ ਜਲ ਸਰੋਤ ਸੀ। ਪਹਿਲੀ ਵਾਰ ਦਿੱਲੀ ਨੂੰ ਵੀ ਕੁੱਝ ਪਾਣੀ ਦਿੱਤਾ ਗਿਆ। ਪਾਣੀਆਂ ਦਾ ਮਸਲਾ ਇਕ ਸਟੇਟ ਸਬਜੈਕਟ ਹੈ। ਕੇਂਦਰ ਇਸ ਵਿਚ ਦਖਲ ਨਹੀਂ ਦੇ ਸਕਦਾ। ਦੂਜੇ, 1956 ਦਾ ਇੰਟਰ ਸਟੇਟ ਵਾਟਰ ਡਿਸਪਿਊਟ ਐਕਟ, ਜੋ ਕਿ ਦੇਸ਼ ਦੀ ਪਾਰਲੀਮੈਂਟ ਨੇ ਪਾਸ ਕੀਤਾ ਹੋਇਆ ਕਹਿੰਦਾ ਕਿ ਰਾਜਾਂ ਦੇ ਪਾਣੀਆਂ ਦੇ ਝਗੜੇ ਵਿਚ ਕੇਂਦਰ ਦਖਲ ਨਹੀਂ ਦੇ ਸਕਦਾ, ਜੇ ਕੋਈ ਰੌਲਾ ਪੈਂਦਾ ਹੈ ਤਾਂ ਇਸ ਕਾਨੂੰਨ ਅਧੀਨ ਇੱਕ ਜੁਡੀਸ਼ਲ ਟ੍ਰਿਬਿਊਨਲ ਬਣਾਇਆ ਜਾ ਸਕਦਾ ਹੈ। ਇਸ ਕਾਨੂੰਨ ਅਨੁਸਾਰ ਕੇਂਦਰ ਦਖਲ ਦੇ ਹੀ ਨਹੀਂ ਸੀ ਸਕਦਾ, ਫਿਰ 1966 ਵਾਲੇ ਪੁਨਰਗਠਨ ਕਾਨੂੰਨ ਦੀ ਧਾਰਾ 78 ਦਾ ਬਹਾਨਾ ਬਣਾ ਕੇ, ਉਨ੍ਹਾਂ ਇਕ ਕਾਰਜਕਾਰੀ ਆਦੇਸ਼ ਜਾਰੀ ਕਰਕੇ, ਇਹ ਅਵਾਰਡ ਕਿਵੇਂ ਦੇ ਦਿੱਤਾ? ਇੰਦਰਾ ਗਾਂਧੀ ਨੇ ਇਹ ਗੈਰ-ਕਾਨੂੰਨੀ ਕੰਮ ਕਿਉਂ ਕੀਤਾ? (ਅਸਲ ਵਿਚ ਇਸ ਦਾ ਮੁੱਖ ਕਾਰਨ ਰਾਜਨੀਤਕ ਸੀ, ਜਿਸ ਦੇ ਕੋਈ ਦਸਤਾਵੇਜ਼ੀ ਸਬੂਤ ਨਹੀਂ, ਪਰ ਇਹ ਦੱਸਿਆ ਜਾ ਰਿਹਾ ਕਿ ਇੰਦਰਾ ਗਾਂਧੀ ਨੇ ਅਕਾਲੀ ਦਲ ਨੂੰ ਐਮਰਜੈਂਸੀ ਵਿਰੁੱਧ ਮੋਰਚਾ ਨਾ ਲਾਉਣ ਦੀ ਮੰਗ ਕੀਤੀ ਸੀ, ਇਸ ਬਦਲੇ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ ਦੀ ਪੇਸ਼ਕਸ਼ ਵੀ ਕੀਤੀ ਗਈ ਸੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਮੂੰਹੋਂ ਮੈਂ ਖੁਦ ਇਹ ਸੁਣਿਆ ਸੀ। ਬਾਅਦ ਵਿਚ ਕੁੱਝ ਹੋਰ ਅਕਾਲੀ ਲੀਡਰ ਵੀ ਇਸ ਦੀ ਪ੍ਰੋੜਤਾ ਕਰਦੇ ਰਹੇ ਹਨ। ਅਕਾਲੀ ਦਲ ਨੂੰ ਪੰਜਾਬ ਦੀ ਹਕੂਮਤ ਦੇਣ ਦੀ ਵੀ ਪੇਸ਼ਕਸ਼ ਕੀਤੀ ਗਈ ਸੀ ਪਰ ਪ੍ਰਕਾਸ਼ ਸਿੰਘ ਬਾਦਲ ਉਸ ਸਮੇਂ ਜਨ ਸੰਘ ਦੇ ਪ੍ਰਭਾਵ ਹੇਠ ਸਨ। ਉਨ੍ਹਾਂ ਦੀ ਰਾਜਨੀਤੀ ਕਹਿੰਦੀ ਸੀ ਕਿ ਪੰਜਾਬ ਦਾ ਮੁੱਖ ਮੰਤਰੀ ਬਣਨ ਲਈ ਜਨ ਸੰਘ ਹੀ ਕੰਮ ਆਉਣੀ ਹੈ। 1978 ਦੀਆਂ ਚੋਣਾਂ ਵਿਚ ਅਜਿਹਾ ਹੀ ਹੋਇਆ। ਜਨਤਾ ਪਾਰਟੀ, ਜਿਸ ਵਿਚ ਜਨ ਸੰਘ ਵੀ ਸ਼ਾਮਲ ਹੋ ਗਿਆ ਸੀ, ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਬਾਉਣ ਵਿਚ ਕੰਮ ਆਈ।)

### ਅਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਰੋਲ:


ਖੈਰ 1976 ਵਾਲੇ ਅਵਾਰਡ ਨੂੰ 1978 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਬਣੀ ਸਰਕਾਰ ਨੇ ਸੁਪਰੀਮ ਕੋਰਟ ਵਿਚ ਚੈਲਿੰਜ ਕਰ ਦਿੱਤਾ, ਉਹ



ਚਾਹੁੰਦੇ ਸਨ ਕਿ ਪਾਣੀਆਂ ਦੀ ਵੰਡ ਦਾ ਫੈਸਲਾ ਸੁਪਰੀਮ ਕੋਰਟ ਕਰੇ। ਪਰ ਇਥੇ ਪ੍ਰਕਾਸ਼ ਸਿੰਘ ਬਾਦਲ ਨੇ ਇਕ ਹੋਰ ਵੱਡੀ ਗਲਤੀ ਕੀਤੀ, ਇਕ ਪਾਸੇ ਤਾਂ ਸੁਪਰੀਮ ਕੋਰਟ ਵਿਚ ਕੇਸ ਪਾ ਦਿੱਤਾ ਦੂਜੇ ਪਾਸੇ ਨਹਿਰ ਦੀ ਕੰਸਟਰੱਕਸ਼ਨ ਲਈ ਅਮਲ ਵੀ ਸ਼ੁਰੂ ਕਰ ਦਿੱਤਾ। ਕਿਸਾਨਾਂ ਤੋਂ ਜ਼ਮੀਨ ਲੈਣ ਲਈ ਨੋਟੀਫੀਕੇਸ਼ਨ ਵੀ ਜਾਰੀ ਕਰ ਦਿੱਤਾ। ਆਪਣੇ ਦੋਸਤ ਹਰਿਆਣਾ ਦੇ ਮੁੱਖ ਮੰਤਰੀ ਦੇਵੀ ਲਾਲ ਤੋਂ ਅਗਾਊਂ ਇਕ ਕਰੋੜ ਰੁਪਏ ਦਾ ਚੈਕ ਵੀ ਲੈ ਲਿਆ। ਨਿੱਜੀ ਤੌਰ 'ਤੇ ਕੀ ਲਾਭ ਲਿਆ, ਉਸ ਦੀ ਚਰਚਾ ਵੱਖਰੀ ਚਲਦੀ ਰਹਿੰਦੀ ਹੈ। ਇਥੇ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਹਿੱਤਾਂ ਦੀ ਅਣਦੇਖੀ ਕੀਤੀ ਅਤੇ ਆਪਣੇ ਨਿੱਜੀ ਹਿੱਤਾਂ ਨੂੰ ਤਰਜੀਹ ਦਿੱਤੀ। 2007 ਵਿਚ ਪੰਜਾਬ ਵਿਚ ਬਾਦਲ ਸਰਕਾਰ ਫਿਰ ਬਣ ਗਈ। ਉਨ੍ਹਾਂ 2007 ਵਿਚ ਹੀ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 78 ਅਤੇ 79 ਨੂੰ ਸੁਪਰੀਮ ਕੋਰਟ ਵਿਚ ਚੈਲਿੰਜ ਕਰ ਦਿੱਤਾ, ਉਸ ਦਾ ਹੁਣ ਤੱਕ ਕੀ ਬਣਿਆ, ਇਸ ਬਾਰੇ ਕਦੇ ਕੋਈ ਖਬਰ ਨਹੀਂ ਆਈ। ਉਸੇ ਬਾਦਲ ਸਰਕਾਰ, ਜਿਸ ਨੇ 1978 ਵਿਚ ਐਸ ਵਾਈ ਐਲ ਬਣਾਉਣ ਲਈ ਕਿਸਾਨਾਂ ਤੋਂ ਜ਼ਮੀਨ ਲੈਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ, 2016 ਵਿਚ ਉਹੀ ਜ਼ਮੀਨ ਕਿਸਾਨਾਂ ਨੂੰ ਵਾਪਸ ਦੇਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ, ਅਕਾਲੀ ਦਲ ਕਹਿ ਰਿਹਾ ਕਿ ਬਹੁਤ ਕਿਸਾਨਾਂ ਦੇ ਨਾਮ ਇਸ ਜ਼ਮੀਨ ਦੀਆਂ ਗਿਰਦਾਵਰੀਆਂ ਵੀ ਹੋ ਗਈਆਂ ਹਨ। 2014 ਤੋਂ 2022 ਤੱਕ ਅਕਾਲੀ ਦਲ ਕੇਂਦਰ ਦੀ ਭਾਜਪਾ ਸਰਕਾਰ ਨਾਲ ਹਿੱਸੇਦਾਰ ਰਿਹਾ, ਪਰ ਉਨ੍ਹਾਂ ਕਦੇ ਵੀ ਰਾਜਨੀਤਕ ਤੌਰ 'ਤੇ ਇਸ ਮਸਲੇ ਦਾ ਹੱਲ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ, ਇਹ ਬਹੁਤ ਵੱਡੀ ਗਲਤੀ ਸੀ।

### ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਦਾ ਰੋਲ:

1980 ਵਿਚ ਕਾਂਗਰਸ ਨੇ ਪੰਜਾਬ ਸਮੇਤ ਕਈ ਰਾਜਾਂ ਦੀਆਂ ਸਰਕਾਰਾਂ ਭੰਗ ਕਰ ਦਿੱਤੀਆਂ। 1980 ਦੀਆਂ ਚੋਣਾਂ ਵਿਚ ਕਾਂਗਰਸ ਦੀ ਜਿੱਤ ਬਾਅਦ, ਪੰਜਾਬ ਵਿਚ ਦਰਬਾਰਾ ਸਿੰਘ ਮੁੱਖ ਮੰਤਰੀ ਬਣ ਗਏ। ਜਦੋਂ ਕਿ ਗਿਆਨੀ ਜ਼ੈਲ ਸਿੰਘ ਇਹ ਨਹੀਂ ਸੀ ਚਾਹੁੰਦੇ। ਇਸ ਦੇ ਨਾਲ ਹੀ ਫਿਰ ਇੰਦਰਾ ਗਾਂਧੀ ਨੇ ਅਗਲਾ ਪੈਂਤੜਾ ਖੇਡਿਆ। 1981 ਵਿਚ ਰਾਜਸਥਾਨ, ਹਰਿਆਣਾ ਅਤੇ ਪੰਜਾਬ ਤਿੰਨਾਂ ਸੂਬਿਆਂ ਵਿਚ ਕਾਂਗਰਸ ਦੀਆਂ ਸਰਕਾਰਾਂ ਸਨ, ਦਸੰਬਰ ਵਿਚ ਇੰਦਰਾ ਗਾਂਧੀ ਨੇ ਦਰਬਾਰਾ ਸਿੰਘ ਨੂੰ ਧਮਕੀ ਦਿੱਤੀ ਕਿ ਜਾਂ ਤਾਂ ਨਿਰਧਾਰਤ ਸਮਝੌਤੇ 'ਤੇ ਦਸਤਖਤ ਕਰ ਦੇਵੇ ਜਾਂ ਫਿਰ ਕੁਰਸੀ ਛੱਡ



ਦੇਵੇ, ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਪੰਜਾਬ ਦੇ ਹਿੱਤਾਂ ਦੀ ਕੁਰਬਾਨੀ ਦੇ ਕੇ ਆਪਣੀ ਕੁਰਸੀ ਬਚਾ ਲਈ, ਜਿਹੜੀ ਕਿ ਬਾਅਦ ਵਿਚ 1982 ਵਿਚ ਦਰਬਾਰਾ ਸਿੰਘ ਦੇ ਵਿਰੋਧੀ ਭਾਰਤੀ ਹੋਮ ਮਨਿਸਟਰ ਗਿਆਨੀ ਜ਼ੈਲ ਸਿੰਘ ਨੇ ਪੰਜਾਬ ਵਿਚ ਖਾੜਕੂਵਾਦ ਪੈਦਾ ਕਰਵਾ ਕੇ, ਉਸ ਤੋਂ ਖੁਹਾਅ ਦਿੱਤੀ। ਚੰਗਾ ਹੁੰਦਾ ਜੇ ਉਹ 1980 ਵਿਚ ਹੀ ਇਹ ਕੁਰਸੀ ਛੱਡ ਦਿੰਦੇ। ਦਰਬਾਰਾ ਸਿੰਘ ਤੋਂ ਇੰਦਰਾ ਗਾਂਧੀ ਨੇ ਇਕ ਹੋਰ ਗਲਤ ਕੰਮ ਕਰਵਾਇਆ, ਉਹ ਇਹ ਕਿ 1978 ਵਿਚ ਬਾਦਲ ਸਰਕਾਰ ਨੇ ਸੁਪਰੀਮ ਕੋਰਟ ਵਿਚ ਜੋ ਕੇਸ ਕੀਤਾ ਸੀ, ਉਹ ਉਸ ਤੋਂ ਵਾਪਸ ਕਰਵਾ ਦਿੱਤਾ। ਕੇਂਦਰ ਅਤੇ ਪੰਜਾਬ ਕਾਂਗਰਸ ਨੇ ਮਿਲ ਕੇ ਪੰਜਾਬ ਦਾ ਪਾਣੀ ਲੁਟਾ ਦਿੱਤਾ। ਇੰਦਰਾ ਗਾਂਧੀ ਨੇ ਆਪਣੇ 1976 ਵਾਲੇ ਗੈਰ ਕਾਨੂੰਨੀ ਕੰਮ ਨੂੰ ਹੁਣ ਤਿੰਨਾਂ ਮੁੱਖ ਮੰਤਰੀਆਂ ਦੇ ਸਮਝੌਤੇ ਰਾਹੀਂ ਮਾਨਤਾ ਦਿਵਾ ਦਿੱਤੀ।

### ਕੈਪਟਨ ਅਮਰਿੰਦਰ ਸਿੰਘ ਦਾ ਰੋਲ:

ਅਪਰੈਲ 1982 ਵਿਚ ਇੰਦਰਾ ਗਾਂਧੀ ਐਸ ਵਾਈ ਐਲ ਨਹਿਰ ਦੀ ਉਸਾਰੀ ਦਾ ਟੱਕ ਲਾਉਣ ਲਈ ਕਪੂਰੀ ਪਹੁੰਚ ਗਈ। ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਚਾਂਦੀ ਦੀ ਕਹੀ ਅਤੇ ਕੜਾਹੀ ਲੈ ਕੇ, ਇੰਦਰਾ ਗਾਂਧੀ ਨੂੰ ਖੁਸ਼ ਕਰਨ ਲਈ ਉਥੇ



ਹਾਜ਼ਰ ਹੋ ਗਏ। ਉਨ੍ਹਾਂ ਦੀ ਇਹ ਫੋਟੋ ਅਕਸਰ ਹੀ ਨਹਿਰ ਦੇ ਰੌਲੇ ਸਮੇਂ ਲੀਡਰ ਬਾਹਰ ਕੱਢ ਲੈਂਦੇ ਹਨ। ਨਹਿਰ ਦਾ ਕਾਰਜ ਸ਼ੁਰੂ ਹੋ ਗਿਆ। 2002 ਵਿਚ ਸੁਪਰੀਮ ਕੋਰਟ ਨੇ ਪੰਜਾਬ ਨੂੰ ਨਹਿਰ ਮੁਕੰਮਲ ਕਰਨ ਦਾ ਆਦੇਸ਼ ਦਿੱਤਾ, ਪਰ ਪੰਜਾਬ ਨੇ ਇਸ 'ਤੇ ਫੁੱਲ ਨਹੀਂ ਚੜ੍ਹਾਏ। 2004 ਵਿਚ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਵਿਧਾਨ ਸਭਾ ਵਿਚ ਹਰਿਆਣਾ ਨਾਲ ਪਾਣੀਆਂ ਦੀ ਵੰਡ ਦੇ ਹੋਏ ਸਾਰੇ ਸਮਝੌਤੇ ਰੱਦ ਕਰ ਦਿੱਤੇ। ਉਨ੍ਹਾਂ ਇਸ ਦਾ ਵਾਹਵਾ ਪ੍ਰਚਾਰ ਕੀਤਾ, ਪਰ ਇਸ ਵਿਚ ਵੀ ਇਕ ਸ਼ਰਾਰਤ ਹਰਿਆਣਾ ਦੇ ਪੱਖ ਵਿਚ ਇਹ ਕੀਤੀ ਗਈ ਕਿ ਸਮਝੌਤੇ ਰੱਦ ਕਰਨ ਵਾਲੇ ਕਾਨੂੰਨ ਦੀ ਧਾਰਾ ਪੰਜ ਵਿਚ ਲਿਖ ਦਿੱਤਾ ਗਿਆ ਕਿ, ਇਸ ਸਮੇਂ ਤੱਕ ਹਰਿਆਣਾ ਨੂੰ ਜੋ ਪਾਣੀ ਜਾ ਰਿਹਾ ਹੈ, ਉਹ ਜਾਂਦਾ ਰਹੇਗਾ। ਭਾਵ ਉਸ ਦੀ ਮਿਕਦਾਰ ਘਟਾਈ ਨਹੀਂ ਜਾਵੇਗੀ। ਜਦੋਂ ਕਿ ਪੰਜਾਬ ਸਰਕਾਰ ਸਟੈਂਡ ਇਹ ਲੈ ਰਹੀ ਸੀ ਕਿ ਪਹਾੜਾਂ ਤੋਂ ਦਰਿਆਵਾਂ ਵਿਚ ਪਾਣੀ ਦਾ ਫਲੋਅ ਘਟ ਗਿਆ ਹੈ, ਚੋਆਂ-ਨਾਲਿਆਂ ਦਾ ਪਾਣੀ ਵੀ ਸੁੱਕ ਚੱਲਿਆ ਹੈ ਜਿਸ ਨੂੰ ਈਰਾਦੀ ਕਮਿਸ਼ਨ (1986) ਨੇ ਪਾਣੀ ਦੇ ਕੁੱਲ ਸਰੋਤਾਂ ਵਿਚ ਸ਼ਾਮਲ ਕਰ ਲਿਆ ਸੀ। ਜਦੋਂ ਪਾਣੀ ਹੀ ਘਟ ਗਿਆ ਸੀ ਤਾਂ ਹਰਿਆਣਾ ਨੂੰ 2004 ਵਿਚ ਜੋ ਪਾਣੀ ਜਾ ਰਿਹਾ ਸੀ, ਉਸ ਨੂੰ ਜਿਵੇਂ-ਤਿਵੇਂ ਰੱਖਣ ਦਾ ਵਾਅਦਾ ਲਿਖਤੀ ਤੌਰ 'ਤੇ ਕਿਉਂ ਕੀਤਾ ਗਿਆ? ਹੁਣ ਮਸਲਾ ਹੋਰ ਪੇਚੀਦਾ ਹੋ ਗਿਆ। 2016 ਤੱਕ ਪੰਜਾਬ ਦੇ ਸਮਝੌਤੇ ਰੱਦ ਕਰਨ ਵਾਲੇ ਕਾਨੂੰਨ ਦੀ ਸੰਵਿਧਾਨਿਕਤਾ ਦਾ ਕੇਸ ਚਲਦਾ ਰਿਹਾ। ਆਖਰ 2017 ਦੀਆਂ ਚੋਣਾਂ ਤੋਂ ਪਹਿਲਾਂ, 2016 ਵਿਚ ਸੁਪਰੀਮ ਕੋਰਟ ਨੇ ਪੰਜਾਬ ਦਾ ਕਾਨੂੰਨ ਰੱਦ ਕਰ ਦਿੱਤਾ ਤੇ ਗੇਂਦ ਫਿਰ ਬਾਦਲ ਸਰਕਾਰ ਦੇ ਪਾਲੇ ਵਿਚ ਜਾ ਡਿੱਗੀ। ਬਾਦਲ ਸਰਕਾਰ ਨੇ ਕੀ ਕੀਤਾ ਉਹ ਉਪਰ ਦਰਜ ਹੈ।

### ਅਕਾਲੀਆਂ ਦੀ ਬਤੌਰ ਰਾਜਨੀਤਕ ਪਾਰਟੀ ਗਲਤੀ:

ਅਕਾਲੀ ਦਲ ਜਦੋਂ 1980 ਵਿਚ ਸੱਤਾ ਤੋਂ ਲਾਂਭੇ ਹੋ ਗਿਆ, ਫਿਰ ਮੋਰਚੇ ਬਾਰੇ ਸੋਚਣ ਲੱਗਿਆ। ਅਕਾਲੀਆਂ ਨੇ ਇਸ ਦੇ ਵਿਰੋਧ ਵਿਚ ਅਗਸਤ 1982 ਵਿਚ ਕਪੂਰੀ ਮੋਰਚਾ ਲਾ ਦਿੱਤਾ। ਇਸ ਮੋਰਚੇ ਵਿਚ ਪੰਜਾਬ ਦੀਆਂ ਕਮਿਊਨਿਸਟ ਪਾਰਟੀਆਂ ਵੀ ਸ਼ਾਮਲ ਸਨ, ਪਰ ਪਤਾ ਨੀ ਅਕਾਲੀ ਲੀਡਰਸ਼ਿਪ ਨੂੰ ਕੀ ਹੋਇਆ ਕਿ ਕਪੂਰੀ ਪਾਣੀਆਂ ਦੇ ਮੋਰਚੇ ਨੂੰ ਇੱਕ ਧਾਰਮਿਕ ਮੋਰਚਾ ਬਣਾ ਦਿੱਤਾ। ਇਸ ਦਾ ਨਾਮ ਵੀ 'ਧਰਮ ਯੁੱਧ' ਮੋਰਚਾ ਰੱਖ ਦਿੱਤਾ, ਪਾਣੀਆਂ ਦਾ ਯੁੱਧ 'ਧਰਮ ਯੁੱਧ' ਕਿਵੇਂ ਬਣ ਗਿਆ, ਇਸ ਦੀ ਸਮਝ ਅੱਜ ਤੱਕ ਕਿਸੇ ਨੂੰ ਨਹੀਂ ਪਈ। ਮੋਰਚੇ ਦਾ ਸਥਾਨ ਵੀ ਹਰਿਮੰਦਰ ਸਾਹਿਬ ਸ਼ਿਫਟ ਕਰ ਦਿੱਤਾ ਗਿਆ। ਉਥੇ ਜਾਣ ਬਾਅਦ ਮੋਰਚੇ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਹਮਾਇਤ ਮਿਲ ਗਈ। ਪਰ ਇਸ ਦੇ ਨਾਲ ਹੀ ਮੋਰਚੇ ਨੂੰ ਹਿੰਸਾ ਵੀ ਮਿਲ ਗਈ, ਜਿਸ ਨੇ ਬਾਅਦ ਵਿਚ ਪੰਜਾਬ ਦਾ ਬੇਹਿਸਾਬਾ ਨੁਕਸਾਨ ਕੀਤਾ।

ਅਕਾਲੀਆਂ ਨੇ ਅਗਲੀ ਗਲਤੀ ਪੰਜਾਬ ਸਮੱਸਿਆ ਦੇ ਹੱਲ ਲਈ ਕਾਹਲੀ ਨਾਲ ਜੁਲਾਈ 1985 ਵਿਚ ਕੀਤੇ ਰਾਜੀਵ ਲੌਂਗੋਵਾਲ ਸਮਝੌਤੇ ਸਮੇਂ ਕੀਤੀ, ਜਿਸ ਵਿਚ 1986 ਤੱਕ ਐਸ ਵਾਈ ਐਲ ਨੂੰ ਪੂਰਾ ਕਰਨ ਦਾ ਅਹਿਦ ਕੀਤਾ ਗਿਆ। ਇਥੇ ਇਹ ਗੱਲ ਸਮਝ ਨਹੀਂ ਆਈ ਕਿ ਸੰਤ ਲੌਂਗੋਵਾਲ ਜਾਂ ਅਕਾਲੀ ਦਲ, ਜੋ ਉਸ ਸਮੇਂ ਪੰਜਾਬ ਦੀ ਚੁਣੀ ਸਰਕਾਰ 'ਤੇ ਕਾਬਜ਼ ਨਹੀਂ ਸੀ, ਨਾਲ ਇਹ ਸਮਝੌਤਾ ਕਿਵੇਂ ਹੋ ਗਿਆ? ਅਕਾਲੀਆਂ ਦੀ ਸਰਕਾਰ ਬਣੀ ਤੱਕ ਨਹੀਂ, ਚੋਣਾਂ ਹਾਲੇ ਹੋਈਆਂ ਨਹੀਂ, ਅਕਾਲੀ ਦਲ ਦੇ ਪ੍ਰਧਾਨ ਨੇ ਦਸਤਖਤ ਕਰਕੇ ਇਹ ਕਿਵੇਂ ਮੰਨ ਲਿਆ ਕਿ 1986 ਤੱਕ ਨਹਿਰ ਬਣਾ ਦਿੱਤੀ ਜਾਵੇਗੀ? ਕੀ ਰਾਜੀਵ ਗਾਂਧੀ ਨੇ ਉਨ੍ਹਾਂ ਨਾਲ ਗੁਪਤ ਸਮਝੌਤਾ ਕੀਤਾ ਸੀ ਕਿ ਸਰਕਾਰ ਉਨ੍ਹਾਂ ਦੀ ਹਰ ਹੀਲੇ ਬਣਾ ਦਿੱਤੀ ਜਾਵੇਗੀ? ਫਿਰ ਕੀ ਇਹ ਅਕਾਲੀ ਦਲ ਦੀ ਇੱਕ ਹੋਰ ਗਦਾਰੀ ਸੀ? ਇਸ ਪ੍ਰਤੀ ਵੀ ਬਹੁਤ ਪ੍ਰਸ਼ਨ ਉਠਦੇ ਹਨ।

### ਸੁਰਜੀਤ ਸਿੰਘ ਬਰਨਾਲਾ ਦਾ ਰੋਲ:

1985 ਦੀਆਂ ਚੋਣਾਂ ਵਿਚ ਕੇਂਦਰ ਦੀ ਕਾਂਗਰਸ ਦੀ ਲੁਕਵੀਂ ਹਮਾਇਤ ਕਾਰਨ ਅਤੇ ਕਾਂਗਰਸ ਵਿਰੁੱਧ ਬਲਿਊ ਸਟਾਰ ਓਪਰੇਸ਼ਨ ਦਾ ਲਾਭ ਲੈ ਕੇ, ਬਾਦਲ ਅਕਾਲੀ ਦਲ ਦੀ ਫਿਰ ਸਰਕਾਰ ਬਣ ਗਈ। ਇਸ ਵਾਰ ਮੁੱਖ ਮੰਤਰੀ ਬਾਦਲ ਦੀ ਥਾਂ ਸੁਰਜੀਤ ਸਿੰਘ ਬਰਨਾਲਾ ਬਣਾਏ ਗਏ। ਉਨ੍ਹਾਂ ਨੇ ਪੂਰੇ ਜ਼ੋਰ ਸ਼ੋਰ ਨਾਲ ਐਸ ਵਾਈ ਐਲ ਨਹਿਰ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਾ ਦਿੱਤਾ, ਵੱਡਾ ਹਿਸਾ ਕੰਸਟਰੱਕਸ਼ਨ ਹੋ ਵੀ ਗਈ। ਪਰ ਬਲਿਊ ਸਟਾਰ ਅਤੇ ਦਿੱਲੀ ਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਸਿੱਖਾਂ ਦੇ ਕਤਲੇਆਮ ਬਾਅਦ ਪੰਜਾਬ ਵਿਚ ਹਿੰਸਾ ਦਾ ਦੌਰ ਹੋਰ ਵੀ ਵਧ ਗਿਆ ਸੀ। ਇਸ ਕਾਰਨ ਬਰਨਾਲਾ ਸਰਕਾਰ ਨੂੰ 1987 ਵਿਚ ਕੇਂਦਰ ਦੀ ਰਾਜੀਵ ਸਰਕਾਰ ਨੇ ਭੰਗ ਕਰ ਦਿੱਤਾ, ਫਿਰ ਗਵਰਨਰੀ ਰਾਜ ਆ ਗਿਆ। 1990



ਵਿਚ ਸਤਲੁਜ-ਯਮਨਾ ਲਿੰਕ ਨਹਿਰ ਦਾ ਕੰਮ ਇਕ ਦਮ ਉਸ ਸਮੇਂ ਰੁਕ ਗਿਆ ਜਦੋਂ ਖਾੜਕੂਆਂ ਨੇ ਨਹਿਰ ਦੀ ਉਸਾਰੀ ਕਰਾ ਰਹੇ ਚੀਫ ਇੰਜੀਨੀਅਰ ਅਤੇ ਕਈ ਮਜ਼ਦੂਰਾਂ ਨੂੰ ਮਾਰ ਦਿੱਤਾ।

### ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਰੋਲ:

2022 ਵਿਚ ਬਣੀ ਭਗਵੰਤ ਮਾਨ ਸਰਕਾਰ ਨੇ ਆਪਣੇ ਤੌਰ 'ਤੇ ਹਾਲੇ ਤੱਕ ਐਸ ਵਾਈ ਐਲ ਨਹਿਰ ਬਣਾਉਣ ਜਾਂ ਨਾ ਬਣਾਉਣ ਸਬੰਧੀ ਨਾ ਕੋਈ ਕਾਨੂੰਨ ਪਾਸ ਕੀਤਾ ਹੈ ਅਤੇ ਨਾ ਹੀ ਸੁਪਰੀਮ ਕੋਰਟ ਵਿਚ ਕੋਈ ਕੇਸ ਕੀਤਾ ਹੈ। ਹਾਂ, ਸੁਪਰੀਮ ਕੋਰਟ ਅਤੇ ਕੇਂਦਰ ਸਰਕਾਰ ਦੇ ਕਹਿਣ 'ਤੇ ਹਰਿਆਣਾ ਦੇ ਮੁੱਖ ਮੰਤਰੀ ਨਾਲ ਦੋ ਵਾਰ ਮੁੱਖ ਮੰਤਰੀ ਪੱਧਰ ਦੀ ਮੀਟਿੰਗ ਜ਼ਰੂਰ ਕੀਤੀ ਹੈ, ਜਿਸ ਵਿਚ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ਪਾਸ ਵਾਧੂ ਪਾਣੀ ਨਹੀਂ ਹੈ, ਇਸ ਲਈ ਨਹਿਰ ਬਣਾਉਣ ਦੀ ਲੋੜ ਹੀ ਨਹੀਂ। ਅਮਰਿੰਦਰ ਸਿੰਘ ਸਰਕਾਰ ਸਮੇਂ ਤੋਂ ਪੰਜਾਬ ਦਾ ਇਹੀ ਸਟੈਂਡ ਹੈ। ਪਹਿਲਾਂ ਭਾਵੇਂ ਕਾਂਗਰਸ ਅਤੇ ਅਕਾਲੀ ਦਲ ਨਹਿਰ ਦੀ



ਉਸਾਰੀ ਲਈ ਕਿਵੇਂ ਨਾ ਕਿਵੇਂ ਜ਼ਿੰਮੇਵਾਰ ਰਹੇ ਹਨ, ਪਰ ਹੁਣ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਨਹਿਰ ਨਾ ਬਣਾਉਣ ਦੇ ਸਟੈਂਡ 'ਤੇ ਕਾਇਮ ਹਨ। ਪਰ ਅਫਸੋਸ ਇਹ ਹੈ ਕਿ ਕੋਈ ਵੀ ਪਾਰਟੀ ਇਸ ਮਸਲੇ ਨੂੰ ਰੀਪੇਰੀਅਨ ਸਿਧਾਂਤਾਂ ਅਨੁਸਾਰ ਹੱਲ ਕਰਨ ਲਈ ਜ਼ੋਰ ਨਹੀਂ ਪਾ ਰਹੀ। ਮਾਹਿਰਾਂ ਦੀ ਰਾਏ ਹੈ ਕਿ ਇਸ ਮਸਲੇ ਦਾ ਅਸਲ ਹੱਲ ਰੀਪੇਰੀਅਨ ਸਿਧਾਂਤ ਅਨੁਸਾਰ ਹੀ ਸੰਭਵ ਹੈ।

ਅਮਰਿੰਦਰ ਸਿੰਘ ਸਰਕਾਰ ਦੇ ਸਮੇਂ ਤੋਂ ਹੁਣ ਤੱਕ ਪੰਜਾਬ ਕੇਂਦਰ ਪਾਸ ਅਤੇ ਸੁਪਰੀਮ ਕੋਰਟ ਵਿਚ ਇਹ ਦਲੀਲ ਦੇ ਰਿਹਾ ਹੈ ਕਿ ਪਾਣੀਆਂ ਦੀ ਮਾਤਰਾ ਬਹੁਤ ਘਟ ਗਈ ਹੈ, ਪੰਜਾਬ ਦੇ ਕਿੰਨੇ ਹੀ ਖੇਤਰ ਪਾਣੀ ਦੀ ਥੁੜ੍ਹ ਕਾਰਨ ਰੈਡ ਜ਼ੋਨ ਵਿਚ ਚਲੇ ਗਏ ਹਨ, ਪਾਣੀਆਂ ਦੀ ਮਾਤਰਾ ਦਾ ਮੁੜ ਤੋਂ ਨਿਰੀਖਣ ਕੀਤਾ ਜਾਵੇ। ਪਰ ਸੁਪਰੀਮ ਕੋਰਟ ਆਪਣੇ ਜਨਵਰੀ 2002 ਦੇ ਫੈਸਲੇ (ਜੋ ਵਿਧਾਨ ਸਭਾ ਚੋਣਾਂ ਤੋਂ ਕੁੱਝ ਸਮਾਂ ਪਹਿਲਾਂ ਹੋਇਆ ਸੀ) ਨੂੰ ਹੀ ਲਾਗੂ ਕਰਾਉਣ ਲਈ ਜ਼ੋਰ ਦੇ ਰਹੀ ਹੈ। ਪੰਜਾਬ ਦੇ ਵਕੀਲ ਅਮਰਿੰਦਰ ਸਿੰਘ ਦੇ ਸਮੇਂ ਤੋਂ ਹੁਣ ਤੱਕ ਕੀ ਕਹਿ ਰਹੇ ਹਨ, ਸਰਵਉਚ ਅਦਾਲਤ ਇਸ ਨੂੰ ਨਹੀਂ ਸੁਣ ਰਹੀ। ਹੁਣ ਉਹ ਸਰਵੇ ਕਰਵਾ ਕੇ ਵੇਖਣਾ ਚਾਹੁੰਦੀ ਹੈ ਕਿ ਨਹਿਰ ਦੇ ਨਿਰਮਾਣ ਦੀ ਗਰਾਊਂਡ ਸਥਿਤੀ ਕੀ ਹੈ ਅਤੇ ਨਿਰਮਾਣ ਕਿਵੇਂ ਕਰਾਇਆ ਜਾ ਸਕਦਾ ਹੈ। ਜਦੋਂ ਕਿ ਸਰਵੇ ਇਹ ਕਰਾਉਣ ਦੀ ਲੋੜ ਹੈ ਕਿ ਪੰਜਾਬ ਪਾਸ ਵਾਧੂ ਪਾਣੀ ਦੀ ਸਥਿਤੀ ਕੀ ਹੈ। ਅਸਲੀਅਤ ਇਹ ਹੈ ਕਿ ਸੁਪਰੀਮ ਕੋਰਟ ਕੁੱਝ ਵੀ ਕਹੇ, ਨਾ ਇਹ ਨਹਿਰ ਬਣਨੀ ਹੈ ਅਤੇ ਨਾ ਹੀ ਕਿਸੇ ਨੇ ਇਹ ਮਸਲਾ ਹੱਲ ਕਰਨਾ ਹੈ। ਹਰ ਵਾਰ ਪੰਜਾਬ ਜਾਂ ਹਰਿਆਣਾ ਦੀਆਂ ਚੋਣਾਂ ਸਮੇਂ ਰਾਜਨੀਤਕ ਪਾਰਟੀਆਂ ਨੇ ਇਹ ਸੱਪ ਪਟਾਰੀ ਵਿਚੋਂ ਬਾਹਰ ਕੱਢ ਕੇ ਲੋਕਾਂ ਨੂੰ ਡਰਾਉਣ ਅਤੇ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰਦੇ ਰਹਿਣਾ ਹੈ।

# ਇਜ਼ਰਾਈਲ-ਫਲਸਤੀਨ ਦਾ ਵਹਿਸ਼ੀ ਟਕਰਾਅ ਅਤੇ ਕਾਰਲ ਮਾਰਕਸ




**ਗੁਰਬਚਨ ਸਿੰਘ**
**ਫੋਨ: +91-98156-98451**

ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਕਾਰਲ ਮਾਰਕਸ ਖ਼ੁਦ ਯਹੂਦੀ ਸੀ ਅਤੇ ਅਖੀਰ ਤਕ ਉਹ ਯਹੂਦੀਆਂ ਦੇ ਮਸਲੇ ਬਾਰੇ ਪੂਰੀ ਗੰਭੀਰਤਾ ਨਾਲ ਸੋਚਦਾ ਰਿਹਾ। ਆਪਣੇ ਇਕ ਦੋਸਤ ਨੂੰ ਲਿਖੀ ਚਿੱਠੀ ਵਿਚ ਉਸ ਨੇ ਇਹ ਜਾਣਕਾਰੀ ਵੀ ਦਿਤੀ ਹੈ ਕਿ ਅੱਜ ਮੈਨੂੰ ਯਹੂਦੀ ਸਭਾ ਦਾ ਪ੍ਰਧਾਨ ਮਿਲਣ ਆ ਰਿਹਾ ਹੈ। ਉਸ ਦੇ ਪਿਤਾ ਜੀ ਪਹਿਲੀ ਪੀੜ੍ਹੀ ਵਿਚ ਇਸਾਈ ਬਣੇ ਸਨ।

ਕਾਰਲ ਮਾਰਕਸ ਨੇ ਯਹੂਦੀ ਮਸਲੇ ਬਾਰੇ ਇਕ ਲੰਬੀ ਲਿਖਤ ਲਿਖੀ ਹੈ, ਜਿਹੜੀ ਉਸ ਦੀਆਂ ਸਮੂਹਿਕ ਲਿਖਤਾਂ ਦੀ ਤੀਜੀ ਜਿਲਦ ਵਿਚ ਛਪੀ ਹੈ। ਇਹ ਲਿਖਤ ਪੜ੍ਹ ਕੇ ਹੀ ਪਤਾ ਲੱਗਦਾ ਹੈ ਕਿ ਜੇ ਜਰਮਨ ਦੇ ਯਹੂਦੀਆਂ ਨੇ ਕਾਰਲ ਮਾਰਕਸ ਦੇ ਸੁਝਾਅ ਨੂੰ ਉਦੋਂ ਮੰਨਿਆ ਹੁੰਦਾ ਤਾਂ ਨਾ ਯਹੂਦੀਆਂ ਦਾ ਦੂਜੀ ਸੰਸਾਰ ਜੰਗ ਵਿਚ ਕਤਲੇਆਮ ਹੁੰਦਾ ਤੇ ਨਾ ਹੀ ਅੱਜ ਯਹੂਦੀਆਂ ਅਤੇ ਫਲਸਤੀਨੀਆਂ ਦਾ ਮੌਜੂਦਾ ਵਹਿਸ਼ੀ ਟਕਰਾਅ ਹੁੰਦਾ। ਲਿਖਤ ਦੇ ਮੁੱਢ ਵਿਚ ਹੀ ਮਾਰਕਸ ਲਿਖਦਾ ਹੈ ਕਿ ਯਹੂਦੀ ਆਜ਼ਾਦੀ ਚਾਹੁੰਦੇ ਹਨ। ਜਰਮਨ ਲੋਕ ਪੁੱਛਦੇ ਹਨ ਕਿ ਯਹੂਦੀ ਕਿਸ ਤੋਂ ਆਜ਼ਾਦੀ ਚਾਹੁੰਦੇ ਹਨ, ਕਿਉਂਕਿ ਅਸੀਂ ਤਾਂ ਆਪ ਗੁਲਾਮ ਹਾਂ। ਰਜਵਾੜਾਸ਼ਾਹੀ ਦੀ ਰਹਿੰਦ-ਖੂੰਹਦ ਕੁਲੀਨ ਵਰਗ ਅਤੇ ਪੂੰਜੀਵਾਦੀ ਆਰਥਿਕ ਰਿਸ਼ਤਿਆਂ ਨੇ ਸਾਨੂੰ ਰਾਜਸੀ ਗੁਲਾਮ ਬਣਾਇਆ ਹੋਇਆ ਹੈ। ਆਓ! ਪਹਿਲਾਂ ਰਲ ਕੇ ਇਸ ਰਾਜਸੀ ਗੁਲਾਮੀ ਵਿਰੁੱਧ ਲੜੀਏ! ਬਾਕੀ ਧਰਮ ਦੇ ਮਸਲੇ ਅਸੀਂ ਬਾਅਦ ਵਿਚ ਰਲ-ਮਿਲ ਕੇ ਹੱਲ ਕਰ ਲਵਾਂਗੇ।

ਮਾਰਕਸ ਦੇ ਕਥਨ ਅਨੁਸਾਰ, 'ਯਹੂਦੀਆਂ ਤੇ ਇਸਾਈਆਂ ਵਿਚਕਾਰ ਵਿਰੋਧਤਾ ਦਾ ਕੱਟੜ ਰੂਪ ਧਾਰਮਿਕ ਵਿਰੋਧਤਾ ਹੈ। ਇਹ ਵਿਰੋਧ ਕਿਵੇਂ ਖਤਮ ਹੋਵੇ? ਇਸ ਵਿਰੋਧ ਨੂੰ ਅਸੰਭਵ ਬਣਾ ਕੇ। ਇਹ ਧਾਰਮਿਕ ਵਿਰੋਧ ਅਸੰਭਵ ਕਿਵੇਂ ਬਣੇ? ਧਰਮ ਨੂੰ ਖਤਮ ਕਰ ਕੇ। ਜਦੋਂ ਹੀ ਯਹੂਦੀ ਤੇ ਇਸਾਈ ਇਹ ਸਮਝ ਜਾਣਗੇ ਕਿ ਉਨ੍ਹਾਂ ਦੇ ਆਪਣੇ-ਆਪਣੇ ਧਰਮ ਮਨੁੱਖੀ ਮਨ ਦੇ ਵਿਕਾਸ ਦੇ ਅੱਡ-ਅੱਡ ਪੜਾਵਾਂ ਤੋਂ ਬਿਨਾਂ ਹੋਰ ਕੁਝ ਨਹੀਂ, ਸੱਪ ਦੀਆਂ ਅੱਡ-ਅੱਡ ਕੁੰਜਾਂ ਵਾਂਗ, ਜਿਹੜੀਆਂ ਇਤਿਹਾਸ ਨੇ ਆਪਣੇ-ਆਪ ਤੋਂ ਉਤਾਰ ਦਿੱਤੀਆਂ ਹਨ ਅਤੇ ਮਨੁੱਖ ਉਹ ਸੱਪ ਹੈ, ਜਿਸ ਨੇ ਇਹ ਕੁੰਜਾਂ ਲਾਹੀਆਂ ਹਨ ਤੇ ਹੁਣ ਯਹੂਦੀਆਂ ਤੇ ਇਸਾਈਆਂ ਦਾ ਰਿਸ਼ਤਾ ਧਾਰਮਿਕ ਨਹੀਂ ਸਗੋਂ ਪੜਚੋਲੀਆ ਤੇ ਮਨੁੱਖੀ ਰਿਸ਼ਤਾ ਹੈ ਅਤੇ ਹੁਣ ਸਾਇੰਸ (ਫਿਲਾਸਫੀ) ਹੀ ਉਨ੍ਹਾਂ ਦੀ ਏਕਤਾ ਦਾ ਆਧਾਰ ਬਣੇਗੀ। ਸਾਇੰਸ ਵਿਚਲੇ ਵਿਰੋਧ ਖ਼ੁਦ ਸਾਇੰਸ ਨੇ ਹੀ ਹਲ ਕਰਨੇ ਹਨ।' ਅਤੇ 'ਹਕੀਕੀ ਸੰਸਾਰ ਦਾ ਧਾਰਮਿਕ ਅਕਸ ਕਿਸੇ ਵੀ ਸੂਰਤ ਵਿਚ ਅੰਤਿਮ ਤੌਰ ਉਤੇ ਸਿਰਫ ਉਦੋਂ ਹੀ ਮਿਟ ਸਕਦਾ ਹੈ, ਜਦੋਂ ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਦੇ ਸਾਰੇ ਵਿਹਾਰੀ ਰਿਸ਼ਤਿਆਂ ਦਾ ਪਸਾਰ ਭਾਵ ਮਨੁੱਖ ਦਾ ਕੁਦਰਤ ਨਾਲ ਤੇ ਆਪਣੇ ਨਾਲਦੇ ਮਨੁੱਖਾਂ ਨਾਲ ਰਿਸ਼ਤਾ ਜੀਵੰਤ ਤੇ ਤਰਕਸੰਗਤ ਬਣ ਜਾਏ।'



ਪਰ ਜਰਮਨ ਦੇ ਯਹੂਦੀਆਂ ਨੇ ਮਾਰਕਸ ਦਾ ਇਹ ਸੁਝਾਅ ਮੰਨਣ ਦੀ ਬਜਾਇ ਆਪਣੀ 'ਆਜ਼ਾਦੀ' ਦੀ ਰਟ ਲਾਈ ਰੱਖੀ। ਜਿਸਦਾ ਸਿੱਟਾ ਇਹ ਨਿਕਲਿਆ ਕਿ ਜਰਮਨ ਦੇ ਪੂੰਜੀਪਤੀਆਂ ਨੇ ਆਪਣੇ ਆਪ ਨੂੰ ਸਾਮਰਾਜੀ ਰੂਪ ਵਿਚ ਇਕਜੁੱਟ ਕਰ ਕੇ ਯੂਰਪ ਦੇ ਦੂਜੇ ਸਾਮਰਾਜੀਆਂ ਨਾਲ ਮੁਕਾਬਲੇ ਦੀ ਜੰਗ ਵਿੱਢ ਲਈ। ਇਨ੍ਹਾਂ ਦੋ ਸਾਮਰਾਜੀ ਜੰਗਾਂ ਵਿਚ ਜਿੱਥੇ ਯੂਰਪ ਦੇ ਕਰੋੜਾਂ ਲੋਕਾਂ ਦਾ ਘਾਣ ਹੋਇਆ ਉਥੇ 60 ਲੱਖ ਯਹੂਦੀ ਹਿਟਲਰ ਦੀ ਵਹਿਸ਼ਤ ਦਾ ਸ਼ਿਕਾਰ ਹੋ ਗਏ।

ਸੁਆਲ ਪੈਦਾ ਹੁੰਦਾ ਹੈ ਕਿ ਯਹੂਦੀਆਂ ਨੇ ਮਾਰਕਸ ਦੇ ਇਸ ਸੁਝਾਅ ਨੂੰ ਕਿਉਂ ਨਾ ਮੰਨਿਆ? ਕਿਉਂਕਿ ਉਨ੍ਹਾਂ ਦੀ ਲੀਡਰਸ਼ਿਪ ਅਮੀਰ ਯਹੂਦੀਆਂ ਦੇ ਹੱਥ ਵਿਚ ਸੀ, ਜਿਨ੍ਹਾਂ ਬਾਰੇ ਮਾਰਕਸ ਦਾ ਕਹਿਣਾ ਹੈ, "ਯਹੂਦੀਆਂ ਦਾ ਰੱਬ ਤਾਂ ਹੁਣ ਪੈਸਾ ਬਣ ਗਿਆ ਹੈ, ਜਿਸ ਦੇ ਸਾਹਮਣੇ ਕਿਸੇ ਹੋਰ ਰੱਬ ਦੀ ਕੋਈ ਹੋਂਦ ਨਹੀਂ। ਇਸ ਰੱਬ ਨਾਲ ਈਰਖਾ ਹੁੰਦੀ ਹੈ। ਪੈਸਾ ਮਨੁੱਖ ਦੇ ਮਨ ਵਿਚ ਰੱਬੀ ਹਸਤੀ ਦੇ ਬਣੇ ਸਾਰੇ ਸੰਕਲਪਾਂ ਨੂੰ ਬੌਣਾ ਕਰ ਦੇਂਦਾ ਹੈ ਅਤੇ ਉਸ ਨੂੰ ਵਿਕਾਊ ਜਿਣਸ ਵਿਚ ਬਦਲ ਦੇਂਦਾ ਹੈ। ਪੈਸਾ ਸਾਰੀਆਂ ਵਸਤੂਆਂ ਦੀ ਆਪੇ ਨਿਸ਼ਚਿਤ ਕੀਤੀ ਸਰਬ-ਵਿਆਪੀ ਕੀਮਤ ਹੈ। ਇਸ ਲਈ ਪੈਸਾ ਸਾਰੇ ਸੰਸਾਰ ਦੇ ਮਨ ਜਿੱਤ ਲੈਂਦਾ ਹੈ। ਪੈਸਾ ਮਨੁੱਖ ਤੇ ਕੁਦਰਤ - ਦੋਹਾਂ ਤੋਂ ਉਸ ਦੀ ਅਸਲੀ ਫਿਤਰਤ ਖੋਹ ਲੈਂਦਾ ਹੈ। ਪੈਸਾ ਮਨੁੱਖ ਦੀ ਹੋਂਦ ਤੇ ਉਸ ਦੀ ਕਿਰਤ ਤੋਂ ਪਰਾਇਆ ਤੱਤ ਹੈ। ਪਰ ਇਹ ਪਰਾਇਆ ਤੱਤ ਉਸ ਉਤੇ ਭਾਰੂ ਹੋ ਜਾਂਦਾ ਹੈ ਅਤੇ ਮਨੁੱਖ ਪੈਸੇ ਦਾ ਗੁਲਾਮ ਬਣ ਜਾਂਦਾ ਹੈ। ਉਹ ਪੈਸੇ ਦੀ ਪੂਜਾ ਕਰਨ ਲੱਗ ਪੈਂਦਾ ਹੈ। ਯਹੂਦੀਆਂ ਦਾ ਰੱਬ ਹੁਣ ਧਰਮ ਨਿਰਪੱਖ ਹੋ ਗਿਆ ਹੈ ਅਤੇ ਸਾਰੇ ਸੰਸਾਰ ਦਾ ਰੱਬ ਬਣ ਗਿਆ ਹੈ। ਅਸਲ ਵਿਚ ਲੈਣ-ਦੇਣ ਦਾ ਧੰਦਾ ਹੀ ਯਹੂਦੀਆਂ ਦਾ ਅਸਲੀ ਰੱਬ ਹੈ। ਉਨ੍ਹਾਂ ਦਾ ਅਖੌਤੀ ਰੱਬ ਹੁਣ ਸਿਰਫ ਲੈਣ-ਦੇਣ ਦਾ ਇਕ ਧੰਦਾ ਹੈ। ਨਿੱਜੀ ਜਾਇਦਾਦ ਅਤੇ ਪੈਸੇ ਦੇ ਗਲਬੇ ਅਧੀਨ ਕੁਦਰਤ ਬਾਰੇ ਬਣਿਆ ਦ੍ਰਿਸ਼ਟੀਕੋਣ ਅਸਲ ਵਿਚ ਕੁਦਰਤ ਪ੍ਰਤੀ ਨਫਰਤ ਅਤੇ ਅਮਲ ਵਿਚ ਕੁਦਰਤ ਪ੍ਰਤੀ ਜਹਾਲਤ ਪੈਦਾ ਕਰਦਾ ਹੈ। ਇਹ ਸੱਚ ਹੈ ਕਿ ਯਹੂਦੀ ਧਰਮ ਵਿਚ ਕੁਦਰਤ ਦੀ ਹੋਂਦ ਹੈ ਪਰ ਇਹ ਹੋਂਦ ਜੀਵੰਤ ਨਹੀਂ ਬਲਕਿ



ਮਨੁੱਖੀ ਕਲਪਨਾ ਤਕ ਸੀਮਤ ਹੈ।"

ਪੈਸੇ ਦੀ ਪੀਰ ਇਸ ਅਮੀਰ ਲੀਡਰਸ਼ਿਪ ਨੇ ਹੁਣ ਤਕ ਯਹੂਦੀਆਂ ਨੂੰ ਸਿਰਫ ਗੁਮਰਾਹ ਹੀ ਕੀਤਾ ਹੈ। ਨਹੀਂ ਤੇ ਕੀ ਕਾਰਨ ਹੈ ਕਿ ਉਨ੍ਹਾਂ ਨੂੰ ਏਨੀ ਨਿੱਕੀ ਜਿਹੀ ਗੱਲ ਵੀ ਸਮਝ ਨਹੀਂ ਆਈ ਕਿ ਜਿਨ੍ਹਾਂ ਫਲਸਤੀਨੀਆਂ ਨੂੰ ਉਜਾੜ ਕੇ ਅਤੇ ਘਰੋਂ ਬੇਘਰ ਕਰ ਕੇ ਇਜ਼ਰਾਈਲ ਦੀ ਨੀਂਹ ਰੱਖੀ ਜਾ ਰਹੀ ਹੈ, ਉਹ ਕਿੰਨਾ ਕੁ ਚਿਰ ਟਿਕੀ ਰਹੇਗੀ। ਅੱਜ ਇਜ਼ਰਾਈਲ ਦੀ ਹੋਂਦ ਹੀ ਦੁਨੀਆਂ ਭਰ ਦੀ ਸਮੁੱਚੀ ਮੁਸਲਿਮ ਆਬਾਦੀ ਲਈ ਨਫਰਤ ਦੀ ਪਾਤਰ ਬਣੀ ਹੋਈ ਹੈ ਅਤੇ ਇਹ ਨਫਰਤ ਕਿਸੇ ਵੇਲੇ ਵੀ ਭਾਂਬੜ ਬਣ ਕੇ ਫਟ ਸਕਦੀ ਹੈ।

# ਪੂਤਿਨ ਲੈਨਿਨ ਦੀਆਂ ਤਿੰਨੇ ਗ਼ਲਤੀਆਂ ਦੁਹਰਾ ਰਿਹਾ ਹੈ!

## ਕੀ ਮੋਦੀਕੇ ਇਨ੍ਹਾਂ ਗ਼ਲਤੀਆਂ ਤੋਂ ਬਚਣਗੇ?

ਲੈਨਿਨ ਨੇ ਮਾਰਕਸ ਦੀ ਕਮਿਊਨਿਸਟ ਫਿਲਾਸਫੀ ਨਾਲੋਂ ਦੂਰ ਜਾ ਕੇ ਤਿੰਨ ਵੱਡੀਆਂ ਗ਼ਲਤੀਆਂ ਕੀਤੀਆਂ ਹਨ, ਜਿਨ੍ਹਾਂ ਦਾ ਖਮਿਆਜ਼ਾ ਹੁਣ ਤਕ ਸਗਲ ਮਨੁੱਖਤਾ ਭੁਗਤ ਰਹੀ ਹੈ। ਲੈਨਿਨ ਦੀ ਪਹਿਲੀ ਵੱਡੀ ਗ਼ਲਤੀ ਕਮਿਊਨਿਜ਼ਮ ਨੂੰ ਧਾਰਮਿਕਤਾ ਨਾਲੋਂ ਤੋੜ ਕੇ ਉਸ ਨੂੰ ਨਾਸਤਿਕਤਾ ਨਾਲ ਜੋੜਨਾ ਸੀ। ਜਦੋਂ ਕਿ ਮਾਰਕਸ ਏਂਗਲਜ਼ ਦੀ ਧਾਰਨਾ ਹੈ ਕਿ ਹੁਣ ਤਕ ਦੇ ਸਮੁੱਚੇ ਮਨੁੱਖੀ ਵਿਕਾਸ ਦਾ ਭੇਦ ਧਾਰਮਿਕਤਾ ਹੈ। ("Secret of theology is anthropology" (Marx-Engles, Collected Works, page 238) ਲੈਨਿਨ ਦੀ ਇਸ ਧਾਰਨਾ ਨੇ ਸਮੁਚੀ ਮਨੁੱਖਤਾ ਨੂੰ ਕੁਰਾਹੇ ਪਾ ਦਿੱਤਾ। ਉਸ ਨੇ ਨਾ ਸਿਰਫ ਧਰਮਾਂ ਦੀ ਹੋਂਦ ਨੂੰ ਨਕਾਰਿਆ ਬਲਕਿ ਧਰਮਾਂ ਦਾ ਕੱਟੜ ਵਿਰੋਧ ਕੀਤਾ। ਪੂਤਿਨ ਨੇ ਲੈਨਿਨ ਦੀ ਇਸ ਗ਼ਲਤੀ ਨੂੰ ਸੁਧਾਰਿਆ ਤੇ ਰੂਸੀ ਸਮਾਜ ਵਿਚ ਇਸਾਈ ਧਰਮ ਨੂੰ ਪ੍ਰਚਾਰਿਆ ਪਰ ਇਸਾਈ ਧਰਮ ਦੀ ਰੂਹ ਵਿਚ ਵੜਣ ਦੀ ਬਜਾਇ ਉਹ ਇਸ ਦੇ ਕਰਮ-ਕਾਂਡ ਵਿਚ ਫਸ ਗਿਆ।

ਇਸਾਈ ਧਰਮ ਦੇ ਮੁਢਲੇ ਪੰਜ ਨੇਮ ਹਨ : (1) ਮਨੁੱਖ ਕਿਸੇ ਦਾ ਕਤਲ ਨਾ ਕਰੇ। ਆਪਣੇ ਭਰਾ ਨਾਲ ਨਰਾਜ਼ ਤਕ ਨਾ ਹੋਵੇ। ਕਿਸੇ ਨੂੰ ਵਿਅਰਥ ਨਾ ਸਮਝੇ ਤੇ ਜੇ ਕਿਸੇ ਨਾਲ ਝਗੜ ਪਵੇ ਤਾਂ ਅਗਲੀ ਸਵੇਰ ਤਕ ਉਸ ਨਾਲ ਸੁਲਾਹ ਕਰ ਲਵੇ। (2) ਮਨੁੱਖ ਪਰਾਈ ਔਰਤ ਨਾਲ ਵਿਭਚਾਰ ਨਾ ਕਰੇ। ਔਰਤ ਦੀ ਖ਼ੂਬਸੂਰਤੀ ਤੋਂ ਸਵਾਦ ਲੈਣ ਦਾ ਯਤਨ ਨਾ ਕਰੇ ਤੇ ਜੇ ਇਕ ਵਾਰ ਉਸ ਦਾ ਕਿਸੇ ਔਰਤ ਨਾਲ ਮੇਲ ਹੋ ਜਾਏ ਤਾਂ ਉਮਰ ਭਰ ਉਸ ਦਾ ਵਫਾਦਾਰ ਰਹੇ। (3) ਮਨੁੱਖ ਕਦੀ ਵੀ ਸਹੁੰ ਖਾ ਕੇ ਆਪਣੇ ਆਪ ਨੂੰ ਬੰਧਨ ਵਿਚ ਨਾ ਪਾਵੇ। (4) ਮਨੁੱਖ ਅੱਖ ਦੇ ਬਦਲੇ ਕਿਸੇ ਦੀ ਅੱਖ ਨਾ ਲਵੇ। ਹਰੇਕ ਦੀ ਸੇਵਾ ਲਈ ਤਤਪਰ ਰਹੇ ਤੇ ਨੁਕਸਾਨ ਪਹੁੰਚਾਉਣ ਵਾਲੇ ਨੂੰ ਵੀ ਮੁਆਫ਼ ਕਰ ਦੇਵੇ। (5) ਮਨੁੱਖ ਆਪਣੇ ਦੁਸ਼ਮਣਾਂ ਨਾਲ ਨਫਰਤ ਨਾ ਕਰੇ ਤੇ ਨਾ ਹੀ ਉਨ੍ਹਾਂ ਨਾਲ ਲੜੇ ਸਗੋਂ ਉਨ੍ਹਾਂ ਨੂੰ ਪਿਆਰ ਕਰੇ ਅਤੇ ਉਨ੍ਹਾਂ ਦੀ ਮਦਦ ਤੇ ਸੇਵਾ ਕਰੇ। ਹੁਣ ਇਹ ਫੈਸਲਾ ਪੂਤਿਨ ਖ਼ੁਦ ਹੀ ਕਰ ਸਕਦਾ ਹੈ ਕਿ ਉਹ ਯੂਕਰੇਨ ਉਤੇ ਹਮਲਾ ਕਰਨ ਵੇਲੇ ਕਿਸ ਇਸਾਈ ਧਰਮ ਦੀ ਪਾਲਣਾ ਕਰ ਰਿਹਾ ਹੈ?

ਲੈਨਿਨ ਦੀ ਦੂਜੀ ਵੱਡੀ ਗ਼ਲਤੀ ਕਮਿਊਨਿਜ਼ਮ ਨੂੰ ਕੌਮੀ ਚੌਖਟੇ ਵਿਚ ਬੰਨ੍ਹਣਾ ਸੀ। ਜਦੋਂ ਕਿ ਮਾਰਕਸ ਦਾ ਨਾਹਰਾ 'ਦੁਨੀਆਂ ਭਰ ਦੇ ਮਜ਼ਦੂਰੋਂ ਇਕ ਹੋ ਜਾਓ ਹੈ।' ਲੈਨਿਨ ਨੇ ਨਾ ਸਿਰਫ ਕਮਿਊਨਿਜ਼ਮ ਨੂੰ ਕੌਮੀ ਚੌਖਟੇ ਵਿਚ ਬੰਨ੍ਹਿਆ ਸਗੋਂ ਸਟਾਲਿਨ ਨਾਲ ਮਿਲ ਕੇ ਉਸ ਨੇ ਕੌਮ ਦੇ ਸੰਕਲਪ ਦਾ ਸਿਧਾਂਤੀਕਰਣ ਕਰ ਦਿੱਤਾ, ਜਿਸ ਦਾ ਸਿੱਟਾ ਪਿਛਲੇ ਡੇਢ ਸਾਲ ਤੋਂ ਲੜੀ ਜਾ ਰਹੀ ਰੂਸ-ਯੂਕਰੇਨ ਜੰਗ ਹੈ। ਦੋਵੇਂ ਪਾਸੇ ਹੋ ਰਹੇ ਘਾਣ ਦਾ ਅਸਲੀ ਕਾਰਨ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਮਨਾਂ ਵਿਚ 'ਕੌਮੀ' ਜਜ਼ਬੇ ਦਾ ਬਣਿਆ ਭਰਮ ਹੈ। ਦੋਵਾਂ ਹੀ ਦੇਸ਼ਾਂ ਦੇ ਲੋਕ ਆਪਣੇ ਆਪ ਨੂੰ ਇਕ-ਦੂਜੇ ਨਾਲੋਂ ਮਹਾਨ ਤੇ ਬਹਾਦਰ ਸਮਝ ਕੇ ਇਕ ਦੂਜੇ ਦੇ ਦੁਸ਼ਮਣ ਬਣੇ ਹੋਏ ਹਨ। ਇਸੇ ਕੌਮੀ ਸੰਕਲਪ ਨੇ ਯਹੂਦੀਆਂ ਦਾ ਕਤਲੇਆਮ ਕਰਵਾਇਆ ਤੇ ਇਹੀ ਕੌਮੀ ਸੰਕਲਪ 'ਹਿੰਦੀ-ਹਿੰਦੂ-ਹਿੰਦੁਸਤਾਨ' ਦੇ ਰੂਪ ਵਿਚ ਮੋਦੀਕਿਆਂ ਦੀਆਂ ਜੜ੍ਹਾਂ ਵਿਚ ਬੈਠਾ ਹੋਇਆ ਹੈ। ਮੋਦੀਕਿਆਂ ਨੇ ਇਸੇ ਝੂਠੇ ਨਾਹਰੇ ਨੂੰ ਆਪਣੀ ਰਾਜਨੀਤੀ ਦਾ ਆਧਾਰ ਬਣਾ ਕੇ ਅੱਜ ਦੇਸ਼ ਨੂੰ ਮੌਜੂਦਾ ਤਰਸਯੋਗ ਹਾਲਤ ਵਿਚ ਲਿਆ ਸੁੱਟਿਆ ਹੈ।

ਲੈਨਿਨ ਦੀ ਤੀਜੀ ਵੱਡੀ ਗ਼ਲਤੀ ਇਨਕਲਾਬ ਤੋਂ ਬਾਅਦ ਘੜੀ ਗਈ 'ਨਵੀਂ ਆਰਥਿਕ ਨੀਤੀ' ਸੀ। ਉਸ ਨੇ ਮਨੁੱਖ ਦੀਆਂ ਬੁਨਿਆਦੀ ਲੋੜਾਂ ਆਧਾਰਿਤ ਸਮਾਜਵਾਦੀ ਅਰਥਚਾਰਾ ਘੜਣ ਦੀ ਬਜਾਇ ਮਨੁੱਖਤਾ ਨੂੰ ਬੇਲੋੜੀ ਸਾਮਰਾਜੀ ਖਪਤਕਾਰੀ ਦੇ ਰਾਹ ਤੋਰ ਦਿੱਤਾ। ਇਸੇ ਰਾਹ ਉਤੇ ਚੱਲ ਕੇ ਅੱਜ ਮਨੁੱਖਤਾ ਤੀਜੀ ਸੰਸਾਰ ਸਾਮਰਾਜੀ ਜੰਗ ਦੇ ਘਮਸਾਣ ਵਿਚ ਘਿਰੀ ਹੋਈ ਹੈ। ਇਸੇ ਰਾਹ ਉਤੇ ਚੱਲ ਕੇ ਅੱਜ ਪੂਤਿਨ ਨੇ ਮਨੁੱਖਤਾ ਨੂੰ 'ਸਾਮਰਾਜੀ ਜੰਗ' ਦੀ ਤਬਾਹਕੁੰਨ ਘੁੰਮਣਘੇਰੀ ਵਿਚ ਫਸਾ ਦਿੱਤਾ ਹੈ। ਇਸੇ ਰਾਹ ਉਤੇ ਚੱਲ ਕੇ ਅੱਜ ਮੋਦੀਕੇ 'ਵਿਸ਼ਵ ਗੁਰੂ' ਬਣਦੇ-ਬਣਦੇ 'ਇੰਟਰਨੈਸ਼ਨਲ ਕ੍ਰਿਮੀਨਲ ਕੋਰਟ' ਵਿਚ ਜਾ ਖੜੇ ਹਨ।

ਜੇ ਮੋਦੀਕੇ ਸੱਚੀ-ਮੁੱਚੀਂ ਵਿਸ਼ਵ ਗੁਰੂ ਬਣਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵੈਦਿਕ ਫਿਲਾਸਫੀ ਦੀਆਂ ਦੋ ਮਹਾਨ ਧਾਰਨਾਵਾਂ 'ਸਾਰਾ ਵਿਸ਼ਵ ਇਕ ਪਰਿਵਾਰ ਹੈ' ('ਵਾਸੂਦੇਵਾ ਕਟੁੰਬਕਮ') ਤੇ 'ਸਾਰੇ ਜਨ ਸੁਖੀ ਵਸਣ' ਨੂੰ ਜ਼ਬਾਨੀ-ਕਲਾਮੀ ਵਾਰ-ਵਾਰ ਦੁਹਰਾਉਣ ਦੀ ਬਜਾਇ ਇਸ ਦੇ ਤੱਤ ਨੂੰ ਆਤਮਸਾਤ ਕਰਨਾ ਚਾਹੀਦਾ ਹੈ ਅਤੇ ਤੀਜੀ ਸੰਸਾਰ ਸਾਮਰਾਜੀ ਜੰਗ ਵਿਚ ਰੂਸੀ ਸਾਮਰਾਜੀਆਂ ਨਾਲ ਇਕ ਧਿਰ ਬਣਨ ਦੀ ਬਜਾਇ ਨਿਰਪੱਖ ਰਹਿ ਕੇ ਇਨ੍ਹਾਂ ਦੋ ਮਹਾਨ ਧਾਰਨਾਵਾਂ ਉਤੇ ਆਧਾਰਿਤ ਧਰਮ ਦਾ ਰਾਜ ਸਥਾਪਿਤ ਕਰਨ ਵੱਲ ਅੱਗੇ ਵਧਣਾ ਚਾਹੀਦਾ ਹੈ। ਗੁਰਮਤਿ ਨੇ ਇਨ੍ਹਾਂ ਦੋ ਮਹਾਨ ਧਾਰਨਾਵਾਂ ਨੂੰ ਹੀ ਸਰਬ-ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੇ ਰੂਪ ਵਿਚ ਨਵਿਆਇਆ ਹੈ। ਹਲੇਮੀ ਰਾਜ ਤੇ ਬੇਗਮਪੁਰਾ ਅਜਿਹੇ ਸਿਧਾਂਤਕ ਰਾਜ ਦੀ ਗੱਲ ਹੀ ਕਰਦੇ ਹਨ। ਜਿਸ ਨੂੰ ਨਹਿਰੂਕੇ ਤੇ ਹੁਣ ਮੋਦੀਕੇ ਵੀ ਆਪਣੇ ਮਨਾਂ ਵਿਚ ਬਣੀਆਂ 'ਨੇਸ਼ਨ ਸਟੇਟ' ਦੀਆਂ ਆਰੀਆ ਸਮਾਜੀ ਧਾਰਨਾਵਾਂ ਦੇ ਰੂਪ ਵਿਚ ਪ੍ਰਚਾਰਦੇ ਅਤੇ ਸਿੱਖਾਂ ਨੂੰ ਬਦਨਾਮ ਕਰਦੇ ਹਨ। ***-ਗੁਰਬਚਨ ਸਿੰਘ***

# ਇਕ ਪਰਤਵੀਂ ਝਾਤ 1980 ਦੇ ਸ਼ੁਰੂ ਦੇ ਰਾਜਸੀ ਨਜ਼ਾਰੇ ਉਪਰ

ਇੰਦਰਾ ਗਾਂਧੀ ਚੋਣਾਂ ਜਿੱਤ ਕੇ ਕੇਂਦਰ ਵਿਚ ਵਾਪਸ ਤਾਕਤ ਵਿਚ ਆ ਜਾਂਦੀ ਹੈ। ਬਾਦਲ ਦੀ ਪੰਜਾਬ ਸਰਕਾਰ ਤੋੜ ਦਿੱਤੀ ਜਾਂਦੀ ਹੈ। ਪੰਜਾਬ ਵਿਚ ਦਰਬਾਰਾ ਸਿੰਘ ਮੁੱਖ ਮੰਤਰੀ ਬਣ ਜਾਂਦਾ ਹੈ। ਅਸੈਂਬਲੀ ਦਾ ਪਹਿਲਾ ਸਮਾਗਮ ਸ਼ੁਰੂ ਹੋਣ ਵਾਲਾ ਹੈ।

ਬਾਦਲ ਗ਼ੁੱਸੇ ਵਿਚ ਹੈ...ਉਸ ਨੂੰ ਸੁੱਝਦਾ ਹੈ: ਕਿਉਂ ਨਾ ਗਵਰਨਰ ਦਾ ਘਿਰਾਓ ਕੀਤਾ ਜਾਵੇ! ਦਰਬਾਰਾ ਸਿੰਘ ਦੇ ਅਸੈਂਬਲੀ ਪ੍ਰਬੰਧ ਮਫਲੂਜ਼ ਕਰਕੇ ਕਾਂਗਰਸ ਦਾ ਜਲੂਸ ਕੱਢ ਦਿੱਤਾ ਜਾਵੇ ... ਬਾਦਲ ਜਾਣੇ ਜਾਂ ਗੁਰੂ ਸਾਹਿਬ ਜਾਨਣ ਕਿ ਘਿਰਾਓ ਦਾ ਵਿਚਾਰ ਬਾਦਲ ਦਾ ਸੀ ਜਾਂ ਉਸ ਨੂੰ ਕਿਸੇ ਦੀ ਚੁੱਕ ਸੀ...।

ਚੰਡੀਗੜ੍ਹ ਦਾ ਮੁੱਖ ਰਾਜ ਪ੍ਰਬੰਧਕ ਸੇਵਾ-ਮੁਕਤੀ ਦੇ ਨੇੜੇ ਪੁੱਜਾ ਇਕ ਭਲਾ ਜਿਹਾ ਸਿੱਖ ਆਈ.ਏ.ਐਸ. ਅਫਸਰ। ਉਸ ਅਫਸਰ ਦਾ ਨਾਂ ਮੈਂ ਭੁੱਲਦਾ ਹਾਂ। ਉਹ ਖਰੜ ਏਰੀਏ ਨਾਲ ਸਬੰਧਤ ਸੀ। ਚੰਡੀਗੜ੍ਹ ਗਿਆਨੀ ਜੀ ਦੇ ਸਿੱਧਾ ਮਾਤਹਿਤ। ਉਨ੍ਹਾਂ ਦਾ ਅੱਧਾ ਧਿਆਨ ਬਾਕੀ ਖਿੰਡੇ ਹੋਏ ਵਿਸ਼ਾਲ ਹਿੰਦੁਸਤਾਨ ਵੱਲ, ਅੱਧਾ ਇਕੱਲੇ ਪੰਜਾਬ ਵੱਲ। ਹੋਵੇ ਵੀ ਕਿਉਂ ਨਾ? ਉਨ੍ਹਾਂ ਦਾ ਮਨਭਾਉਂਦਾ ਵਿਰੋਧੀ ਪੰਜਾਬ ਦਾ ਮੁੱਖ ਮੰਤਰੀ ਸੀ।



ਹੁਣ ਧਿਆਨ ਨਾਲ ਸੁਣੋ ਉਸ ਦੀ ਚੰਡੀਗੜ੍ਹ ਦੇ ਇਸ ਰਾਜ-ਪ੍ਰਬੰਧਕ ਨੂੰ ਹਦਾਇਤ: "ਵੇਖੋ ਜੀ, ਲੋਕਰਾਜ ਹੈ! ਕਿਸੇ ਦਾ ਵਿਧਾਨਕ ਹੱਕ ਅਸੀਂ ਮਾਰ ਨਹੀਂ ਸਕਦੇ ...ਬਾਦਲ ਅਕਾਲੀ ਦਲ ਚੰਡੀਗੜ੍ਹ ਵਿਚ ਪੰਜਾਬ ਦੇ ਗਵਰਨਰ ਵਿਰੁੱਧ ਸ਼ਾਂਤੀਪੂਰਨ ਰੋਸ ਕਰਨ ਦਾ ਐਲਾਨ ਕਰਦਾ ਹੈ ਤਾਂ ਕੀ ਅਸੀਂ ਰੋਕ ਸਕਦੇ ਹਾਂ? ਹਰਗਿਜ਼ ਨਹੀਂ! ਸੋ, ਬਾਦਲ ਨੂੰ ਰੋਸ ਵੀ ਪ੍ਰਗਟਾਉਣ ਦੇਵੋ...ਅਮਨ ਕਾਨੂੰਨ ਵੀ ਟੁੱਟਣਾ ਨਹੀਂ ਚਾਹੀਦਾ"।

ਗਿਆਨੀ ਜ਼ੈਲ ਸਿੰਘ ਜਿਹਾ ਬਹੁਤ ਸੰਵੇਦਨਸ਼ੀਲ ਗ੍ਰਹਿ ਮੰਤਰੀ...ਅਤੇ ਉਸ ਦੀ ਨਪੇ-ਤੁਲੇ ਸੰਖੇਪ ਸ਼ਬਦਾਂ ਵਿਚ ਠੋਸ ਹਦਾਇਤ! ਅਫਸਰ ਦੀ ਸੂਝ ਹੀ ਇਸ ਵਿਚ ਹੁੰਦੀ ਹੈ ਜੋ ਸਾਰੀਆਂ ਵਿਖਾਈ ਦਿੰਦੀਆਂ ਅਤੇ ਛੁਪੀਆਂ ਘੁੰਡੀਆਂ ਦੀ ਸਮਝ ਰੱਖਦਾ ਹੋਵੇ।

ਲਵੋ ਜੀ, ਬਾਦਲ ਆਪਣੇ ਸੈਂਕੜੇ ਅਕਾਲੀ ਵਰਕਰਾਂ ਦੀ ਅਗਵਾਈ ਕਰਦਾ ਐਮ.ਐਲ.ਏ. ਫਲੈਟਾਂ ਲਾਗਲੇ ਹਾਈ ਕੋਰਟ-ਅਸੈਂਬਲੀ-ਸੈਕ੍ਰੇਟਰੀਏਟ ਵਾਲੇ ਚੌਕ ਨੂੰ ਟੱਪਦਾ ਹੋਇਆ ਪੁਲਿਸ ਦੇ ਰੱਸੇ ਵਾਲੀ ਡਿਫੈਂਸ-ਰੋਕ ਨੂੰ ਸਕਿੰਟਾਂ ਵਿਚ ਤੋੜ ਦਿੰਦਾ ਹੈ। ਵਰਕਰ ਤੇਜ਼ੀ ਨਾਲ ਪੁਲਿਸ ਦੇ ਸ਼ਰੀਫ ਜਿਹੇ ਧੱਕਿਆਂ ਨੂੰ ਪਾਸੇ ਸੁੱਟਦੇ ਅਸੈਂਬਲੀ ਵੱਲ ਵਧ ਰਹੇ ਹਨ। ਦੂਰ-ਦੂਰ ਸੜਕਾਂ ਝਾੜੀਆਂ ਵਿਚੋਂ ਹੁੰਦੇ ਹੋਏ ਅਕਾਲੀ



ਸਰਕਾਰੀ ਪ੍ਰਬੰਧਾਂ ਨੂੰ ਚਕਨਾਚੂਰ ਕਰ ਦਿੰਦੇ ਹਨ। ਹਰ ਪਾਸੇ ਰੌਲਾ-ਰੱਪਾ, ਪੁਲਿਸ ਫੋਰਸ ਖਿੰਡ-ਪੁੰਡ ਜਾਂਦੀ ਹੈ। ਕਿਧਰੇ ਕੋਈ ਬੱਝਵੀਂ ਫੋਰਸ ਵਿਖਾਈ ਨਾ ਦੇਵੇ, ਕੋਈ ਹੁਕਮ ਹਦਾਇਤ ਨਾ ਚੱਲੇ।

ਘੰਟਿਆਂਬੱਧੀ ਪੁਲਿਸ ਦੇ ਪ੍ਰਬੰਧ ਫੀਤਾ-ਫੀਤਾ ਹੋ ਕੇ ਰਹਿ ਗਏ। ਅਸੈਂਬਲੀ ਅੰਦਰ ਭਾਜੜਾਂ ਵੱਖਰੀਆਂ। ਹਰ ਫਲੋਰ ਦੇ ਦਫਤਰਾਂ ਵਿਚੋਂ ਸੈਂਕੜੇ ਮੁਲਾਜ਼ਮ ਨਜ਼ਾਰੇ ਵੇਖਣ। ਕਿਧਰੇ ਵਰਕਰਾਂ ਦੇ ਝੁੰਡਾਂ ਨੂੰ ਖਦੇੜਦੇ ਪੁਲਿਸ ਮੁਲਾਜ਼ਮ ਵਿਖਾਈ ਦੇਣ।

ਇਸ ਮਾਜਰੇ ਵਿਚ ਪੁਲਿਸ ਦਾ ਕੋਈ ਦੋਸ਼ ਨਹੀਂ ਸੀ, ਨਾ ਹੀ ਚੀਫ ਕਮਿਸ਼ਨਰ ਦੀ ਕੋਈ ਊਣਤਾਈ ਸੀ। ਹਰ ਪਾਸੇ ਲੋਕਰਾਜ ਦੇ ਜਲਵੇ ਸਨ। ਪੂਰੀ ਸਟੋਰੀ ਦੀ ਘਾੜਤ ਚੀਫ ਕਮਿਸ਼ਨਰ ਦੇ ਮੂੰਹੋਂ ਸੁਣਨ ਤੋਂ ਪਹਿਲਾਂ ਹੀ ਮੈਨੂੰ ਕੁਛ ਝੌਲਾ ਜਿਹਾ ਹੋ ਗਿਆ ਕਿ ਘਿਰਾਓ ਵਾਲਾ ਇਹ ਕਾਂਡ ਕਿਸ ਸੰਭਾਵਤ ਪਿਛੋਕੜ ਵਿਚ ਰਚਿਆ ਗਿਆ ਹੋਣੈ।

ਓਏ ਤੇਰੇ ਕੀ...ਗਿਆਨੀ ਜੀ ਅਤੇ ਬਾਦਲ ਸਾਹਿਬ ਦੋਵੇਂ ਹੀ ਘਾਗ ਸਿਆਸਤਦਾਨ ਹਾਜ਼ਰ ਹੋਣ ...ਦੋਵਾਂ ਦੇ ਹੱਥ ਮਿਲੇ ਨਾ ਹੋਣ... ਇਹ ਕਿਵੇਂ ਹੋ ਸਕਦੈ? ਖੇਡ ਗਿਣੀ ਮਿੱਥੀ ਸੀ।

**-ਸੁਖਦੇਵ ਸਿੰਘ ਜਰਨਲਿਸਟ**

# ਔਰਤਾਂ ਦੀ ਸ਼ਕਤੀ ਅਤੇ ਨਾਬਰੀ ਦਾ ਪ੍ਰਤੀਕ

***ਪਿਛਲੇ ਦਿਨੀਂ ਦਿੱਲੀ ਪੁਲਿਸ ਨੇ ਜਿਨ੍ਹਾਂ ਪੱਤਰਕਾਰਾਂ ਦੇ ਘਰ ਛਾਪੇ ਮਾਰੇ ਅਤੇ ਉਨ੍ਹਾਂ ਤੋਂ ਪੁੱਛ-ਗਿੱਛ ਕੀਤੀ, ਉਨ੍ਹਾਂ ਵਿਚ ਉਘੀ ਪੱਤਰਕਾਰ ਭਾਸ਼ਾ ਸਿੰਘ ਵੀ ਸ਼ਾਮਿਲ ਹੈ। ਭਾਸ਼ਾ ਸਿੰਘ ਨੇ ਸ਼ਾਹੀਨ ਬਾਗ਼ ਬਾਰੇ ਕਿਤਾਬ 'ਸ਼ਾਹੀਨ ਬਾਗ਼: ਲੋਕਤੰਤਰ ਦੀ ਨਵੀਂ ਕਰਵਟ' ਲਿਖੀ ਹੈ। ਅਮੋਲਕ ਸਿੰਘ ਨੇ ਆਪਣੇ ਇਸ ਲੇਖ ਵਿਚ ਸ਼ਾਹੀਨ ਬਾਗ਼ ਅਤੇ ਭਾਸ਼ਾ ਸਿੰਘ ਦੀ ਇਸ ਕਿਤਾਬ ਬਾਰੇ ਚਰਚਾ ਕੀਤੀ ਹੈ। ਇਸ ਕਿਤਾਬ ਨੇ ਅਦਬੀ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਹੋਈ ਹੈ।***

ਕਲਾ ਪਰਿਕਰਮਾ

ਖੋਜੀ ਲੇਖਕ, ਉੱਘੀ ਪੱਤਰਕਾਰ ਅਤੇ ਫਿਲਮਸਾਜ਼ ਭਾਸ਼ਾ ਸਿੰਘ ਦੀ ਨਵ-ਪ੍ਰਕਾਸ਼ਿਤ ਪੁਸਤਕ 'ਸ਼ਾਹੀਨ ਬਾਗ਼: ਲੋਕਤੰਤਰ ਦੀ ਨਵੀਂ ਕਰਵਟ' ਨੇ ਸਾਹਿਤ ਦੇ ਖੋਜ ਖੇਤਰ ਵਿਚ ਹਲਚਲ ਛੇੜੀ ਹੋਈ ਹੈ।

ਭਾਰਤ ਦੀ ਰਾਜਧਾਨੀ ਦਿੱਲੀ ਅੰਦਰ ਜਮਨਾ ਅਤੇ ਗੰਦੇ ਨਾਲਿਆਂ ਦੇ ਵਿਚਕਾਰ ਵਸਿਆ ਗੁਮਨਾਮ ਮੁਹੱਲਾ ਸ਼ਾਹੀਨ ਬਾਗ਼ ਰਾਤੋ-ਰਾਤ ਦੁਨੀਆ ਭਰ ਦੇ ਮੀਡੀਆ ਦੀ ਪ੍ਰਮੁੱਖ ਖ਼ਬਰ ਬਣ ਗਿਆ ਸੀ। ਕੋਈ 100 ਦਿਨਾਂ ਦੇ ਅੰਦਰ ਹੀ 20 ਸੂਬਿਆਂ ਦੇ 80 ਕੇਂਦਰਾਂ 'ਤੇ ਸ਼ਾਹੀਨ ਬਾਗ਼ ਉੱਗ ਪਏ ਸਨ। ਅਮਨ ਦਾ ਰਾਗ਼




**ਅਮੋਲਕ ਸਿੰਘ**

ਛੇੜਦਾ ਇਹ ਬਾਗ਼ ਦੇਖਦੇ ਹੀ ਦੇਖਦੇ 'ਹਮ ਕਾਗਜ਼ ਨਹੀਂ ਦਿਖਾਏਂਗੇ', 'ਅਸੀਂ ਲੜਾਂਗੇ ਸਾਥੀ' ਦੇ ਨਾਬਰੀ ਭਰੇ ਗੀਤ ਗਾਉਣ ਲੱਗਾ। ਪਿੱਤਰੀ ਸੱਤਾ 'ਚ ਜਕੜੇ ਨਿਜ਼ਾਮ ਨੂੰ ਕਾਂਬਾ ਛਿੜ ਗਿਆ। ਸੱਤਾ ਨੂੰ ਸਹੇ ਦਾ ਨਹੀਂ, ਪਹੇ ਦਾ ਝੋਰਾ ਵੱਢ-ਵੱਢ ਖਾਣ ਲੱਗ ਪਿਆ।

ਦਿੱਲੀ ਦੇ ਸ਼ਾਹੀਨ ਬਾਗ਼ ਹੀ ਨਹੀਂ ਸਗੋਂ ਮੁਲਕ ਭਰ ਵਿਚ ਲੱਗੇ ਸ਼ਾਹੀਨ ਬਾਗ਼ ਮੋਰਚਿਆਂ ਵਿਚ ਜਾ ਕੇ ਭਾਸ਼ਾ ਸਿੰਘ ਨੇ ਗਹਿਰੀ ਖੋਜ ਪੜਤਾਲ ਕੀਤੀ ਤਾਂ ਘਰੇਲੂ ਅਤੇ ਸਮੁੱਚੇ ਜੀਵਨ ਵਿਚ ਆਏ ਸਿਫ਼ਤੀ ਬਦਲਾਉ ਦੇਖਣ ਨੂੰ ਮਿਲੇ। ਘਰੇਲੂ ਜੀਵਨ ਵਿਚ ਮਰਦਾਂ ਨੇ ਬੱਚੇ ਸੰਭਾਲਣ, ਰਸੋਈ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਓਟਣ ਦਾ ਮੋਰਚਾ ਅਤੇ ਪਤਨੀਆਂ ਨੇ ਸ਼ਾਹੀਨ ਬਾਗ਼ ਮੋਰਚਾ ਸੰਭਾਲਿਆ। ਆਪਣੀ ਜੀਵਨ ਸਾਥਣ, ਧੀਆਂ ਅਤੇ ਭੈਣਾਂ, ਗੱਲ ਕੀ ਔਰਤਾਂ ਪ੍ਰਤੀ ਨਜ਼ਰੀਆ ਹੀ ਬਦਲ ਦਿੱਤਾ ਸ਼ਾਹੀਨ ਬਾਗ਼ ਵਿਚੋਂ ਆਈਆਂ ਖ਼ੁਸ਼ਬੋਈਆਂ ਲੱਦੀਆਂ ਪੌਣਾਂ ਨੇ। ਲੋਕਾਂ ਨੂੰ ਸ਼ਾਹੀਨ ਬਾਗ਼ ਆਪਣਾ ਘਰ ਅਤੇ ਆਪਣੇ ਘਰ ਤੇ ਪਰਿਵਾਰ ਸ਼ਾਹੀਨ ਬਾਗ਼ ਮਹਿਸੂਸ ਹੋਣ ਲੱਗ ਪਏ।

ਭਾਸ਼ਾ ਸਿੰਘ ਦੀ ਕਿਤਾਬ ਉਨ੍ਹਾਂ ਨਵੇਂ ਦਿਨਾਂ ਦੀ ਗਵਾਹ ਬਣਦੀ ਹੈ ਕਿ ਜਿਹੜੇ ਮੁਸਲਮਾਨ ਭਾਈਚਾਰੇ ਦੀਆਂ ਔਰਤਾਂ ਦਿਨ ਵੇਲੇ ਵੀ ਘਰੋਂ ਬਾਹਰ ਪੈਰ ਨਹੀਂ ਸੀ ਪਾਉਂਦੀਆਂ, ਉਹ ਰਾਤਾਂ ਨੂੰ ਇਕੱਲੀਆਂ ਵੀ ਸ਼ਾਹੀਨ ਬਾਗ਼ ਮੋਰਚੇ 'ਚ ਨਿਰਭੈ ਹੋ ਕੇ ਸ਼ਾਮਿਲ ਹੋਣ ਲੱਗੀਆਂ। ਉਹ ਘਰਾਂ ਅਤੇ ਬੁਰਕੇ ਦੇ ਬੰਧਨ ਤੋਂ ਆਜ਼ਾਦ ਹੋ ਕੇ ਬਾਹਰ ਆਈਆਂ।

ਇਹ ਪੁਸਤਕ ਦਰਸਾਉਂਦੀ ਹੈ ਕਿ ਸ਼ੁਰੂ ਵਿਚ ਚਾਰ ਪੰਜ ਔਰਤਾਂ ਹੀ ਬਾਗ਼ ਅੰਦਰ ਖਿੜੇ ਫੁੱਲਾਂ ਦਾ ਨਵਾਂ ਰੂਪ ਬਣ ਕੇ ਸਾਹਮਣੇ ਆਈਆਂ। ਦੇਖਦੇ ਹੀ ਦੇਖਦੇ ਬਾਗ਼ ਵਿਚ ਬਹਾਰ ਆ ਗਈ। ਸਕੂਲਾਂ ਤੋਂ ਛੁੱਟੀ ਹੋਣ 'ਤੇ ਵਿਦਿਆਰਥੀ ਸਿੱਧੇ ਮੋਰਚੇ 'ਤੇ ਆਉਣ ਲੱਗੇ। ਰਾਤਾਂ ਨੂੰ ਮੋਰਚੇ ਅੰਦਰ ਹੀ ਗੀਤ ਸੰਗੀਤ, ਨਾਟਕ, ਚਿੱਤਰਕਲਾ, ਵਿਚਾਰਾਂ ਅਤੇ ਤਕਰੀਰਾਂ ਸਿੱਖਣ ਨਾਲ ਜੁੜਨ ਲੱਗੇ। ਮੋਰਚੇ ਦੀਆਂ ਦਾਦੀਆਂ ਨਾਨੀਆਂ ਦੀਆਂ ਬੁੱਕਲਾਂ ਦਾ ਨਿੱਘ ਮਾਣਨ ਲੱਗੇ। ਮੋਰਚੇ ਬਾਰੇ ਚੱਲਦੇ ਕੂੜ ਪ੍ਰਚਾਰ ਬਿਰਿਆਨੀ ਅਤੇ ਪੈਸੇ ਲੈ ਕੇ ਮੋਰਚੇ ਵਿਚ ਦਿਹਾੜੀ 'ਤੇ ਆਉਣ ਕਾਰਨ ਜੁੜਦੀਆਂ ਭੀੜਾਂ ਦਾ ਗ਼ਲਤ ਬਿੰਬ ਸਿਰਜਣ ਦਾ ਯਤਨ ਨਾਕਾਮ ਹੋ ਗਿਆ। ਗੋਦੀ ਮੀਡੀਆ ਨੂੰ ਲੋਕਾਂ ਦੇ ਸੁਆਲਾਂ ਅੱਗੇ ਨਿਰੁੱਤਰ ਹੋਣਾ ਪਿਆ।




*ਭਾਸ਼ਾ ਸਿੰਘ ਦੀ ਕਿਤਾਬ 'ਸ਼ਾਹੀਨ ਬਾਗ਼: ਲੋਕਤੰਤਰ ਦੀ ਨਵੀਂ ਕਰਵਟ' ਦਾ ਮੁਖੜਾ।*



*ਕਿਤਾਬ 'ਸ਼ਾਹੀਨ ਬਾਗ਼: ਲੋਕਤੰਤਰ ਦੀ ਕਰਤਾ ਭਾਸ਼ਾ ਸਿੰਘ।*

***ਭਾਸ਼ਾ ਸਿੰਘ ਦੀ ਕਿਤਾਬ ਉਨ੍ਹਾਂ ਨਵੇਂ ਦਿਨਾਂ ਦੀ ਗਵਾਹ ਬਣਦੀ ਹੈ ਕਿ ਜਿਹੜੇ ਮੁਸਲਮਾਨ ਭਾਈਚਾਰੇ ਦੀਆਂ ਔਰਤਾਂ ਦਿਨ ਵੇਲੇ ਵੀ ਘਰੋਂ ਬਾਹਰ ਪੈਰ ਨਹੀਂ ਸੀ ਪਾਉਂਦੀਆਂ, ਉਹ ਰਾਤਾਂ ਨੂੰ ਇਕੱਲੀਆਂ ਵੀ ਸ਼ਾਹੀਨ ਬਾਗ਼ ਮੋਰਚੇ 'ਚ ਨਿਰਭੈ ਹੋ ਕੇ ਸ਼ਾਮਿਲ ਹੋਣ ਲੱਗੀਆਂ।***

ਮੋਰਚੇ ਦੀ ਸੁਰੱਖਿਆ, ਲਾਈਟ ਸਾਊਂਡ ਤਕਰੀਰਾਂ ਆਦਿ ਤੇ ਸੰਜਮ ਜ਼ਾਬਤੇ ਨੇ ਇਸ ਨਾਲ ਲੋਕਾਂ ਦੀ ਹਮਦਰਦੀ ਜੋੜੀ। ਹਰ ਪਲ ਦੁਸ਼ਵਾਰੀਆਂ ਨਾਲ ਸਿੱਝਦਿਆਂ ਲੋਕਾਂ ਦੀ ਜ਼ਿੰਦਗੀ ਦੀ ਡਾਇਰੀ 'ਤੇ ਇਨਕਲਾਬੀ ਸਤਰਾਂ ਉੱਕਰੀਆਂ ਜਾਣ ਲੱਗੀਆਂ।

ਪੁਸਤਕ ਵਿਚ ਦਰਜ ਦੇਸ਼ ਭਰ ਅੰਦਰ ਲੱਗੇ ਮੋਰਚਿਆਂ 'ਤੇ ਜਾ ਕੇ ਕੀਤੀਆਂ ਢੇਰਾਂ ਮੁਲਾਕਾਤਾਂ ਦਰਸਾਉਂਦੀਆਂ ਹਨ ਕਿ ਇਸ ਨਵੀਂ ਸਮਾਜਿਕ ਕ੍ਰਾਂਤੀ ਦੇ ਲਿਖੇ ਜਾ ਰਹੇ ਨਵੇਂ ਸਫ਼ਿਆਂ ਦੇ ਰਚਣਹਾਰ ਲੋਕ ਵਿਸ਼ੇਸ਼ ਕਰ ਕੇ ਔਰਤਾਂ ਹਨ। ਲੋਕਾਈ ਅੰਦਰ ਉੱਠੀ ਚੇਤਨਾ ਦੀ ਇਹ ਤਰੰਗ ਜ਼ਿੰਦਗੀ ਦੇ ਹਰ ਕੋਨੇ ਨੂੰ ਰੌਸ਼ਨ ਕਰਦੀ ਹੈ। ਕਿਤਾਬ ਵਿਚ ਸੌ ਤੋਂ ਇੱਕ ਸੌ ਪੰਜ ਸਾਲ ਦੀਆਂ ਦਾਦੀਆਂ ਨਾਨੀਆਂ ਤੋਂ ਲੈ ਕੇ ਪ੍ਰੋਫੈਸਰ ਔਰਤਾਂ, ਮੁਟਿਆਰਾਂ ਅਤੇ ਮੁਹੱਲਿਆਂ ਦੇ ਵਾਸੀਆਂ ਦੇ ਬਿਆਨ ਕਲਮਬੰਦ ਕੀਤੇ ਗਏ ਹਨ। 105 ਸਾਲਾ ਹਮੀਦੁਲ ਨਿਸ਼ਾ ਲਖਨਊ (ਉੱਤਰ ਪ੍ਰਦੇਸ਼) ਦਾ ਕਹਿਣਾ ਹੈ: "ਉਮਰ ਭਾਵੇਂ ਬਹੁਤ ਹੋ ਗਈ ਪਰ ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਮੇਰੇ ਵਰਗੀਆਂ ਨੂੰ ਜ਼ਿੰਦਗੀ ਨਾਲ ਮੁਹੱਬਤ ਹੀ ਭੁੱਲ ਗਈ। ਅਸੀਂ ਜਿਸ ਮਿੱਟੀ ਵਿਚ ਜਨਮ ਲਿਆ ਹੈ, ਉਸ ਵਿਚ ਹੀ ਖ਼ਾਕ ਹੋਵਾਂਗੇ। ਇਸ ਵਤਨ ਦੀ ਮਿੱਟੀ ਹੀ ਸਾਡੀ ਨਾਗਰਿਕਤਾ ਦਾ ਪਛਾਣ ਪੱਤਰ ਹੈ। ਜਿਹੜੇ ਵਤਨ ਦੇ ਝੂਠੇ ਦਾਅਵੇਦਾਰ ਨੇ ਉਨ੍ਹਾਂ ਦੇ ਮਨਸ਼ਿਆਂ ਨੂੰ ਨਾਕਾਮ ਕਰਨ ਲਈ ਸੂਝ-ਬੂਝ ਭਰਿਆ ਸੰਘਰਸ਼ ਹੀ ਸਾਡੀ ਜ਼ਿੰਦਗੀ ਦਾ ਭਵਿੱਖ ਹੈ।" ਸ਼ਾਹੀਨ ਬਾਗ਼ ਵਿਚ ਗੀਤਾਂ, ਕਵਿਤਾਵਾਂ, ਤਕਰੀਰਾਂ ਅਤੇ ਚਿੱਤਰਕਲਾ ਦਾ ਹੜ੍ਹ ਆ ਗਿਆ। ਔਰਤਾਂ ਦੇ ਅਜਿਹੇ ਗੀਤਾਂ ਨੇ ਲੋਕਾਂ ਦੇ ਮਨ ਜਿੱਤ ਲਏ:

ਮੈਂ ਬਾਗ਼ੀ ਹੂੰ, ਮੈਂ ਬਾਗ਼ੀ ਹੂੰ
ਤੁਮ ਚਾਹੇ ਮੁਝ ਪਰ ਜ਼ੁਲਮ ਕਰੋ
ਮੇਰੇ ਹਾਥੋਂ ਮੇਂ ਹੱਕ ਕਾ ਝੰਡਾ ਹੈ
ਮੇਰੇ ਸਾਮਨੇ ਜ਼ੁਲਮ ਕਾ ਫੰਧਾ ਹੈ
ਮੈਂ ਮਰਨੇ ਸੇ ਕਬ ਡਰਤੀ ਹੂੰ
ਮੈਂ ਬਾਗ਼ੀ ਹੂੰ ਮੈਂ ਬਾਗ਼ੀ ਹੂੰ

ਹਕੂਮਤੀ ਕੂੜ ਪ੍ਰਚਾਰ ਦੇ ਗਰਦ-ਗ਼ੁਬਾਰ ਵਿਚ ਦਿੱਲੀ ਦੀਆਂ ਯੂਨੀਵਰਸਿਟੀਆਂ ਵਿਚੋਂ ਉੱਠੀਆਂ ਲਹਿਰਾਂ ਨੂੰ ਭਸਮ ਕਰਨ ਦੇ ਇਰਾਦੇ ਸ਼ਾਹੀਨ ਬਾਗ਼ ਵਰਗੀਆਂ ਧਰਤੀ ਦੀਆਂ ਕਰਵਟਾਂ ਨੇ ਧੂੜ ਵਿਚ ਮਿਲਾ ਦਿੱਤੇ:

ਤੁਮ ਲਗਾਓ ਹੱਥਕੜੀ
ਤੁਮ ਚਲਾਓ ਲਾਠੀਆਂ
ਅਬ ਮਨਾਓ ਖ਼ੈਰ ਤੁਮ
ਨਿਕਲ਼ ਪੜੀ ਹੈਂ ਬੇਟੀਆਂ

ਨਾਗਰਿਕਤਾ ਦਾ ਪ੍ਰਮਾਣ ਪੱਤਰ ਮੰਗਦੀ ਸਥਾਪਤੀ ਨੂੰ ਔਰਤਾਂ ਦੀ ਪਹਿਲਕਦਮੀ ਭਰੀ ਸਰਗਰਮੀ ਨੇ ਵੱਡੇ ਝਟਕੇ ਦਿੱਤੇ। ਇਸ ਪੁਸਤਕ 'ਤੇ ਪੜਚੋਲਵੀਂ ਨਜ਼ਰ ਮਾਰਦਿਆਂ ਸ਼ਾਹੀਨ ਬਾਗ਼ ਮੋਰਚੇ ਵਿਚਦੀ ਗੁਜ਼ਰਦਿਆਂ ਉਸ ਪਿੱਛੋਂ ਦਿੱਲੀ ਵਿਚ ਯੋਜਨਾਬੱਧ ਢੰਗ ਨਾਲ ਮੁਸਲਮਾਨ ਭਾਈਚਾਰੇ 'ਤੇ ਹੱਲਾ ਬੋਲਣ, ਕੌਮਾਂਤਰੀ ਪੱਧਰ ਦੀਆਂ ਮਹਿਲਾ ਪਹਿਲਵਾਨਾਂ ਦੀ ਆਬਰੂ ਨਾਲ ਖਿਲਵਾੜ ਦਾ ਮੁੱਦਾ ਉੱਠਣ ਵੇਲੇ ਦੀ ਸਰਗਰਮੀ, ਮਨੀਪੁਰ ਤੇ ਹਰਿਆਣਾ ਦੀਆਂ ਤਾਜ਼ਾ ਘਟਨਾਵਾਂ ਕਰ ਕੇ ਸੋਚਣ ਵਿਚਾਰਨ ਦੀ ਲੋੜ ਪੈਂਦੀ ਹੈ। ਇਸ ਪ੍ਰਸੰਗ ਵਿਚ ਪੁਸਤਕ ਦੀ ਸਾਰਥਿਕਤਾ ਅਤੇ ਮਹੱਤਤਾ ਹੋਰ ਵੀ ਵਧੇਰੇ ਹੈ।

'ਹਮ ਕਾਗਜ਼ ਨਹੀਂ ਦਿਖਾਏਂਗੇ' ਦਾ ਨਾਅਰਾ ਲੋਕ ਗੀਤ ਵਰਗਾ ਸਥਾਨ ਹਾਸਲ ਕਰ ਗਿਆ ਜਿਸ ਤੋਂ ਸਾਬਿਤ ਹੁੰਦਾ ਹੈ ਕਿ ਕਲਮ, ਕਲਾ, ਲੋਕ-ਸ਼ਕਤੀ ਅਤੇ ਲੋਕ-ਸੰਗਰਾਮ ਦੀ ਗਲਵੱਕੜੀ ਅਮੁੱਲੇ ਨਤੀਜੇ ਸਮਾਜ ਦੀ ਝੋਲੀ ਪਾਉਂਦੀ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਅਕਤੂਬਰ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-609



*ਆ ਗਿਆ ਸਿਆਲ ਨਾਲ਼ੇ ਆ ਗਏ ਤਿਉਹਾਰ,*
*ਮਿੱਟੀ ਦੇ ਕਰੂਏ ਵੇਚਦੇ ਬਾਬਾ ਪੋਤਾ-ਘੁਮਿਆਰ।*
*ਚੱਕ 'ਤੇ ਚੜ੍ਹਾ ਕੇ ਫਿਰ ਕੀਤੇ ਆਵੇ 'ਤੇ ਤਿਆਰ,*
*ਸੁਹਾਗਣਾਂ ਨੂੰ ਉਡੀਕਦੇ ਨੇ ਬੈਠੇ ਵਿਚ ਬਜ਼ਾਰ।*

### ਕੈਪਸ਼ਨ ਮੁਕਾਬਲਾ-607



ਸਿੱਖੀ ਸਾਨੂੰ ਜਾਨੋਂ ਪਿਆਰੀ
ਤਾਂਹੀ ਆਖਣ ਸਰਦਾਰ,
ਕੰਘਾ, ਕੇਸ, ਕੜਾ, ਕਛਹਿਰਾ
ਪੰਜਵੀਂ ਕਿਰਪਾਨ ਸ਼ੁਮਾਰ।
ਮੂਲ ਨਾਲ਼ੋਂ ਵਿਆਜ ਪਿਆਰਾ
ਜੱਗ ਉੱਤੇ ਨੇ ਕਹਿੰਦੇ,
ਮੋਹ ਨਾਲ਼ ਕੇਸ ਸੰਵਾਰੇ ਬਾਬਾ
ਪੋਤੇ ਅੱਗੇ ਹੋ ਬਹਿੰਦੇ।
***-ਸੇਵਾ ਸਿੰਘ 'ਨੂਰਪੁਰੀ'***

---

ਬੇਬੇ ਤਾਂ ਵਿਹਲੀ ਨਹੀਂ
ਪਕਾਵੇ ਰੋਟੀਆਂ,
ਮੰਮੀ ਕੱਢੇ ਧਾਰਾਂ ਚੋਵੇ
ਬੂਰੀਆਂ ਝੋਟੀਆਂ।
ਬਾਬਾ ਤੂੰ ਹੀ ਵਾਹ ਦੇ
ਕੇਸ ਝੱਟਪੱਟ ਜੀ,
ਜਾਣਾ ਹੈ ਸਕੂਲੇ
ਹੋ ਨਾ ਜਾਈਏ ਲੇਟ ਜੀ।
ਉੱਪਰ ਚਿੱਟਾ ਰੇਸ਼ਮੀਂ
ਰੁਮਾਲ ਬੰਨ੍ਹਦੇ,
ਸਾਰੇ ਕੰਮ ਕਰੇਂ ਤੂੰ
ਬਾਬਾ ਜੀ ਧੰਨ ਏਂ।
ਤੇਰੀ ਕੋਈ ਰੀਸ ਨਾ
ਤੂੰ ਸਭ ਲਈ ਖੜ੍ਹੇਂ,
ਪ੍ਰਣਾਮ ਤੈਨੂੰ ਬਾਬਾ ਜੀ
ਬੜੇ ਕੰਮ ਤੂੰ ਕਰੇਂ।
***-ਕਲਵੰਤ ਸਿੰਘ ਸਹੋਤਾ***
***ਫੋਨ: 604-589-5919***

---

ਹਰ ਇਕ ਚਿਹਰੇ 'ਤੇ
ਬਰਸ ਰਿਹਾ ਨੂਰ ਰੱਬੀ
ਦਾਦਾ ਤੇ ਪੋਤਰੇ ਰਲ
ਬੈਠੇ ਨੇ ਸਬੱਬੀਂ।
ਕੰਘਾ ਕਰ ਦਸਤਾਰ ਸਜਾਉਣਗੇ
ਫਰਜ਼ੰਦਾਂ ਨੂੰ
ਹੋਰ ਮਜ਼ਬੂਤ ਬਣਾਉਣਗੇ
ਸਿੱਖੀ ਦੀਆਂ ਕੰਧਾਂ ਨੂੰ।
ਜਦੋਂ ਧਰਮ ਖਾਤਰ
ਬਜ਼ੁਰਗ ਜ਼ਿੰਮੇਵਾਰੀ ਨਿਭਾਉਂਦੇ ਨੇ
ਉਦੋਂ ਇਹ ਯੋਧੇ
ਬੱਬਰ ਸ਼ੇਰ ਅਖਵਾਉਂਦੇ ਨੇ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

---

ਸਿਰ ਦਾ ਤਾਜ ਪਗੜੀ
ਹੈ ਦੂਰੋਂ ਵੱਖਰੀ ਪਛਾਣ
ਜਿੰਨਾ ਚੋਪੜੋਗੇ ਵਾਹੋਗੇ
ਨਿਖਰਨਗੇ ਕੇਸ ਬੰਨ੍ਹ ਜੂੜਾ
ਰੱਖ ਪੱਗ ਉਤੇ
ਸਜਾ ਤੁਰਲਾ
ਸ਼ਾਨ ਅਤੇ ਤੰਦਰੁਸਤੀ ਦੀ ਨਿਸ਼ਾਨੀ
ਬਾਬਾ ਸਜਾ ਪੋਤਰੇ ਨੂੰ
ਨਾਲ ਲੈ ਤੁਰਦਾ
ਲੋਕੀਂ ਰਹਿ ਜਾਂਦੇ ਪਿੱਛੇ
ਮੁੜ ਮੁੜ ਰਾਹ ਤੱਕਦੇ।
***-ਦਰਸ਼ਨ ਪਾਲ ਦੋਸਾਂਝ।***

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਸਿੱਖ ਇਤਿਹਾਸ 'ਚ ਡਾ. ਜੇ.ਐਸ. ਗਰੇਵਾਲ ਦਾ ਯੋਗਦਾਨ

ਅਕਤੂਬਰ ਮਹੀਨੇ ਵਿਚ ਡਾ. ਜੇ.ਐਸ. (ਜਗਤਾਰ ਸਿੰਘ) ਗਰੇਵਾਲ ਦੀ ਜਨਮ ਵਰ੍ਹੇਗੰਢ ਮੌਕੇ ਇਹ ਲੇਖ ਸਿੱਖ (ਅਤੇ ਪੰਜਾਬ) ਇਤਿਹਾਸ ਵਿਚ ਪਾਏ ਉਨ੍ਹਾਂ ਦੇ ਯੋਗਦਾਨ 'ਤੇ ਕੇਂਦਰਿਤ ਹੈ। ਡਾ. ਗਰੇਵਾਲ ਨੇ ਸਿੱਖ ਇਤਿਹਾਸ ਦਾ ਅਧਿਐਨ ਪੰਜਾਬ ਦੇ ਭਾਰਤ ਦੇ ਇਕ ਭੂਗੋਲਿਕ ਅਤੇ ਸੱਭਿਆਚਾਰਕ ਖੇਤਰ ਦੇ ਹਵਾਲੇ ਨਾਲ ਕੀਤਾ ਸੀ। ਉਨ੍ਹਾਂ ਲਈ ਸਮਾਜ ਦਾ ਸਮੁੱਚਾ ਅਤੀਤ ਇਤਿਹਾਸ ਦੇ ਕਲਾਵੇ ਵਿਚ ਆ ਜਾਂਦਾ ਹੈ। ਉਹ 'ਧਰਮ ਨੂੰ ਜੀਵਨ ਦਾ ਇਕ ਵੱਡਾ ਹਿੱਸਾ ਮੰਨਦੇ ਹਨ ਜੋ ਲੋਕਾਂ ਲਈ ਮਹੱਤਵ ਰੱਖਦਾ ਹੈ।' ਉਹ ਇਕ ਤਰਕਸੰਗਤ ਧਰਮ-ਨਿਰਪੱਖ ਦ੍ਰਿਸ਼ਟੀਕੋਣ ਤੋਂ ਬਾਖ਼ਬਰ ਹੋ ਕੇ

ਡਾ. ਇੰਦੂ ਬੰਗਾ
ਫੋਨ: +91-93161-34396

ਆਪਣੀਆਂ ਵਿਆਖਿਆਵਾਂ ਦਿੰਦੇ ਹਨ ਪਰ ਧਰਮ ਪ੍ਰਤੀ ਕਿਸੇ ਤਰ੍ਹਾਂ ਦਾ ਤੁਅੱਸਬ ਨਹੀਂ ਪਾਲਦੇ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਧਰਮ-ਨਿਰਪੱਖ ਹੋਵੇ ਜਾਂ ਧਾਰਮਿਕ, ਵਿਚਾਰਧਾਰਾ ਜੀਵਨ ਅਤੇ ਲੋਕਾਂ ਦੀ ਸਰਗਰਮੀ ਦੀ ਅਹਿਮ ਚਾਲਕ ਸ਼ਕਤੀ ਹੁੰਦੀ ਹੈ। ਇਸ ਕਰਕੇ ਵਿਚਾਰਾਂ ਵਿਚ ਉਨ੍ਹਾਂ ਦੀ ਓਨੀ ਹੀ ਦਿਲਚਸਪੀ ਹੈ ਜਿੰਨੀ ਕਿ ਵਿਚਾਰਾਂ ਦੇ ਇਤਿਹਾਸਕ ਸੰਦਰਭ ਵਿਚ। ਆਮ ਤੌਰ 'ਤੇ ਉਹ ਰਵਾਇਤ ਦਾ ਸਤਿਕਾਰ ਕਰਦੇ ਹਨ ਪਰ ਇਤਿਹਾਸਕਾਰ ਅਤੇ ਧਰਮ-ਸ਼ਾਸਤਰੀ ਦੇ ਦ੍ਰਿਸ਼ਟੀਕੋਣਾਂ ਵਿਚਕਾਰ ਸਪੱਸ਼ਟ ਨਿਖੇੜਾ ਕਰ ਕੇ ਚੱਲਦੇ ਹਨ। ਉਹ ਸਿੱਖ ਇਤਿਹਾਸ ਅਤੇ ਧਰਮ ਦੇ ਅਧਿਐਨ ਲਈ ਇਤਿਹਾਸਕ ਵਿਧੀ ਦੀ ਕਾਰਗਰਤਾ ਨੂੰ ਉਜਾਗਰ ਕਰਦੇ ਹਨ।

ਡਾ. ਗਰੇਵਾਲ ਡਬਲਿਊ ਐੱਚ ਮੈਕਲੌਡ ਅਤੇ ਹਰਜੋਤ ਓਬਰਾਏ ਤੇ ਪੱਛਮ ਵਿਚਲੇ ਉਨ੍ਹਾਂ ਦੇ ਵਿਦਿਆਰਥੀਆਂ ਦੀਆਂ ਮਾਨਤਾਵਾਂ, ਪੇਸ਼ਕਾਰੀ ਅਤੇ ਸਿੱਟਿਆਂ 'ਤੇ ਪੁਰਜ਼ੋਰ ਢੰਗ ਨਾਲ ਕਿੰਤੂ ਕਰਦੇ ਹਨ। ਡਾ. ਗਰੇਵਾਲ ਦੀ ਕਿਤਾਬ 'ਗੁਰੂ ਨਾਨਕ ਇਨ ਹਿਸਟਰੀ' (1969) ਪ੍ਰਕਾਸ਼ਿਤ ਹੋਣ ਤੋਂ ਬਾਅਦ ਮੈਕਲੌਡ ਨਾਲ ਉਨ੍ਹਾਂ ਦੇ ਵਖਰੇਵੇਂ ਗੂੜ੍ਹੇ ਹੁੰਦੇ ਗਏ ਸਗੋਂ ਡਾ. ਗਰੇਵਾਲ ਦੇ ਅਗਲੇਰੇ ਅਧਿਐਨਾਂ ਵਿਚ ਇਹ ਤਿੱਖੇ ਵੀ ਹੋ ਜਾਂਦੇ ਹਨ। ਮੈਕਲੌਡ ਜਨਮਸਾਖੀਆਂ ਨੂੰ 'ਮਿੱਥ' ਮੰਨਦੇ ਹਨ ਜਦੋਂਕਿ ਡਾ. ਗਰੇਵਾਲ ਜਨਮਸਾਖੀਆਂ ਦੀਆਂ ਵੱਖਰੀਆਂ ਪ੍ਰੰਪਰਾਵਾਂ ਦੀਆਂ ਅਤੇ ਹਰੇਕ ਜਨਮਸਾਖੀ ਦੀ ਗੁਰੂ ਨਾਨਕ ਦੇ ਜੀਵਨ ਅਤੇ ਮਿਸ਼ਨ ਦੀ ਵੱਖਰੀ ਵਿਆਖਿਆ ਦੇ ਰੂਪ ਵਿਚ ਗੱਲ ਕਰਦੇ ਹਨ ਪਰ ਅਸੀਂ ਇਸ ਗੱਲ 'ਤੇ ਧਿਆਨ ਦੇਈਏ ਕਿ ਡਾ. ਗਰੇਵਾਲ ਕੀ ਕਹਿਣਾ ਚਾਹੁੰਦੇ ਹਨ।


ਗੁਰੂ ਨਾਨਕ ਬਾਣੀ ਦਾ ਖੁੱਲ੍ਹੇ ਮਨ ਨਾਲ ਅਧਿਐਨ ਕਰਦਿਆਂ ਅਤੇ ਉਨ੍ਹਾਂ ਦੇ ਹਰ ਇਕ ਸ਼ਬਦ 'ਤੇ ਧਿਆਨ ਕੇਂਦਰਿਤ ਕਰਦਿਆਂ ਡਾ. ਗਰੇਵਾਲ ਇਸ ਸਿੱਟੇ 'ਤੇ ਪੁੱਜਦੇ ਹਨ ਕਿ ਗੁਰੂ ਨਾਨਕ ਦੇਵ ਜੀ ਅੰਤਰ-ਸਬੰਧਿਤ ਵਿਚਾਰਾਂ ਦੀ ਇਕ ਅਜਿਹੀ ਪ੍ਰਣਾਲੀ ਦਾ ਖ਼ਾਕਾ ਪੇਸ਼ ਕਰਦੇ ਹਨ ਜੋ ਦੂਜੀਆਂ ਪ੍ਰਣਾਲੀਆਂ ਤੋਂ ਵੱਖਰੀ ਹੈ। ਉਨ੍ਹਾਂ ਸਿੱਖ ਧਰਮ ਦੀ ਨੀਂਹ ਰੱਖੀ। ਇਹ ਮੈਕਲੌਡ ਵੱਲੋਂ ਗੁਰੂ ਨਾਨਕ ਦੇਵ ਜੀ ਨੂੰ ਸੰਤ ਕਬੀਰ ਜੀ ਵਾਂਗ ਸੰਤ ਪ੍ਰੰਪਰਾ ਦਾ ਹਿੱਸਾ ਮੰਨਣ ਦੀ ਪੁਜ਼ੀਸ਼ਨ ਨਾਲੋਂ ਵੱਖਰੀ ਹੈ। ਡਾ. ਗਰੇਵਾਲ ਤਰਕ ਦਿੰਦੇ ਹਨ ਕਿ ਭਾਵੇਂ ਸੰਤ ਕਬੀਰ ਜੀ ਨੇ ਹੁਕਮ, ਸ਼ਬਦ, ਨਦਰ, ਨਾਮ ਅਤੇ ਗੁਰੂ ਜਿਹੇ ਵਿਸ਼ਿਸ਼ਟ ਸ਼ਬਦ ਵਰਤੇ ਸਨ ਪਰ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਇਨ੍ਹਾਂ 'ਤੇ ਜ਼ੋਰ ਸਗੋਂ ਇਨ੍ਹਾਂ ਦੇ ਸੰਕਲਪ ਵੀ ਇਕੋ ਜਿਹੇ ਨਹੀਂ ਹਨ। ਇਨ੍ਹਾਂ ਵਿਚਾਰਾਂ ਨੂੰ ਸਮੁੱਚਤਾ ਵਿਚ ਇਕਜੁੱਟ ਢੰਗ ਨਾਲ ਪੇਸ਼ ਕਰਨ ਤੋਂ ਬਾਅਦ ਡਾ. ਗਰੇਵਾਲ ਇਸ ਨੂੰ ਇਕ ਨਵੀਂ ਧਾਰਮਿਕ ਵਿਚਾਰਧਾਰਾ ਵਜੋਂ ਚਿਤਵਦੇ ਹਨ।

ਸੰਤ ਕਬੀਰ ਅਤੇ ਗੁਰੂ ਨਾਨਕ ਦੇਵ ਜੀ ਦੇ ਸਮਾਜਿਕ ਸੰਦੇਸ਼ ਵਿਚ ਵੀ ਕੁਝ ਅੰਤਰ ਸਨ। ਦੋਵੇਂ ਜਾਤ ਨਾਲ ਸਰੋਕਾਰ ਰੱਖਦੇ ਹਨ ਪਰ ਬਾਬਾ ਨਾਨਕ ਆਪਣੇ ਆਪ ਨੂੰ 'ਨੀਚਾ ਅੰਦਰਿ ਨੀਚ ਜਾਤਿ' ਆਖ ਕੇ ਆਪਣੀ ਉੱਚ ਸਮਾਜਿਕ ਹੈਸੀਅਤ ਨੂੰ ਅਸਵੀਕਾਰ ਕਰਦੇ ਹਨ। ਸੰਤ ਕਬੀਰ ਜੀ ਲਿੰਗਕ ਸਮਾਨਤਾ ਦੀ ਗੱਲ ਨਹੀਂ ਕਰਦੇ ਜਦੋਂਕਿ ਗੁਰੂ ਨਾਨਕ ਦੇਵ ਜੀ ਨੇ ਔਰਤਾਂ ਨੂੰ ਵਡੇਰਾ ਸਥਾਨ ਦਿੱਤਾ ਹੈ ਜਿਸ ਦੀ ਉਦਾਹਰਨ ਉਨ੍ਹਾਂ ਸਮਿਆਂ ਦੇ ਵੱਖ ਵੱਖ ਕਿਸਮ ਦੇ ਧਾਰਮਿਕ ਸਾਹਿਤ ਵਿਚ ਕਿਧਰੇ ਨਹੀਂ ਮਿਲਦੀ। ਇਸ ਤੋਂ ਇਲਾਵਾ, ਸੰਤ ਕਬੀਰ ਜੀ ਆਪਣੇ ਆਲੇ-ਦੁਆਲੇ ਦੀ ਸਿਆਸੀ ਸਥਿਤੀ ਤੋਂ ਬਹੁਤਾ ਬੇਲਾਗ ਰਹਿੰਦੇ ਹਨ ਜਦੋਂਕਿ ਗੁਰੂ ਨਾਨਕ ਦੇਵ ਜੀ ਨੇ ਅੱਤਿਆਚਾਰ, ਬੇਇਨਸਾਫ਼ੀ, ਭ੍ਰਿਸ਼ਟਾਚਾਰ ਅਤੇ ਪੱਖਪਾਤ ਦੀ ਸਖ਼ਤ ਨਿਖੇਧੀ ਕੀਤੀ ਹੈ।

ਗੁਰੂ ਨਾਨਕ ਦੇਵ ਜੀ ਦਾ ਵਿਸ਼ਵਾਸ ਅਧਿਆਤਮਕ ਅਤੇ ਦੁਨਿਆਵੀ ਸਰੋਕਾਰਾਂ ਨੂੰ ਜੋੜਦਾ ਹੈ। ਉਨ੍ਹਾਂ ਲਈ 'ਜੀਵਨ-ਮੁਕਤੀ ਦੂਜਿਆਂ ਦੀ ਮੁਕਤੀ ਲਈ ਇਕ ਸਮਾਜਿਕ ਕਾਰਜ ਹੈ। ਪਰਉਪਕਾਰ ਇਸ ਦਾ ਅਨਿੱਖੜਵਾਂ ਅੰਗ ਹੈ।' ਬਾਬਾ ਨਾਨਕ ਨੇ ਕਰਤਾਰਪੁਰ ਦੀ ਧਰਤੀ 'ਤੇ ਜਿਹੋ ਜਿਹੀ ਜੀਵਨ ਜਾਚ ਸਿਖਾਈ ਸੀ, ਉਸ ਦੇ ਆਧਾਰ 'ਤੇ ਧਰਮਸਾਲ (ਬਾਅਦ ਵਿਚ ਗੁਰਦੁਆਰਾ), ਸੰਗਤ, ਲੰਗਰ ਅਤੇ ਸਭ ਤੋਂ ਵਧ ਕੇ ਗੁਰਿਆਈ ਨੂੰ ਸੰਸਥਾਈ ਰੂਪ ਦਿੱਤਾ। ਇੰਝ, ਉਨ੍ਹਾਂ ਦੇ ਸੁਚੇਤ ਨਿਰਣੇ ਅਤੇ ਸੋਚੀ ਵਿਚਾਰੀ ਸਰਗਰਮੀ ਦੇ ਸਿੱਟੇ ਵਜੋਂ ਉਨ੍ਹਾਂ ਦੇ ਜੀਵਨ ਵਿਚ ਹੀ ਸਿੱਖ ਪੰਥ ਹੋਂਦ ਵਿਚ ਆ ਗਿਆ ਸੀ। ਉਂਝ, ਸੰਤ ਕਬੀਰ ਜੀ ਦੇ ਚਲਾਣੇ ਤੋਂ ਕਰੀਬ ਇਕ ਸਦੀ ਬਾਅਦ ਹੋਂਦ ਵਿਚ ਆਏ ਕਬੀਰ ਪੰਥ ਦੇ ਉਭਾਰ ਵਿਚ ਕਬੀਰ ਜੀ ਦਾ ਕੋਈ ਦਖ਼ਲ ਨਹੀਂ ਸੀ।

ਗੁਰੂ ਨਾਨਕ ਦੇਵ ਜੀ ਬਾਰੇ ਇਸ ਸਮਝ ਤੋਂ ਆਰੰਭ ਕਰ ਕੇ ਡਾ. ਗਰੇਵਾਲ ਨੇ ਅਗਲੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਨ੍ਹਾਂ ਦੇ ਯੋਗਦਾਨ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਪੁਰਾਤਨ ਤੇ ਬੀ-40 ਜਨਮ ਸਾਖੀਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਇਕ ਨਵੇਂ ਧਰਮ ਤੇ ਨਵੇਂ ਪੰਥ ਦੇ ਬਾਨੀ ਵਜੋਂ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦੀ ਵਿਲੱਖਣਤਾ ਨੂੰ ਵਧੇਰੇ ਉਜਾਗਰ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਬਾਰੇ ਆਪਣੇ ਅਧਿਐਨ (2019) ਵਿਚ ਡਾ. ਗਰੇਵਾਲ ਨੇ ਗੁਰੂ ਨਾਨਕ ਦੀ ਵਿਚਾਰਧਾਰਾ, ਉਨ੍ਹਾਂ ਦੇ ਉੱਤਰਾਧਿਕਾਰੀਆਂ ਦੇ ਜੀਵਨ ਕਾਲ ਦੀਆਂ ਸਰਗਰਮੀਆਂ ਅਤੇ ਮੁਗ਼ਲ ਰਾਜ ਦੀ ਭੂਮਿਕਾ ਦਰਮਿਆਨ ਅੰਤਰ-ਸਬੰਧਾਂ ਨੂੰ ਸਾਹਮਣੇ ਲਿਆਂਦਾ ਹੈ। ਦਸਵੇਂ ਗੁਰੂ ਨੇ ਆਪਣੇ ਸ਼ਬਦਾਂ ਵਿਚ ਗੁਰੂ ਨਾਨਕ ਦੀ ਵਿਚਾਰਧਾਰਾ ਅਤੇ ਉਸ ਦੇ ਸਮਾਜਿਕ ਬਰਾਬਰੀ, ਨਿਆਂ ਤੇ ਵਾਜਬੀਅਤ ਵਰਗੇ ਅਟੁੱਟ ਅੰਗ ਨੂੰ ਦ੍ਰਿੜਾਇਆ। ਇਹ ਵੀ ਅਹਿਮ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਦੌਰਾਨ ਘੱਟੋ-ਘੱਟ ਛੇ ਰਹਿਤਨਾਮੇ ਤਿਆਰ ਕੀਤੇ ਗਏ ਜਿਸ ਤੋਂ ਪਤਾ ਚੱਲਦਾ ਹੈ ਕਿ ਉਹ ਆਪ ਹੀ ਖ਼ਾਲਸਈ ਰਹਿਤ ਦੇ ਧਾਰਨੀ ਸਨ। ਸੰਨ 1699 ਦੀ ਵਿਸਾਖੀ ਮੌਕੇ 'ਆਪਣੇ ਤੋਂ ਪਹਿਲਾਂ ਦੇ ਗੁਰੂ ਸਾਹਿਬਾਨ ਦੁਆਰਾ ਸਲਾਹੇ ਜਾਂਦੇ ਸਿੱਖ ਮੱਤ ਦੇ ਆਦਰਸ਼ਾਂ ਵਿਚ ਇਕ ਨਵੀਂ ਰਹਿਤ ਜੋੜੀ ਗਈ। ਨਵੀਂ ਅਤੇ ਪੁਰਾਣੀ ਨੂੰ ਜੋੜ ਕੇ ਇਕ ਨਵੀਂ ਵਿਵਸਥਾ ਬਣਾਈ ਗਈ।' ਡਾ. ਗਰੇਵਾਲ ਮੰਨਦੇ ਹਨ ਕਿ 'ਰਹਿਤ ਦਾ ਸਭ ਤੋਂ ਅਹਿਮ ਪਹਿਲੂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਜਾਂ ਉਨ੍ਹਾਂ ਤੋਂ ਕੁਝ ਸਮੇਂ ਬਾਅਦ ਹੀ ਹੋਂਦ ਵਿਚ ਆ ਗਿਆ ਸੀ ਜਿਸ ਵਿਚ ਪੰਜ ਪ੍ਰਤੀਕ ਸ਼ਾਮਿਲ ਸਨ ਅਤੇ ਜਿਨ੍ਹਾਂ



ਨੂੰ ਬਾਅਦ ਵਿਚ ਪੰਜ ਕਕਾਰਾਂ ਵਜੋਂ ਸੂਤਰਬੱਧ ਕੀਤਾ ਗਿਆ।'

ਬੇਹਿਸਾਬ ਨੁਕਸਾਨ ਦੇ ਬਾਵਜੂਦ ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਦੀ ਬਹਾਲੀ ਦੇ ਮੁੱਦੇ 'ਤੇ ਮੁਗ਼ਲਾਂ ਨਾਲ ਰਾਜ਼ੀਨਾਮੇ ਦੀ ਪੈਰਵੀ ਕੀਤੀ ਸੀ। ਇਸ ਪ੍ਰਸੰਗ ਵਿਚ ਡਾ. ਗਰੇਵਾਲ ਨੇ ਔਰੰਗਜ਼ੇਬ ਨੂੰ ਲਿਖਿਆ ਪੱਤਰ (ਜ਼ਫ਼ਰਨਾਮਾ), ਉਸ ਦੇ ਪੁੱਤਰ ਤੇ ਵਾਰਿਸ ਬਹਾਦਰ ਸ਼ਾਹ ਨਾਲ ਮੁਲਾਕਾਤ ਅਤੇ ਦੱਖਣ ਵੱਲ ਚਾਲੇ ਪਾਉਣ ਦੇ ਹਵਾਲੇ ਦਿੱਤੇ ਹਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਮਹਿਸੂਸ ਹੋਇਆ ਕਿ ਬਹਾਦਰ ਸ਼ਾਹ ਦਾ ਰਵੱਈਆ ਟਾਲ-ਮਟੋਲ ਵਾਲਾ ਹੈ ਤਾਂ ਉਨ੍ਹਾਂ ਅੱਗੇ ਵਧਣ ਤੋਂ ਨਾਂਹ ਕਰ ਦਿੱਤੀ ਅਤੇ ਨੰਦੇੜ ਵਿਚ ਡੇਰਾ ਲਗਾ ਲਿਆ। ਇਸ ਤੋਂ ਬਾਅਦ ਉਨ੍ਹਾਂ ਬਾਬਾ ਬੰਦਾ ਸਿੰਘ ਨੂੰ ਪੰਜਾਬ ਵਾਪਸ ਜਾਣ ਅਤੇ ਅਨਿਆਂਈ ਮੁਗ਼ਲ ਰਾਜ ਖਿਲਾਫ਼ ਖ਼ਾਲਸਈ ਬਗ਼ਾਵਤ ਦੀ ਅਗਵਾਈ ਕਰਨ ਦਾ ਜ਼ਿੰਮਾ ਸੌਂਪਿਆ।

ਇਹ ਅਹਿਮ ਹੈ ਕਿ ਡਾ. ਗਰੇਵਾਲ ਦੇ ਅਨੁਸਾਰ 'ਪ੍ਰਭੁਸੱਤਾ ਦਾ ਆਦਰਸ਼ ਬੰਦਾ ਸਿੰਘ ਦੇ ਮੰਜ਼ਰ 'ਤੇ ਆਉਣ ਤੋਂ ਪਹਿਲਾਂ ਹੀ ਉੱਭਰ ਜਾਂਦਾ ਹੈ ਅਤੇ ਇਹ ਆਦਰਸ਼ ਉਨ੍ਹਾਂ ਦੇ ਇਸ ਉੱਦਮ ਦੇ ਨਾਕਾਮ ਹੋਣ ਤੋਂ ਬਾਅਦ ਵੀ ਜਾਰੀ ਰਹਿੰਦਾ ਹੈ।' ਦੂਜੇ ਸ਼ਬਦਾਂ ਵਿਚ, ਇਸ ਆਦਰਸ਼ ਦੀ ਘਾੜਤ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਨੇ ਘੜੀ ਸੀ। ਸੰਨ 1716 ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਤੋਂ ਬਾਅਦ ਖ਼ਾਲਸੇ ਨੇ ਸਿਆਸੀ ਸ਼ਕਤੀ ਹਾਸਿਲ ਕਰਨ ਲਈ ਮੁਗ਼ਲਾਂ ਅਤੇ ਅਫ਼ਗਾਨਾਂ ਖਿਲਾਫ਼ ਲੰਮਾ ਸੰਘਰਸ਼ ਵਿੱਢਿਆ ਜੋ 1765 ਵਿਚ ਖ਼ਾਲਸਾ ਰਾਜ ਦੀ ਸਥਾਪਨਾ ਦੇ ਰੂਪ ਵਿਚ ਸਿਰੇ ਚੜ੍ਹਦਾ ਹੈ।

ਡਾ. ਗਰੇਵਾਲ ਇਹ ਗੱਲ ਜ਼ੋਰ ਦੇ ਕੇ ਆਖਦੇ ਹਨ ਕਿ ਸ਼ਹਾਦਤ ਦਾ ਆਦਰਸ਼ ਸਿੱਖ ਇਤਿਹਾਸ ਅਤੇ ਵਿਚਾਰਧਾਰਾ ਦੀ ਉਪਜ ਸੀ। ਇਸ ਲਈ 'ਇਹ ਆਦਰਸ਼ ਪ੍ਰਭੁਸੱਤਾ ਲਈ ਸੰਘਰਸ਼ ਦਾ ਅਟੁੱਟ ਅੰਗ ਬਣਿਆ ਰਿਹਾ ਹੈ।' ਇੱਥੇ ਵੀ ਡਾ. ਗਰੇਵਾਲ ਕੁਝ ਪੱਛਮੀ ਵਿਦਵਾਨਾਂ ਦੀਆਂ ਮਾਨਤਾਵਾਂ ਦਾ ਖੰਡਨ ਕਰਦੇ ਹਨ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਹੁ-ਪਰਤੀ ਵਿਰਾਸਤ ਦਾ ਖੁਲਾਸਾ ਵੀ ਕੀਤਾ ਹੈ ਅਤੇ ਇਹ ਦਰਜ ਕੀਤਾ ਹੈ ਕਿ ਅਠਾਰਵੀਂ ਸਦੀ ਦੇ ਅੰਤ ਤੱਕ ਖ਼ਾਲਸੇ (ਸਿੰਘ) ਦੀ ਪਛਾਣ 'ਮੁੱਖ ਸਿੱਖ ਪਛਾਣ' ਬਣ ਗਈ ਸੀ।

ਸਿੱਖ ਧਰਮ ਅਤੇ ਸਿੱਖ ਪਛਾਣ ਦੀ ਵਿਲੱਖਣਤਾ ਸਿੱਖ ਇਤਿਹਾਸ ਬਾਰੇ ਡਾ. ਗਰੇਵਾਲ ਦੀ ਸੋਝੀ ਦਾ ਮੂਲ ਹੈ। ਆਪਣੀ ਇਕ ਹੋਰ ਕਿਤਾਬ 'ਹਿਸਟਰੀ, ਲਿਟਰੇਚਰ ਐਂਡ ਆਇਡੈਂਟਿਟੀ: ਫੋਰ ਸੈਂਚਰੀਜ਼ ਆਫ ਸਿੱਖ ਟ੍ਰੈਡਿਸ਼ਨ' (2011) ਵਿਚ ਉਹ ਮੁਗ਼ਲ, ਸਿੱਖ ਅਤੇ ਬਸਤੀਵਾਦੀ ਸ਼ਾਸਨ ਕਾਲ ਦੇ ਚੌਂਦਾਂ ਸਿੱਖ ਖਰੜਿਆਂ ਦੇ ਗਹਿਗੱਚ ਵਿਸ਼ਲੇਸ਼ਣ ਰਾਹੀਂ ਆਪਣੇ ਇਸ ਤਰਕ ਨੂੰ ਦ੍ਰਿੜ੍ਹਾਉਂਦੇ ਹਨ। ਇਤਿਹਾਸਕ ਸੰਦਰਭ ਅਤੇ ਖਰੜਿਆਂ ਵਿਚਕਾਰ ਕਰੀਬੀ ਸਬੰਧ ਮੰਨਦਿਆਂ ਉਹ ਇਨ੍ਹਾਂ ਨਾਲ ਪੰਜ ਭਾਗਾਂ ਵਿਚ ਸਿੱਝਦੇ ਹਨ।

ਪਹਿਲਾ, ਗੁਰੂ ਨਾਨਕ ਦੇਵ ਜੀ ਦੁਆਰਾ ਸੋਚੇ ਸਮਝੇ ਤੌਰ 'ਤੇ ਇਕ ਨਵੇਂ ਧਰਮ ਦੀ ਅਭਿਵਿਅਕਤੀ ਅਤੇ ਉਨ੍ਹਾਂ ਤੋਂ ਬਾਅਦ ਦੇ ਚਾਰ ਗੁਰੂ ਸਾਹਿਬਾਨ ਦੀ ਨਵੀਂ ਵਿਵਸਥਾ ਦੀ ਸਚੇਤ ਵਿਆਖਿਆ। ਸਤਾਰਵੀਂ ਸਦੀ ਵਿਚ ਮੁਗ਼ਲ ਰਾਜ ਨਾਲ ਟਕਰਾਅ ਦੇ ਸੰਦਰਭ ਵਿਚ ਗੁਰੂ ਤੇਗ਼ ਬਹਾਦਰ ਜੀ ਅਤੇ ਭਾਈ ਗੁਰਦਾਸ ਜੀ ਨੇ ਵੱਖਰੀ ਪਛਾਣ 'ਤੇ ਜ਼ੋਰ ਦਿੱਤਾ ਅਤੇ ਭਾਈ ਗੁਰਦਾਸ ਨੇ ਇਸ ਨਵੇਂ ਪੰਥ ਲਈ 'ਨਿਰਮਲ ਪੰਥ' ਲਫ਼ਜ਼ਾਂ ਦੀ ਵਰਤੋਂ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਸਾਹਿਤ ਵਿਚ ਵੱਖਰੀ ਪਛਾਣ 'ਤੇ ਜ਼ੋਰ ਵਧ ਗਿਆ ਸੀ ਅਤੇ ਖ਼ਾਲਸੇ ਨੂੰ ਇਕ ਸਿਆਸੀ ਭਾਈਚਾਰੇ ਵਜੋਂ ਵੇਖਿਆ ਗਿਆ। ਸੰਨ 1700 ਦੇ ਨੇੜੇ-ਤੇੜੇ 'ਤੀਸਰ ਪੰਥ' ਦੀ ਵਰਤੋਂ ਸ਼ੁਰੂ ਹੋ ਗਈ ਅਤੇ ਸਿੱਖ ਰਾਜ ਕਾਲ ਦੇ ਸਾਹਿਤ ਵਿਚ ਇਸ ਦਾ ਇਸਤੇਮਾਲ ਹੁੰਦਾ ਰਿਹਾ ਸੀ।

ਇਸ ਕਿਤਾਬ ਦੇ ਪੰਜਵੇਂ ਤੇ ਆਖ਼ਰੀ ਹਿੱਸੇ ਵਿਚ ਡਾ. ਗਰੇਵਾਲ ਭਾਈ ਕਾਹਨ ਸਿੰਘ ਨਾਭਾ ਦੀ ਪੁਸਤਕ 'ਹਮ ਹਿੰਦੂ ਨਹੀਂ' (1898) ਦਾ ਵਿਸ਼ਲੇਸ਼ਣ ਕਰਦਿਆਂ ਕਹਿੰਦੇ ਹਨ ਕਿ ਨਾਭਾ ਦੀ ਦਲੀਲ ਵਡੇਰੇ ਰੂਪ ਵਿਚ ਪੁਰਾਤਨ ਸਿੱਖ ਸਾਹਿਤ 'ਤੇ ਆਧਾਰਿਤ ਹੈ। ਉਨ੍ਹਾਂ ਦੀ ਤਰ੍ਹਾਂ ਹੀ, ਸਿੰਘ ਸਭਾ ਦੇ ਹੋਰਨਾਂ ਆਗੂਆਂ ਨੇ ਆਪਣੇ ਸਿਧਾਂਤ, ਸਰੋਕਾਰ ਅਤੇ ਸਵੈ-ਅਕਸ ਸਿੱਖ ਰਵਾਇਤਾਂ ਤੋਂ ਹਾਸਲ ਕੀਤੇ ਸਨ। ਦੂਜੇ ਸ਼ਬਦਾਂ ਵਿਚ, ਸਿੰਘ ਸਭਾ ਲਹਿਰ ਦੀ ਵਿਚਾਰਧਾਰਾ ਬਸਤੀਵਾਦੀ ਰਾਜ ਦੀ ਉਪਜ ਨਹੀਂ ਸੀ। ਡਾ. ਗਰੇਵਾਲ ਦਾ ਕਹਿਣਾ ਹੈ ਕਿ 'ਭਾਈ ਕਾਹਨ ਸਿੰਘ ਨਾਭਾ ਵੱਲੋਂ ਸਿੱਖਾਂ ਨੂੰ ਇਕ ਕੌਮ ਵਜੋਂ ਵੱਖਰੀ ਪਛਾਣ 'ਤੇ ਜ਼ੋਰ ਦੇਣਾ ਬਸਤੀਵਾਦੀ ਸਥਿਤੀ ਵਿਚ ਨਵੀਂ ਗੱਲ ਸੀ; ਇਹ ਉਨ੍ਹਾਂ ਨੂੰ ਭਾਰਤੀ ਰਾਸ਼ਟਰ ਦੇ ਅਟੁੱਟ ਅੰਗ ਵਜੋਂ ਸਿਆਸੀ ਸ਼ਕਤੀ ਵਿਚ ਹਿੱਸੇਦਾਰ ਬਣਾਉਂਦੀ ਸੀ।'

ਅਖੀਰ ਵਿਚ ਡਾ. ਗਰੇਵਾਲ ਦੱਸਦੇ ਹਨ ਕਿ ਮੁੱਢਲੀ ਸਿੱਖ ਪਛਾਣ ਜਿੰਨੀ ਹੋਰਨਾਂ (ਹਿੰਦੂ ਅਤੇ ਮੁਸਲਮਾਨ ਦੋਵੇਂ) ਤੋਂ ਵਸਤੂਗਤ ਵਖਰੇਵਿਆਂ 'ਤੇ ਟਿਕੀ ਹੋਈ ਸੀ, ਓਨੀ ਹੀ ਸਿੱਖਾਂ ਦੀ ਆਪਣੀ ਵਿਲੱਖਣਤਾ ਦੀ ਚੇਤਨਤਾ ਉੱਪਰ ਵੀ ਆਧਾਰਿਤ ਸੀ। ਇਸ ਤੋਂ ਇਲਾਵਾ ਮੱਧ ਕਾਲ ਵਿਚ ਪਾਰਸੀ, ਮੁਸਲਿਮ ਅਤੇ ਹਿੰਦੂ ਪ੍ਰੇਖਕ ਸਿੱਖਾਂ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਤੋਂ ਵੱਖਰੇ ਤੌਰ 'ਤੇ ਲੈਂਦੇ ਸਨ।

ਡਾ. ਗਰੇਵਾਲ ਦੀ ਬਹੁਤ ਪੜ੍ਹੀ ਗਈ ਕਿਤਾਬ 'ਸਿੱਖਸ ਆਫ ਦਿ ਪੰਜਾਬ' (ਨਿਊ ਕੈਂਬਰਿਜ ਹਿਸਟਰੀ ਆਫ ਇੰਡੀਆ, 2017) ਉਨ੍ਹਾਂ ਦੀ ਇਸ ਪੁਜ਼ੀਸ਼ਨ ਦਾ ਢੁਕਵਾਂ ਬਿਆਨ ਹੈ। ਉਂਝ, ਸਿੱਖ ਇਤਿਹਾਸ ਵਿਚ ਉਨ੍ਹਾਂ ਦਾ ਯੋਗਦਾਨ ਇਸ ਤੋਂ ਕਿਤੇ ਜ਼ਿਆਦਾ ਹੈ। ਆਪਣੀਆਂ ਕਿਤਾਬਾਂ ਵਿਚ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਬੁਨਿਆਦੀ ਸਰੋਕਾਰਾਂ ਬਾਰੇ ਬਹਿਸਾਂ ਦਾ ਮੁਲਾਂਕਣ ਕੀਤਾ ਹੈ (1997, 1998, 2011); ਗੁਰੂ ਨਾਨਕ ਦੇਵ ਜੀ ਪ੍ਰਤੀ ਪੱਛਮੀ ਵਿਦਵਤਾ ਦੇ ਤੁਅੱਸਬਾਂ ਨੂੰ ਬੇਪਰਦ ਕੀਤਾ ਹੈ (1992); ਸਿੱਖਾਂ ਬਾਰੇ ਇਤਿਹਾਸਕ ਲਿਖਤਾਂ ਦੀ ਘੋਖ ਕੀਤੀ ਹੈ (2012); ਗੁਰੂ ਤੇਗ਼ ਬਹਾਦਰ ਜੀ ਬਾਰੇ ਫ਼ਾਰਸੀ ਹਵਾਲਿਆਂ 'ਤੇ ਕਿੰਤੂ ਕੀਤਾ ਹੈ (1976); ਪ੍ਰਮੁੱਖ ਸਿੱਖ ਅਤੇ ਗ਼ੈਰ-ਸਿੱਖ ਸਰੋਤਾਂ ਦਾ ਵਿਸ਼ਲੇਸ਼ਣ ਕੀਤਾ ਹੈ (2001, 2004, 2009); ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਹੈ (2009); ਅਠਾਰਵੀਂ ਸਦੀ ਦੀ ਸਿੱਖ ਰਾਜ-ਵਿਵਸਥਾ ਦੀ ਵਿਸ਼ੇਸ਼ਤਾ 'ਤੇ ਨਵੀਂ ਰੌਸ਼ਨੀ ਪਾਈ ਹੈ (2007); ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਇਕ ਮੁਕੰਮਲ ਤਸਵੀਰ ਪੇਸ਼ ਕੀਤੀ ਹੈ (1987, 2001); ਅਕਾਲੀ ਲਹਿਰ ਦੇ ਇਤਿਹਾਸ ਦੀਆਂ ਪੈੜਾਂ ਦੀ ਨਿਸ਼ਾਨਦੇਹੀ ਕੀਤੀ ਹੈ (1996); ਅਤੇ ਮਾਸਟਰ ਤਾਰਾ ਸਿੰਘ (2017) ਤੇ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ (2018) ਨੂੰ ਨਵੇਂ ਇਤਿਹਾਸਕ ਪਰਿਪੇਖ ਵਿਚ ਪੇਸ਼ ਕੀਤਾ।

ਡਾ. ਗਰੇਵਾਲ ਦਾ ਕਾਰਜ ਸਿੱਖ ਇਤਿਹਾਸ ਦੀ ਜਟਿਲਤਾ, ਵਿਸ਼ੇਸ਼ਤਾ ਅਤੇ ਵਿਰਾਟਤਾ ਨੂੰ ਉਭਾਰਦਾ ਹੈ। ਉਂਝ, ਉਨ੍ਹਾਂ ਦਾ ਕਹਿਣਾ ਹੈ ਕਿ 'ਸਪੇਸ, ਵਸੋਂ ਦੇ ਆਕਾਰ ਅਤੇ ਵੰਨ-ਸੁਵੰਨਤਾ ਦੇ ਲਿਹਾਜ਼ ਤੋਂ ਖੇਤਰੀ ਇਤਿਹਾਸ ਵਿਚ ਹੋਰ ਵੀ ਬਹੁਤ ਕੁਝ ਸ਼ਾਮਲ ਹੈ।' ਉਨ੍ਹਾਂ ਸ਼ੁਰੂਆਤੀ ਸਮਿਆਂ ਤੋਂ ਲੈ ਕੇ ਵਰਤਮਾਨ ਤੱਕ ਪੰਜਾਬ ਖਿੱਤੇ ਦੇ ਇਤਿਹਾਸ ਦਾ ਵੀ ਅਧਿਐਨ ਕੀਤਾ ਹੈ। ਡਾ. ਗਰੇਵਾਲ ਨੇ ਭਾਰਤੀ ਇਤਿਹਾਸ ਦੇ ਸੰਦਰਭ ਵਿਚ ਖੇਤਰੀ ਇਤਿਹਾਸ 'ਚ ਵੀ ਮਹੱਤਵਪੂਰਨ ਯੋਗਦਾਨ ਦਿੱਤਾ ਹੈ ਜੋ ਇਕ ਅਲੱਗ ਲੇਖ ਦਾ ਵਿਸ਼ਾ ਹੋ ਸਕਦਾ ਹੈ।

# ਅਸੀਂ, ਪਿੰਡੋ ਜ਼ਰੂਰ ਨਿਕਲੇ ਹਾਂ, ਪਰ ਸਾਡੇ ਅੰਦਰੋਂ ਪਿੰਡ ਨਹੀਂ ਨਿਕਲਿਆ

ਲਾਗਲੇ ਸ਼ਹਿਰ ਟਰੇਸੀ ਵਿਚ ਬੀਤੇ ਦਿਨੀਂ 'ਪਿੰਡ ਜਾਜਾ' ਦੇ ਜੰਮਪਲ ਤੇ ਉਨ੍ਹਾਂ ਸਾਰੇ ਪਰਿਵਾਰਾਂ ਨੂੰ ਇਕੱਠੇ ਕਰ 'ਪਿੰਡ ਵਾਸੀਆਂ ਦੀ ਮਿਲਣੀ' ਦਾ ਸਬੱਬ ਬਣਾਇਆ। ਕੈਲੇਫੋਰਨੀਆ ਵਿਚ ਵਸਦੇ ਸਾਰੇ ਪਰਿਵਾਰਾਂ ਨੂੰ, ਸੱਦਾ ਦਿੱਤਾ।

ਕੋਈ ਦੋ-ਤਿੰਨ ਪਰਿਵਾਰਾਂ ਦੀਆਂ ਮਜਬੂਰੀਆਂ ਨੂੰ ਛੱਡ, ਲਗਭਗ ਸਾਰੇ ਕੋਈ ਢਾਈ ਕੁ ਸਾਲ ਦੇ ਬੱਚੇ ਤੋਂ ਲੈ ਕੇ, ਪਿੰਡ ਦੇ 82 ਸਾਲਾਂ ਤੱਕ ਦੇ ਬਜ਼ੁਰਗਾਂ ਨੇ ਇਸ ਮਿਲਣੀ ਵਿਚ ਸ਼ਮੂਲੀਅਤ ਕੀਤੀ। 70-75 ਸਾਲ ਦੇ ਕਈ ਬਜ਼ੁਰਗ ਅਤੇ ਬੀਬੀਆਂ ਕੋਈ ਦਹਾਕੇ, ਦੋ ਦਹਾਕੇ ਤੋਂ ਬਾਅਦ ਇੱਕ ਦੂਜੇ ਨੂੰ ਮਿਲੇ ਅਤੇ ਪਿੰਡ ਦੀਆਂ ਯਾਦਾਂ ਤਾਜ਼ਾ ਕੀਤੀਆਂ।



ਪਿੰਡ ਦੀਆਂ, ਹੱਟੀਆਂ, ਭੱਠੀਆਂ, ਛੱਪੜਾਂ, ਟੋਭਿਆਂ, ਗਲੀਆਂ, ਮੋੜਾਂ, ਖੇਤਾਂ, ਬੰਬੀਆਂ ਨੂੰ ਯਾਦ ਕੀਤਾ। ਕੋਈ ਚਾਰ ਕੁ ਘੰਟੇ, ਸਭ ਨੇ ਆਪਣੇ-ਆਪ ਨੂੰ ਪਿੰਡ ਦੀਆਂ ਗਲੀਆਂ ਵਿਚ ਵਿਚਰਦਿਆਂ ਮਹਿਸੂਸ ਕੀਤਾ। ਪਿੰਡੋਂ ਆਏ ਨਵੇਂ ਜੁਆਕਾਂ ਨੂੰ, ਪਿੰਡੋਂ ਲੰਬਾ ਅਰਸਾ ਪਹਿਲਾਂ ਪਰਵਾਸ ਕਰ ਚੁੱਕੇ ਬਜ਼ੁਰਗਾਂ ਨਾਲ ਮਿਲਾਇਆ।

ਬੜਾ ਹੀ ਪਿਆਰਾ ਤਜਰਬਾ ਰਿਹਾ। ਅਗਲੇ ਸਾਲ, ਮਹਾਰਾਜ ਨੇ ਸਾਹ ਬਖ਼ਸ਼ੇ ਤਾਂ, ਫਿਰ ਉਪਰਾਲਾ ਕਰਾਂਗੇ, ਤਾਂਕਿ ਰਲ ਮਿਲ, ਸਿਰ ਜੋੜ, ਪਿੰਡ ਦੀ ਤਰੱਕੀ ਲਈ ਕੋਈ ਯੋਗਦਾਨ ਪਾਇਆ ਜਾ ਸਕੇ।

ਪਿੰਡ ਦੇ ਸਾਰੇ ਸੱਜਣਾਂ, ਡਾ. ਅੰਮ੍ਰਿਤਪਾਲ, ਅਮਨਦੀਪ, ਰਮਨਦੀਪ, ਸੰਨੀ, ਅਮਨ, ਗੋਲਡੀ, ਰਾਜਵੀਰ ਨੇ ਇਹ ਮਾਹੌਲ ਸਿਰਜਣ ਵਿੱਚ ਬੜਾ ਵੱਡਾ ਯੋਗਦਾਨ ਪਾਇਆ। ਸਾਰੇ ਹੀ ਪਰਿਵਾਰਾਂ ਤੇ ਪ੍ਰਬੰਧਕ ਸੱਜਣਾਂ ਨੂੰ ਦਿਲੋਂ ਦੁਆਵਾਂ।

Imperial Spices Tracy ਦੇ ਵੀਰ ਕਮਲ ਸਿੱਧੂ, ਵਲੋਂ ਬੜੇ ਹੀ ਪਿਆਰ ਨਾਲ, ਖਾਣੇ ਤੇ ਚਾਹ ਪਾਣੀ ਦੀ ਸੇਵਾ ਕੀਤੀ ਗਈ। ਬਿਨਾਂ ਸ਼ੱਕ, ਖਾਣੇ ਵਿਚ ਸੁਆਦ ਅਤੇ ਪਿਆਰ ਦਾ ਨਿੱਘ ਮਹਿਸੂਸ ਕੀਤਾ ਜਾ ਰਿਹਾ ਸੀ। ਕਮਲ ਜੀ ਦਾ ਮਹਿਮਾਨ ਨਿਵਾਜ਼ੀ ਲਈ ਸ਼ੁਕਰੀਆ!

*-ਰਾਜਿੰਦਰ ਸਿੰਘ ਟਾਂਡਾ*

# ਸੀਤਾ ਹਰਨ

ਗਲੀਆਂ-ਬਾਜ਼ਾਰਾਂ ਵਿਚ ਅੱਜ-ਕੱਲ੍ਹ ਬਹੁਤ ਗਹਿਮਾ-ਗਹਿਮੀ ਹੈ, ਬਹੁਤ ਰੌਣਕ ਹੈ। ਦਸਹਿਰੇ ਦੇ ਦਿਨ ਹੋਣ ਕਰਕੇ ਹਰ ਬੱਚੇ ਬੁੱਢੇ ਦੇ ਮਨ ਵਿਚ ਭਾਰੀ ਚਾਅ ਤੇ ਉਤਸ਼ਾਹ ਹੈ।

ਬਾਜ਼ਾਰ ਵਿਚ ਹਰ ਰੋਜ਼ ਰਾਮ ਲੀਲ੍ਹਾ ਦੀ ਨਵੀਂ ਤੋਂ ਨਵੀਂ ਰਵਾਇਤੀ ਝਾਕੀ ਗੁਜ਼ਰਦੀ ਹੈ। ਲੋਕ ਬੜੀ ਸ਼ਰਧਾ ਨਾਲ ਵੇਖਦੇ ਤੇ ਬਣਿਆ ਸਰਿਆ ਦਾਨ-ਪੁੰਨ ਦਿੰਦੇ ਤੇ ਆਪਣੀ ਕਮਾਈ ਸਫਲ ਕਰਦੇ ਹਨ।

ਅੱਜ ਪਹਿਲਾਂ ਤੋਂ ਵੱਧ ਦਿਲਚਸਪ ਝਾਕੀ ... ਇਕ ਜੀਪ 'ਤੇ ਸਵਾਰ ਸੀਤਾ-ਰਾਮ ਕਾਰ ਅੰਦਰ ਬੰਦ ਹੈ। ਦੂਜੀ ਪਿਛਲੀ ਜੀਪ 'ਤੇ ਸਵਾਰ ਇਕ ਕਾਲਾ, ਮੋਟਾ ਹੱਟਾ-ਕੱਟਾ ਰਾਵਣ ਚਿੱਟੇ-ਚਿੱਟੇ ਡੇਲੇ ਕੱਢੀ... ਇੱਧਰ ਉਧਰ ਝਾਕਦਾ, ਗਿੱਠ ਲੰਮੀ ਜ਼ੁਬਾਨ ਕੱਢ ਕੇ ਲੋਕਾਂ ਦਾ ਮਨੋਰੰਜਨ ਕਰ ਰਿਹਾ ਹੈ। ਲੋਕ ਉਸ ਨੂੰ ਵੀ ਮੱਥਾ ਟੇਕਦੇ, ਸਿਰ ਨਿਵਾਉਂਦੇ ਤੇ ਪੈਸੇ ਚੜ੍ਹਾਉਂਦੇ ਹਨ।



ਚਰਨਜੀਤ ਸਿੰਘ ਪੰਨੂ
ਫੋਨ: 408-608-4961

ਝਾਕੀ ਦੇ ਅੱਗੇ ਹਨੂੰਮਾਨ ਲੰਮੀ ਪੂਛ ਫੈਲਾਉਂਦਾ, ਹੱਥ ਵਿਚ ਗੁਰਜ ਉਠਾਉਂਦਾ, ਕਦੇ ਇੱਧਰ ਦੁੜਕੀ ਮਾਰਦਾ, ਕਦੇ ਉਧਰ ਟਪੂਸੀ ਜਿਹੀ ਲਗਾਉਂਦਾ, ਗੁਰਜ ਉਲਾਰਦਾ ਨਿਆਣਿਆਂ ਨੂੰ ਪਰੇ ਦੂਰ ਧੱਕ ਲਿਜਾਉਂਦਾ ਹੈ। ਕਈ ਹੋਰ ਖੁੱਲ੍ਹੀਆਂ ਜੀਪਾਂ, ਕਾਰਾਂ, ਟਰੈਕਟਰਾਂ 'ਤੇ ਸਵਾਰ ਸ਼ਹਿਰ ਦੇ ਲੀਡਰ-ਨੁਮਾ ਪਤਵੰਤੇ ਸੱਜਣ ਸਿਰ ਹਿਲਾਉਂਦੇ ਆਸੇ-ਪਾਸੇ ਖੜ੍ਹੀ ਭੀੜ ਦਾ ਹੱਥ ਜੋੜ ਕੇ ਸਵਾਗਤ ਕਰਦੇ, ਆਪਣੀ ਹਾਜ਼ਰੀ ਲਵਾਉਂਦੇ ਧੰਨਵਾਦ ਕਰ ਰਹੇ ਵੋਟਾਂ ਨੇੜੇ ਹੋਣ ਦਾ ਸੰਕੇਤ ਦੇ ਰਹੇ ਹਨ।

'ਅੱਜ ਸੀਤਾ ਹਰਨ ਹੋਵੇਗੀ... ਅੱਜ ਸੀਤਾ ਹਰਨ ਹੋਣੀ ਹੈ। ਸੀਤਾ ਮਾਤਾ ਦੇ ਦਰਸ਼ਨ ਕਰਨ ਲਈ ਸਾਰੇ ਹੁੰਮ-ਹੁਮਾ ਕੇ ਪਹੁੰਚੋ। ਰਾਮ ਲੀਲ੍ਹਾ ਮੈਦਾਨ ਵਿਚ ਅੱਜ ਰਾਵਣ ਨੇ ਸੀਤਾ ਹਰਨ ਕਰਨੀ ਹੈ...।' ਉੱਚੇ ਲੰਮੇ ਬਾਂਸਾਂ 'ਤੇ ਟੰਗਿਆ ਨਾਲ ਨਾਲ ਤੁਰਦਾ ਇਕ ਮਨੁੱਖ ਜੌਕਰ ਵਾਂਗ ਹੱਥ ਵਿਚ ਮਾਈਕ ਫੜੀ ਉੱਚੀ-ਉੱਚੀ ਪੁਕਾਰ ਰਿਹਾ ਹੈ।

ਉਸ ਦਾ ਫੁਰਮਾਣ ਸੁਣ ਕੇ ਝਾਕੀ ਨਾਲ ਜਾਂਦਾ ਇਕ ਲਾਕੜੀ ਤਾੜੀ ਮਾਰ ਕੇ ਲੋਕਾਂ ਨੂੰ ਤਾੜੀ ਮਾਰਨ ਦਾ ਇਸ਼ਾਰਾ ਕਰਦਾ ਹੈ। ਨਾਲ ਨਾਲ ਇਲਾਕੇ ਦੀ ਮਸ਼ਹੂਰ ਬੈਂਡ-ਪਾਰਟੀ ਇਸ ਵਿਗਿਆਪਨ ਦਾ ਬੈਂਡ ਦੀਆਂ ਧੁਨਾਂ ਨਾਲ ਵਿਖਿਆਨ ਕਰ ਰਹੀ ਹੈ।

'ਸ਼ਰਮ ਕਰੋ ਓ ਭਾਈ! ਸ਼ਰਮ ਕਰੋ। ਅਜੇ ਥੱਕੇ ਨਹੀਂ ਤੁਸੀਂ!... ਰਾਮ ਸੀਤਾ ਦੇ ਇਸ ਦੇਸ਼ ਵਿਚ ਕਿੰਨੀਆਂ ਸੀਤਾ ਨਿੱਤ ਦਿਨ ਹਰਨ ਹੁੰਦੀਆਂ ਨੇ, ਕਿੰਨੀਆਂ ਨੰਗੀਆਂ ਕਰ ਕੇ ਸੜਕਾਂ 'ਤੇ ਰੋਲੀਆਂ ਜਾਂਦੀਆਂ ਹਨ! ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਨੇ, ਮਨੀਪੁਰ ਵਿਚ, ਦਿੱਲੀ ਵਿਚ, ਅਯੁੱਧਿਆ ਵਿਚ ਤੇ ਹੋਰ ਮੰਦਰ ਮਸੀਤਾਂ ਵਿਚ... ਹਰ ਥਾਂ ਕਿੰਨੀਆਂ ਅਗਵਾ ਹੁੰਦੀਆਂ ਨਗਨ ਕੀਤੀਆਂ ਅਗਨ ਭੇਟ ਚੜ੍ਹਦੀਆਂ ਨੇ।'

ਜਲੂਸ ਵਿਚ ਇਕ ਦਮ ਹਲਚਲ ਜਿਹੀ ਮੱਚ ਜਾਂਦੀ ਹੈ। ਇਕ ਪਾਟੀਆਂ ਪੁਰਾਣੀਆਂ ਲੀਰਾਂ ਨਾਲ ਸਜਿਆ ਸੰਵਰਿਆ ਅਧਖੜ ਆਦਮੀ, ਇੱਧਰ ਉੱਧਰ ਦੌੜਦਾ, ਪਾਗਲਾਂ ਵਾਂਗ ਚਿਲਾਉਣ ਲੱਗਦਾ ਚਿਲਕਾਉਣ ਦੀ ਤਵੱਜੋ ਖਿੱਚਦਾ ਹੈ।

'ਮੈਂ ਸੀਤਾ ਹਰਨ ਨਹੀਂ ਹੋਣ ਦੇਣੀ... ਮੈਂ ਸੀਤਾ ਹਰਨ ਨਹੀਂ ਹੋਣ ਦੇਣੀ...।' ਉਹ ਹਿੱਕ ਥਾਪੜਦਾ ਹੈ।

ਹੱਥ ਵਿਚ ਤੂਤ ਦੀ ਛੋਟੀ ਜਿਹੀ ਚਾਬਕ ਫੜੀ... ਪਗਲਿਆਂ ਵਾਂਗ ਨੱਚਦਾ ਟੱਪਦਾ... ਕਦੇ ਹਨੂੰਮਾਨ ਦੀ ਪੂਛ ਨੂੰ ਜਾ ਛੇੜਦਾ ਤੇ ਕਦੇ ਰਾਵਣ ਦੀ ਜੀਪ ਲਾਗੇ ਆ ਕੇ ਉੱਧਰ ਸੋਟੀ ਉਲਾਰਦਾ, ਰਾਵਣ ਨੂੰ ਡਰਾ ਦਿੰਦਾ ਹੈ।

'ਓ ਹਨੂੰਮਾਨ ਭਾਈ! ਤੈਨੂੰ ਤਾਂ ਸੀਤਾ ਮਾਤਾ ਦੀ ਰਾਖੀ ਲਈ ਭੇਜਿਆ ਸੀ ਮੇਰੇ ਤੇਰੇ ਰਾਮ ਨੇ! ਭੁੱਲ ਗਿਐਂ ਆਪਣਾ ਕਰਤੱਵ! ਤੂੰ ਉਹਨੂੰ ਹਰਨ ਕਰਨ ਦੇਵੇਂਗਾ? ਕੀ ਕਹਾਂ ਮੈਂ ਤੈਨੂੰ! ਇਹ ਤੇਰੇ ਸਾਹਮਣੇ ਸੀਤਾ ਹਰਨ ਲਈ ਵੰਗਾਰ ਰਹੇ ਨੇ ਤੇ ਤੂੰ ਬਾਂਦਰ ਟਪੂਸੀਆਂ ਮਾਰਦਾ ਖੁਸ਼ੀਆਂ ਮਨਾ ਰਿਹਾ ਹੈਂ... ਤੂੰ ਵੀ ਰਾਵਣ ਨਾਲ ਜਾ ਮਿਲਿਆ ਫੋਕੀ ਚੌਧਰ ਖਾਤਰ ਜਾਂ ਚੰਦ ਟਕਿਆਂ ਵਾਸਤੇ! ਲਾਹਨਤ! ਲੋਕ ਤੇਰਾ ਮਜ਼ਾਕ ਉਡਾ ਰਹੇ ਨੇ! ਮੈਂ ਤੈਨੂੰ ਵੀ ਵੰਗਾਰਦਾ ਹਾਂ।'

'ਮਾਤਾ ਜੀ, ਭੈਣ ਜੀ, ਭਰਜਾਈ ਜੀ! ਮੈਂ ਆ ਗਿਆ ਹਾਂ...ਤੁਸੀਂ ਨਿਸ਼ਚਿੰਤ ਹੋ ਕੇ ਆਰਾਮ ਕਰੋ। ਜੇ ਇਹ ਹਨੂੰਮਾਨ ਵੀ ਰਾਵਣ ਨਾਲ ਮਿਲ ਕੇ ਨਮਕ ਹਰਾਮੀ ਗ਼ੱਦਾਰੀ ਕਰਨਾ ਚਾਹੁੰਦਾ ਹੈ ਤਾਂ ਤਾਂ ਮੈਂ ਤੁਹਾਡੀ ਰਾਖੀ ਕਰਾਂਗਾ। ਹਰਨ ਹੋ ਜਾਣ ਦਾ ਤੌਖਲਾ ਦਿਲੋਂ ਕੱਢ ਦਿਓ... ਜੈ ਮਾਤਾ ਦੀ...।' ਉਹ ਬੜੇ ਨਿੰਘੇ ਅਦਬ ਨਾਲ ਮਾਤਾ ਸੀਤਾ ਪਾਤਰ ਦੇ ਪੈਰ ਚੁੰਮਦਾ ਹੈ... ਸਿਰ ਨਿਵਾਉਂਦਾ ਹੈ। ਉਸ ਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਟਪਕਣ ਲੱਗੇ ਨੇ।

'ਸੁਣ ਓਏ ਕੁਬਰਿਆ ਜਿਹਿਆ, ਝੁੱਡੂਆ ਜਿਹਿਆ ਮਾਨਾ! ਆਪਣੇ ਆਪ ਨੂੰ ਬਲਵਾਨ ਕਹਿੰਦੋਂ? ਇਹ ਐਡੇ ਵੱਡੇ ਵਿਦਵਾਨ ਦਾ ਨਕਾਬ ਪਹਿਨੀ ਬਿਗਾਨੀ ਇਸਤਰੀ ਨੂੰ ਉਧਾਲਣ ਆਇਆ? ਮੈਂ ਖ਼ਤਮ ਕਰ ਦਿਆਂਗਾ ਤੇਰੇ ਇਹ ਸਾਰੇ ਮਨਸੂਬੇ, ਉਤਾਰ ਦਿਆਂਗਾ ਤੇਰਾ ਇਹ ਝੂਠਾ ਨਕਾਬ! ਨਿਕਲ ਜਾਂ ਇੱਥੋਂ ਛੱਡ ਜਾਹ ਇਹ ਸਤੀ ਸਵਿੱਤਰੀ ਦੀ ਪਵਿੱਤਰ ਜੂਹ। ਆਪਣੀ ਜਾਨ ਬਚਾ ਕੇ ਭੱਜ ਜਾਹ ਛੱਡ ਦੇਹ ਇਹ ਭੈੜੇ ਕੰਮ। ਲਾਹਨਤ ਹੈ ਤੇਰੀ ਬਲਵਾਨੀ 'ਤੇ, ਵਿਦਵਾਨੀ 'ਤੇ। ਹੁਣ ਸੀਤਾ ਮਾਤਾ ਰਾਮ ਕਾਰ ਵਿਚ ਕੈਦ ਨਹੀਂ ਰਹੇਗੀ। ਬਾਹਰ ਖੁੱਲ੍ਹੀ ਉੱਡੇਗੀ ਖੁੱਲ੍ਹੇ ਅਸਮਾਨਾਂ ਵਿਚ ਤੇ ਤੂੰ ਉਸ ਨੂੰ ਹੱਥ ਨਹੀਂ ਲਾ ਸਕੇਂਗਾ। ਮੈਂ



ਕੱਢ ਦਿਆਂਗਾ ਤੇਰੇ ਭੈੜੀਆਂ ਨਜ਼ਰਾਂ ਵਾਲੇ ਡੇਲੇ, ਭੰਨ ਦਿਆਂਗਾ ਤੇਰੀਆਂ ਬਾਂਹਾਂ! ਸਾੜ ਦਿਆਂਗਾ ਤੇਰੀ ਸੋਨੇ ਦੀ ਲੰਕਾ।'

ਉਹ ਜ਼ੋਰ ਦੇ ਝਟਕੇ ਨਾਲ ਸੋਟੀ ਰਾਵਣ ਵੱਲ ਉਲਾਰਦਾ ਹੈ। ਰਾਵਣ ਲੜਖੜਾਉਂਦਾ ਜੀਪ ਤੋਂ ਥੱਲੇ ਡਿਗਦਾ ਬਚਾਓ ਬਚਾਓ ਪੁਕਾਰਦਾ ਹੈ।

'ਐ ਤਮਾਸ਼ਬੀਨ ਸੁਣੋ! ਮਹੱਲੇ ਵਾਲਿਓ ਸੁਣੋ! ਦੇਸ਼ ਵਾਲਿਓ ਸੁਣੋ! ਰਾਵਣ ਦੇ ਸਾਥੀਓ ਸਰਨਾਵੀਓਂ ਸੁਣੋ, ਮੈਂ ਹਿੱਕ ਥਾਪੜ ਕੇ ਕਹਿੰਦਾ ਹਾਂ, ਮੈਂ ਸੀਤਾ ਹਰਨ ਨਹੀਂ ਹੋਣ ਦਿਆਂਗਾ। ਅਣਖਾਂ ਵਾਲਿਓ ਬਾਹਰ ਨਿਕਲੋ! ਛੱਡ ਦਿਓ ਰਜਾਈਆਂ ਖੇਸ। ਅੱਜ ਸੀਤਾ ਹਰਨ ਹੋਣੀ ਜੇ। ਸੀਤਾ ਮੇਰੀ ਮਾਤਾ ਹੈ, ਮੇਰੀ ਮਾਂ ਨੂੰ ਕੋਈ ਹਰਨ ਨਹੀਂ ਕਰ ਸਕਦਾ। ਮੇਰੀ ਸੀਤੋ ਨੂੰ ਕੋਈ ਨਹੀਂ ਲਿਜਾ ਸਕਦਾ, ਮੈਂ ਇਹ ਨਹੀਂ ਹੋਣ ਦਿਆਂਗਾ...। ਸੀਤਾ ਮੇਰੀ ਮਾਂ ਹੈ, ਭਰਜਾਈ ਹੈ ਮਾਂ ਵਰਗੀ, ਸੀਤਾ ਮੇਰੀ ਭੈਣ ਹੈ। ਕੌਣ ਜੰਮਿਆ ਹੈ ਉਸ ਨੂੰ ਉਧਾਲਣ ਵਾਲਾ! ਮੈਂ ਉਸ ਨੂੰ ਨਹੀਂ ਲਿਜਾਣ ਦਿਆਂਗਾ, ਨਹੀਂ ਹਰਨ ਹੋਣ ਦਿਆਂਗਾ। ਜਿੰਨਾ ਚਿਰ ਮੇਰੀਆਂ ਬਾਂਹਾਂ ਵਿਚ ਜ਼ੋਰ ਹੈ...ਜਿੰਨਾ ਚਿਰ ਮੇਰੀਆਂ ਰਗਾਂ ਵਿਚ ਖ਼ੂਨ ਹੈ...ਮੈਂ ਕਿਸੇ ਧੀ ਭੈਣ ਨਾਲ ਅਜੇਹਾ ਨਾਜਾਇਜ਼ ਦੁਰਵਿਹਾਰ ਨਹੀਂ ਹੋਣ ਦਿਆਂਗਾ।' ਉਹ ਬਾਂਹਾਂ ਫੈਲਾਉਂਦਾ ਡੌਲੇ ਦਿਖਾਉਂਦਾ ਅਸਲੀ ਰੂਪ ਵਿਚ ਉਜਾਗਰ ਹੁੰਦਾ ਹੈ।

ਹਨੂੰਮਾਨ ਬੇਵੱਸ ਜਿਹਾ ਹੋ ਕੇ ਪਾਸੇ ਬਚਣ ਲਗਦਾ ਹੈ। ਰਾਵਣ ਦਾ ਮੱਚ ਮਰ ਜਾਂਦਾ ਹੈ। ਉਸ ਦਾ ਨਕਲੀ ਦਸ-ਸਿਰਾ ਮੁਕਟ ਡਿੱਗੂੰ-ਡਿੱਗੂੰ ਕਰਦਾ ਲੜਖੜਾਉਂਦਾ ਹੇਠਾਂ ਡਿਗ ਪੈਂਦਾ ਹੈ। ਉਹ ਆਸੇ ਪਾਸੇ ਦੇਖਦਾ ਬਚਾਓ-ਬਚਾਓ ਮਦਦ ਲਈ ਪੁਕਾਰ ਰਿਹਾ ਹੈ।

ਪਤਵੰਤੇ ਸੱਜਣ ਪੁਲਿਸ ਵੱਲ ਸਵਾਲੀਆ ਨਜ਼ਰਾਂ ਨਾਲ ਝਾਕਦੇ ਹਨ, 'ਕੌਣ ਹੈ ਇਹ ਸਿਰ ਫਿਰਿਆ? ਫੜੋ ਇਹਨੂੰ ਦਿਓ ਅੰਦਰ।'

ਸਿਪਾਹੀ ਦੌੜਦੇ ਅੱਗੇ ਆਉਂਦੇ ਘੇਰਾ ਪਾ ਕੇ ਉਸ ਨੂੰ ਹੱਥਕੜੀਆਂ ਵਿਚ ਜਕੜ ਲੈਂਦੇ ਕੇ ਥਾਣੇ ਨੂੰ ਲੈ ਤੁਰਦੇ ਹਨ।

'ਇਹਦੇ ਬਾਹਰ ਰਹਿਣ ਨਾਲ ਅਮਨ-ਕਾਨੂੰਨ ਨੂੰ ਖ਼ਤਰਾ ਹੈ। ਇਹ ਸ਼ਾਂਤਮਈ ਜਲੂਸ ਵਿਚ ਖਲਲ ਮਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।'

ਪਰ ਉਹ ਚਿੱਲਾ ਰਿਹਾ ਹੈ, ਚਿਲਾਈ ਜਾਂਦਾ ਹੈ।

'ਮੈਂ ਹੁਣ ਸੀਤਾ ਹਰਨ ਨਹੀਂ ਹੋਣ ਦਿਆਂਗਾ, ਹੁਣ ਕੋਈ ਰੜਾ-ਰਾਵਣ ਸੀਤਾ ਹਰਨ ਨਹੀਂ ਕਰ ਸਕਦਾ। ਕਿਸੇ ਧੀ-ਭੈਣ ਨਾਲ ਬਲਾਤ ਬੇਇਨਸਾਫ਼ੀ ਨਹੀਂ ਹੋਵੇਗੀ।'

ਆਕਾਸ਼ ਤੋਂ ਇਕ ਮਧੁਰ ਧੁਨ ਹਵਾ ਵਿਚ ਗੂੰਜ ਉੱਠਦੀ ਹੈ:

ਤੂੰ ਭਾਗੋ ਦੀ ਬੇਟੀ ਬਣ,
ਹੱਥ ਵਿਚ ਫੜ ਸ਼ਮਸ਼ੀਰ ਕੁੜੇ।
ਜਿਹੜਾ ਮੈਲੀ ਨਜ਼ਰ ਉਠਾਵੇ,
ਕਰ ਦੇ ਲੀਰੋ ਲੀਰ ਕੁੜੇ।
ਚਿੜੀਆਂ ਕੁੜੀਆਂ ਨਾਹੀ ਅਬਲਾ,
ਤੂੰ ਝਾਂਸੀ ਦੀ ਰਾਣੀ ਬਣ।
ਚਿੜੀਆਂ ਨੇ ਜਿਉਂ ਬਾਜ਼ ਤੁੜਾਏ,
ਤੂੰ ਐਸੀ ਇਕ ਕਹਾਣੀ ਬਣ।
ਜ਼ੁਲਮ ਨਾਲ ਟੱਕਰ ਗੋਲ਼ੀ ਬਣ ਕੇ,
ਫ਼ੌਜਾਂ ਵਿਚ ਕਪਤਾਨੀ ਬਣ।
ਕਲਪਨਾ ਬਣ ਛਾ ਜਾਹ ਅਸਮਾਨੀਂ,
ਅਰਸ਼ੋਂ ਤਾਰੇ ਤੋੜ ਲਿਆ।
ਕੁਦਰਤ ਦੇ ਜੋ ਰਹੱਸ ਨੇ ਗੁੱਝੇ,
ਬੰਦ ਪਟਾਰੀ ਖੋਲ੍ਹ ਦਿਖਾ।
ਸਮਾਜ ਦੇ ਪਤਝੜ ਖੰਡਰਾਂ ਅੰਦਰ,
ਕਲੀਆਂ ਬਣ ਮੁਸਕਰਾਉਣਾ ਸਿੱਖ।
ਆਪਣੇ ਹੱਥੀਂ ਕਰਮ ਆਪਣੇ,
ਮਨਮਰਜ਼ੀ ਸੁੰਦਰ ਸੁਹਣੇ ਲਿਖ।
ਅਬਲਾ ਕੋਈ ਨਾ ਆਖੇ ਤੈਨੂੰ,
ਮਰਦਾਂ ਨੂੰ ਤੂੰ ਪਾਠ ਪੜ੍ਹਾ।
ਸੀਤਾ ਨਹੀਂ ਹੁਣ ਸ਼ੀਹਣੀ ਬਣ,
ਰਾਵਣ ਨੂੰ ਐਸਾ ਸਬਕ ਸਿਖਾ।
ਸਮਾਜ ਵਿੱਚ ਉੱਚਾ ਰੁਤਬਾ ਤੇਰਾ,
ਵੱਟੜ ਮਨੁੱਖਤਾ ਹੈ, ਮਲੂਮ ਲਗਾ।

# ਹਾਸ਼ੀਆਗਤ ਐਨ.ਆਰ.ਆਈ. ਸਭਾ ਮੁੜ ਸੁਰਜੀਤ ਹੋਵੇ

ਕਿਸੇ ਵੇਲੇ ਅਤਿ ਚਰਚਾ ਵਿਚ ਰਹੀ ਪ੍ਰਵਾਸੀ ਪੰਜਾਬੀਆਂ ਦੇ ਭਲੇ ਹਿੱਤ ਬਣਾਈ ਐਨ.ਆਰ.ਆਈ. ਸਭਾ ਜਲੰਧਰ ਦੇ ਪ੍ਰਧਾਨ ਦੀ ਚੋਣ 5 ਜਨਵਰੀ, 2024 ਨੂੰ ਹੋਵੇਗੀ। ਪ੍ਰਧਾਨਗੀ ਚੋਣ ਦਾ ਅਮਲ 11 ਦਸੰਬਰ 2023 ਤੋਂ ਸ਼ੁਰੂ ਹੋਵੇਗਾ। ਐਨ.ਆਰ.ਆਈ. 27 ਅਕਤੂਬਰ 2023 ਤੱਕ 10,000 ਰੁਪਏ ਦੇ ਕੇ ਲਾਈਫ ਮੈਂਬਰਸ਼ਿਪ ਲੈ ਸਕਦੇ ਹਨ। ਇਹ ਸਭਾ 1998 ਵਿਚ, ਸੁਸਾਇਟੀ ਰਜਿਸਟ੍ਰੇਸ਼ਨ ਐਕਟ 1860 ਦੇ ਅਧੀਨ ਰਜਿਸਟਰਡ ਕਰਵਾਈ ਗਈ।

ਇਸ ਸਭਾ ਦੇ ਦੁਨੀਆ ਭਰ ਵਿਚ 25,000 ਤੋਂ ਵੱਧ ਐਨ.ਆਰ.ਆਈ. ਮੈਂਬਰ ਹਨ। ਇਸ ਸਭਾ ਦੇ ਮੁੱਖ ਮੰਤਰੀ ਪੰਜਾਬ ਚੀਫ ਪੈਟਰਨ, ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਚੇਅਰਮੈਨ ਅਤੇ ਪੰਜਾਬ ਦੇ 12 ਜ਼ਿਲ੍ਹਿਆਂ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਨਵਾਂ ਸ਼ਹਿਰ, ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ, ਲੁਧਿਆਣਾ, ਮੋਗਾ, ਮੁਹਾਲੀ,



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਪਟਿਆਲਾ ਅਤੇ ਰੋਪੜ ਦੇ ਡਿਪਟੀ ਕਮਿਸ਼ਨਰ ਆਪੋ-ਆਪਣੇ ਜ਼ਿਲ੍ਹਿਆਂ ਵਿਚ ਬਣਾਏ ਸਭਾ ਦੇ ਯੂਨਿਟਾਂ ਦੇ ਚੇਅਰਮੈਨ ਹਨ। ਇਨ੍ਹਾਂ ਜ਼ਿਲ੍ਹਿਆਂ ਵਿਚ ਹੀ ਐਨ.ਆਰ.ਆਈ. ਪੁਲਿਸ ਸਟੇਸ਼ਨ ਅਤੇ ਐਨ.ਆਰ.ਆਈ. ਅਦਾਲਤਾਂ ਸਰਕਾਰ ਵਲੋਂ ਸਥਾਪਿਤ ਹਨ।

ਕਈ ਦਹਾਕੇ ਪਹਿਲਾਂ ਪੰਜਾਬ ਸਰਕਾਰ ਵਲੋਂ ਐਨ.ਆਰ.ਆਈ. ਸਭਾ ਜਲੰਧਰ ਦਾ ਗਠਨ ਕੀਤਾ ਗਿਆ ਸੀ। ਜਿਸ ਕੋਲ ਕੋਈ ਵੀ ਕਾਨੂੰਨੀ ਅਧਿਕਾਰ ਨਹੀਂ ਹੈ ਪਰ ਇਹ ਸਭਾ ਸਰਕਾਰ ਦੇ ਵੱਖ-ਵੱਖਰੇ ਮਹਿਕਮਿਆਂ ਨਾਲ ਸੰਪਰਕ ਕਰਵਕੇ ਐਨ.ਆਰ.ਆਈਜ਼. ਦੇ ਹਿੱਤਾਂ ਲਈ ਕੰਮ ਕਰਨ ਵਜੋਂ ਜਾਣੀ ਜਾਂਦੀ ਹੈ। ਪਰ ਬਹੁਤੇ ਸਰਕਾਰੀ ਦਖ਼ਲ ਕਾਰਨ ਇਹ ਸਭਾ ਸਿਆਸਤ ਦਾ ਅਖਾੜਾ ਬਣ ਗਈ। ਪਿਛਲੀ ਵੇਰ ਚੋਣ ਹੋਣ ਦੇ ਬਾਵਜੂਦ ਵੀ ਇਸਦੀ ਹੋਂਦ ਵਿਖਾਈ ਹੀ ਨਹੀਂ ਦਿੰਦੀ। ਪਿਛਲੀ ਵਾਰ ਕਿਰਪਾਲ ਸਿੰਘ ਸਹੋਤਾ ਅਮਰੀਕਾ ਪ੍ਰਧਾਨ ਚੁਣੇ ਗਏ, ਪਰ ਉਨ੍ਹਾਂ ਨੇ ਚੋਣ ਤੋਂ ਬਾਅਦ ਸਭਾ ਦੀਆਂ ਸਰਗਰਮੀਆਂ 'ਚ ਕੋਈ ਦਿਲਚਸਪੀ ਹੀ ਨਾ ਵਿਖਾਈ। ਇਹ ਚੋਣ 2020 ਵਿਚ ਹੋਈ ਸੀ।

ਇਸ ਸੰਸਥਾ ਨੇ ਹਜ਼ਾਰਾਂ ਪ੍ਰਵਾਸੀ ਪੰਜਾਬੀਆਂ ਤੋਂ ਮੈਂਬਰਸ਼ਿਪ ਦੇ ਨਾਮ 'ਤੇ ਚੰਦੇ ਉਗਰਾਹੇ, ਕਰੋੜਾਂ ਦੀ ਲਾਗਤ ਨਾਲ ਜਲੰਧਰ 'ਚ ਦਫ਼ਤਰ ਬਣਾਇਆ, ਪਰ ਹੁਣ ਇਸਦੀ ਹਾਲਤ ਚਾਰਾ ਖਾਣ ਵਾਲੇ ਹਾਥੀ ਦੀ ਹੈ, ਜੋ ਕਿਸੇ ਦਾ ਕੁਝ ਵੀ ਨਹੀਂ ਸੁਆਰਦਾ ਭਾਵੇਂ ਕਿ ਇਹ ਸੁਸਾਇਟੀ ਸੁਤੰਤਰ ਹੈ, ਪਰ ਹੁਣ ਸਰਕਾਰ ਦੇ ਗਲਬੇ ਹੇਠ ਹੈ, ਇਥੋਂ ਤੱਕ ਕਿ ਇਸਦਾ ਇਨਫਰਾਸਟ੍ਰੱਕਚਰ ਵੀ ਸੁਸਾਇਟੀ ਦੀ ਸੁਤੰਤਰ ਮਾਲਕੀ ਵਾਲਾ ਨਹੀਂ ਰਿਹਾ। ਸਟੇਟ ਐਨ.ਆਰ.ਆਈ. ਕਮਿਸ਼ਨਰ, ਜਲੰਧਰ ਡਿਵੀਜ਼ਨ ਇਸ ਸਭਾ ਦੇ ਕਮਿਸ਼ਨਰ ਹਨ।

ਅਕਾਲੀ-ਭਾਜਪਾ ਸਰਕਾਰ ਵੱਲੋਂ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਕਥਿਤ ਉਦੇਸ਼ ਅਧੀਨ ਹਰ ਵਰ੍ਹੇ ਪੰਜਾਬੀ ਪ੍ਰਵਾਸੀ ਕਾਨਫਰੰਸਾਂ ਲਗਭਗ ਬਾਰਾਂ ਵਰ੍ਹੇ ਕਰਵਾਈਆਂ ਜਾਂਦੀਆਂ ਰਹੀਆਂ। ਕੈਨੇਡਾ, ਅਮਰੀਕਾ, ਬਰਤਾਨੀਆ ਅਤੇ ਹੋਰ ਮੁਲਕਾਂ ਤੋਂ ਕੁਝ ਚੋਣਵੇਂ ਪ੍ਰਮੁੱਖ ਪੰਜਾਬੀ ਪ੍ਰਵਾਸੀ ਇਨ੍ਹਾਂ ਕਾਨਫਰੰਸਾਂ 'ਚ ਹਿੱਸਾ ਲੈਂਦੇ ਰਹੇ। ਹਰ ਵਰ੍ਹੇ ਲੱਖਾਂ ਰੁਪਏ ਖਰਚਣ ਤੋਂ ਬਾਅਦ ਵੀ ਪ੍ਰਵਾਸੀ ਪੰਜਾਬੀਆਂ ਦੇ ਪੱਲੇ ਇਸ ਕਰਕੇ ਇਨ੍ਹਾਂ ਕਾਨਫਰੰਸਾਂ ਤੋਂ ਕੁਝ ਨਾ ਪਿਆ ਕਿ ਗੱਲਾਂ-ਬਾਤਾਂ ਤੋਂ ਬਾਅਦ ਅਮਲੀ ਰੂਪ ਵਿਚ ਸਰਕਾਰ ਵੱਲੋਂ ਕੁਝ ਨਾ ਕੀਤਾ ਗਿਆ। ਐਨ.ਆਰ.ਆਈ. ਥਾਣਿਆਂ ਅਤੇ ਐਨ.ਆਰ.ਆਈ. ਅਦਾਲਤਾਂ ਦੀ ਕਾਰਗੁਜ਼ਾਰੀ ਕਦੇ ਵੀ ਸੰਤੋਖਜਨਕ ਨਹੀਂ ਰਹੀ ਕਿਉਂਕਿ ਇਸ ਸਰਕਾਰ ਦਾ ਮੰਤਵ ਤਾਂ ਅੰਦਰੋਂ ਪ੍ਰਵਾਸੀ ਪੰਜਾਬੀਆਂ ਦੇ ਉਨ੍ਹਾਂ ਦੇ ਪ੍ਰਭਾਵ ਵਾਲੀਆਂ ਵੋਟਾਂ ਪ੍ਰਾਪਤ ਕਰਨ ਦਾ ਪੱਤਾ ਖੇਡਣਾ ਸੀ।

ਪਰ ਜਦੋਂ ਪ੍ਰਵਾਸੀ ਪੰਜਾਬੀਆਂ ਦਾ ਵੱਡਾ ਹਿੱਸਾ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਵਲੋਂ 2012 'ਚ ਬਣਾਈ ਪੀਪਲਜ਼ ਪਾਰਟੀ ਆਫ ਪੰਜਾਬ ਦੇ ਹੱਕ ਵਿਚ ਨਿੱਤਰ ਪਿਆ ਅਤੇ ਬਾਅਦ ਵਿਚ ਆਮ ਆਦਮੀ ਪਾਰਟੀ ਨਾਲ ਲੋਕ ਸਭਾ ਚੋਣਾਂ ਵੇਲੇ ਖੜਾ ਦਿਸਿਆ ਤਾਂ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬੀ ਪ੍ਰਵਾਸੀਆਂ ਦਾ ਖਹਿੜਾ ਛੱਡ ਉਨ੍ਹਾਂ ਨੂੰ ਆਪਣੇ ਰਹਿਮੋ-ਕਰਮ ਉਤੇ ਰਹਿਣ ਦੇਣ ਦਾ ਜਿਵੇਂ ਫੈਸਲਾ ਹੀ ਕਰ ਲਿਆ। ਪ੍ਰਵਾਸੀ ਪੰਜਾਬੀਆਂ ਦੀ ਡੇਢ ਦਹਾਕਾ ਪਹਿਲਾਂ ਤੋਂ ਚਲਦੀ ਸੰਸਥਾ ਐਨਆਰਆਈ ਸਭਾ ਦੀਆਂ ਸਰਗਰਮੀਆਂ ਠੱਪ ਕਰ ਦਿੱਤੀਆਂ, ਉਸਦੀ ਵਾਗਡੋਰ ਅਫ਼ਸਰਾਂ ਹੱਥ ਫੜਾ ਦਿੱਤੀ, ਕਿਉਂਕਿ ਉਹ ਸਿਆਸੀ ਲੋਕਾਂ ਦਾ ਅਖਾੜਾ ਬਣਦੀ ਨਜ਼ਰ ਆਉਣ ਲੱਗ ਪਈ ਸੀ।




ਉਂਜ ਸਭਾ ਦਾ ਉਦੇਸ਼ ਐਨ.ਆਰ.ਆਈ. ਵੀਰਾਂ ਦੇ ਹੱਕਾਂ ਦੀ ਰਾਖੀ ਕਰਨਾ ਸੀ। ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਹੋਵੇ, ਅਤੇ ਉਨ੍ਹਾਂ ਦੀ ਜਾਇਦਾਦ ਨੂੰ ਕੋਈ ਸੰਨ੍ਹ ਨਾ ਲਾਵੇ, ਇਹ ਵੇਖਣਾ ਵੀ ਉਨ੍ਹਾਂ ਦਾ ਮੰਤਵ ਸੀ। ਲੋੜ ਅਨੁਸਾਰ ਐਨ.ਆਰ.ਆਈਜ਼. ਦੀ ਮਦਦ ਕਰਨਾ ਵੀ ਮਿਥਿਆ ਗਿਆ ਸੀ।

ਪਿਛਲੇ ਪੰਜਾਹ ਵਰ੍ਹਿਆਂ ਦੌਰਾਨ ਹਜ਼ਾਰਾਂ ਪੰਜਾਬੀਆਂ ਨੇ ਚੰਗੇਰੇ ਭਵਿੱਖ ਲਈ ਆਪਣਾ ਘਰ-ਬਾਰ ਛੱਡਿਆ ਹੈ। ਭਾਵੇਂ ਕਿ ਪੰਜਾਬੀਆਂ ਦੇ ਪ੍ਰਵਾਸ ਦੀ ਕਹਾਣੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਸ਼ੁਰੂ ਹੁੰਦੀ ਹੈ ਪਰ ਅਸਲ ਵਿਚ 1960 ਤੋਂ ਬਾਅਦ ਜ਼ਿਆਦਾ ਪੰਜਾਬੀਆਂ ਨੇ ਪੰਜਾਬੋਂ ਤੋਰੇ ਪਾਏ, ਆਪਣੇ ਪਿੱਛੇ ਰਹੇ ਪਰਿਵਾਰਾਂ ਦੀਆਂ ਤੰਗੀਆਂ-ਤੁਰਸ਼ੀਆਂ ਦੂਰ ਕਰਨ ਲਈ ਸਿਰਤੋੜ ਯਤਨ ਕੀਤੇ। ਪੰਜਾਬ 'ਚ ਜ਼ਮੀਨਾਂ-ਜਾਇਦਾਦਾਂ ਦੀ ਸਾਂਭ-ਸੰਭਾਲ ਉਨ੍ਹਾਂ ਦੇ ਜੀਅ ਦਾ ਜੰਜਾਲ ਬਣ ਗਈ।

ਪਿੱਛੇ ਰਹੇ ਕੁਝ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ, ਸੰਗੀਆਂ-ਸਾਥੀਆਂ ਉਨ੍ਹਾਂ ਨਾਲ ਠੱਗੀਆਂ-ਠੋਰੀਆਂ ਕੀਤੀਆਂ। ਜਾਅਲੀ ਮੁਖਤਾਰਨਾਮੇ ਤਿਆਰ ਕਰ ਕੇ, ਜਾਅਲੀ ਬੰਦੇ ਖੜੇ ਕਰ ਕੇ ਉਨ੍ਹਾਂ ਦੀਆਂ ਜ਼ਮੀਨਾਂ-ਜਾਇਦਾਦਾਂ ਹਥਿਆ ਲਈਆਂ ਜਾਂ ਹਥਿਆਉਣ ਦਾ ਯਤਨ ਕੀਤਾ। ਇਨ੍ਹਾਂ ਮਸਲਿਆਂ ਸਬੰਧੀ ਸੈਂਕੜੇ ਨਹੀਂ ਹਜ਼ਾਰਾਂ ਕੇਸ ਪੁਲਿਸ, ਅਦਾਲਤਾਂ ਕੋਲ ਇਨਸਾਫ ਦੀ ਉਡੀਕ ਵਿਚ ਵਰ੍ਹਿਆਂ ਤੋਂ ਪਏ ਹਨ। ਕਈ ਵਾਰ ਜਦੋਂ ਪ੍ਰਵਾਸੀ ਆਪਣੀਆਂ ਜਾਇਦਾਦਾਂ ਦੀ ਦੇਖ-ਭਾਲ, ਸੰਭਾਲ ਜਾਂ ਕੇਸਾਂ ਸਬੰਧੀ ਜਾਣਕਾਰੀ ਲਈ ਦੇਸ਼ ਪਰਤਦੇ ਹਨ ਤਾਂ ਭੂ-ਮਾਫੀਏ ਨਾਲ ਜੁੜੇ ਲੋਕ ਉਨ੍ਹਾਂ ਨੂੰ ਡਰਾ-ਧਮਕਾ ਕੇ, ਉਨ੍ਹਾਂ ਨਾਲ ਜ਼ਮੀਨੀ ਸੌਦੇ ਕਰਦੇ ਹਨ।

ਕਾਨੂੰਨ ਤੋਂ ਉਲਟ ਜਾ ਕੇ, ਪ੍ਰਵਾਸੀਆਂ ਨੂੰ ਬਿਨਾਂ ਦੱਸੇ ਉਨ੍ਹਾਂ ਤੋਂ ਅਸ਼ਟਾਮਾਂ ਜਾਂ ਹੋਰ ਕਾਗਜ਼ਾਂ ਉਤੇ ਦਸਤਖ਼ਤ ਕਰਵਾ ਕੇ ਸਰਕਾਰੀ ਮਿਲੀਭੁਗਤ ਨਾਲ ਉਨ੍ਹਾਂ ਦੀ ਕਰੋੜਾਂ ਦੀ ਜਾਇਦਾਦ ਕੌਡੀਆਂ ਦੇ ਭਾਅ ਲੁੱਟ ਲੈਂਦੇ ਹਨ। ਅਤੇ ਵਿਰੋਧ ਕਰਨ 'ਤੇ ਉਨ੍ਹਾਂ ਖਿਲਾਫ਼ ਕਿਧਰੇ ਫੌਜਦਾਰੀ, ਕਿਧਰੇ ਅਪਰਾਧਕ ਮਾਮਲਿਆਂ ਦਾ ਅਤੇ ਕਿਧਰੇ ਗੈਰ-ਕਾਨੂੰਨੀ ਢੰਗ ਨਾਲ ਜਾਇਦਾਦ ਦੀ ਵੇਚ-ਵੱਟਤ ਦਾ ਕੇਸ ਦਰਜ ਕਰਵਾ ਦਿੰਦੇ ਹਨ ਤਾਂ ਕਿ ਉਹ ਪੰਜਾਬ ਪਰਤਣ ਜੋਗੇ ਹੀ ਨਾ ਰਹਿਣ। ਇੱਕ ਨਹੀਂ ਅਨੇਕਾਂ ਉਦਾਹਰਨਾਂ ਇਸ ਕਿਸਮ ਦੇ ਮਾਮਲਿਆਂ ਦੀਆਂ ਸਮੇਂ ਸਮੇਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ।

ਇਸ ਵੇਲੇ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਵੱਧ ਪੰਜਾਬ ਦੇ ਲੋਕ ਪ੍ਰਵਾਸ ਦੇ ਰਾਹ ਪਏ ਹੋਏ ਹਨ। ਪੰਜਾਬੀ ਵਿਦਿਆਰਥੀ ਧੜਾਧੜ ਪੜ੍ਹਾਈ ਕਰਨ ਅਤੇ ਉਥੇ ਪੱਕੀ ਰਿਹਾਇਸ਼ ਕਰਨ ਲਈ ਤਤਪਰ ਹਨ ਅਤੇ ਨਿੱਤ ਪੰਜਾਬ ਛੱਡ ਰਹੇ ਹਨ। ਵਿਦੇਸ਼ ਰਹਿੰਦੇ ਪੁੱਤਰ-ਧੀਆਂ, ਆਪਣੇ ਮਾਪਿਆਂ, ਰਿਸ਼ਤੇਦਾਰਾਂ ਨੂੰ ਪੰਜਾਬ ਵਿਚੋਂ ਬਾਹਰ ਲੈ ਜਾਣ ਲਈ ਤਰਲੋ-ਮੱਛੀ ਹੋਏ ਪਏ ਹਨ ਕਿਉਂਕਿ ਉਨ੍ਹਾਂ ਨੂੰ ਪੰਜਾਬ ਆਪਣਿਆਂ ਲਈ ਸੁਰੱਖਿਅਤ ਨਹੀਂ ਦਿਸਦਾ।

ਪਰ ਇਸ ਸਭ ਕੁਝ ਦੇ ਬਾਵਜੂਦ ਉਹ ਆਪਣੀ ਜਨਮ ਭੂਮੀ, ਪੰਜਾਬ ਦੀ ਨਸ਼ਿਆਂ, ਬੇਰੁਜ਼ਗਾਰੀ, ਨਸ਼ਾ, ਭੂ ਮਾਫੀਆ, ਅਫ਼ਸਰਸ਼ਾਹੀ ਅਤੇ ਸਿਆਸੀ ਲੋਕਾਂ ਦੀ ਤਿਕੜੀ ਦੀ ਜਕੜ 'ਚ ਆਈ ਪੰਜਾਬ ਦੀ ਧਰਤੀ ਉਤੇ ਪੈਰ ਰੱਖਣੋਂ ਆਕੀ ਹਨ।

ਦੇਸ਼ ਦੀ ਕੇਂਦਰੀ ਸਰਕਾਰ ਕਹਿਣ ਨੂੰ ਤਾਂ ਉਨ੍ਹਾਂ ਲਈ

*(ਬਾਕੀ ਅਗਲੇ ਸਫੇ 'ਤੇ)*

# ਆਪਣੇ 'ਚੰਦ ਮਾਮੇ' ਨੂੰ ਭਾਣਜੀ ਦੀ ਚਿੱਠੀ

***ਭਾਰਤ ਨੇ ਚੰਦਰਾਯਨ-3 ਮਿਸ਼ਨ 14 ਜੁਲਾਈ ਨੂੰ ਭੇਜਿਆ ਸੀ ਅਤੇ ਦਾਅਵਾ ਕੀਤਾ ਗਿਆ ਕਿ ਇਹ ਲੰਮਾ ਪੈਂਡਾ ਮਾਰ ਕੇ 23 ਅਗਸਤ ਨੂੰ ਚੰਦ ਉਤੇ ਪਹੁੰਚ ਗਿਆ। ਇਸ ਪ੍ਰਾਪਤੀ 'ਤੇ ਬਹੁਤ ਢੋਲ ਵਜਾਏ ਗਏ ਪਰ ਅਮਰੀਕਾ ਵੱਸਦੀ ਲਿਖਾਰੀ ਬੀਬੀ ਕਿਰਪਾਲ ਕੌਰ ਨੇ ਇਸ ਮਿਸ਼ਨ ਬਾਰੇ ਬਿਲਕੁਲ ਵੱਖਰੇ ਕੋਣ ਤੋਂ ਕਲਮ ਚਲਾਈ ਹੈ ਅਤੇ ਸਾਨੂੰ ਸਾਰਿਆਂ ਨੂੰ ਇਕ ਤਰ੍ਹਾਂ ਹੁੱਝ ਜਿਹੀ ਮਾਰ ਕੇ ਜਾਗਣ ਲਈ ਵੰਗਾਰਿਆ ਹੈ।***

**ਕਿਰਪਾਲ ਕੌਰ**
**ਫੋਨ: 815-356-9531**





ਮੇਰੇ ਪਿਆਰੇ ਮਾਮਾ ਜੀ,

ਮੈਂ ਪਿਛਲੇ ਪੱਤਰ ਵਿਚ ਲਿਖਿਆ ਸੀ ਕਿ ਗਰਮੀਆਂ ਦੀਆਂ ਛੁੱਟੀਆਂ ਵਿਚ ਮੈਂ ਆਵਾਂਗੀ। ਸਾਡੀ ਸਰਕਾਰ ਨੇ ਨਵਾਂ ਉੜਨ ਖਟੋਲਾ ਬਣਾਇਆ ਜੋ ਸਾਡੀ ਧਰਤੀ ਤੋਂ ਤੁਹਾਡੇ ਤੱਕ ਆਇਆ ਕਰੇਗਾ ਲੇਕਨ ਮੰਮੀ ਨੇ ਸਮਝਾ ਦਿਤਾ ਕਿ ਸਾਡੀ ਧਰਤੀ ਦੇ ਬੰਦਿਆਂ ਦਾ ਤੁਹਾਡੇ ਤਕ ਪਹੁੰਚਣਾ ਨੁਕਸਾਨਦਾਇਕ ਹੈ।

ਮਾਮਾ ਜੀ ਆਪਾਂ ਪਹਿਲਾਂ ਵਾਂਗ ਹੀ ਦੂਰੋਂ ਮਿਲਾਂਗੇ। ਮੈਂ ਤੁਹਾਨੂੰ ਆਪਣੇ ਵਿਹੜੇ ਵਿਚ ਬੈਠ ਕੇ ਤੁਹਾਡੀਆਂ ਮਿੱਠੀਆਂ, ਠੰਢੀਆਂ ਤੇ ਪਿਆਰੀਆਂ ਰਸਮਾਂ ਤੋਂ ਪਿਆਰ ਲਵਾਂਗੀ।

ਮੰਮੀ ਦਾ ਕਹਿਣਾ ਹੈ ਕਿ ਸ੍ਰੀ ਕ੍ਰਿਸ਼ਨ, ਭਗਵਾਨ ਹੁੰਦੇ ਹੋਏ ਵੀ ਆਪਣੀ ਮਾਂ ਯਸ਼ੋਧਾ ਤੋਂ ਰੋ-ਰੋ ਕੇ ਚੰਦ ਨਾਲ ਖੇਡਣ ਦੀ ਜ਼ਿੱਦ ਕਰਦੇ ਰਹੇ। ਉਨ੍ਹਾਂ ਨੂੰ ਕਹੇਂ ਦੀ ਥਾਲੀ ਵਿਚ ਪਾਣੀ ਪਾ ਕੇ ਉਸ ਵਿਚ ਚੰਦਰਮਾ ਦਾ ਅਕਸ ਦਿਖਾ ਕੇ ਮਾਂ ਯਸ਼ੋਧਾ ਖੁਸ਼ ਕਰਦੀ ਸੀ। ਭਗਵਾਨ ਨੇ ਕਦੀ ਆਪਣੇ ਭਗਵਾਨ ਰੂਪ ਵਿਚ ਆ ਕੇ ਚੰਦ ਤੱਕ ਜਾਣ ਦਾ ਯਤਨ ਨਹੀਂ ਕੀਤਾ।

ਮੰਮੀ ਦਾ ਕਹਿਣਾ ਹੈ ਕਿ ਕੁਦਰਤ ਦੀ ਕੀਤੀ ਦੇ ਉਲਟ ਨਹੀਂ ਜਾਣਾ ਚਾਹੀਦਾ। ਪਤਾ ਨਹੀਂ ਕਿੰਨੀਆਂ ਧਰਤੀਆਂ, ਆਕਾਸ਼, ਪਾਤਾਲ ਤੇ ਚੰਦ ਸੂਰਜ ਹੋਣਗੇ। ਸਾਡੇ ਲਈ ਜੋ ਚਾਹੀਦਾ ਹੈ, ਸਭ ਕੁਝ ਇਸ ਧਰਤੀ 'ਤੇ ਹੈ। ਕੁਦਰਤ ਨੇ ਜਿਸ ਜੀਵ ਨੂੰ ਜਿਥੇ ਪੈਦਾ ਕੀਤਾ, ਉਸ ਦੇ ਲਈ ਸਭ ਕੁਝ ਉਥੇ ਪੈਦਾ ਕੀਤਾ ਹੈ। ਇਥੋਂ ਤੱਕ ਕਿ ਸਮੁੰਦਰ ਵਿਚ ਜੀਵ ਪੈਦਾ ਕੀਤੇ, ਪੱਥਰਾਂ ਵਿਚ ਜੀਵ ਪੈਦਾ ਕੀਤੇ, ਉਨ੍ਹਾਂ ਦੇ ਖਾਣ ਦਾ ਇੰਤਜ਼ਾਮ ਵੀ ਕੀਤਾ। ਧਰਤੀ 'ਤੇ ਸਾਨੂੰ ਕਿਸ ਵਸਤੂ ਦੀ ਘਾਟ ਹੈ। ਕੋਈ ਨਹੀਂ ਪਰ ਮਨੁੱਖ ਦਾ ਸੁਭਾਅ ਹੀ ਇਸ ਤਰ੍ਹਾਂ ਦਾ ਹੈ ਕਿ ਇਸ ਦੀ ਸੰਤੁਸ਼ਟੀ ਕਦੀ ਨਹੀਂ ਹੁੰਦੀ। ਕੁਝ ਹੋਰ ਦੀ ਚਾਹ ਇਸ ਦੇ ਮਨ ਵਿਚ ਬਣੀ ਰਹਿੰਦੀ ਹੈ। ਠੀਕ ਹੈ, ਹੋਰ ਪਾ ਸਕਦੇ ਹੋ ਤਾਂ ਹੋਰ ਹਾਸਲ ਕਰ ਲਵੋ ਪਰ ਜੋ ਕੁਦਰਤ ਨੇ ਜਿਸ ਤਰ੍ਹਾਂ ਜਿਥੇ ਬਣਾਇਆ ਹੋ, ਉਸ ਨੂੰ ਨਾ ਛੇੜੋ। ਮਨੁੱਖ ਦੀ ਬਹਾਦਰੀ ਹੀ ਇਹ ਮੰਨੀ ਜਾਣ ਲੱਗੀ ਹੈ- ਕੁਦਰਤ ਦੀ ਕੀਤੀ ਨੂੰ ਉਲਟਣਾ।

ਅੱਜ ਤੋਂ ਸੈਂਕੜੇ ਜਾਂ ਹਜ਼ਾਰਾਂ ਸਾਲ ਪਹਿਲਾਂ ਦੇ ਲੋਕ ਕੁਦਰਤ ਦੀ ਪੂਜਾ ਕਰਦੇ ਸਨ। ਦਰਿਆਵਾਂ ਕੰਢੇ ਬੈਠ ਕੇ, ਜੰਗਲਾਂ ਪਰਬਤਾਂ ਵਿਚ ਜਾ ਕੇ ਕੁਦਰਤ ਦੇ ਕਾਦਰ ਦੀ ਸਿਫ਼ਤ ਸਲਾਹ ਕਰਦੇ ਸਨ। ਕੁਦਰਤ ਦੇ ਸੁਹੱਪਣ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੀਆਂ ਉਪਯੋਗੀ, ਸੁੰਦਰ, ਸੁਹਾਵੀਆਂ ਅਤੇ ਮਿੱਠੀਆਂ ਵਸਤਾਂ ਦੀਆਂ ਝੋਲੀਆਂ ਭਰ ਕੇ ਅਨੰਦ ਮਾਣਦੇ ਤੇ ਵਾਹੁ-ਵਾਹੁ ਕਰਦੇ ਸਨ। ਅੱਜ ਦਾ ਮਨੁੱਖ ਸੋਚਦਾ ਹੈ ਕਿ ਇਹ ਪਹਾੜ ਇਥੇ ਨਾ ਹੁੰਦਾ ਤਾਂ ਦੂਸਰੇ ਪਾਸੇ ਜਾਣਾ ਸੌਖਾ ਹੁੰਦਾ; ਇਸ ਲਈ ਇਸ ਵਿਚੋਂ ਹੁਣ ਸੜਕ ਕੱਢੀ ਜਾਵੇ; ਦਰਖਤ ਵੱਢ ਕੇ ਲੱਕੜ ਵੇਚ ਦਿਤੀ ਜਾਵੇ; ਦਰਿਆ ਦਾ ਵਹਿਣ ਬਦਲ ਦਿਤਾ ਜਾਵੇ।

ਠੀਕ ਹੈ, ਅੱਜ ਦਾ ਮਨੁੱਖ ਬਹੁਤ ਗਿਆਨੀ ਹੈ, ਵਿਗਿਆਨੀ ਹੈ। ਇਸ ਲਈ ਉਹ ਸਮਝਦਾ ਹੈ ਕਿ ਉਸ ਦੇ ਸਾਹਮਣੇ ਕੁਦਰਤ ਵੀ ਬੌਣੀ ਹੈ। ਇਹ ਹੰਕਾਰੇ ਮਨੁੱਖ ਦੀ ਭੁੱਲ ਹੈ। ਕੀ ਤੁਹਾਨੂੰ ਕਦੀ ਕੁਦਰਤ ਦੇ ਬਣਾਏ ਸਰੀਰ ਵਿਚ ਕੋਈ ਘਾਟ ਲੱਗੀ? ਕਦੀ ਸੋਚਿਆ ਕਿ ਜੇ ਨੱਕ ਸਿਰ 'ਤੇ ਲੱਗ ਜਾਂਦਾ, ਅੱਖਾਂ ਹੱਥਾਂ 'ਤੇ ਹੁੰਦੀਆਂ? ਨਹੀਂ ਨਾ! ਜਿਸ ਅੰਗ ਦੀ ਜਿਥੇ ਲੋੜ ਸੀ, ਉਥੇ ਹੀ ਹੈ। ਇਸ ਧਰਤੀ 'ਤੇ ਵੀ ਜਿਥੇ ਜਿਸ ਵਸਤੂ ਦੀ ਲੋੜ ਸੀ, ਠੀਕ ਉਥੇ ਹੈ। ਮਨੁੱਖ ਦੀ ਦਖਲਅੰਦਾਜ਼ੀ ਗਲਤ ਹੈ।

ਠੀਕ ਹੈ, ਕੁਦਰਤ ਨੇ ਮਨੁੱਖ ਨੂੰ ਦਿਮਾਗ ਦਿਤਾ, ਸੋਚ ਦਿਤੀ। ਉਸ ਸੋਚ ਦੇ ਆਸਰੇ ਹੀ ਇਸ ਆਪਣੇ ਖਾਣ-ਪੀਣ ਲਈ, ਜੀਣ ਲਈ ਸੁੱਖ-ਸਾਧਨ ਪੈਦਾ ਕੀਤੇ। ਖੇਤੀ ਬਾੜੀ ਅਤੇ ਉਪਜ ਤੋਂ ਭਾਂਤ-ਭਾਂਤ ਦੇ ਭੋਜਨ, ਰਹਿਣ ਲਈ ਘਰ ਅਤੇ ਅਨੇਕ ਸੁੱਖ-ਸਾਧਨ ਬਣਾ ਲਏ। ਧਵਾ-ਦਾਰੂ ਅਤੇ ਬੇਅੰਤ ਵਸਤਾਂ ਬਣਾ ਲਈਆਂ। ਸੋਚ ਸਮਝ ਨਾਲ ਦੂਰੀਆਂ ਦਾ ਸਫ਼ਰ ਅਤੇ ਭਾਰੀ ਸਾਮਾਨ ਢੋਣਾ ਆਸਾਨ ਬਣਾ ਲਿਆ। ਇਉਂ ਮਨੁੱਖ ਆਪਣੀਆਂ ਪ੍ਰਾਪਤੀਆਂ ਤੋਂ ਉਤਸ਼ਾਹਿਤ ਹੋ ਕੇ ਲੋੜ ਤੋਂ ਵਧ ਉਚੀਆਂ ਮੱਲਾਂ ਮਾਰਨ ਲੱਗ ਪਿਆ। ਇਨਸਾਨ ਇਹ ਭੁੱਲ ਗਿਆ ਕਿ ਜਿਸ ਨੇ ਇੰਨਾ ਕੁਝ ਬਣਾਇਆ, ਉਹ ਕਿੰਨੀ ਸ਼ਕਤੀ ਦਾ ਮਾਲਕ ਹੋਵੇਗਾ!

ਕਦੀ ਕਿਹਾ ਜਾਂਦਾ ਸੀ ਕਿ ਦਰਿਆਵਾਂ ਦੇ ਵਹਿਣ ਮੋੜੇ ਨਹੀਂ ਜਾ ਸਕਦੇ; ਪਰਬਤਾਂ ਦੇ ਸਿਰ ਨਹੀਂ ਝੁਕਾਏ ਜਾ ਸਕਦੇ ਪਰ ਮਨੁੱਖ ਨੇ ਤਾਂ ਦਰਿਆਵਾਂ ਨੂੰ ਕੀਲ ਕੇ ਕੁੱਜੇ ਵਿਚ ਪਾ ਲਿਆ; ਪਰਬਤਾਂ ਦੇ ਸਿਰ ਵੀ ਝੁਕਾ ਦਿੱਤੇ; ਉਨ੍ਹਾਂ ਉਤੇ ਸੜਕਾਂ ਬਣਾ ਲਈਆਂ, ਨਗਰ ਵਸਾ ਲਏ। ਪਰਬਤਾਂ ਦੀ ਛਾਤੀ ਵਿਚ ਬਾਰੂਦ ਦੇ ਗੋਲੇ ਭਰ ਕੇ ਇਨ੍ਹਾਂ ਨੂੰ ਰੂੰ ਦੇ ਫੰਬੇ ਵਾਂਗ ਉਡਾ ਦਿਤਾ। ਪਰਬਤਾਂ ਵਿਚ ਸੁਰੰਗਾਂ ਬਣਾ ਦਿਤੀਆਂ। ਉਨ੍ਹਾਂ ਸੁਰੰਗਾਂ ਵਿਚ ਰੇਲ ਪਟੜੀਆਂ ਵਿਛਾ ਦਿਤੀਆਂ ਜਿਥੋਂ ਮਾਣ-ਮੱਤੀਆਂ ਰੇਲਾਂ ਮਿਹਲਦੀਆਂ ਲੰਘਦੀਆਂ ਹਨ। ਸੜਕਾਂ ਉਤੋਂ ਟੈਂਕ, ਤੋਪਾਂ ਤੇ ਵਿਨਾਸ਼ਕਾਰੀ ਭਾਰੀ ਮਸ਼ੀਨਰੀ ਗਰੂਰ ਨਾਲ ਅਤੇ ਫੁੰਕਾਰੇ ਮਾਰਦੀ ਲੰਘਦੀ ਹੈ।

ਅਜਿਹੀਆਂ ਕਾਰਵਾਈਆਂ ਨਾਲ ਪਰਬਤਾਂ ਅਤੇ ਜੰਗਲਾਂ ਦਾ ਨਾਸ ਹੋ ਗਿਆ। ਸੰਘਣੇ ਜੰਗਲਾਂ ਵਿਚ ਰਹਿਣ ਵਾਲੇ ਚੌਪਾਏ ਜਾਨਵਰ ਖ਼ਤਮ ਹੋ ਗਏ। ਰੁੱਖਾਂ ਉਪਰ ਵਸਣ ਵਾਲੇ ਪੰਛੀ ਖ਼ਤਮ ਹੋ ਗਏ। ਕੁਦਰਤ ਦੀ ਸੁੰਦਰਤਾ ਹੀ ਖ਼ਤਮ ਨਹੀਂ ਹੋਈ, ਪੂਰੇ ਵਾਤਾਵਰਣ ਦਾ ਨਾਸ਼ ਹੋ ਗਿਆ। ਸਾਡੀਆਂ ਵਿਗਿਆਨਕ ਕਾਢਾਂ ਦਾ ਹਾਸਲ ਹੁਣ ਇਹ ਹੈ ਕਿ ਧਰਤੀ, ਪਾਣੀ ਅਤੇ ਪੌਣ ਜ਼ਹਿਰੀਲੀ ਹੋ ਗਏ ਹਨ।

ਉਂਝ, ਮਨੁੱਖ ਨੂੰ ਅਜੇ ਵੀ ਇਹ ਸਮਝ ਨਹੀਂ ਆਈ ਕਿ ਪੌਣ-ਪਾਣੀ ਬਦਲਣ ਨਾਲ ਕਿੰਨੀਆਂ ਬਿਮਾਰੀਆਂ ਵਧ ਗਈਆਂ ਹਨ। ਤੇਜ਼ ਰਫ਼ਤਾਰ ਵਾਹਨ ਜਿਨ੍ਹਾਂ ਨੂੰ ਦੇਖ-ਦੇਖ ਅਸੀਂ ਖ਼ੁਸ਼ ਹੁੰਦੇ ਹਾਂ ਕਿ ਅਸੀਂ ਸਮਾਂ ਬਚਾ ਲਿਆ ਹੈ ਪਰ ਅਸੀਂ ਕਦੀ ਇਹ ਲੇਖਾ-ਜੋਖਾ ਨਹੀਂ ਕੀਤਾ ਕਿ ਜੋ ਸਮਾਂ ਅਸਾਂ ਬਚਾਇਆ ਹੈ, ਉਸ ਦੀ ਕੀ ਸਦ-ਵਰਤੋਂ ਕੀਤੀ ਹੈ। ਤੇਜ਼ ਰਫ਼ਤਾਰ ਵਾਹਨ ਨੂੰ ਤੇਜ਼ ਦੁੜਾ-ਦੁੜਾ ਅਸੀਂ ਦੁਰ-ਘਟਨਾਵਾਂ ਵਧਾ ਲਈਆਂ ਹਨ। ਜਾਨੀ ਮਾਲੀ ਨੁਕਸਾਨ ਕਈ ਗੁਣਾ ਵਧ ਗਿਆ ਹੈ।

ਜਦੋਂ ਕਿਤੇ ਕੁਦਰਤ ਜਾਂ ਕੁਦਰਤ ਦਾ ਕਾਦਰ ਅੱਖ ਮਾੜੀ ਜਿਹੀ ਲਾਲ ਕਰ ਕੇ ਦੇਖਦਾ ਹੈ ਤਾਂ ਫਿਰ ਮਨੁੱਖ ਆਪਣਾ ਸਿਰ ਪਿਟਦਾ ਦੁਹਾਈ ਦਿੰਦਾ ਹੈ: 'ਰੱਬਾ! ਕੀ ਕਰ ਦਿਤਾ।' ਪਿੱਛੇ ਜਿਹੇ ਪਹਾੜੀ ਇਲਾਕਿਆਂ ਵਿਚ ਮੀਂਹ ਬਹੁਤ ਪਿਆ, ਧਰਤੀ ਬੈਠਣ ਲੱਗ ਪਈ ਸੀ, ਪਹਾੜ ਢਲ ਕੇ ਖਿਸਕਣ ਲੱਗ ਪਏ। ਕਿਵੇਂ ਹਾਹਾਕਾਰ ਮਚੀ। ਜਦ ਕੁਦਰਤ ਮਾੜੀ ਜਿਹੀ ਅੰਗੜਾਈ ਲੈਂਦੀ ਹੈ ਤਾਂ ਨਗਰਾਂ ਦੇ ਨਗਰ ਤਬਾਹ ਹੋ ਜਾਂਦੇ ਹਨ। ਭੂਚਾਲ ਆ ਜਾਵੇ ਜਾਂ ਸਮੁੰਦਰੀ ਤੂਫ਼ਾਨ ਪਲ-ਖਿਣ ਵਿਚ ਕੀ ਕੁਝ ਕਰ ਦਿੰਦੇ ਹਨ। ਬਹੁਤ ਦਿਮਾਗ ਵਾਲਾ ਮਨੁੱਖ ਫਿਰ ਕੁਦਰਤ ਦੇ ਇਸ ਰੂਪ ਅੱਗੇ ਕਿਉਂ ਨਹੀਂ ਛਾਤੀ ਤਾਣ ਖਲੋਂਦਾ?

ਹੁਣ ਕਦੋਂ ਦਾ ਇਹ ਆਸਮਾਨ ਦੇ ਗ੍ਰਹਿ ਵੱਲ ਤੱਕਣ ਲੱਗਾ ਹੋਇਆ ਹੈ!

ਮਾਮਾ ਜੀ, ਮੰਮੀ ਕਹਿੰਦੇ ਹਨ ਕਿ ਮੈਂ ਵਿਗਿਆਨ ਦੇ ਖਿਲਾਫ਼ ਨਹੀਂ। ਬਿਨਾ ਸੋਚੇ ਸਮਝੇ, ਲਾਭ ਹਾਨੀ ਦਾ ਲੇਖਾ ਜੋਖਾ ਕੀਤੇ ਬਿਨਾ ਅਤੇ ਆਪਣੀ ਸਮਰੱਥਾ ਜਾਣੇ ਬਿਨਾ ਕੁਝ ਕਰਨਾ ਠੀਕ ਨਹੀਂ।

ਕੋਈ ਐਸੀ ਵਸਤੂ ਨਹੀਂ ਸੁਣੀ ਜਿਸ ਦੀ ਧਰਤੀ 'ਤੇ ਰਹਿਣ ਵਾਲਿਆਂ ਨੂੰ ਲੋੜ ਹੋਵੇ, ਤੇ ਧਰਤੀ ਉਤੇ ਰਹਿਣ ਵਾਲਿਆਂ ਨੂੰ ਇਹ ਪਤਾ ਹੋਵੇ ਕਿ ਇਹ ਚੰਦ ਕੋਲ ਹੈ। ਹਾਂ! ਚੰਦ ਕੋਲ ਹੈ-ਚਾਂਦਨੀ ਤੇ ਸ਼ੀਤਲਤਾ। ਇਹ ਗੁਣ ਕਿਸੇ ਯਤਨ ਨਾਲ ਅਸੀਂ ਉਸ ਪਾਸੋਂ ਲੁੱਟ-ਖੋਹ ਨਹੀਂ ਕਰਦੇ। ਅਸੀਂ ਧਰਤੀ 'ਤੇ ਕਿਸੇ ਦੇ ਮਿੱਠੇ ਸੁਭਾਅ ਜਾਂ ਸੁੰਦਰਤਾ ਨੂੰ ਉਸ ਤੋਂ ਲੈ ਨਹੀਂ ਸਕਦੇ। ਹਾਂ, ਈਰਖਾ ਵੱਸ ਕਿਸੇ ਦੀ ਸੁੰਦਰਤਾ ਖ਼ਰਾਬ ਜ਼ਰੂਰ ਕਰ ਸਕਦੇ ਹਾਂ। ਚੰਦ ਕੋਲ ਜਾ ਕੇ ਕੀ ਲੈਣਾ ਹੈ? ਵਿਗਿਆਨੀਆਂ ਨੇ ਕੁਝ ਤਾਂ ਸੋਚਿਆ ਹੋਵੇਗਾ। ਕੋਈ ਗੈਸ ਜਾਂ ਧਾਤ।...ਮਾੜੀ ਕਿਸਮਤ ਤਾਂ ਸਾਡੀ ਇਹ ਹੈ ਕਿ ਸਾਡੇ ਅੰਦਰ ਸੰਤੁਸ਼ਟੀ ਨਹੀਂ ਹੈ। ਮੰਮੀ ਤਾਂ ਵਿਗਿਆਨੀਆਂ ਨੂੰ ਇਹ ਸੰਦੇਸ਼ ਦਿੰਦੇ ਹਨ ਕਿ ਪਹਿਲਾਂ ਆਪਣੇ ਵਿਗਿਆਨ ਨਾਲ ਆਪਣੀ ਧਰਤੀ, ਪਾਣੀ ਅਤੇ ਪੌਣ ਨੂੰ ਮੁੜ ਤੋਂ ਸ਼ੁਧ ਕਰੋ, ਪਾਣੀ ਨੂੰ ਅੰਮ੍ਰਿਤ ਬਣਾ ਲਵੋ, ਧਰਤੀ ਦੇ ਥੱਲੇ ਦਾ ਘਟਿਆ ਪਾਣੀ ਵਧਾ ਲਵੋ, ਧਰਤੀ ਦੇ ਸ਼ਿੰਗਾਰ ਰੁੱਖਾਂ ਨਾਲ ਧਰਤੀ ਨੂੰ ਸ਼ਿੰਗਾਰ ਲਵੋ, ਫਿਰ ਕਿਸੇ ਹੋਰ ਚੰਦ ਤਾਰੇ ਵਲ ਮੂੰਹ ਕਰਿਓ।

ਅੱਜ ਸ਼ੀਤਲ ਚਾਂਦਨੀ ਵਾਲਾ ਇਹ ਚੰਦ ਕੇਵਲ ਬੱਚਿਆਂ ਦਾ ਮਾਮਾ ਹੀ ਨਹੀਂ ਸਗੋਂ ਕਿੰਨੀਆਂ ਭੈਣਾਂ ਦਾ ਸੁੱਖਾਂ ਲੱਧਾ ਵੀਰ ਵੀ ਹੈ। ਕਿੰਨੀਆਂ ਮਾਵਾਂ ਵਿਛੜੇ ਪੁੱਤਰ ਦੀ ਯਾਦ ਵਿਚ ਡੁੱਬੀਆਂ ਚੰਦ ਨੂੰ ਦੇਖ ਆਪਣੇ ਲਾਡਲੇ ਨੂੰ ਸੰਦੇਸ਼ ਭੇਜਦੀਆਂ ਹਨ। ਉਹ ਸੁਹਾਗਣਾਂ ਜਿਨ੍ਹਾਂ ਦਾ ਲਾਲ ਚੂੜਾ ਬਾਹਾਂ ਵਿਚ ਮੈਲਾ ਵੀ ਨਹੀਂ ਹੋਇਆ ਹੁੰਦਾ ਕਿ ਪ੍ਰੀਤਮ ਸਰਹੱਦ 'ਤੇ ਪਹੁੰਚ ਜਾਂਦਾ ਹੈ, ਉਹ ਸੋਹਣੀਆਂ ਵੀ ਆਪਣੇ ਦਿਲ ਦੇ ਬਿਰਹੇ ਦੀ ਪੀੜ ਦਾ ਦੁੱਖ ਆਸਮਾਨ ਵਿਚੋਂ ਝਾਤ ਪਾਉਂਦੇ ਚੰਦ ਨੂੰ ਹੀ ਸੁਣਾਉਂਦੀਆਂ ਹਨ। ਉਨ੍ਹਾਂ ਕਵੀਆਂ ਦੀ ਕਾਵਿ-ਉਡਾਰੀ ਚੰਦ ਦੀਆਂ ਕਿਰਨਾਂ ਦੇ ਖੰਭਾਂ ਨਾਲ ਉਡਦੀ ਹੈ ਜਿਹੜੇ ਚੰਦ ਨੂੰ ਕਦੀ ਪ੍ਰੇਮਿਕਾ ਦੇ ਚਿਹਰੇ ਦਾ ਧੋਖਾ ਖਾਂਦੇ ਜਾਂ ਕੋਈ ਪ੍ਰੇਮੀ ਦਾ। ਇਸ ਤਰ੍ਹਾਂ ਦੇ ਭਾਵਨਾਤਮਕ ਸੁੱਖ ਤੇ ਸੁਖਦ ਉਡਾਣਾਂ ਨਾ ਕੋਈ ਗੈਸ, ਨਾ ਕੋਈ ਹੀਰੇ ਮੋਤੀ ਅਤੇ ਸੋਨਾ ਦੇ ਸਕਦਾ ਹੈ। ਪਵਿੱਤਰ ਭਾਵਨਾਵਾਂ ਦਾ ਜਨਮ ਕਿਸੇ ਪਵਿੱਤਰ ਤੇ ਰੱਬੀ ਨੂਰ ਨੂੰ ਨਿਹਾਰ ਕੇ ਹੀ ਹੁੰਦਾ ਹੈ।

ਆਓ ਅਸੀਂ ਸਾਰੇ ਰਲ ਕੇ ਆਪੋ-ਆਪਣੇ ਮਨਾਂ ਦੀ ਖੋਜ ਕਰੀਏ ਜਿਹੜੇ ਧਰਤੀ ਵਾਂਗ ਜ਼ਹਿਰੀਲੇ ਹੋ ਗਏ ਹਨ। ਅੱਜ ਸਾਡੇ ਦਿਲਾਂ ਵਿਚੋਂ ਦਿਆ ਕਿੱਥੇ ਚਲੀ ਗਈ? ਆਪਸੀ ਪਰਿਵਾਰਕ ਪਿਆਰ, ਰਿਸ਼ਤਿਆਂ ਦੀ ਗੰਢ ਅਤੇ ਹਮਦਰਦੀ ਵਰਗੇ ਗੁਣ ਕਿੱਥੇ ਚਲੇ ਗਏ? ਕੀ ਕੋਈ ਕਿਸੇ ਹੋਰ ਗ੍ਰਹਿ ਤੋਂ ਆ ਕੇ ਸਾਨੂੰ ਵੀ ਲੁੱਟ ਕੇ ਲੈ ਗਿਆ ਹੈ?

ਪਹਿਲਾਂ ਇਹ ਸੋਚਣ ਦੀ ਲੋੜ ਹੈ ਕਿ ਸਾਨੂੰ ਬਿਰਧ ਆਸ਼ਰਮ ਬਣਾਉਣ ਦੀ ਲੋੜ ਕਿਉਂ ਪੈ ਗਈ!

ਜਿਵੇਂ ਅਖ਼ਬਾਰ ਵਿਚ ਅਤੇ ਟੈਲੀਵਿਜ਼ਨ ਉਤੇ ਚੰਦਰਾਯਨ ਦੀਆਂ ਪ੍ਰਾਪਤੀਆਂ ਪੜ੍ਹਦੀ ਸੁਣਦੀ ਹਾਂ ਤਾਂ ਉਸੇ ਤਰ੍ਹਾਂ ਇਹ ਖ਼ਬਰਾਂ ਵੀ ਪੜ੍ਹ ਸੁਣ ਰਹੀ ਹਾਂ: 'ਪੁੱਤ ਆਪਣੇ ਪਿਤਾ ਨੂੰ ਡਾਕਟਰ ਕੋਲ ਦਿਖਾਉਣ ਲਈ ਕਹਿ ਕੇ ਕਿਸੇ ਹੋਰ ਸਥਾਨ 'ਤੇ ਬਿਠਾ ਗਿਆ', 'ਨੂੰਹ ਨੇ ਸੱਸ ਨੂੰ ਘਰੋਂ ਕੱਢ ਦਿਤਾ', ਮਾਂ ਆਪਣੇ ਚਾਰ ਬੱਚਿਆਂ ਨੂੰ ਹਸਪਤਾਲ ਅੱਗੇ ਬਿਠਾ ਕੇ ਦੋਸਤ ਨਾਲ ਦੌੜ ਗਈ', 'ਭੈਣ ਨੇ ਜ਼ਮੀਨ ਦੇ ਲਾਲਚ ਵਿਚ ਆਪਣੇ ਭਰਾ ਦਾ ਕਤਲ ਕਰਵਾ ਦਿਤਾ'...। ਰਿਸ਼ਤਿਆਂ ਵਿਚ ਤਾਂ ਇੰਨੀ ਗਿਰਾਵਟ ਆ ਗਈ ਹੈ ਕਿ ਲਿਖਦੇ ਹੋਏ ਕਲਮ ਅਤੇ ਹੱਥ ਕੰਬਦੇ ਹਨ, ਦਿਲ ਨੂੰ ਡੋਬੂ ਪੈਂਦਾ ਹੈ।

ਪੰਜਾਬੀ ਦੀ ਕਹਾਵਤ ਹੈ, ਇਹ ਪਿੰਡਾਂ ਵਿਚ ਤਾਂ ਵਰਤੀ ਜਾਂਦੀ ਮੈਂ ਅਕਸਰ ਸੁਣੀ ਹੈ: 'ਅੱਗਾ ਦੌੜ ਤੇ ਪਿੱਛਾ ਚੌੜ'। ਇਸ ਦਾ ਅਰਥ ਇਹ ਹੈ ਕਿ ਅਸੀਂ ਨਵੀਆਂ ਪ੍ਰਾਪਤੀਆਂ ਕਰਦੇ ਹਾਂ ਅਤੇ ਪਹਿਲਾਂ ਹਾਸਲ ਕੀਤੇ ਗੁਣ ਜਾਂ ਸੰਪਤੀ ਜਾਂ ਕੁਝ ਵੀ, ਉਸ ਤੋਂ ਹੱਥ ਧੋ ਰਹੇ ਹਾਂ।

ਮੈਂ ਆਪਣੇ ਸਾਥੀਆਂ ਅਤੇ ਭੈਣਾਂ ਭਰਾਵਾਂ ਨੂੰ ਬੇਨਤੀ ਕਰਦੀ ਹਾਂ ਕਿ ਵਿਗਿਆਨਕ ਖੋਜਾਂ ਕਰੋ, ਜੋ ਨਵਾਂ ਪਾਉਣਾ ਚਾਹੁੰਦੇ ਹੋ, ਪਾਵੋ ਪਰ ਜੋ ਕੁਦਰਤ ਨੇ ਬਣਾ ਕੇ ਰੱਖਿਆ ਹੈ, ਜਿਸ ਤੋਂ ਕੋਈ ਹਾਨੀ ਨਹੀਂ, ਜੋ ਸਾਡੀ ਜ਼ਿੰਦਗੀ ਲਈ ਸੁਖਦ, ਸੁਹਾਵਾ ਤੇ ਆਨੰਦਮਈ ਹੈ, ਉਸ ਦਾ ਤਾਂ ਆਦਰ ਸਤਿਕਾਰ ਹੋਣਾ ਚਾਹੀਦਾ ਹੈ।

ਕੁਦਰਤ ਦੀ ਕੀਤੀ ਨੂੰ, ਕੁਦਰਤ ਦੀ ਘਾੜਤ ਨੂੰ ਢਾਹੁਣ, ਵਿਗਾੜਨ ਅਤੇ ਉਸ ਦੀ ਸੂਰਤ ਬਦਲਣ ਦਾ ਸਾਨੂੰ ਕੋਈ ਹੱਕ ਨਹੀਂ। ਆਓ ਸਾਰੇ ਰਲ ਕੇ ਉਸ ਨੂੰ ਸੰਵਾਰਨ ਤੇ ਸ਼ਿੰਗਾਰਨ ਦਾ ਯਤਨ ਕਰੀਏ ਜੋ ਅੱਜ ਤਕ ਅਸੀਂ ਵਿਗਾੜਦੇ ਹੀ ਆਏ ਹਾਂ। ਚੰਦਰਮੁਖੀ ਮਾਮੇ ਅਤੇ ਆਪਣੇ ਨਾਨਕਿਆਂ ਦੇ ਗ੍ਰਹਿਆਂ ਨੂੰ ਵਧਦਾ ਰਸਦਾ ਰਹਿਣ ਦਿਓ।

ਇਹ ਮੇਰੀ ਮੰਮੀ ਦਾ ਸਾਡੇ ਲਈ ਸੰਦੇਸ਼ ਹੈ ਜਿਸ ਕਰ ਕੇ ਮਾਮਾ ਜੀ, ਮੈਂ ਨਹੀਂ ਆ ਸਕਦੀ।

ਸਤਿਕਾਰ ਸਹਿਤ
ਮਾਮੇ ਦੀ ਭਾਣਜੀ।

---

## ਹਾਸ਼ੀਆਗਤ ਐਨ.ਆਰ.ਆਈ. ਸਭਾ ਮੁੜ ਸੁਰਜੀਤ ਹੋਵੇ

***(ਪਿਛਲੇ ਸਫੇ ਦੀ ਬਾਕੀ)***

ਅੰਮ੍ਰਿਤਸਰ, ਚੰਡੀਗੜ੍ਹ 'ਚ ਅੰਤਰਰਾਸ਼ਟਰੀ ਹਵਾਈ ਅੱਡੇ ਬਣਾਉਣ ਦਾ ਦਮ ਭਰਦੀ ਹੈ, ਪਰ ਇਨ੍ਹਾਂ ਹਵਾਈ ਅੱਡਿਆਂ ਉਤੋਂ ਅੰਤਰਰਾਸ਼ਟਰੀ ਉਡਾਣਾਂ ਭਰਨ ਦੀ ਆਗਿਆ ਨਹੀਂ ਦਿੰਦੀ ਅਤੇ ਉਨ੍ਹਾਂ ਨੂੰ ਆਪਣੇ ਪਿੰਡ, ਆਪਣੇ ਸ਼ਹਿਰ ਪੁੱਜਣ ਲਈ 24 ਤੋਂ 36 ਘਮਟੇ ਤੱਕ ਬੇ-ਘਰੇ ਹੋ ਕੇ, ਪਹਿਲਾਂ ਹਵਾ 'ਚ ਫਿਰ ਦਿੱਲੀ ਤੋਂ ਘਰ ਵਾਲੀਆਂ ਆਉਂਦੀਆਂ ਘਟੀਆ ਸੜਕਾਂ 'ਤੇ ਹੀ ਨਹੀਂ ਲਟਕਣਾ ਪੈਂਦਾ, ਸਗੋਂ ਦਿੱਲੀ ਹਵਾਈ ਅੱਡੇ ਉਤੇ ਕੁਰਖੱਤ ਬੋਲਾਂ, ਸ਼ੱਕੀ ਨਜ਼ਰਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

ਪ੍ਰਵਾਸੀ ਪੰਜਾਬੀਆਂ ਦੇ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਜਜ਼ਬਾਤੀ ਮਸਲਿਆਂ ਨੂੰ ਸਮਝਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਤੋੜ ਹਾਲੀ ਤੱਕ ਨਾ ਤਾਂ ਕਿਸੇ ਸਰਕਾਰ ਨੂੰ ਮਿਲ ਸਕਿਆ ਹੈ ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਜਾਂ ਧਿਰ ਨੇ ਉਨ੍ਹਾਂ ਦੇ ਅੰਦਰੂਨੀ ਭਾਵਾਂ ਨੂੰ ਸਮਝਣ ਦਾ ਯਤਨ ਕੀਤਾ ਹੈ। ਬਾਹਰ ਬੈਠੇ ਪ੍ਰਵਾਸੀ ਪੰਜਾਬੀਆਂ ਦੇ ਮਨਾਂ 'ਚ ਪੰਜਾਬ ਬਾਰੇ ਨਿਰਾਸ਼ਾ ਹੈ। ਉਹ ਟੁੱਟ ਰਹੇ ਪੰਜਾਬ ਨੂੰ ਉਵੇਂ ਵੇਖ ਰਹੇ ਹਨ, ਜਿਵੇਂ ਉਨ੍ਹਾਂ ਦਾ ਆਪਣਾ ਜੱਦੀ ਘਰ ਢਹਿ-ਢੇਰੀ ਹੋ ਰਿਹਾ ਹੋਵੇ। ਉਨ੍ਹਾਂ ਦੇ ਮਨਾਂ 'ਚ ਇਸ ਦੀ ਮੁੜ ਉਸਾਰੀ ਦੀ ਤਾਂਘ ਹੈ। ਜੇਕਰ ਮੌਜੂਦਾ ਪੰਜਾਬ ਦੀ 'ਆਪ' ਸਰਕਾਰ ਕੁਝ ਇਹੋ ਜਿਹੇ ਉਪਰਾਲੇ ਕਰੇ ਜਿਸ ਨਾਲ ਉਨ੍ਹਾਂ ਦੇ ਉਚੜੇ ਜ਼ਖਮਾਂ ਉਤੇ ਮੱਲ੍ਹਮ ਲੱਗ ਸਕੇ ਤਾਂ ਪ੍ਰਵਾਸੀ ਪੰਜਾਬੀ ਕੁਝ ਰਾਹਤ ਮਹਿਸੂਸ ਕਰ ਸਕਦੇ ਹਨ।

ਪ੍ਰਵਾਸੀ ਪੰਜਾਬੀਆਂ ਦੀ ਜ਼ਮੀਨ-ਜਾਇਦਾਦ ਦੀ ਸੰਭਾਲ ਅਤੇ ਰਾਖੀ ਲਈ ਸਖ਼ਤ ਕਾਨੂੰਨ ਬਣਨਾ ਚਾਹੀਦਾ ਹੈ, ਜਿਸ ਬਾਰੇ ਮੌਜੂਦਾ ਸਰਕਾਰ ਨੇ ਐਲਾਨ ਵੀ ਕੀਤਾ ਹੋਇਆ ਹੈ। ਉਨ੍ਹਾਂ ਸਾਰੇ ਕੇਸਾਂ, ਜਿਨ੍ਹਾਂ ਵਿਚ ਪ੍ਰਵਾਸੀ ਪੰਜਾਬੀਆਂ ਦੀਆਂ ਜਾਅਲੀ ਵਸੀਅਤਾਂ, ਮੁਖਤਾਰਨਾਮਿਆਂ ਕਾਰਨ ਉਨ੍ਹਾਂ ਨਾਲ ਜਾਅਲਸਾਜ਼ੀ ਕੀਤੀ ਗਈ ਹੈ, ਸਬੰਧੀ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਵਰਗਾ ਇਕ ਕਮਿਸ਼ਨ ਬਣਨਾ ਚਾਹੀਦਾ ਹੈ, ਜੋ ਇਨ੍ਹਾਂ ਕੇਸਾਂ ਦੀ ਘੋਖ ਪੜਤਾਲ ਕਰੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਵੇ। ਇਸੇ ਤਰ੍ਹਾਂ ਕਮਿਸ਼ਨ ਵਲੋਂ ਉਨ੍ਹਾਂ ਸਾਰੇ ਐਨ.ਆਰ.ਆਈ. ਕੇਸਾਂ ਦੀ ਜਾਂਚ ਸੌਂਪੀ ਜਾਣੀ ਚਾਹੀਦੀ ਹੈ, ਜਿਨ੍ਹਾਂ 'ਚ ਐਨ.ਆਰ.ਆਈਜ਼. ਉਤੇ ਕਥਿਤ ਤੌਰ 'ਤੇ ਅਪਰਾਧਕ ਜਾਂ ਜ਼ਮੀਨਾਂ ਨਾਲ ਸਬੰਧਤ ਝੂਠੇ ਪਰਚੇ ਦਰਜ ਕੀਤੇ ਗਏ ਹਨ।

ਇਸਦੇ ਨਾਲ-ਨਾਲ ਪ੍ਰਵਾਸੀ ਪੰਜਾਬੀਆਂ ਅਤੇ ਉਨ੍ਹਾਂ ਦੀ ਔਲਾਦ ਨੂੰ ਪੰਜਾਬ ਨਾਲ ਜੋੜੀ ਰੱਖਣਾ ਪੰਜਾਬ ਦੇ ਹਿੱਤ ਵਿਚ ਹੈ। ਜਿੱਥੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਹੱਲ ਕਰਨਾ ਸਮੇਂ ਦੀ ਲੋੜ ਹੈ, ਉਥੇ ਸਧਾਰਨ ਪ੍ਰਵਾਸੀ ਪੰਜਾਬੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਪੰਜਾਬ ਨਾਲ ਜੋੜੀ ਰੱਖਣ ਲਈ ਵੀ ਉਪਰਾਲੇ ਜ਼ਰੂਰੀ ਹਨ।ਚਾਹੀਦਾ ਤਾਂ ਇਹ ਹੈ ਕਿ ਪ੍ਰਵਾਸੀ ਪੰਜਾਬੀਆਂ ਦੇ ਚਿਰਾਂ ਤੋਂ ਵਿਦੇਸ਼ਾਂ 'ਚ ਰਹਿ ਰਹੇ ਬੱਚਿਆਂ ਦੇ ਪੰਜਾਬ ਆਉਣ-ਜਾਣ ਦਾ ਸਰਕਾਰੀ ਤੌਰ 'ਤੇ ਪ੍ਰਬੰਧ ਹੋਵੇ। ਪੰਜਾਬ ਅਤੇ ਉਨ੍ਹਾਂ ਦੇਸ਼ਾਂ 'ਚ ਜਿੱਥੇ ਪੰਜਾਬੀਆਂ ਦੀ ਜ਼ਿਆਦਾ ਵਸੋਂ ਹੈ ਉਥੇ ਉਨ੍ਹਾਂ ਦੇ ਮਸਲਿਆਂ, ਮੁਸ਼ਕਲਾਂ ਨੂੰ ਸਮਝਣ ਵਾਲੇ ਸਟੱਡੀ ਸੈਂਟਰਾਂ ਦੀ ਸਥਾਪਨਾ ਹੋਵੇ ਅਤੇ ਉਨ੍ਹਾਂ ਵਿਚ ਪੰਜਾਬ ਦੇ ਇਤਿਹਾਸਕ ਪਿਛੋਕੜ ਅਤੇ ਪ੍ਰਾਪਤੀਆਂ ਸਬੰਧੀ ਭਰਪੂਰ ਜਾਣਕਾਰੀ ਵੀ ਉਪਲੱਬਧ ਕੀਤੀ ਜਾਵੇ।

ਕਿੰਨਾ ਚੰਗਾ ਹੋਵੇ ਜੇਕਰ ਪ੍ਰਵਾਸੀਆਂ ਲਈ ਹਵਾਈ ਅੱਡਿਆਂ ਉਤੇ ਸਰਕਾਰ ਸਵਾਗਤੀ ਕੇਂਦਰ ਸਥਾਪਤ ਕਰੇ ਤਾਂ ਕਿ ਪ੍ਰਵਾਸੀ ਘਰ ਪਰਤਣ 'ਤੇ ਅਪਣੱਤ ਅਤੇ ਮਾਣ ਮਹਿਸੂਸ ਕਰ ਸਕਣ।


ਇਹ ਕੰਮ ਐਨ.ਆਰ.ਆਈ. ਸਭਾ ਨੂੰ ਸਰਗਰਮ ਕਰ ਕੇ ਕੀਤਾ ਜਾ ਸਕਦਾ ਹੈ। ਲੋੜ ਇਸ ਗੱਲ ਦੀ ਹੈ ਕਿ ਕੋਈ ਇਹੋ ਜਿਹਾ ਐਨ.ਆਰ.ਆਈ. ਹੀ ਐਨ.ਆਰ.ਆਈ. ਸਭਾ ਦਾ ਪ੍ਰਧਾਨ ਬਣਾਇਆ ਜਾਵੇ ਜੋ ਆਪ ਐਨ.ਆਰ.ਆਈਜ਼. ਦੀਆਂ ਸਮੱਸਿਆਵਾਂ ਪ੍ਰਤੀ ਜਾਣੂ ਹੋਵੇ। ਉਹ ਉਨ੍ਹਾਂ ਵਿਚ ਚੰਗਾ ਰਸੂਖ਼ ਰੱਖਦਾ ਹੋਵੇ। ਸਿਆਸੀ ਤੌਰ 'ਤੇ ਇਸ ਸਭਾ ਦਾ ਕਿਸੇ ਵੱਡੇ ਨੂੰ ਪ੍ਰਧਾਨ ਥਾਪਣਾ ਗਲਤ ਹੋਵੇਗਾ।

ਸਭਾ ਦੀ ਪ੍ਰਧਾਨਗੀ ਲਈ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਨਰਪਾਲ ਸਿੰਘ ਸ਼ੇਰਗਿੱਲ, ਮੋਤਾ ਸਿੰਘ ਸਰਾਏ ਯੂ.ਕੇ., ਸੁੱਖੀ ਬਾਠ ਪੰਜਾਬ ਭਵਨ ਸਰੀ (ਕੈਨੇਡਾ) ਦੇ ਨਾਮ ਸੁਝਾਏ ਜਾ ਸਕਦੇ ਹਨ, ਜਿਨ੍ਹਾਂ ਨੇ ਐਨ.ਆਰ.ਆਈਜ਼. ਲਈ ਜ਼ਮੀਨੀ ਪੱਧਰ 'ਤੇ ਵੱਡਾ ਕੰਮ ਕੀਤਾ ਹੈ।

# ਇਜ਼ਰਾਈਲ ਦੀ ਹਿੰਸਾਖੋਰ ਸਿਆਸਤ



***ਯਕੀਨ ਕਰਨਾ ਔਖਾ ਹੈ ਕਿ ਦੁਨੀਆ ਦੀ ਸਭ ਤੋਂ ਮਜ਼ਬੂਤ ਸੈਨਾ ਜਿਸ ਕੋਲ ਅਤਿ ਵਿਕਸਤ ਜਾਸੂਸੀ ਸਿਸਟਮ ਮੌਜੂਦ ਹੈ, ਨੂੰ ਹਮਾਸ ਦੇ ਹਮਲੇ ਦੀ ਕੋਈ ਭਿਣਕ ਹੀ ਨਾ ਪੈ ਸਕੀ! ਅਜੀਬ ਗੱਲ ਹੈ ਕਿ ਦੁਨੀਆ ਦੀ ਸਭ ਤੋਂ ਮਜ਼ਬੂਤ ਸਰਹੱਦ ਖੁੱਲ੍ਹੀ ਛੱਡ ਦਿੱਤੀ ਗਈ ਹੋਵੇ ਜਿਸ ਤੋਂ ਇਕ ਵਾਰ ਫਿਰ ਇਹ ਸ਼ੱਕ ਜ਼ਾਹਿਰ ਕੀਤੇ ਜਾਣ ਲੱਗੇ ਹਨ ਕਿ ਫ਼ਲਸਤੀਨ ਅਥਾਰਿਟੀ ਨੂੰ ਕਮਜ਼ੋਰ ਕਰਨ ਲਈ ਮੋਸਾਦ ਨੇ ਹਮਾਸ ਨੂੰ ਹੱਲਾਸ਼ੇਰੀ ਦਿੱਤੀ ਹੈ। ਸਭ ਲੋਕ ਜਾਣਦੇ ਹਨ ਕਿ ਟਕਰਾਅ ਦੇ ਸ਼ੁਰੂਆਤੀ ਪੜਾਅ ਵਿਚ ਹਮਾਸ ਨੂੰ ਮਕਬੂਜ਼ਾ ਖੇਤਰਾਂ ਵਿਚ ਪੈਰ ਜਮਾਉਣ ਦੀ ਖੁੱਲ੍ਹ ਦਿੱਤੀ ਗਈ ਜਿਸ ਨਾਲ ਫ਼ਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ.ਐੱਲ.ਓ.) ਦੇ ਧਰਮ ਨਿਰਪੱਖ ਕੌਮਪ੍ਰਸਤਾਂ ਨੂੰ ਕਾਬੂ ਹੇਠ ਰੱਖਣ ਦਾ ਮੌਕਾ ਮਿਲਿਆ ਸੀ।***



**ਸ਼ੈਲੀ ਵਾਲੀਆ**

ਪੱਛਮੀ ਏਸ਼ੀਆ ਅਤੇ ਦੁਨੀਆ ਦੇ ਹੋਰ ਹਿੱਸਿਆਂ ਅੰਦਰ ਚੁਣਾਵੀ ਰਾਜਨੀਤੀ ਦੇ ਚਲੰਤ ਸਰਵੇਖਣ ਤੋਂ ਇਸ ਅਜੀਬ ਵਰਤਾਰੇ ਦਾ ਖੁਲਾਸਾ ਹੋਇਆ ਹੈ ਕਿ ਹਿੰਸਾ ਦਾ ਦੌਰ ਸ਼ੁਰੂ ਕਰਨ ਵਾਲੇ ਅਦਾਕਾਰ ਅਕਸਰ ਜੇਤੂ ਹੋ ਨਿੱਬੜਦੇ ਹਨ। ਹਿੰਸਾ ਨੂੰ ਸ਼ਹਿ ਦੇਣਾ ਅਸਲ ਵਿਚ ਚੋਣਾਂ ਜਿੱਤਣ ਦਾ ਨੁਸਖਾ ਹੈ। ਇਹੀ ਵਿਰੋਧਾਭਾਸ ਕੋਲੰਬੀਆ ਯੂਨੀਵਰਸਿਟੀ ਦੀ ਸਾਰਾ ਜ਼ੁਕਰਮੈਨ ਡਾਲੀ ਦੇ ਅਧਿਐਨ ਦਾ ਆਧਾਰ ਬਣੀ ਹੈ ਜਿਸ ਨੇ ਇਸ ਗੁੱਥੀ ਨੂੰ ਸੁਲਝਾਇਆ ਹੈ ਕਿ ਜੰਗ ਵਿਚ ਵੱਡੇ ਪੱਧਰ 'ਤੇ ਅੱਤਿਆਚਾਰ ਕਰਨ ਵਾਲੇ ਸਿਆਸਤਦਾਨ ਕਿਵੇਂ 'ਸਾਫ਼ ਸੁਥਰੇ ਅਤੇ ਸੁਤੰਤਰ ਢੰਗ ਨਾਲ ਕਰਵਾਈਆਂ ਜਾਂਦੀਆਂ ਚੋਣਾਂ' ਵਿਚ ਜਿੱਤ ਹਾਸਲ ਕਰ ਲੈਂਦੇ ਹਨ। ਇਸ ਦਾ ਜ਼ੋਰ ਉਨ੍ਹਾਂ 'ਦਾਗ਼ੀ ਪਾਰਟੀਆਂ ਅਤੇ ਆਗੂਆਂ' ਨੂੰ ਉਭਾਰ ਕੇ ਪੇਸ਼ ਕਰਨ 'ਤੇ ਰਹਿੰਦਾ ਹੈ ਜੋ ਜੰਗ, ਨਸਲੀ ਵਿਤਕਰਿਆਂ, ਦੰਗਿਆਂ ਦੀ ਸ਼ਕਲ ਵਿਚ ਹਿੰਸਾ ਤੋਂ ਬਾਅਦ ਸ਼ਾਂਤੀ ਦੇ ਦੂਤਾਂ ਦਾ ਰੂਪ ਧਾਰ ਲੈਂਦੇ ਹਨ।

ਪੱਛਮੀ ਏਸ਼ੀਆ ਵਿਚ ਭੜਕੀ ਖ਼ੂਨੀ ਜੰਗ ਦਾ ਮਸਲਾ ਹੀ ਲੈ ਲਓ। ਇਸ 'ਤੇ ਯਕੀਨ ਕਰਨਾ ਔਖਾ ਹੈ ਕਿ ਦੁਨੀਆ ਦੀ ਸਭ ਤੋਂ ਮਜ਼ਬੂਤ ਸੈਨਾ ਜਿਸ ਕੋਲ ਅਤਿ ਵਿਕਸਤ ਜਾਸੂਸੀ ਸਿਸਟਮ ਮੌਜੂਦ ਹੈ, ਨੂੰ ਹਮਾਸ ਦੇ ਹਮਲੇ ਦੀ ਕੋਈ ਭਿਣਕ ਹੀ ਨਾ ਪੈ ਸਕੀ! ਅਜੀਬ ਗੱਲ ਹੈ ਕਿ ਦੁਨੀਆ ਦੀ ਸਭ ਤੋਂ ਮਜ਼ਬੂਤ ਸਰਹੱਦ ਖੁੱਲ੍ਹੀ ਛੱਡ ਦਿੱਤੀ ਗਈ ਹੋਵੇ ਜਿਸ ਤੋਂ ਇਕ ਵਾਰ ਫਿਰ ਇਹ ਸ਼ੱਕ ਜ਼ਾਹਿਰ ਕੀਤੇ ਜਾਣ ਲੱਗੇ ਹਨ ਕਿ ਫ਼ਲਸਤੀਨ ਅਥਾਰਿਟੀ ਨੂੰ ਕਮਜ਼ੋਰ ਕਰਨ ਲਈ ਮੋਸਾਦ ਨੇ ਹਮਾਸ ਨੂੰ ਹੱਲਾਸ਼ੇਰੀ ਦਿੱਤੀ ਹੈ। ਸਭ ਲੋਕ ਜਾਣਦੇ ਹਨ ਕਿ ਟਕਰਾਅ ਦੇ ਸ਼ੁਰੂਆਤੀ ਪੜਾਅ ਵਿਚ ਹਮਾਸ ਨੂੰ ਮਕਬੂਜ਼ਾ ਖੇਤਰਾਂ ਵਿਚ ਪੈਰ ਜਮਾਉਣ ਦੀ ਖੁੱਲ੍ਹ ਦਿੱਤੀ ਗਈ ਜਿਸ ਨਾਲ ਫ਼ਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ.ਐੱਲ.ਓ.) ਦੇ ਧਰਮ ਨਿਰਪੱਖ ਕੌਮਪ੍ਰਸਤਾਂ ਨੂੰ ਕਾਬੂ ਹੇਠ ਰੱਖਣ ਦਾ ਮੌਕਾ ਮਿਲਿਆ ਸੀ। ਰਿਪਬਲਿਕਨ ਆਗੂ ਰੌਨ ਪਾੱਲ ਦੀ ਅਮਰੀਕੀ ਕਾਂਗਰਸ ਅੱਗੇ ਦਿੱਤੀ ਗਵਾਹੀ ਤੋਂ ਹਮਾਸ, ਮੋਸਾਦ ਅਤੇ ਅਮਰੀਕੀ ਖ਼ੁਫ਼ੀਆ ਤੰਤਰ ਦਰਮਿਆਨ ਸਬੰਧਾਂ ਨੂੰ ਪ੍ਰਵਾਨ ਕੀਤਾ ਗਿਆ ਸੀ।

ਹਮਾਸ ਦੇ 'ਅਲ ਅਕਸਾ ਸਟੌਰਮ' ਅਪਰੇਸ਼ਨ ਤੋਂ ਬਾਅਦ ਇਜ਼ਰਾਇਲੀ ਲੜਾਕੂ ਜਹਾਜ਼ਾਂ ਨੇ ਗਾਜ਼ਾ ਪੱਟੀ 'ਤੇ ਅੰਤਾਂ ਦੀ ਬੰਬਾਰੀ ਕੀਤੀ ਹੈ ਅਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਨਿ ਨੇਤਨਯਾਹੂ ਨੇ ਝਟਪਟ ਜੰਗ ਵਿੱਢਣ ਦਾ ਐਲਾਨ ਕਰ ਦਿੱਤਾ। ਜ਼ਾਹਿਰ ਹੈ ਕਿ ਇਜ਼ਰਾਈਲ ਦੇ ਸੱਜੇ ਪੱਖੀ ਅਨਸਰ ਇਜ਼ਰਾਇਲੀ ਲੀਡਰਸ਼ਿਪ ਦੀ ਡਟ ਕੇ ਹਮਾਇਤ ਕਰਨਗੇ ਜੋ ਫ਼ਲਸਤੀਨੀ ਖੇਤਰਾਂ 'ਤੇ ਕਬਜ਼ਾ ਕਰ ਕੇ ਉਨ੍ਹਾਂ ਨੂੰ ਬਾਇਬਲ ਦੇ ਸਮਿਆਂ ਦੀ ਆਪਣੀ ਸਰਜ਼ਮੀਨ ਦੇਣ ਲਈ ਵਚਨਬੱਧ ਹੈ। ਨੇਤਨਯਾਹੂ ਜਾਣਦੇ ਹਨ ਕਿ ਹਮਾਸ ਦੇ

ਹਵਾਈ ਹਮਲਿਆਂ ਤੋਂ ਖੌਫ਼ਜ਼ਦਾ ਤੇ ਅਸੁਰੱਖਿਅਤ ਲੋਕ ਉਸ ਦੀ ਹਰ ਧੱਕੇਸ਼ਾਹੀ ਦੀ ਹਮਾਇਤ ਕਰਨਗੇ। ਇਸ ਟਕਰਾਅ 'ਚੋਂ ਜ਼ਿੰਦਾ ਬਚ ਜਾਣ ਵਾਲੇ ਲੋਕ ਅਸਥਿਰਤਾ ਅਤੇ ਹਿੰਸਾ ਦੇ ਨਿੱਤ ਦੇ ਤਾਂਡਵ ਤੋਂ ਅੱਕ ਕੇ ਉਨ੍ਹਾਂ ਵਿਚ ਪੂਰੀ ਤਰ੍ਹਾਂ ਵਿਸ਼ਵਾਸ ਜ਼ਾਹਿਰ ਕਰ ਦੇਣਗੇ।

ਨੇਤਨਯਾਹੂ ਦਾ ਆਪਣੇ ਵੋਟਰਾਂ ਨਾਲ ਇਹ ਵਾਅਦਾ ਸੀ ਕਿ ਉਹ ਫ਼ਲਸਤੀਨੀਆਂ ਨੂੰ ਉਨ੍ਹਾਂ ਦੇ ਵਤਨ ਤੋਂ ਅਲੱਗ ਥਲੱਗ ਕਰ ਦੇਣਗੇ ਜੋ ਯਹੂਦੀ ਲੱਾਬੀ ਅਤੇ ਨਾਲ ਹੀ ਅਮਰੀਕੀ ਵਿਦੇਸ਼ ਨੀਤੀ ਦਾ ਵੀ ਬਸਤੀਵਾਦੀ ਪ੍ਰੋਜੈਕਟ ਦਾ ਹਿੱਸਾ ਰਿਹਾ ਹੈ। ਫ਼ਲਸਤੀਨੀ ਲੋਕਾਂ ਨੂੰ ਨਿਖੇੜ ਕੇ ਅਤੇ ਮਹਿਰੂਮੀ ਵਿਚ ਰੱਖਣਾ ਨੇਤਨਯਾਹੂ ਦੇ ਭਵਿੱਖ ਦੇ ਦਾਬੇ ਦੇ ਸੰਘਰਸ਼ ਦਾ ਮਨੋਰਥ ਬਣ ਗਿਆ ਹੈ। ਇਸ ਤਰ੍ਹਾਂ ਇਕ ਅਜਿਹਾ ਹਨੇਰ ਯੁੱਗ ਦਿਖਾਈ ਦਿੰਦਾ ਹੈ ਜਿਸ ਵਿਚ ਕੱਟੜਪੰਥੀ ਤਾਕਤਾਂ ਦੀ ਜਿੱਤ ਅਤੇ ਜੋ ਕਿਸੇ ਰਾਜਨੀਤਕ ਪ੍ਰਣਾਲੀ ਵਿਚ 'ਇਕਰੂਪਤਾ' ਦੀ ਮਾਨਤਾ ਨੂੰ ਹੱਲਾਸ਼ੇਰੀ ਦਿੰਦਾ ਹੈ ਜੋ ਸੋਚ ਦੇ ਤਰੀਕੇ ਦੀ 'ਸੁਭਾਵਿਕਤਾ' ਸਥਾਪਤ ਕਰਨ ਲਈ ਉਨ੍ਹਾਂ ਦੀਆਂ ਏਕਾਧਿਕਾਰਵਾਦੀ ਯੋਜਨਾਵਾਂ ਦੇ ਨਾਲ ਖੜ੍ਹਾ ਦਿਖਾਈ ਦਿੰਦਾ ਹੈ। ਨੇਤਨਯਾਹੂ ਦੀ ਨਿਰੰਕੁਸ਼ਤਾ ਖਿਲਾਫ਼ ਹਾਲ ਹੀ ਵਿਚ ਜੋ ਜਨਤਕ ਮੁਜ਼ਾਹਰੇ ਹੋਏ ਹਨ, ਇਨ੍ਹਾਂ ਦੇ ਮੱਦੇਨਜ਼ਰ ਸੰਭਵ ਹੈ ਕਿ ਉਹ ਆਪਣੇ ਆਪ ਨੂੰ ਇਜ਼ਰਾਇਲੀ ਰਾਜਨੀਤੀ ਵਿਚ ਲਾਚਾਰ ਮਹਿਸੂਸ ਕਰ ਰਹੇ ਹੋਣ ਅਤੇ ਇਸ ਕਰ ਕੇ ਹੀ ਇਹ ਜੰਗ ਛਿੜੀ ਹੈ। ਲਿਹਾਜ਼ਾ, ਪੱਛਮੀ ਏਸ਼ੀਆ ਨੂੰ ਨਸਲੀ, ਧਾਰਮਿਕ ਅਤੇ ਰਾਸ਼ਟਰਵਾਦੀ ਪਛਾਣਾਂ ਦੇ ਦਹਾਕੇ ਪੁਰਾਣੇ ਵੈਰ ਵਿਰੋਧਾਂ ਕਰ ਕੇ ਬਹੁਤ ਹੀ ਭੜਕਾਊ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜੇ ਅਸੀਂ ਯੂਕਰੇਨ ਉਪਰ ਰੂਸੀ ਹਮਲੇ ਦੀ ਗੱਲ ਕਰੀਏ ਤਾਂ ਇਹ ਸਪੱਸ਼ਟ ਹੈ ਕਿ ਭਾਵੇਂ ਰੂਸੀ ਰਾਸ਼ਟਰਪਤੀ ਯੂਕਰੇਨ ਦੀਆਂ ਦੋਨੇਤਸਕ ਅਤੇ ਲੂਹਾਂਸਕ ਖੇਤਰਾਂ ਵਿਚ ਕੀਤੀਆਂ ਵਧੀਕੀਆਂ ਦੇ ਨਾਂ 'ਤੇ ਆਪਣੇ ਹਮਲੇ ਨੂੰ ਸਹੀ ਠਹਿਰਾਉਂਦੇ ਹਨ ਪਰ ਇਸ ਦੇ ਕਾਰਨ ਸਪੱਸ਼ਟ ਭੂ-ਰਾਜਸੀ ਵਿਸਤਾਰ ਅਤੇ ਰੂਸ ਵਿਚ ਕੌਮਪ੍ਰਸਤ ਅਨਸਰਾਂ ਦੀ ਖੁਸ਼ਨੂਦੀ ਹਾਸਲ ਕਰਨ ਨਾਲ ਜੁੜੇ ਹੋਏ ਹਨ। ਪੂਤਿਨ ਵਰਗੇ ਸੱਤਾ ਦੇ ਭੁੱਖੇ ਆਗੂਆਂ ਨੂੰ ਇਹ ਚਿੰਤਾ ਲੱਗੀ ਰਹਿੰਦੀ ਹੈ ਕਿ ਸੋਵੀਅਤ ਸੰਘ ਦੇ ਪੁਰਾਣੇ ਬਹੁਤ ਸਾਰੇ ਗਣਰਾਜਾਂ ਦੇ ਨਾਟੋ ਵਿਚ ਸ਼ਾਮਲ ਹੋਣ ਨਾਲ ਰੂਸੀ ਸਾਮਰਾਜ ਦਾ ਇਕਬਾਲ ਸਦਾ ਲਈ ਅਸਤ ਹੋ ਜਾਵੇਗਾ। ਅੰਤਮ ਭੜਕਾਹਟ ਉਦੋਂ ਆਈ ਜਦੋਂ ਜਾਰਜੀਆ ਅਤੇ ਯੂਕਰੇਨ ਨੇ ਨਾਟੋ ਵਿਚ ਸ਼ਾਮਲ ਹੋਣ ਦੀ ਸਹਿਮਤੀ ਦੇ ਦਿੱਤੀ ਜਿਸ ਨਾਲ ਇਤਿਹਾਸਕ ਅਸੁਰੱਖਿਆ ਦਾ ਮਾਮਲਾ ਭਖ ਗਿਆ।

ਇਤਿਹਾਸਕਾਰ ਸਟੀਫਨ ਕੋਟਕਨਿ ਇਸ ਨੂੰ ਪੂਤਨਿ ਦੀ 'ਰੱਖਿਆਤਮਕ ਹਮਲਾਵਰੀ' ਆਖਦੇ ਹਨ ਜੋ ਅਠਾਰਵੀਂ ਸਦੀ ਦੀ ਮਹਾਨ ਮਹਾਰਾਣੀ ਕੈਥਰੀਨ ਦੇ ਇਸ ਪੱਖ ਤੋਂ ਲਿਆ ਗਿਆ ਜਾਪਦਾ ਹੈ ਕਿ ਆਪਣੇ ਦੇਸ਼ ਨੂੰ ਸੁਰੱਖਿਅਤ ਰੱਖਣ ਦਾ ਇਕੋ-ਇਕ ਰਾਹ ਆਪਣੀਆਂ ਹੱਦਾਂ ਦਾ ਲਗਾਤਾਰ ਵਿਸਤਾਰ ਕਰਨਾ ਹੁੰਦਾ ਹੈ। ਜੇਤੂ ਹੋ ਕੇ ਨਿਕਲਣ ਨਾਲ ਜੰਗ ਦੇ ਦਬਾਓ ਹੇਠ ਆਈ ਰੂਸੀ ਜਨਤਾ ਨੂੰ ਮਾਣ ਅਤੇ ਸੁਰੱਖਿਆ ਦੀ ਭਾਵਨਾ ਦਾ ਅਹਿਸਾਸ ਕਰਵਾਏਗੀ।

ਚਿਲੀ ਵਿਚ 1973 ਤੋਂ 1990 ਤੱਕ ਅੰਤਾਂ ਦੇ ਕਤਲੇਆਮ, ਬਲਾਤਕਾਰਾਂ ਅਤੇ ਤਸ਼ੱਦਦ ਦੀਆਂ ਘਟਨਾਵਾਂ ਨਾਲ ਗ੍ਰਸੇ ਜਨਰਲ ਪਨਿੋਚੇ ਦੇ ਸ਼ਾਸਨ ਨਾਲ ਇਸ ਵਿਰੋਧਭਾਸੀ ਥੀਸਿਸ ਦੀ ਪੁਸ਼ਟੀ ਹੁੰਦੀ ਹੈ। ਇਨ੍ਹਾਂ ਸਾਰੇ ਹੌਲਨਾਕ ਵਰਤਾਰਿਆਂ ਦੇ ਬਾਵਜੂਦ ਜਨਰਲ ਪਨਿੋਚੇ ਚੋਣਾਂ ਵਿਚ ਜਿੱਤਦੇ ਰਹੇ ਸਨ ਅਤੇ ਇਹ ਅਜਿਹਾ ਨਤੀਜਾ ਸੀ ਜੋ ਤਰਕ ਦੇ ਸਾਰੇ ਸਿਧਾਂਤਾਂ ਨੂੰ ਮੂਧਾ ਮਾਰ ਦਿੰਦਾ ਹੈ। ਇਸੇ ਤਰ੍ਹਾਂ 1994 ਵਿਚ ਅਲ ਸਲਵਾਡੋਰ ਵਿਚ ਅਜਿਹੀ ਪਾਰਟੀ ਦੀ ਜਿੱਤ ਹੁੰਦੀ ਹੈ ਜੋ ਹਿੰਸਾ ਭੜਕਾਉਣ ਲਈ ਜ਼ਿੰਮੇਵਾਰ ਹੁੰਦੀ ਹੈ। ਕੋਲੰਬੀਆ ਵਿਚ ਲਾਤੀਨੀ ਅਮਰੀਕਾ ਦੇ ਇਤਿਹਾਸ ਦੇ ਸਭ ਤੋਂ ਖੌਫਨਾਕ ਨਸਲਘਾਤਾਂ 'ਚੋਂ ਗੁਜ਼ਰਨ ਦੇ ਬਾਵਜੂਦ 2018 ਵਿਚ ਅਲਵਾਰੋ ਯੂਰਿਬੇ ਦੀ ਜਿੱਤ ਹੁੰਦੀ ਹੈ। ਬੇਤਹਾਸ਼ਾ ਅੱਤਿਆਚਾਰਾਂ ਕਰਨ ਦੇ ਬਾਵਜੂਦ ਸਿਆਸੀ ਪਾਰਟੀਆਂ ਅਤੇ ਹਮਲਾਵਰ ਜਥੇਬੰਦੀਆਂ ਚੋਣਾਂ ਵਿਚ ਜਿੱਤ ਹਾਸਲ ਕਰਦੀਆਂ ਰਹੀਆਂ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਆਪਣੇ ਆਪ ਨੂੰ ਮਜ਼ਬੂਤ ਦਰਸਾਉਣ ਅਤੇ ਵਿਰੋਧੀ ਧਿਰਾਂ ਨੂੰ ਨਕਾਰਾ ਸਿੱਧ ਕਰਨ ਦਾ ਬਹਾਨਾ ਮਿਲਦਾ ਹੈ ਜਿਸ ਦੇ ਆਧਾਰ 'ਤੇ ਉਹ ਵੋਟਰਾਂ ਦੇ ਉਸ ਤਬਕੇ ਨੂੰ ਪ੍ਰਭਾਵਿਤ ਕਰ ਲੈਂਦੀਆਂ ਹਨ ਜੋ ਰਾਜਨੀਤਕ ਫਰੇਬਾਂ ਅਤੇ 'ਅੱਛੇ ਦਿਨਾਂ' ਦੇ ਖੋਖਲੇ ਵਾਅਦਿਆਂ 'ਤੇ ਅੱਖਾਂ ਬੰਦ ਕਰ ਕੇ ਭਰੋਸਾ ਕਰਦਾ ਹੈ।

ਇਸ ਵਿਰੋਧਾਭਾਸ ਦੀਆਂ ਸਭ ਤੋਂ ਦਿਲਚਸਪ ਮਿਸਾਲਾਂ 'ਚੋਂ ਇਕ ਗੁਆਟੇਮਾਲਾ ਵਿਚ ਰਿਓਸ ਮੌਂਟ ਦੀ ਜਿੱਤ ਹੈ ਜਿੱਥੇ 1982 ਤੋਂ 1983 ਤੱਕ ਫ਼ੌਜੀ ਅਫ਼ਸਰ ਤੋਂ ਤਾਨਾਸ਼ਾਹ ਦੇ ਰੂਪ ਵਿਚ ਸ਼ਾਸਨ ਚਲਾਇਆ ਸੀ। ਦੇਸ਼ ਦੇ ਕਾਰ-ਮੁਖ਼ਤਾਰ ਵਜੋਂ ਉਸ ਦਾ ਇਹ ਛੋਟਾ ਜਿਹਾ ਕਾਰਜਕਾਲ ਖ਼ਾਨਾਜੰਗੀ ਦਾ ਸਭ ਤੋਂ ਭੈੜਾ ਦੌਰ ਹੋ ਨਿੱਬੜਦਾ ਹੈ ਜਿਸ ਵਿਚ ਜੰਗੀ ਅਪਰਾਧਾਂ ਅਤੇ ਸਮੂਹਕ ਕਤਲੇਆਮਾਂ ਦੇ ਦੋਸ਼ ਲੱਗਦੇ ਹਨ। ਮੌਂਟ ਫ਼ੌਜੀ ਵਰਦੀ ਪਹਿਨ ਕੇ ਚੋਣ ਪ੍ਰਚਾਰ ਕਰਨ ਦਾ ਹਥਕੰਡਾ ਵਰਤਦਾ ਹੈ ਅਤੇ ਖ਼ੁਦ ਨੂੰ ਦਹਾਕਿਆਂ ਤੋਂ ਚਲੀ ਆ ਰਹੀ ਅਰਾਜਕਤਾ ਨੂੰ ਖ਼ਤਮ ਕਰਨ ਦੇ ਬਿੰਬ ਵਜੋਂ ਪੇਸ਼ ਕਰਦਾ ਹੈ। ਸਾਰਾ ਡਾਲੀ ਦੀ ਕਿਤਾਬ 'ਵਾਇਲੈਂਟ ਵਿਕਟਰਜ਼' (ਹਿੰਸਕ ਜੇਤੂ) ਵਿਚ ਜ਼ਿਕਰ ਮਿਲਦਾ ਹੈ ਕਿ ਅੰਤ ਨੂੰ 85 ਫ਼ੀਸਦ ਨਪੀੜੇ ਅਤੇ ਅਸੁਰੱਖਿਅਤ ਲੋਕ ਜਨਰਲ ਮੌਂਟ ਦੇ ਹੱਕ ਵਿਚ ਵੋਟਾਂ ਪਾ ਦਿੰਦੇ ਹਨ।

ਇਸ ਦੀ ਇਕ ਹੋਰ ਬੱਜਰ ਮਿਸਾਲ 9/11 ਹਮਲੇ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਜਾਰਜ ਡਬਲਿਊ. ਬੁਸ਼ ਦੀ ਹਮਲਾਵਰ ਵਿਦੇਸ਼ ਨੀਤੀ ਅਤੇ ਇਰਾਕ 'ਤੇ ਫ਼ੌਜੀ ਹਮਲੇ ਤੋਂ ਮਿਲਦੀ ਹੈ ਜਿਸ ਕਰ ਕੇ ਬੁਸ਼ ਨੂੰ ਦੂਜੀ ਵਾਰ ਰਾਸ਼ਟਰਪਤੀ ਬਣਨ ਦਾ ਮੌਕਾ ਮਿਲ ਸਕਿਆ ਸੀ। ਫਿਲਪੀਨਜ਼ ਵਿਚ ਰਾਸ਼ਟਰਪਤੀ ਰੌਡਰਿਗੋ ਡੂਟਰਟੇ ਨੇ ਨਸ਼ੇ ਦੇ ਆਦੀਆਂ ਜਾਂ ਹਰ ਉਹ ਸ਼ਖ਼ਸ ਜਿਸ ਨੂੰ ਉਹ ਜਨਤਕ ਵਿਵਸਥਾ ਲਈ ਖ਼ਤਰਾ ਮੰਨਦੇ ਹਨ, ਨੂੰ ਅਪੀਲ ਜਾਂ ਗ੍ਰਿਫ਼ਤਾਰੀ ਪਾਏ ਬਿਨਾ ਹੀ ਮੌਤ ਦੇ ਘਾਟ ਉਤਾਰਨ ਦਾ ਵਾਅਦਾ ਕਰ ਕੇ ਚੋਣਾਂ ਜਿੱਤੀਆਂ ਹਨ। ਡੂਟਰਟੇ ਦੀ ਅੰਨ੍ਹੇਵਾਹ ਰਾਜਕੀ ਹਿੰਸਾ ਨੇ ਹੀ ਉਨ੍ਹਾਂ ਦੀ ਜਿੱਤ ਦਾ ਰਾਹ ਪੱਧਰਾ ਕੀਤਾ ਹੈ। ਹਾਲੀਆ ਮਹੀਨਿਆਂ ਵਿਚ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਡੂਟਰਟੇ ਦੀ ਚੋਣ ਰਣਨੀਤੀ ਦੀ ਨਕਲ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਹਰ ਰੋਜ਼ ਉਹ ਆਪਣੀ ਨਸਲਵਾਦੀ ਸੋਚ ਅਤੇ ਸੱਤਾਵਾਦ ਦੀ ਆਪਣੀ ਲਾਲਸਾ ਤੋਂ ਪਰਦਾ ਚੁੱਕਦੇ ਰਹਿੰਦੇ ਹਨ। ਉਂਝ, ਪ੍ਰੇਸ਼ਾਨੀ ਦੀ ਗੱਲ ਇਹ ਹੈ ਕਿ ਇਸ ਤਰ੍ਹਾਂ ਦੇ ਪਾਗਲਪਣ ਅਤੇ ਬੜਬੋਲੇਪਣ 'ਤੇ ਆਮ ਲੋਕ ਕਦੇ ਕੋਈ ਬਹੁਤੀ ਕੋਫ਼ਤ ਮਹਿਸੂਸ ਨਹੀਂ ਕਰਦੇ।

ਦੁਨੀਆ ਭਰ ਵਿਚ ਵੱਖ-ਵੱਖ ਆਗੂ ਆਪਣੇ ਆਪ ਨੂੰ ਬਾਹੂਬਲੀ ਜਾਂ ਗਲੀ ਦੇ ਗੁੰਡੇ ਸਿੱਧ ਕਰਨ ਲਈ ਇਸ ਕਿਸਮ ਦੀਆਂ ਹਿੰਸਕ ਤਿਕੜਮਾਂ ਦਾ ਸਹਾਰਾ ਲੈ ਰਹੇ ਹਨ। ਅਜੀਬ ਗੱਲ ਇਹ ਹੈ ਕਿ ਇਹ ਸਭ ਕੁਝ ਆਮ ਲੋਕਾਂ ਨੂੰ ਲੁਭਾਉਣ ਲਈ ਕੀਤਾ ਜਾਂਦਾ ਹੈ ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਚੁਣਾਵੀ ਜਿੱਤ ਦਾ ਇਨਾਮ ਮਿਲਣ ਦੀ ਆਸ ਹੁੰਦੀ ਹੈ ਅਤੇ ਇਸ ਨੂੰ ਭਵਿੱਖ ਵਿਚ ਜਨਤਕ ਬਦਅਮਨੀ ਦੇ ਤੋੜ ਦੇ ਰੂਪ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ। ਹਕੀਕਤ ਤੋਂ ਕੋਰੀ ਇਸ ਦੁਨੀਆ ਵਿਚ ਆਗੂ ਭਵਿੱਖੀ ਸਥਿਰਤਾ ਯਕੀਨੀ ਬਣਾਉਣ ਲਈ ਸੰਵਿਧਾਨਕ ਸੰਸਥਾਵਾਂ ਦੀ ਦੁਰਗਤ ਨੂੰ ਵਾਜਬਿ ਠਹਿਰਾਉਣ ਲਈ ਦੁਰਪ੍ਰਚਾਰ ਅਤੇ ਝੂਠ ਦਾ ਸਹਾਰਾ ਲੈਂਦੇ ਹਨ।

## ਫਲਸਤੀਨੀ ਕਵਿਤਾ/ਭੂਮੱਧ ਸਾਗਰ ਦੇ ਕਿਨਾਰੇ ਵੱਸੇ ਪੁਰਾਤਨ ਤੇ ਸੋਹਣੇ ਸ਼ਹਿਰ ਬਾਰੇ ਕੁਝ ਸੋਚਾਂ

*ਇਸ ਤੋਂ ਪਹਿਲਾਂ*
*ਕਿ ਭੁੱਲਣ-ਭੁਲਾਉਣ ਦੀ ਤਾਕਤ*
*ਸਾਨੂੰ ਖ਼ਤਮ ਕਰ ਦੇਵੇ*
*ਸਾਨੂੰ ਚੁੱਪ ਚਾਪ ਗਾਉਣਾ ਪੈਣਾ ਏ*
*ਸਾਗਰ ਦੀ ਮੌਤ ਦਾ ਗੀਤ*
*ਉਹਦੇ ਕੰਢਿਆਂ 'ਤੇ ਪਏ ਨੇ*
*ਮੋਏ ਭੈਣ ਭਰਾ ਸਾਡੇ*
*ਸਾਨੂੰ ਪਾਉਣੇ ਪੈਣੇ ਨੇ*
*ਕੱਪੜੇ ਲੂਨ ਦੇ*
*ਤੇ ਭਟਕਣਾ ਪੈਣਾ ਏ*
*ਬੰਦਰਗਾਹ ਤੋਂ ਬੰਦਰਗਾਹ ਤੱਕ।*
*ਇਸ ਥਾਂ 'ਤੇ, ਹੁਣ ਕੋਈ ਨਹੀਂ*
*ਲਿਆਉਂਦਾ*
*ਸੁਨੇਹਾ ਜ਼ਿੰਦਗੀ ਦਾ*

*-ਮਹਿਮੂਦ ਦਰਵੇਸ਼*

# ਫਲਸਤੀਨ ਦਾ ਇਤਿਹਾਸ: ਮੁੱਢ ਤੋਂ ਹੁਣ ਤੱਕ

ਫਲਸਤੀਨ ਦਾ ਇਤਿਹਾਸ ਬਹੁਤ ਲੰਮਾ, ਜਟਿਲ ਤੇ ਖ਼ੂਨ-ਖਰਾਬੇ ਨਾਲ ਭਰਿਆ ਹੋਇਆ ਹੈ। ਲਗਭਗ 3500 ਸਾਲ ਪਹਿਲਾਂ ਇੱਥੇ ਮਿਸਰ ਦਾ ਰਾਜ ਸੀ। 3000 ਸਾਲ ਪਹਿਲਾਂ ਇੱਥੇ ਯਹੂਦੀਆਂ ਦੀਆਂ ਦੋ ਰਜਵਾੜਾਸ਼ਾਹੀਆਂ ਇਜ਼ਰਾਈਲ ਅਤੇ ਜੂਡਾ ਕਾਇਮ ਹੋਈਆਂ ਜੋ ਲਗਭਗ 250-300 ਸਾਲ ਕਾਇਮ ਰਹੀਆਂ। ਬਾਅਦ ਵਿਚ ਉਨ੍ਹਾਂ 'ਤੇ ਅਸੀਰੀਅਨ ਅਤੇ ਬੇਬਲੋਨੀਅਨ ਬਾਦਸ਼ਾਹਤਾਂ ਦੇ ਕਬਜ਼ੇ ਹੋਏ ਜਿਨ੍ਹਾਂ ਨੇ ਯਹੂਦੀਆਂ ਨੂੰ ਉੱਥੋਂ ਕੱਢ ਦਿੱਤਾ।

2500 ਸਾਲ ਪਹਿਲਾਂ ਇਹ ਇਰਾਨੀਆਂ (ਪਰਸ਼ੀਅਨ) ਦੇ ਕਬਜ਼ੇ ਵਿਚ ਆਇਆ ਜਿਨ੍ਹਾਂ ਨੇ ਯਹੂਦੀਆਂ ਨੂੰ ਵਾਪਸ ਆਉਣ ਤੇ ਧਾਰਮਿਕ ਸਥਾਨ ਬਣਾਉਣ ਦੀ ਇਜਾਜ਼ਤ ਦਿੱਤੀ। ਬਾਅਦ ਵਿਚ ਇੱਥੇ ਯੂਨਾਨੀਆਂ ਦਾ ਰਾਜ ਹੋਇਆ, ਸਿਕੰਦਰ ਨੇ ਇਸ ਨੂੰ ਫਤਿਹ ਕੀਤਾ। ਯਹੂਦੀ ਉਨ੍ਹਾਂ ਦੇ ਰਾਜ ਵਿਚ ਵਧੇ-ਫੁੱਲੇ ਪਰ ਬਾਅਦ ਵਿਚ ਉਨ੍ਹਾਂ ਨੇ ਯਹੂਦੀ ਧਰਮ 'ਤੇ ਪਾਬੰਦੀ ਲਾ ਦਿੱਤੀ। ਲਗਭਗ 2000 ਸਾਲ ਪਹਿਲਾਂ ਇੱਥੇ ਰੋਮਨ (ਇਟਲੀ) ਬਾਦਸ਼ਾਹਤ ਦਾ ਕਬਜ਼ਾ ਹੋਇਆ ਅਤੇ ਯਹੂਦੀ ਰੋਮਨ ਬਾਦਸ਼ਾਹਤ ਦੇ ਰਜਵਾੜੇ ਬਣੇ।

ਬਾਅਦ ਵਿਚ ਯਹੂਦੀਆਂ ਤੇ ਰੋਮਨਾਂ ਦੇ ਯੁੱਧ ਹੋਏ। ਰੋਮਨ ਜੇਤੂ ਹੋਏ ਜਿਨ੍ਹਾਂ ਨੇ ਲੱਖਾਂ ਯਹੂਦੀ ਮਾਰੇ ਤੇ ਹਜ਼ਾਰਾਂ ਕੈਦ ਕੀਤੇ। ਰੋਮਨਾਂ ਨੇ ਯਹੂਦੀਆਂ ਦੇ ਧਰਮ 'ਤੇ ਆਧਾਰਿਤ ਟੈਕਸ ਫਿਸਕਸ ਜੂਡੇਸ਼ੀਅਸ (ਜ਼ਜ਼ੀਆ ਵਰਗਾ ਟੈਕਸ) ਲਗਾਇਆ। ਜਦ ਰੋਮਨ ਬਾਦਸ਼ਾਹਤ ਰੋਮਨ ਕੈਥੋਲਿਕ ਬਾਦਸ਼ਾਹਤ ਬਣੀ ਤਾਂ ਫਲਸਤੀਨ ਵਿਚ ਇਸਾਈ ਵਧੇ ਫੁੱਲੇ ਤੇ ਵੱਡੇ ਗਿਰਜੇ ਬਣੇ। ਉਸ ਸਮੇਂ ਅਰਬੀ ਇਸਾਈ ਬਹੁਗਿਣਤੀ ਵਿਚ ਸਨ। ਛੇਵੀਂ ਸਦੀ ਵਿਚ ਇਸਲਾਮ ਦੇ ਹੋਂਦ ਵਿਚ ਆਉਣ ਤੋਂ ਬਾਅਦ ਏਥੇ ਮੁਸਲਮਾਨ ਬਾਦਸ਼ਾਹਾਂ ਦਾ ਰਾਜ ਹੋਇਆ ਅਤੇ ਇਸਲਾਮ ਨਾਲ ਸਬੰਧਿਤ ਧਾਰਮਿਕ ਅਸਥਾਨ ਬਣੇ।

11ਵੀਂ ਸਦੀ ਵਿਚ ਯੂਰਪ ਦੀਆਂ ਇਸਾਈ ਬਾਦਸ਼ਾਹਤਾਂ ਨੇ ਫਲਸਤੀਨ ਅਤੇ ਯੇਰੂਸ਼ਲਮ ਨੂੰ ਜਿੱਤਣ ਲਈ ਧਾਰਮਿਕ ਮੁਹਿੰਮਾਂ (ਕਰੂਸੇਡ) ਸ਼ੁਰੂ ਕੀਤੀਆਂ। ਇਹ ਯੁੱਧ 13ਵੀਂ ਸਦੀ ਤੱਕ ਚੱਲਦੇ ਰਹੇ। ਉਨ੍ਹਾਂ ਸਮਿਆਂ ਵਿਚ ਯਹੂਦੀ ਅਤੇ ਮੁਸਲਮਾਨ ਇਕੱਠੇ ਇਸਾਈ ਬਾਦਸ਼ਾਹਤਾਂ ਵਿਰੁੱਧ ਲੜੇ। ਕੁਝ ਦੇਰ ਇਨ੍ਹਾਂ ਇਸਾਈ ਮੁਹਿੰਮਬਾਜ਼ਾਂ (ਕਰੂਸੇਡਰ) ਦਾ ਕੰਟਰੋਲ ਵੀ ਰਿਹਾ; ਉਨ੍ਹਾਂ ਸਮਿਆਂ ਵਿਚ ਇੱਥੇ ਯਹੂਦੀਆਂ ਦੀ ਗਿਣਤੀ ਬਹੁਤ ਘਟ ਗਈ।

ਬਾਅਦ ਵਿਚ ਇੱਥੇ ਫਿਰ ਮੁਸਲਿਮ ਧਰਮ ਨਾਲ ਸਬੰਧਿਤ ਮਿਸਰੀ ਅਤੇ ਮਮਲੂਕ (ਗ਼ੁਲਾਮ) ਬਾਦਸ਼ਾਹਤਾਂ ਦਾ ਰਾਜ ਰਿਹਾ ਜਿਨ੍ਹਾਂ ਨੇ ਯਹੂਦੀਆਂ ਨੂੰ ਇਸ ਇਲਾਕੇ ਵਿਚ ਰਹਿਣ ਦੀ ਇਜਾਜ਼ਤ ਦਿੱਤੀ। 15ਵੀਂ ਸਦੀ ਵਿਚ ਇਹ ਇਲਾਕਾ ਓਟੋਮਨ (ਤੁਰਕ) ਬਾਦਸ਼ਾਹਤ ਦਾ ਹਿੱਸਾ ਬਣਿਆ। 19ਵੀਂ ਸਦੀ ਵਿਚ ਕੁਝ ਦੇਰ ਲਈ ਇੱਥੇ ਫਿਰ ਮਿਸਰੀਆਂ ਦਾ ਰਾਜ ਹੋਇਆ ਪਰ ਬਾਅਦ ਵਿਚ ਇਹ ਫਿਰ ਓਟੋਮਨ ਬਾਦਸ਼ਾਹਤ ਹੇਠ ਆ ਗਏ। 1914 ਵਿਚ ਪਹਿਲੀ ਆਲਮੀ ਜੰਗ ਸਮੇਂ ਫਲਸਤੀਨ ਓਟੋਮਨ ਬਾਦਸ਼ਾਹਤ ਦਾ ਹਿੱਸਾ ਸੀ; ਜੰਗ ਤੋਂ ਬਾਅਦ ਇੰਗਲੈਂਡ ਦੇ ਕੰਟਰੋਲ 'ਚ ਚਲਾ ਗਿਆ।

ਯੂਰਪ ਵਿਚ ਰਹਿੰਦੇ ਯਹੂਦੀਆਂ ਨੂੰ ਕਈ ਸਦੀਆਂ ਵਿਤਕਰਿਆਂ ਦਾ ਸਾਹਮਣਾ ਕਰਨਾ ਪਿਆ ਤੇ ਉਨ੍ਹਾਂ 'ਤੇ ਜ਼ੁਲਮ ਹੋਏ। 19-20ਵੀਂ ਸਦੀ ਵਿਚ ਇਹ ਵਿਤਕਰੇ ਅਤੇ ਜਬਰ ਬਹੁਤ ਵਧ ਗਏ। ਉਸ ਸਮੇਂ ਇਹ ਸੋਚ ਪੈਦਾ ਹੋਈ ਕਿ ਯਹੂਦੀਆਂ ਦਾ ਆਪਣਾ ਵਤਨ ਹੋਣਾ ਚਾਹੀਦਾ ਹੈ।

1839 ਵਿਚ ਯਹੂਦੀਆਂ ਨੇ ਮਿਸਰ ਤੋਂ ਫਲਸਤੀਨ ਵਿਚ ਵਸਣ ਦੀ ਇਜਾਜ਼ਤ ਮੰਗੀ। 1880ਵਿਆਂ ਵਿਚ ਯਹੂਦੀਆਂ ਨੇ ਫਲਸਤੀਨ ਵੱਲ ਪਰਵਾਸ ਸ਼ੁਰੂ ਕੀਤਾ।

19ਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਯੂਕਰੇਨ ਤੇ ਰੂਸ ਵਿਚ ਯਹੂਦੀਆਂ 'ਤੇ ਭਿਅੰਕਰ ਜ਼ੁਲਮ ਹੋਏ। ਉਸ ਸਮੇਂ ਯਹੂਦੀਆਂ ਦੀ ਸਭ ਤੋਂ ਵੱਡੀ ਵੱਸੋਂ ਰੂਸੀ ਬਾਦਸ਼ਾਹਤ ਵਿਚ ਸੀ। 1897 ਵਿਚ ਥਿਓਡਨ ਹੈਰਜਾਲ ਨੇ ਪਹਿਲੀ ਜ਼ਾਇਨਇਸਟ ਕਾਂਗਰਸ ਵਿਚ ਯਹੂਦੀਆਂ ਲਈ ਆਪਣਾ ਵਤਨ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ। 1903 ਵਿਚ ਇੰਗਲੈਂਡ ਨੇ ਤਜਵੀਜ਼ ਪੇਸ਼ ਕੀਤੀ ਕਿ ਯਹੂਦੀਆਂ ਨੂੰ ਯੂਗਾਂਡਾ ਵਿਚ ਵਸਾਇਆ ਜਾਵੇ।

1917 ਵਿਚ ਇੰਗਲੈਂਡ ਨੇ ਫਲਸਤੀਨ ਵਿਚ 'ਯਹੂਦੀ ਲੋਕਾਂ ਦਾ ਕੌਮੀ ਘਰ' ਬਣਾਉਣ ਦੀ ਤਜਵੀਜ਼ ਰੱਖੀ ਜਿਸ ਵਿਚ ਯਹੂਦੀ ਘੱਟਗਿਣਤੀ ਵਿਚੋਂ ਹੋਣ। ਇੰਗਲੈਂਡ ਦੇ ਤਤਕਾਲੀ ਵਿਦੇਸ਼ ਮੰਤਰੀ ਆਰਥਰ ਬੈਲਫੋਰ ਦਾ ਇਹ ਐਲਾਨਨਾਮਾ 'ਬੈਲਫੋਰ ਐਲਾਨਨਾਮਾ' ਨਾਲ ਜਾਣਿਆ ਜਾਂਦਾ ਹੈ ਅਤੇ ਆਧੁਨਿਕ ਇਜ਼ਰਾਈਲ ਦੇ ਬਣਾਉਣ ਵਿਚ ਮਹੱਤਵਪੂਰਨ ਮੀਲ ਪੱਥਰ ਮੰਨੀ ਜਾਂਦੀ ਹੈ। ਯਹੂਦੀਆਂ ਦਾ ਫਲਸਤੀਨ ਪਹੁੰਚਣਾ ਤੇਜ਼ ਹੋਇਆ।

1934: ਸੋਵੀਅਤ ਯੂਨੀਅਨ ਨੇ ਕਰੀਮੀਆ ਤੇ ਯੂਕਰੇਨ ਵਿਚ ਯਹੂਦੀ ਜ਼ਿਲ੍ਹੇ ਬਣਾਏ; ਚੀਨ ਦੀ ਸਰਹੱਦ ਦੇ ਨਜ਼ਦੀਕ ਇਕ 'ਖ਼ੁਦਮੁਖਤਿਆਰ ਯਹੂਦੀ ਇਲਾਕਾ' ਬਣਾਇਆ ਜਿਸ ਦੀ ਹੋਂਦ ਅਜੇ ਤਕ ਕਾਇਮ ਹੈ।


1930-40 ਵਿਚ ਇੰਗਲੈਂਡ ਦੀ ਜ਼ਾਇਨਇਸਟ ਕੌਂਸਲ ਨੇ ਆਸਟਰੇਲੀਆ ਦੇ ਉੱਤਰ ਪੱਛਮੀ ਇਲਾਕੇ ਕਿੰਬਰਲੇ ਵਿਚ ਵਸਣ ਦੀਆਂ ਵਿਉਂਤਾਂ ਬਣਾਈਆਂ ਪਰ ਆਸਟਰੇਲੀਆ ਸਰਕਾਰ ਸਹਿਮਤ ਨਾ ਹੋਈ। ਇਸੇ ਤਰ੍ਹਾਂ ਇਕ ਵਿਉਂਤ ਆਸਟਰੇਲੀਆ ਦੇ ਤਸਮਾਨੀਆ ਇਲਾਕੇ ਵਿਚ ਵਸਣ ਬਾਰੇ ਬਣਾਈ ਗਈ ਜੋ ਸਫਲ ਨਾ ਹੋਈ।

ਕਈ ਹੋਰ ਦੇਸ਼ਾਂ ਜਿਵੇਂ ਇਕੁਆਡੋਰ ਤੇ ਸੂਰੀਨਾਮ ਵਿਚ ਵਸਣ ਦੀਆਂ ਵਿਉਂਤਾਂ ਵੀ ਬਣਾਈਆਂ ਗਈਆਂ।

1948: 1930-40ਵਿਆਂ ਨਾਜ਼ੀਆਂ ਨੇ ਯੂਰਪ ਵਿਚ ਯਹੂਦੀਆਂ ਦੀ ਨਸਲਕੁਸ਼ੀ ਸ਼ੁਰੂ ਕੀਤੀ ਜਿਸ ਵਿਚ 60 ਲੱਖ ਤੋਂ ਜ਼ਿਆਦਾ ਯਹੂਦੀ ਮਾਰੇ ਗਏ। ਯਹੂਦੀ ਵੱਡੀ ਗਿਣਤੀ ਵਿਚ ਫਲਸਤੀਨ ਪਹੁੰਚਣ ਲੱਗੇ। 1922 ਵਿਚ ਫਲਸਤੀਨ ਵਿਚ 89 ਫ਼ੀਸਦੀ ਅਰਬ ਸਨ ਤੇ 11 ਫ਼ੀਸਦੀ ਯਹੂਦੀ। 1948 ਵਿਚ ਯਹੂਦੀਆਂ ਦੀ ਗਿਣਤੀ 31 ਫ਼ੀਸਦੀ ਹੋ ਗਈ।

ਆਧੁਨਿਕ ਇਜ਼ਰਾਈਲ ਵਿਚ 74 ਫ਼ੀਸਦੀ ਯਹੂਦੀ ਹਨ ਅਤੇ 21 ਫ਼ੀਸਦੀ ਅਰਬ। ਇਸ ਸਮੇਂ ਸਾਰੀ ਦੁਨੀਆ ਵਿਚ ਯਹੂਦੀਆਂ ਦੀ ਵੱਸੋਂ 1.5 ਤੋਂ 2 ਕਰੋੜ ਹੈ ਜਿਨ੍ਹਾਂ ਵਿਚੋਂ 70 ਲੱਖ ਇਜ਼ਰਾਈਲ ਵਿਚ ਵੱਸਦੇ ਹਨ ਅਤੇ 60 ਲੱਖ ਤੋਂ ਵੱਧ ਅਮਰੀਕਾ ਵਿਚ। ਫਰਾਂਸ, ਕੈਨੇਡਾ, ਇੰਗਲੈਂਡ, ਅਰਜਨਟਾਈਨਾ, ਰੂਸ, ਜਰਮਨੀ, ਆਸਟਰੇਲੀਆ, ਬ੍ਰਾਜ਼ੀਲ ਆਦਿ 'ਚ ਵੀ ਯਹੂਦੀ ਵੱਡੀ ਗਿਣਤੀ ਵਿਚ ਹਨ।

ਯਹੂਦੀਆਂ ਨੇ ਜ਼ਮੀਨਾਂ ਖ਼ਰੀਦਣ ਤੋਂ ਲੈ ਕੇ ਫਲਸਤੀਨੀਆਂ ਨੂੰ ਉਜਾੜਨ ਤੱਕ ਹਰ ਹੀਲਾ ਵਰਤ ਕੇ ਲੱਖਾਂ ਲੋਕਾਂ ਨੂੰ ਬੇਘਰ ਕਰ ਦਿੱਤਾ। 1948 ਵਿਚ ਸੰਯੁਕਤ ਰਾਸ਼ਟਰ ਨੇ ਫਲਸਤੀਨ ਨੂੰ ਦੋ ਵੱਖ-ਵੱਖ ਆਜ਼ਾਦ ਦੇਸ਼ਾਂ ਇਜ਼ਰਾਈਲ ਅਤੇ ਫਲਸਤੀਨ ਵਿਚ ਵੰਡਣ ਦਾ ਮਤਾ ਪਾਸ ਕੀਤਾ। ਅਰਬ ਦੇਸ਼ਾਂ ਨੇ ਇਸ ਦਾ ਵਿਰੋਧ ਕੀਤਾ ਜਿਸ ਕਾਰਨ ਅਰਬ ਦੇਸ਼ਾਂ ਅਤੇ ਇਜ਼ਰਾਈਲ ਵਿਚ ਜੰਗ ਹੋਈ ਜਿਸ ਵਿਚ ਇਜ਼ਰਾਈਲ ਜਿੱਤਿਆ। ਇਸ ਜੰਗ ਵਿਚੋਂ ਮਿਸਰ ਨੇ ਗਾਜ਼ਾ 'ਤੇ ਅਤੇ ਜਾਰਡਨ ਨੇ ਵੈਸਟ ਬੈਂਕ (ਪੱਛਮੀ ਕਿਨਾਰਾ) 'ਤੇ ਕਬਜ਼ਾ ਕਰ ਲਿਆ। 1968 ਵਿਚ ਹੋਈ ਜੰਗ ਵਿਚ ਇਜ਼ਰਾਈਲ ਨੇ ਪੱਛਮੀ ਬੈਂਕ ਅਤੇ ਗਾਜ਼ਾ 'ਤੇ ਵੀ ਕਬਜ਼ਾ ਕਰ ਲਿਆ। ਵੈਸਟ ਬੈਂਕ ਨਾਮ ਇਸ ਲਈ ਦਿੱਤਾ ਜਾਂਦਾ ਹੈ ਕਿਉਂਕਿ ਇਹ ਜਾਰਡਨ ਦਰਿਆ ਦੇ ਪੱਛਮੀ ਕਿਨਾਰੇ 'ਤੇ ਸਥਿਤ ਹੈ।




*ਖੁਰਦਾ ਫਲਸਤੀਨ: 1947 ਤੋਂ ਅੱਜ ਤੱਕ।*

### ਫਲਸਤੀਨ ਅਤੇ ਇਜ਼ਰਾਈਲ

ਆਧੁਨਿਕ ਇਜ਼ਰਾਈਲ (ਜੋ ਪਹਿਲਾਂ ਫਲਸਤੀਨ ਹੀ ਸੀ: ਕੁੱਲ ਇਲਾਕਾ ਲਗਭਗ 22072 ਵਰਗ ਕਿਲੋਮੀਟਰ) ਦੇ ਉੱਤਰ ਵਿਚ ਲਬਿਨਾਨ ਹੈ, ਪੂਰਬ ਵਿਚ ਸੀਰੀਆ ਤੇ ਜਾਰਡਨ, ਦੱਖਣ ਵਿਚ ਮਿਸਰ ਅਤੇ ਪੱਛਮ ਵਿਚ ਭੂਮੱਧ ਸਾਗਰ। ਇਜ਼ਰਾਈਲ 1948 ਵਿਚ ਹੋਂਦ ਵਿਚ ਆਇਆ ਤੇ ਫਲਸਤੀਨ ਦੀ ਹੋਂਦ ਗਾਜ਼ਾ (ਸਿਰਫ਼ 365 ਵਰਗ ਕਿਲੋਮੀਟਰ ਇਲਾਕਾ) ਅਤੇ ਵੈਸਟ ਬੈਂਕ (5655 ਵਰਗ ਕਿਲੋਮੀਟਰ ਇਲਾਕਾ) ਤੱਕ ਮਹਿਦੂਦ ਹੈ।

ਇਜ਼ਰਾਈਲ ਪੁਰਾਤਨ ਫਲਸਤੀਨ ਦੇ 77 ਫ਼ੀਸਦੀ ਇਲਾਕੇ ਵਿਚ ਸਥਿਤ ਹੈ। ਗਾਜ਼ਾ ਅਤੇ ਵੈਸਟ ਬੈਂਕ ਇਲਾਕੇ ਪੁਰਾਣੇ ਫਲਸਤੀਨ ਦਾ 23 ਫ਼ੀਸਦੀ ਹਿੱਸਾ ਹਨ। ਇਨ੍ਹਾਂ ਇਲਾਕਿਆਂ (ਗਾਜ਼ਾ ਤੇ ਵੈਸਟ ਬੈਂਕ) ਵਿਚ ਬਹੁਤ ਹੀ ਸੀਮਤ ਅਧਿਕਾਰਾਂ ਵਾਲੀ ਫਲਸਤੀਨੀ ਅਥਾਰਿਟੀ (ਸਰਕਾਰ ਨਹੀਂ) ਹੈ। ਗਾਜ਼ਾ ਅਤੇ ਵੈਸਟ ਬੈਂਕ ਦੋਹਾਂ ਵਿਚ ਪਾਣੀ ਦੀ ਵੱਡੀ ਕਮੀ ਹੈ। ਇਜ਼ਰਾਈਲ ਪਾਣੀ ਨੂੰ ਹਥਿਆਰ ਵਜੋਂ ਵਰਤਦਾ ਹੈ।

### ਗਾਜ਼ਾ

ਗਾਜ਼ਾ ਸਿਰਫ਼ 365 ਵਰਗ ਕਿਲੋਮੀਟਰ ਦਾ ਇਲਾਕਾ ਹੈ; ਅਸਲ ਵਿਚ ਇਹ 61 ਕਿਲੋਮੀਟਰ ਲੰਮੀ ਤੇ ਔਸਤਨ 8 ਕਿਲੋਮੀਟਰ (6-12 ਕਿਲੋਮੀਟਰ) ਚੌੜੀ ਪੱਟੀ ਹੈ ਜਿਸ ਦੀ ਦੱਖਣੀ ਪੱਛਮੀ ਸਰਹੱਦ ਮਿਸਰ ਨਾਲ ਲੱਗਦੀ ਹੈ ਤੇ ਪੂਰਬੀ ਤੇ ਉੱਤਰੀ ਸਰਹੱਦਾਂ ਇਜ਼ਰਾਈਲ ਨਾਲ; ਪੱਛਮ ਵਿਚ ਭੂਮੱਧ ਸਾਗਰ ਹੈ। ਇੱਥੇ 23 ਲੱਖ ਫਲਸਤੀਨੀ ਰਹਿੰਦੇ ਹਨ ਜਿਨ੍ਹਾਂ ਵਿਚੋਂ 10 ਲੱਖ ਤੋਂ ਜ਼ਿਆਦਾ ਸੰਯੁਕਤ ਰਾਸ਼ਟਰ ਦੁਆਰਾ ਰਜਿਸਟਰਡ ਪਨਾਹਗੀਰ ਹਨ।

ਇਸ ਤਰ੍ਹਾਂ ਇੱਥੇ ਬਹੁਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੂੰ 1948 ਵਿਚ ਨਵਾਂ ਦੇਸ਼ (ਇਜ਼ਰਾਈਲ) ਬਣਾਉਣ ਵੇਲੇ ਉਜਾੜ ਕੇ ਆਪਣੇ ਘਰਾਂ 'ਚੋਂ ਕੱਢ ਦਿੱਤਾ ਗਿਆ। ਗਾਜ਼ਾ ਦੀ ਵੱਸੋਂ ਦਾ 41 ਫ਼ੀਸਦੀ ਹਿੱਸਾ 14 ਸਾਲ ਦੀ ਉਮਰ ਦੇ ਬੱਚੇ ਹਨ। 2022 ਦੀ 'ਬੱਚਿਆਂ ਨੂੰ ਬਚਾਓ ਰਿਪੋਰਟ' ਅਨੁਸਾਰ 80 ਫ਼ੀਸਦੀ ਬੱਚੇ ਡੂੰਘੇ ਦੁੱਖ, ਡਰ ਤੇ ਘੋਰ ਉਦਾਸੀ ਦੀਆਂ ਸਮੱਸਿਆਵਾਂ ਦਾ ਸ਼ਿਕਾਰ ਹਨ ਅਤੇ 50 ਫ਼ੀਸਦੀ ਖ਼ੁਦਕੁਸ਼ੀ ਦੀਆਂ ਸੋਚਾਂ ਵਿਚ ਗ੍ਰਸਤ।

### ਯੇਰੂਸ਼ਲਮ, ਪੰਜਾਬ ਤੇ ਭਾਰਤ

ਇਹ ਪੁਰਾਤਨ ਸ਼ਹਿਰ ਯਹੂਦੀਆਂ, ਇਸਾਈਆਂ ਅਤੇ ਮੁਸਲਮਾਨਾਂ ਦਾ ਪਵਿੱਤਰ ਧਾਰਮਿਕ ਸਥਾਨ ਹੈ। ਇੱਥੇ ਯਹੂਦੀਆਂ ਦੇ ਪੁਰਾਤਨ ਮੰਦਰ ਹਨ ਤੇ ਯਹੂਦੀ ਰਵਾਇਤ ਅਨੁਸਾਰ ਪੈਗੰਬਰ ਦਾਊਦ ਨੇ ਇੱਥੇ ਇਜ਼ਰਾਈਲ ਦੀ ਬਾਦਸ਼ਾਹਤ ਕਾਇਮ ਕੀਤੀ: ਇੱਥੇ ਹਜ਼ਰਤ ਈਸਾ ਮਸੀਹ ਦਾ ਸ਼ਹੀਦੀ ਸਥਾਨ ਹੈ; ਇਸਲਾਮੀ ਰਵਾਇਤ ਅਨੁਸਾਰ ਇੱਥੋਂ ਹੀ ਪੈਗੰਬਰ ਹਜ਼ਰਤ ਮੁਹੰਮਦ ਬਹਿਸ਼ਤ ਵਿਚ ਗਏ।

ਪੰਜਾਬ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫ਼ਰੀਦ 13ਵੀਂ ਸਦੀ ਦੇ ਸ਼ੁਰੂ ਵਿਚ ਕੁਝ ਸਮੇਂ ਲਈ ਯੇਰੂਸ਼ਲਮ ਵਿਚ ਰਹੇ। 1948 ਤੋਂ ਪਹਿਲਾਂ ਭਾਰਤ ਦੇ ਮੁਸਲਮਾਨ ਹੱਜ ਨੂੰ ਜਾਂਦੇ ਸਮੇਂ ਇੱਥੇ ਰੁਕਦੇ ਤੇ ਸ਼ੇਖ ਫ਼ਰੀਦ ਦੇ ਸਰਾਂ/ਸਰਾਏ ਸਥਾਨ 'ਤੇ ਦੁਆ ਮੰਗਦੇ। ਇਸ ਨੂੰ ਅੱਲ ਹਿੰਦ ਸਰਾਂ/ਸਰਾਏ ਕਿਹਾ ਜਾਂਦਾ ਹੈ। 1967 ਵਿਚ ਇਜ਼ਰਾਈਲ ਨੇ ਯੇਰੂਸ਼ਲਮ 'ਤੇ ਕਬਜ਼ਾ ਕਰ ਲਿਆ। ਸ਼ੇਖ ਫ਼ਰੀਦ ਦੇ ਸਥਾਨ 'ਤੇ ਵੀ ਰਾਕਟ ਵੱਜੇ।

ਮੰਨਿਆ ਜਾਂਦਾ ਹੈ ਕਿ ਸ਼ੇਖ ਫ਼ਰੀਦ ਜੀ ਨੇ ਇੱਥੇ 40 ਦਿਨ ਦਾ ਚਿੱਲਾ ਕੱਟਿਆ, ਤਪੱਸਿਆ ਕੀਤੀ ਤੇ ਫਿਰ ਪੰਜਾਬ ਪਰਤ ਗਏ ਸਨ। ਫ਼ਰੀਦ ਜੀ ਦੀ ਇਹ ਸਤਰ, "ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮਿ॥" (ਭਾਵ- ਹੇ ਫ਼ਰੀਦ ਇਨ੍ਹਾਂ ਨਿੱਕੀਆਂ ਨਿੱਕੀਆਂ ਲੱਤਾਂ ਨਾਲ ਮੈਂ ਥਲ ਤੇ ਪਹਾੜ ਗਾਹੇ ਹਨ)। ਸ਼ਾਇਦ ਅਜਿਹੀ ਲੰਮੀ ਯਾਤਰਾ ਦੇ ਅਨੁਭਵ 'ਚੋਂ ਹੀ ਉਗਮਿਆ ਹੈ। ਫ਼ਰੀਦ ਜੀ ਦੇ ਸਥਾਨ ਨੂੰ ਅੱਲ ਹਿੰਦ ਸਰਾਂ/ਸਰਾਏ ਕਿਹਾ ਜਾਂਦਾ ਹੈ।

ਬੀ.ਬੀ.ਸੀ. ਦੇ ਪੱਤਰਕਾਰ ਡੇਨੀਅਲ ਸਿਲਾਸ ਐਡਮਸਨ ਅਨੁਸਾਰ 17ਵੀਂ ਸਦੀ ਵਿਚ ਯੇਰੂਸ਼ਲਮ ਵਿਚ 70 ਸੂਫ਼ੀ ਸਰਾਵਾਂ ਸਨ; 1923 ਵਿਚ ਇਸ ਸ਼ਹਿਰ ਤੋਂ ਇਕ ਵਫ਼ਦ ਨੇ ਭਾਰਤ ਦਾ ਦੌਰਾ ਕੀਤਾ ਅਤੇ ਸ਼ੇਖ ਫ਼ਰੀਦ ਦੀ ਸਰਾਂ/ਸਥਾਨ ਦੀ ਮੁਰੰਮਤ ਲਈ ਪੈਸੇ ਇਕੱਠੇ ਕੀਤੇ; 1924 ਵਿਚ ਸਹਾਰਨਪੁਰ ਤੋਂ ਨਜ਼ੀਰ ਹਸਨ ਅਨਸਾਰੀ ਉੱਥੇ ਪਹੁੰਚਿਆ ਤੇ ਉਸ ਨੇ ਉਸ ਅੱਲ ਹਿੰਦ ਸਰਾਂ ਨੂੰ ਸੰਭਾਲਿਆ। ਉਸ ਦੀ ਔਲਾਦ ਅਜੇ ਵੀ ਉੱਥੇ ਰਹਿੰਦੀ ਹੈ। ਨਵਤੇਜ ਸਰਨਾ ਨੇ ਇਸ ਬਾਰੇ ਕਿਤਾਬ 'ਇੰਡੀਅਨਜ਼ ਐਟ ਹੈਰੋਡ'ਜ਼ ਗੇਟ' ਲਿਖੀ ਹੈ।

---

# ਪੜ੍ਹਾਈ ਅਤੇ ਕੰਮ

ਗੁਰਜੰਟ ਕਲਸੀ ਲੰਡੇ
ਫੋਨ: +91-94175-35916

ਦਸਵੀਂ ਪਾਸ ਕਰਨ ਮਗਰੋਂ ਮੈਂ ਮੋਗੇ ਆਈ.ਆਈ.ਆਈ. 'ਚ ਦਾਖਲਾ ਲੈ ਲਿਆ। ਅਸਲ ਵਿਚ ਘਰ ਵਿਚ ਮਾੜੀ ਆਰਥਿਕਤਾ ਨੇ ਝੰਡੇ ਗੱਡੇ ਹੋਏ ਸਨ ਜਿਸ ਕਾਰਨ ਘਰ ਦਾ ਕੋਈ ਹੋਰ ਜੀਅ ਦਸਵੀਂ ਤੱਕ ਵੀ ਨਹੀਂ ਸੀ ਪਹੁੰਚ ਸਕਿਆ। ਹਰ ਇੱਕ ਨੂੰ ਬਚਪਨ ਤੋਂ ਹੀ ਕੰਮ ਵੱਲ ਧੱਕ ਦਿੱਤਾ ਗਿਆ ਸੀ। ਮੈਂ ਪੜ੍ਹਨ ਵਿਚ ਹੁਸ਼ਿਆਰ ਸਾਂ ਅਤੇ ਮੇਰੀ ਮਾਂ ਨੇ ਬਾਪੂ 'ਤੇ ਜ਼ੋਰ ਪਾ ਕੇ ਮੈਨੂੰ ਹੋਰ ਅੱਗੇ ਪੜ੍ਹਾਉਣ ਲਈ ਮਜਬੂਰ ਕਰ ਦਿੱਤਾ ਸੀ।

ਬਾਪੂ ਮੋਗੇ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ ਅਤੇ ਕਈ ਸਾਲਾਂ ਤੋਂ ਇੱਕ ਪ੍ਰਾਈਵੇਟ ਹਾਈ ਸਕੂਲ ਅਤੇ ਕਾਲਜ ਦਾ ਪੱਕਾ ਰਾਜ ਮਿਸਤਰੀ ਸੀ ਜਿਸ ਨੂੰ ਹਰ ਰੋਜ਼ ਪਿੰਡ ਆਉਣਾ ਮੁਸ਼ਕਿਲ ਸੀ। ਨਾਲ ਦੇ ਵਿਦਿਆਰਥੀ ਉੱਚ ਘਰਾਣਿਆਂ ਦੇ ਸਨ ਅਤੇ ਵਧੀਆ ਕੱਪੜੇ ਪਾ ਕੇ ਕਲਾਸ ਵਿਚ ਆਉਂਦੇ। ਮੈਂ ਪਛੜੇ ਜਿਹੇ ਪਿੰਡ ਤੋਂ ਗਿਆ ਸੀ ਅਤੇ ਮਜ਼ਦੂਰ ਦਾ ਪੁੱਤਰ ਹੋਣ ਕਾਰਨ ਸਾਦੇ ਜਿਹੇ ਕੱਪੜੇ ਪਾ ਕੇ ਕਲਾਸ ਵਿਚ ਜਾਂਦਾ। ਉਹ ਵਿਦਿਆਰਥੀ ਮੇਰੇ ਕੋਲੋਂ ਇੱਕ ਤਰ੍ਹਾਂ ਵਿੱਥ ਬਣਾ ਕੇ ਚੱਲਦੇ ਸਨ।

ਉਦੋਂ ਕਰੀਬ ਤਿੰਨ ਕੁ ਇੰਚ ਚੌੜੀ ਅਤੇ ਲੰਮੀ ਤਣੀ ਵਾਲੇ ਬੈਗ ਦੀ ਬੜੀ ਚੜ੍ਹਾਈ ਸੀ ਜੋ ਕੱਪੜੇ ਦਾ ਬਣਿਆ ਹੁੰਦਾ ਤੇ ਲੱਕ ਤੱਕ ਪਹੁੰਚਦਾ ਸੀ। ਮੈਂ ਅਜਿਹੇ ਬੈਗ ਵਿਚ ਘਰੋਂ ਕਿਤਾਬਾਂ, ਕਾਪੀਆਂ ਅਤੇ ਦੁਪਹਿਰ ਲਈ ਅੰਬ ਦੇ ਆਚਾਰ ਨਾਲ ਤਿੰਨ ਰੋਟੀਆਂ ਅਖਬਾਰ ਜਾਂ ਪੋਣੇ ਵਿਚ ਵਲੇਟ ਕੇ ਬੈਗ ਵਿਚ ਪਾ ਲੈਂਦਾ।

ਮੇਰਾ ਬੱਸ ਪਾਸ ਬਣਿਆ ਹੋਇਆ ਸੀ ਅਤੇ ਰੋਜ਼ਾਨਾ ਪਿੰਡ ਆਉਂਦਾ ਸੀ। ਬਾਪੂ ਕੋਲੋਂ ਜੇਬ ਖਰਚ ਮੰਗਦਿਆਂ ਬੜੀ ਸ਼ਰਮ ਆਉਂਦੀ। ਉਦੋਂ ਪੈਸੇ ਪੈਸੇ ਦੀ ਮੁਥਾਜੀ ਸੀ। ਬਾਪੂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਮਾਂ ਮੈਨੂੰ ਬਾਪੂ ਤੋਂ ਚੋਰੀ ਜੇਬ ਖਰਚ ਦਿੰਦੀ। ਇੱਕ ਦਿਨ ਬਾਪੂ ਕਹਿਣ ਲੱਗਾ, "ਜੇ ਤੂੰ ਛੁੱਟੀ ਵਾਲੇ ਦਿਨ ਮੇਰੇ ਨਾਲ ਕੰਮ 'ਤੇ ਚੱਲਿਆ ਕਰੇਂਗਾ ਤਾਂ ਤੈਨੂੰ ਪੂਰੀ ਦਿਹਾੜੀ ਦੇ 20 ਰੁਪਏ ਅਤੇ ਅੱਧੀ ਦਿਹਾੜੀ ਦੇ 10 ਰੁਪਏ ਦਵਿਾਇਆ ਕਰੂੰ।"

ਮੈਂ ਤੁਰੰਤ ਹਾਮੀ ਭਰ ਦਿੱਤੀ। ਸ਼ਨਿੱਚਰਵਾਰ ਮੈਨੂੰ ਅੱਧੀ ਛੁੱਟੀ ਹੁੰਦੀ ਤਾਂ ਮੈਂ ਕੱਪੜੇ ਬਦਲ ਕੇ ਬਾਪੂ ਕੋਲ ਕੰਮ ਕਰਨ ਚਲਿਆ ਜਾਂਦਾ। ਬਾਪੂ ਨੂੰ ਇੱਟਾਂ, ਗਾਰਾ, ਸੀਮੈਂਟ ਆਦਿ ਫੜਾਉਂਦਾ। ਇਉਂ ਮਹੀਨੇ ਵਿਚ 120-130 ਰੁਪਏ ਕਮਾ ਲੈਂਦਾ ਸਾਂ। ਇਸ ਨਾਲ ਮੇਰਾ ਜੇਬ ਖਰਚ ਚੱਲਣ ਲੱਗ ਪਿਆ। ਕਦੀ-ਕਦੀ ਬਾਪੂ ਮੈਨੂੰ ਪਲੱਸਤਰ ਕਰਨ ਜਾਂ ਕੰਧ ਸਿੱਧੀ ਹੁੰਦੀ ਤਾਂ ਇੱਟਾਂ ਦੀ ਚਿਣਾਈ ਕਰਨ ਵੀ ਲਾ ਦਿੰਦਾ। ਇਉਂ ਉਹ ਮੈਨੂੰ ਕੰਮ ਕਰਨ ਅਤੇ ਪੈਸੇ ਕਮਾਉਣ ਦੀ ਆਦਤ ਸਿਖਾਉਣ ਲੱਗ ਪਿਆ।

ਸ਼ਾਮ ਹੁੰਦੇ ਸਾਰ ਹੀ ਮੈਂ ਪਿੰਡ ਆ ਜਾਂਦਾ ਸੀ। ਕਦੀ ਕਲਾਸ ਨਹੀਂ ਸੀ ਛੱਡੀ। ਫਿਰ ਜਦੋਂ ਹੁਸ਼ਿਆਰ ਵਿਦਿਆਰਥੀਆਂ ਦੇ ਵਜ਼ੀਫੇ ਲਈ ਟੈਸਟ ਹੋਏ ਤਾਂ ਮੇਰੇ ਨੰਬਰ ਸਾਰੇ ਵਿਦਿਆਰਥੀਆਂ ਨਾਲੋਂ ਵੱਧ ਨੰਬਰ ਸਨ। ਇਸ ਤੋਂ ਬਾਅਦ ਮੈਨੂੰ ਆਈ.ਟੀ.ਆਈ. ਵਿਚੋਂ ਵਜ਼ੀਫਾ ਮਿਲਣ ਲੱਗ ਪਿਆ। ਜਦ ਮੈਂ ਇਹ ਗੱਲ ਆਪਣੇ ਮਾਂ-ਪਿਓ ਨੂੰ ਦੱਸੀ ਸੀ ਤਾਂ ਉਹ ਬੜੇ ਖ਼ੁਸ਼ ਅਤੇ ਭਾਵੁਕ ਹੋ ਗਏ ਸਨ। ਦੋਹਾਂ ਸਰੋਤਾਂ ਤੋਂ ਮੇਰਾ ਜੇਬ ਖਰਚ ਹੋਰ ਸੁਖਾਲਾ ਹੋ ਗਿਆ ਸੀ। ਫਿਰ ਜੇ ਕਿਤੇ ਚਾਰ ਰੁਪਏ ਬਚਦੇ ਤਾਂ ਸਾਹਿਤ ਦੀਆਂ ਕਿਤਾਬਾਂ ਖਰੀਦ ਲੈਂਦਾ। ਜਦ ਸਾਡਾ ਨਤੀਜਾ ਆਇਆ ਤਾਂ ਸਭ ਤੋਂ ਵੱਧ ਨੰਬਰ ਮੇਰੇ ਸਨ। ਬਾਪੂ ਬੜਾ ਖ਼ੁਸ਼ ਕਿ ਮੇਰੀ ਕੰਮ ਅਤੇ ਪੜ੍ਹਨ ਦੀ ਮਿਹਨਤ ਰੰਗ ਲਿਆਈ ਸੀ।

# ਭਾਰਤ ਦੀ ਨਬਜ਼ ਮਾਲਦੀਵ ਦੇ ਹੱਥ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਭਾਰਤ ਦੇ ਗਵਾਂਢੀ ਦੇਸ਼ਾਂ ਤੋਂ ਮਿਲੀ ਇਸ ਹਫਤੇ ਦੀ ਸਭ ਤੋਂ ਵਚਿੱਤਰ ਖ਼ਬਰ ਨਿਕਚੂ ਜਿਹੇ ਦੇਸ਼ ਮਾਲਦੀਵ ਦਾ ਰਾਜ ਪਲਟਾ ਹੈ। ਉਥੋਂ ਦੀ ਜਨਤਾ ਨੇ ਭਾਰਤ-ਪੱਖੀ ਰਾਸ਼ਟਰਪਤੀ ਇਬਰਾਹੀਮ ਮੁਹੰਮਦ ਮੌਲਿਕ ਨੂੰ ਹਰਾ ਕੇ ਚੀਨ ਪੱਖੀ ਮੁਹੰਮਦ ਮੁਈਜ਼ੂ ਨੂੰ ਚੁਣ ਲਿਆ ਹੈ।

ਚੇਤੇ ਰਹੇ ਕਿ ਮਾਲਦੀਵ 400 ਮੀਲ ਲੰਮੇ ਤੇ 80 ਮੀਲ ਚੌੜੇ ਸਮੁੰਦਰ ਵਿਚ ਡੁਬਕੀਆਂ ਲਾਉਂਦੇ ਟਾਪੂਆਂ ਦਾ ਦੇਸ਼ ਹੈ ਜਿਨ੍ਹਾਂ ਦਾ ਕੁੱਲ ਖੇਤਰਫਲ ਭਾਰਤ ਦੇ ਨਿੱਕੇ ਤੋਂ ਨਿੱਕੇ ਸੂਬੇ ਦਾ 20ਵਾਂ ਹਿੱਸਾ ਹੋਵੇਗਾ। ਇਹ ਟਾਪੂ 17 ਜ਼ਿਲ੍ਹਿਆਂ ਵਿੱਚ ਵੰਡੇ ਹੋਏ ਹਨ। ਉਹ ਜ਼ਿਲ੍ਹਿਆਂ ਨੂੰ ਐਟੌਲ ਕਹਿੰਦੇ ਹਨ। ਇਨ੍ਹਾਂ ਦੇ ਨਾਂ ਫਾਰਸੀ ਲਿਪੀ ਦੇ ਅੱਖਰਾਂ (ਅਲਿਫ, ਬੇ, ਪੇ, ਐਨ ਗੈਨ) ਹਨ।

ਇਨ੍ਹਾਂ ਦੀ ਰਾਜਧਾਨੀ, ਮਾਲੇ, ਬੱਕਰੇ ਦੇ ਪੱਟ ਵਰਗਾ ਇਕ ਮੀਲ ਲੰਮਾ ਤੇ ਅੱਧਾ ਮੀਲ ਚੌੜਾ ਦੀਪ ਹੀ ਹੈ। ਮਸਾਂ ਇਕ ਮੁਰੱਬਾ ਮੀਲ। ਇੱਥੇ ਪਹੁੰਚਣ ਲਈ ਹਵਾਈ ਜਹਾਜ਼ ਹਲੂਲੇ ਉਤਰਦਾ ਹੈ, ਜਿਹੜਾ ਬਰਛੇ ਦੀ ਸ਼ਕਲ ਦਾ ਲੰਮ-ਸਲੰਮਾ ਦੀਪ ਹੈ। ਹਵਾਈ ਜਹਾਜ਼ ਤੋਂ ਉਤਰ ਕੇ ਕਿਸ਼ਤੀ ਰਾਹੀਂ ਰਾਜਧਾਨੀ ਮਾਲੇ ਜਾਇਆ ਜਾਂਦਾ ਹੈ। ਦੋਵੇਂ ਦੀਪ ਇਕ ਦੂਜੇ ਤੋਂ ਡੇਢ ਮੀਲ ਦੀ ਦੂਰੀ 'ਤੇ ਹਨ। ਰਾਜਨੀਤਕ ਢਾਂਚਾ ਅਮਰੀਕਨ ਹੈ। ਦੇਸ਼ ਦਾ ਮੁਖੀ ਰਾਸ਼ਟਰਪਤੀ ਤੇ ਵਿਭਾਗ ਦਾ ਮੁਖੀ ਅੰਡਰ ਸੈਕਟਰੀ।

ਮੇਰਾ ਇਹ ਸਭ ਕੁਝ ਵੇਖਣ ਤੇ ਜਾਣਨ ਦਾ ਸਬੱਬ ਏਦਾਂ ਬਣਿਆ ਕਿ ਮੇਰੀ ਪਤਨੀ ਸੁਰਜੀਤ ਕੌਰ ਭਾਰਤ ਦੇ ਸਿਹਤ ਮੰਤਰਾਲੇ ਵਿਚ ਕੰਮ ਕਰਦੀ ਹੋਣ ਕਰਕੇ 1976 ਦੀਆਂ ਗਰਮੀਆਂ ਦੇ ਮਹੀਨੇ ਮਾਲਦੀਵ ਸਰਕਾਰ ਦੀ ਸਲਾਹਕਾਰ ਬਣ ਕੇ ਗਈ ਸੀ। ਇਸ ਅਣੋਭੜ, ਅਣਜਾਣੀ ਤੇ ਅਣਦੇਖੀ ਥਾਂ ਨੂੰ ਵੇਖਣ ਲਈ ਮੇਰਾ ਵੀ ਮਨ ਕਰ ਆਇਆ ਤੇ ਉਥੇ ਚਲਾ ਗਿਆ।

ਮਾਲਦੀਵ ਦੀ ਸਭ ਤੋਂ ਖ਼ੂਬਸੂਰਤ ਗੱਲ ਇਹ ਹੈ ਕਿ ਏਥੇ ਸਮੁੰਦਰੀ ਤੂਫ਼ਾਨ ਅਸਰ ਨਹੀਂ ਕਰਦੇ। ਉਨ੍ਹਾਂ ਨੇ ਉਹ ਘੜੀ ਕਦੀ ਵੇਖੀ ਹੀ ਨਹੀਂ ਜਿਹੜੀ ਬੰਗਾਲ ਜਾਂ ਇਹੋ ਜਿਹੇ ਹੋਰ ਦੇਸ਼ਾਂ ਉਤੇ ਕੁਦਰਤ ਹਰ ਰੋਜ਼ ਵਰਤਾਉਂਦੀ ਰਹਿੰਦੀ ਹੈ। ਸਮੁੰਦਰ ਦੀ ਸਤ੍ਹਾ ਤੋਂ ਕੇਵਲ ਛੇ ਫੁੱਟ ਉਚੇ ਦੀਪਾਂ ਵਿਚ ਕੁਦਰਤ ਦੀ ਕਰੋਪੀ ਵੀ ਏਦਾਂ ਲੰਘ ਜਾਂਦੀ ਹੈ ਜਿਵੇਂ ਵਿਦੇਸ਼ੀ ਹਮਲਾਵਰ ਲੰਘਦੇ ਰਹੇ ਹਨ। ਉਂਝ ਸਵੇਰੇ ਸੈਰ ਕਰਨ ਨਿਕਲੀਏ ਤਾਂ ਸਮੁੰਦਰ ਦੀਆਂ ਲਹਿਰਾਂ ਨਾਲ ਫਸ ਕੇ ਆਈਆਂ ਮੱਛੀਆਂ ਸੜਕ ਉਤੇ ਇੰਝ ਪਈਆਂ ਮਿਲਦੀਆਂ ਹਨ ਜਿਵੇਂ ਭਾਰਤ ਵਿਚ ਹਨੇਰੀ ਤੋਂ ਪਿੱਛੋਂ ਝੜੇ ਹੋਏ ਅੰਬ ਜਾਂ ਬੇਰ। ਮੱਛੀ ਏਨੀ ਵਧੀਆ ਹੈ ਕਿ ਇੱਥੋਂ ਵਿਦੇਸ਼ੀਆਂ ਨੂੰ ਪਰਮਿਟ ਤੋਂ ਬਿਨਾ ਦੋ-ਚਾਰ ਕਿਲੋ ਤੋਂ ਵੱਧ ਮੱਛੀ ਲੈ ਜਾਣ ਦੀ ਆਗਿਆ ਨਹੀਂ। ਉਨ੍ਹਾਂ ਦੀ



ਸਾਰੀ ਦੀ ਸਾਰੀ ਆਰਥਿਕਤਾ ਮੱਛੀ ਨੂੰ ਬਾਹਰ ਭੇਜ ਕੇ ਕਮਾਏ ਪੈਸੇ ਨਾਲ ਜੁੜੀ ਹੋਈ ਹੈ। ਭੋਜਨ ਦਾ ਸ਼ਾਇਦ ਹੀ ਕੋਈ ਅਜਿਹਾ ਪਦਾਰਥ ਹੋਏ, ਜਿਸ ਵਿਚ ਮੱਛੀ ਦੇ ਮਾਸ ਜਾਂ ਤੇਲ ਦੀ ਵਰਤੋਂ ਨਾ ਹੁੰਦੀ ਹੋਵੇ।

ਲੋਕ ਬੜੇ ਅਮੀਰ ਵੀ ਹਨ ਤੇ ਗ਼ਰੀਬ ਵੀ। ਅਮੀਰੀ ਵਧੇਰੇ ਕਰਕੇ ਰਾਜਧਾਨੀ ਵਿਚ ਹੈ ਤੇ ਗਰੀਬੀ ਬਾਹਰਲੇ ਦੀਪਾਂ ਵਿਚ। ਅਮੀਰ ਲੋਕ ਦੁਕਾਨਦਾਰ ਹਨ, ਫ਼ੋਟੋਗ੍ਰਾਫ਼ਰ, ਦਰਜੀ ਜਾਂ ਕਿਸੇ ਕਾਰੀਗਰੀ ਦੇ ਮਾਹਿਰ। ਗ਼ਰੀਬ ਲੋਕ ਮੱਛੀਆਂ ਫੜਦੇ ਹਨ ਤੇ ਉਨ੍ਹਾਂ ਨੂੰ ਵੇਚ ਕੇ ਗੁਜ਼ਾਰਾ ਕਰਦੇ ਹਨ। ਅਮੀਰ ਲੋਕ ਸਮੁੰਦਰੀ ਤੱਟ 'ਤੇ ਨਹਾਉਂਦੇ ਤੇ ਐਸ਼ ਕਰਦੇ ਹਨ ਤੇ ਜਾਂ ਫੇਰ ਸੈਰ ਤਫ਼ਰੀਹ ਲਈ ਤਿਆਰ ਕੀਤੇ ਦੀਪਾਂ ਦਾ ਆਨੰਦ ਮਾਣਦੇ ਹਨ।

ਜਦੋਂ ਮੈਂ ਉਥੇ ਗਿਆ ਇਥੋਂ ਦੀ ਨਿੱਕੀ ਜਿਹੀ ਰਾਜਧਾਨੀ ਵਿਚ 80 ਕਾਰਾਂ ਸਨ। ਉਨ੍ਹਾਂ ਨੂੰ ਪੁੱਛੀਏ ਕਿ ਇਕ ਮੀਲ ਲੰਮੇ ਤੇ ਅੱਧ ਮੀਲ ਚੌੜੇ ਇਸ ਦੀਪ ਵਿਚ ਤੁਸੀਂ ਕਾਰਾਂ ਕਿਉਂ ਰੱਖਦੇ ਹੋ ਤਾਂ ਉੱਤਰ ਮਿਲਦਾ ਕਿ ਭਾਈਚਾਰੇ ਵਿਚ ਫੇਰੇ-ਤੋਰੇ ਲਈ ਕਾਰ ਤੋਂ ਬਿਨਾ ਕੀ ਕਰਾਂਗੇ? ਪਤਾ ਲੱਗਾ ਹੈ ਕਿ ਹੁਣ ਮਾਲਦੀਵ ਪਹਿਲਾਂ ਵਾਲਾ ਨਹੀਂ ਰਿਹਾ। ਦੇਸ਼ ਦੀ ਵਸੋਂ ਢਾਈ ਦਹਾਕਿਆਂ ਵਿਚ ਦੁੱਗਣੀ ਹੋ ਚੁੱਕੀ ਹੈ ਤੇ ਰਾਜਧਾਨੀ ਮਾਲੇ ਦੀ ਢਾਈ ਗੁਣਾ। ਹੁਣ ਉਥੇ ਵਿਦਿਆ ਪ੍ਰਾਪਤ ਕਰਨ ਲਈ ਤਕਨੀਕੀ ਅਦਾਰੇ ਹਨ, ਰਹਿਣ ਲਈ ਖ਼ੂਬਸੂਰਤ ਹੋਟਲ ਤੇ ਡਾਕਟਰੀ ਸਹਾਇਤਾ ਲਈ ਇੰਦਰਾ ਗਾਂਧੀ ਮੈਮੋਰੀਅਲ ਹਸਪਤਾਲ, ਜਿਸ ਦੀ ਉਸਾਰੀ ਲਈ 60 ਹਜ਼ਾਰ ਟਨ ਇਮਾਰਤੀ ਸਾਮਾਨ ਸਮੁੰਦਰੀ ਜਹਾਜ਼ਾਂ ਰਾਹੀਂ ਭਾਰਤ ਤੋਂ ਲਿਜਾਇਆ ਗਿਆ ਸੀ। ਉਸਾਰੀ ਲਈ ਲੋੜੀਂਦਾ ਪਾਣੀ, ਮਕਾਨਾਂ ਤੇ ਮਸਜਿਦਾਂ ਦੀਆਂ ਛੱਤਾਂ ਉਤੇ ਬਾਰਸ਼ ਦਾ ਪਾਣੀ ਜਮ੍ਹਾਂ ਕਰ ਕੇ ਕੀਤਾ ਗਿਆ ਸੀ।

ਅੱਜ ਕੱਲ੍ਹ ਉਥੇ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਦੋ-ਢਾਈ ਹਜ਼ਾਰ ਹੈ, ਜਿਹੜੀ ਕਿ ਸ੍ਰੀਲੰਕਨਾਂ ਤੇ ਬੰਗਲਾ ਦੇਸ਼ੀਆਂ ਤੋਂ ਪਿੱਛੋਂ ਤੀਜੇ ਨੰਬਰ 'ਤੇ ਹੈ। ਇਨ੍ਹਾਂ ਭਾਰਤੀ ਮੂਲ ਦੇ ਵਸਨੀਕਾਂ ਦੀ ਦੇਣ ਹੀ ਹੈ ਕਿ ਮਾਲਦੀਵ ਤੇ ਭਾਰਤ ਵਿਚ ਮਿੱਤਰਤਾ ਦੀ ਸਾਂਝ ਆਏ ਦਿਨ ਵਧਦੀ ਰਹੀ ਹੈ। ਫਰਵਰੀ 1974 ਤੋਂ ਰਾਜਧਾਨੀ ਵਿਚ ਸਟੇਟ ਬੈਂਕ ਆਫ਼ ਇੰਡੀਆ ਦੀ ਬ੍ਰਾਂਚ ਹੈ ਅਤੇ ਇਥੋਂ ਦੇ ਮਾਲਦੀਵੀਅਨ ਇੰਸਟੀਚਿਊਟ ਆਫ਼ ਟੈਕਨੀਕਲ ਐਜੂਕੇਸ਼ਨ ਦੀ ਸਥਾਪਨਾ ਵਿਚ ਵੀ ਭਾਰਤ ਨੇ ਮਾਇਕ ਤੇ ਤਕਨੀਕੀ ਸਹਾਇਤਾ ਦਿੱਤੀ ਸੀ।

ਹੁਣ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਨੇ ਆਪਣੇ ਪਲੇਠੇ ਜਨਤਕ ਭਾਸ਼ਣ ਵਿਚ ਹੀ ਭਾਰਤ ਦੇ ਹੈਲੀਕਾਪਟਰਾਂ ਦੀ ਸਾਂਭ-ਸੰਭਾਲ ਕਰਨ ਵਾਲੇ ਅਮਲੇ ਨੂੰ ਬਾਹਰ ਦਾ ਰਾਹ ਵਿਖਾਉਣ ਦਾ ਐਲਾਨ ਕੀਤਾ ਹੈ। ਉਂਝ ਵੀ ਭਾਰਤੀ ਵਿਦੇਸ਼ ਮੰਤਰੀ ਦੀ ਪੂਰੀ ਕੋਸ਼ਿਸ਼ ਦੇ ਬਾਵਜੂਦ ਉਥੋਂ ਦੀ ਸਰਕਾਰ 2021 ਵਿਚ ਤੈਅ ਹੋਏ ਉਸ ਅਹਿਦਨਾਮੇ ਨੂੰ ਅਮਲ ਵਿਚ ਨਹੀਂ ਲਿਆ ਸਕੀ ਜਿਸਦੇ ਅਧੀਨ ਅਗਲੇ ਪੰਦਰਾਂ ਸਾਲ ਦੋਵਾਂ ਦੇਸ਼ਾਂ ਦੇ ਜਹਾਜ਼ਾਂ ਨੂੰ ਇਕ ਦੂਜੇ ਦੀ ਬੰਦਰਗਾਹ ਵਰਤਣ ਦਾ ਅਧਿਕਾਰ ਸ਼ਾਮਲ ਸੀ। ਨਵਾਂ ਰਾਸ਼ਟਰਪਤੀ ਆਪਣੇ ਹੁਕਮਾਂ ਨੂੰ ਕਿਵੇਂ ਲਾਗੂ ਕਰੇਗਾ ਸਮੇਂ ਨੇ ਦੱਸਣਾ ਹੈ। ਉਥੋਂ ਦੀ ਪੁਲੀਸ ਕੋਲ ਡੰਡੇ ਤੋਂ ਵੱਡਾ ਹਥਿਆਰ ਹੀ ਨਹੀਂ।

ਏਥੋਂ ਦੇ ਰਸਮ ਰਿਵਾਜ ਵੀ ਅਧੀਨ ਹਨ। ਇੱਥੋਂ ਵਿਦੇਸ਼ੀਆਂ ਨੂੰ ਵਿਆਹ ਕਰਨ ਦੀ ਇਜਾਜ਼ਤ ਹੈ ਪਰ ਉਹ ਆਪਣੀ ਬੀਵੀ ਨੂੰ ਨਾਲ ਨਹੀਂ ਲਿਜਾ ਸਕਦੇ। ਬੱਚੇ ਮਾਲਦੀਵ ਦਾ ਸਰਮਾਇਆ ਸਮਝੇ ਜਾਂਦੇ ਹਨ। ਏਥੋਂ ਦੀ ਵਸੋਂ 100 ਫ਼ੀਸਦੀ ਮੁਸਲਮਾਨ ਹੈ ਕੁਰਾਨ ਨਾ ਪੜ੍ਹਨ ਵਾਲੇ ਬੱਚੇ ਦੀਆਂ ਅੱਖਾਂ ਵਿਚ ਮਿਰਚਾਂ ਪਾ ਕੇ ਸਜ਼ਾ ਦਿੱਤੀ ਜਾਂਦੀ ਰਹੀ ਹੈ।

ਹੈਰਾਨੀ ਦੀ ਗੱਲ ਇਹ ਕਿ ਏਨੇ ਕੱਟੜ ਮੁਸਲਿਮ ਰਹਿਤ ਵਾਲੇ ਦੇਸ਼ ਵਿਚ ਪਰਦੇ ਦਾ ਰਿਵਾਜ਼ ਬਿਲਕੁਲ ਨਹੀਂ। ਬੱਚੇ, ਬੁੱਢੇ, ਕੁੜੀਆਂ ਤੇ ਮੁੰਡੇ ਸੂਰਜ ਛਿਪਣ ਤੋਂ ਬਾਅਦ ਸ਼ਾਮ ਦੇ 10 ਵਜੇ ਤਕ ਇੱਥੋਂ ਦੇ ਚਾਂਦਨੀ ਮਾਰਗ ਵਿਚ ਆਮ ਹੀ ਸੈਰ ਕਰਦੇ ਹਨ। ਕੁੜੀਆਂ ਅਤੇ ਮੁੰਡੇ ਪੈਂਟਾਂ ਪਹਿਨਦੇ ਹਨ, ਤੇ ਵਾਲ ਕਟਾ ਕੇ ਰੱਖਦੇ ਹਨ। ਪੈਂਟਾਂ ਦੇ ਨਾਲ ਮੁੰਡੇ ਕਮੀਜ਼ ਜਾਂ ਬੁਸ਼-ਸ਼ਰਟ ਪਹਿਨਦੇ ਹਨ ਤੇ ਕੁੜੀਆਂ ਸਕਰਟ। ਇਨ੍ਹਾਂ ਦੇ ਮਾਪੇ ਇਉਂ ਨਹੀਂ ਸੀ ਕਰਦੇ। ਪੁਰਾਣੀਆਂ ਔਰਤਾਂ ਲੰਮੇ ਚੋਗੇ ਪਾਉਂਦੀਆਂ ਸਨ ਤੇ ਆਦਮੀ ਸਿਰ 'ਤੇ ਪੱਗ ਬੰਨ੍ਹਦੇ ਸਨ।

ਇਥੋਂ ਦੀਆਂ ਫ਼ਸਲਾਂ ਨਾਰੀਅਲ, ਕੇਲਾ ਤੇ ਪਪੀਤਾ ਹਨ, ਜਿਹੜੇ ਕਿ ਸਮੁੰਦਰ ਦੇ ਕੰਢੇ ਆਮ ਹੁੰਦੇ ਹਨ। ਕਿਧਰੇ-ਕਿਧਰੇ ਸੰਗਤਰਾ ਤੇ ਕੋਈ-ਕੋਈ ਮੱਕੀ ਦਾ ਟਾਂਡਾ ਵੀ ਉੱਗ ਆਉਂਦਾ ਹੈ। ਪੀਣ ਲਈ ਪਾਣੀ ਮੀਂਹ ਵਰ੍ਹਨ ਸਮੇਂ ਮਕਾਨਾਂ ਦੀਆਂ ਛੱਤਾਂ ਉਤੇ ਜਮ੍ਹਾਂ ਕੀਤਾ ਜਾਂਦਾ ਹੈ, ਜਿਸ ਨੂੰ ਪਿੱਛੋਂ ਉਤਾਰ ਕੇ ਪੀ ਲਿਆ ਜਾਂਦਾ ਹੈ। ਮੀਂਹਾਂ ਦਾ ਇਥੇ ਕੋਈ ਘਾਟਾ ਨਹੀਂ।

ਜਿੱਥੋਂ ਤਕ ਤੁਰਨ-ਫਿਰਨ ਦੇ ਵਸੀਲਿਆਂ ਦਾ ਸੰਬੰਧ ਹੈ, ਹਜ਼ਾਰਾਂ ਰੁਪਏ ਮਹੀਨਾ ਤਨਖ਼ਾਹ ਲੈਣ ਵਾਲੇ ਸਲਾਹਕਾਰਾਂ ਨੂੰ ਵੀ ਕੇਵਲ ਸਾਈਕਲ ਮਿਲਦੀ ਸੀ ਜਿਸ ਦੇ ਪਿਛਲੇ ਮਡਗਾਰਡ ਉਤੇ ਗੌਰਮਿੰਟ ਆਫ ਮਾਲਦੀਵ ਲਿਖਿਆ ਹੁੰਦਾ ਸੀ। ਮੇਰੀ ਬੀਵੀ ਸਾਈਕਲ ਚਲਾਉਣਾ ਨਹੀਂ ਸੀ ਜਾਣਦੀ, ਪਰ ਮੈਂ ਉਸ ਦੇ ਸਰਕਾਰੀ ਸਾਈਕਲ ਦੀ ਵਰਤੋਂ ਨਹੀਂ ਸੀ ਕਰ ਸਕਦਾ। ਮੈਂ ਆਪਣੇ ਲਈ ਸਾਈਕਲ ਕਿਰਾਏ 'ਤੇ ਲਈ ਸੀ।

ਇਕ ਦਿਨ ਸੂਰਜ ਛਿਪਣ ਵੇਲੇ ਮੈਨੂੰ ਇਕ ਮੋੜ ਉਤੇ ਸਿਪਾਹੀ ਨੇ ਰੋਕ ਲਿਆ। ਇਹ ਸੋਚ ਕੇ ਕਿ ਮੈਂ ਬੱਤੀ ਨਹੀਂ ਸੀ ਜਗਾਈ, ਮੈਂ ਸਾਈਕਲ ਤੋਂ ਉਤਰਿਆ ਅਤੇ ਬੱਤੀ ਜਗਾ ਲਈ। ਜਦੋਂ ਮੁੜ ਚੜ੍ਹਨ ਲੱਗਾ ਤਾਂ ਸਿਪਾਹੀ ਨੇ ਫੇਰ ਸੀਟੀ ਮਾਰ ਦਿੱਤੀ। ਮੈਂ ਫੇਰ ਉਤਰ ਗਿਆ। ਉਸ ਨੇ ਇਸ਼ਾਰਾ ਕਰ ਕੇ ਮੈਨੂੰ ਦੱਸਿਆ ਕਿ ਮੈਨੂੰ ਗੋਲ-ਚੱਕਰ ਉਪਰੋਂ ਘੁੰਮ ਕੇ ਆਉਣਾ ਚਾਹੀਦਾ ਸੀ। ਚੱਕਰ ਛੋਟਾ ਖੂਹ ਦੀ ਗੋਲਾਈ ਜਿੱਡਾ। ਮੈਂ ਆਪਣੀ ਗ਼ਲਤੀ ਲਈ ਸੌਰੀ ਕਹਿ ਕੇ ਫੇਰ ਸਾਈਕਲ 'ਤੇ ਚੜ੍ਹ ਗਿਆ। ਉਸ ਨੇ ਫੇਰ ਸੀਟੀ ਮਾਰੀ ਤੇ ਮੈਨੂੰ ਸਾਈਕਲ ਤੋਂ ਉਤਾਰ ਲਿਆ। ਮੁਆਫ਼ੀ ਮੰਗ ਲੈਣਾ ਕਾਫ਼ੀ ਨਹੀਂ ਸੀ। ਜਿੰਨਾ ਚਿਰ ਮੈਂ ਗੋਲ ਚੱਕਰ ਦੇ ਉੱਤੇ ਹੋ ਕੇ ਨਹੀਂ ਲੰਘਿਆ ਉਸ ਨੇ ਮੈਨੂੰ ਛੁੱਟੀ ਨਹੀਂ ਦਿੱਤੀ।

ਸਿਪਾਹੀ ਇਹ ਵੀ ਜਾਣਦਾ ਸੀ ਕਿ ਮੈਂ ਉਥੋਂ ਦੀ ਸਭ ਤੋਂ ਵੱਧ ਤਨਖ਼ਾਹ ਲੈਣ ਵਾਲੀ ਤੇ ਇੱਜ਼ਤਦਾਰ ਡਾਕਟਰ ਦੇ ਘਰ ਵਾਲਾ ਸਾਂ, ਪਰ ਉਥੋਂ ਦਾ ਕਾਨੂੰਨ ਉਸ ਨੂੰ ਇਹ ਆਗਿਆ ਨਹੀਂ ਸੀ ਦਿੰਦਾ ਕਿ ਮੇਰੇ ਵੱਲੋਂ ਕੀਤੀ ਗਈ ਕਾਨੂੰਨ ਦੀ ਉਲੰਘਣਾ ਪਰਵਾਨ ਕਰਦਾ।

ਉਸ ਦਿਨ ਤੋਂ ਲੈ ਕੇ ਅੱਜ ਤਕ ਕੋਈ 100 ਦੇ ਕਰੀਬ ਮਾਲਦੀਵ ਦੇ ਵਸਨੀਕ ਮੈਨੂੰ ਪਿਛਲੇ 50 ਸਾਲਾਂ ਵਿਚ ਦਿੱਲੀ ਤੇ ਪੰਜਾਬ ਆ ਕੇ ਮਿਲ ਚੁੱਕੇ ਹਨ। ਉਨ੍ਹਾਂ ਨੂੰ ਸਾਡਾ ਦੋ ਮਹੀਨੇ ਉਥੇ ਰਹਿਣਾ ਨਹੀਂ ਭੁੱਲਿਆ ਤੇ ਮੈਨੂੰ ਉਨ੍ਹਾਂ ਦੇ ਸਿਪਾਹੀ ਵੱਲੋਂ ਚੱਕਰ ਦਾ ਗੇੜਾ ਦੁਆਉਣਾ।

ਜੇ ਮਾਲਦੀਵ ਦੀਆਂ ਚੋਣਾਂ ਭਾਰਤ ਦੀ ਵਰਤਮਾਨ ਸਰਕਾਰ ਦੇ ਵਿਦੇਸ਼ ਮੰਤਰਾਲੇ ਦਾ ਸ਼ੀਸ਼ਾ ਹਨ ਤਾਂ ਦੋ ਦਿਨ ਪਿਛੋਂ ਹੋਈਆਂ ਕਾਰਗਿਲ ਦੀਆਂ ਚੋਣਾਂ ਸਾਡੀ ਸਰਕਾਰ ਦੇ ਗ੍ਰਹਿ ਮੰਤਰਾਲੇ ਦੀ ਕਾਰਗੁਜ਼ਾਰੀ ਦਰਸਾਉਂਦੀਆਂ ਹਨ। ਮਾਲਦੀਵ ਹਿੰਦੂਤਵ ਦੀ ਪ੍ਰਧਾਨਗੀ ਦਾ ਪ੍ਰਤੀਕਰਮ ਹੈ ਤੇ ਕਾਰਗਿਲ ਦੀਆਂ ਚੋਣਾਂ ਉਥੋਂ ਦੇ ਵਸਨੀਕਾਂ ਦੀ ਆਵਾਜ਼। ਉਥੇ 26 ਸੀਟਾਂ ਵਿਚੋਂ 22 ਕਾਂਗਰਸ ਤੇ ਨੈਸ਼ਨਲ ਕਾਨਫਰੰਸ ਨੇ ਜਿੱਤੀਆਂ ਹਨ, ਦੋ ਆਜ਼ਾਦ ਉਮੀਦਵਾਰਾਂ ਨੇ ਤੇ ਕੇਵਲ ਦੋ ਭਾਜਪਾ ਨੇ। 2024 ਦੀਆਂ ਚੋਣਾਂ ਕੀ ਨਤੀਜੇ ਕੱਢਣਗੀਆਂ ਸਮੇਂ ਨੇ ਦੱਸਣਾ ਹੈ।

**ਅੰਤਿਕਾ**

-ਈਸ਼ਵਰ ਚਿੱਤਰਕਾਰ-

ਤੇਰੀ 'ਨਹੀਂ' ਨੇ ਫਾਹ ਲਿਆ ਉਸ ਦਿਲ ਨੂੰ ਕਿਸ ਤਰ੍ਹਾਂ ਭਲਾ

ਜਿਸ ਵੱਲ ਜ਼ਰਾ ਵੀ ਤੱਕਣੋਂ ਸੀ ਮੌਤ ਸੰਗਦੀ ਰਹੀ।

# ਪਾਗਲਪਣ ਵੀ ਜ਼ਰੂਰੀ ਐ ਜਿਊਣ ਲਈ !



ਇੰਦਰਜੀਤ ਚੁਗਾਵਾਂ

ਮਨੁੱਖ ਇਕ ਬਹੁਤ ਈ ਸੰਵੇਦਨਸ਼ੀਲ ਜੀਵ ਹੈ। ਇਹ ਸੰਵੇਦਨਸ਼ੀਲਤਾ ਹਰ ਮਨੁੱਖ 'ਚ ਹੁੰਦੀ ਹੈ ਪਰ ਜ਼ਰੂਰੀ ਨਹੀਂ ਕਿ ਹਰ ਮਨੁੱਖ ਇਕੋ ਜਿਹਾ ਈ ਸੰਵੇਦਨਸ਼ੀਲ ਹੋਵੇ। ਇਸ ਦਾ ਪੱਧਰ ਇਹ ਪਹਿਲੂ ਤੈਅ ਕਰਦਾ ਹੈ ਕਿ ਸੰਬੰਧਤ ਵਿਅਕਤੀ ਕਿਸ ਮਾਹੌਲ 'ਚ ਪਲ਼ਿਆ ਹੈ, ਉਹ ਰਹਿ ਕਿਸ ਮਾਹੌਲ 'ਚ ਰਿਹਾ ਹੈ, ਉਸਦਾ ਕਾਰਜ-ਖੇਤਰ ਕਿਹੋ ਜਿਹਾ ਹੈ। ਜਦ ਦੋ ਮਨੁੱਖਾਂ 'ਚ ਸੰਵੇਦਨਸ਼ੀਲਤਾ ਦੀਆਂ ਤਰੰਗਾਂ ਮੇਲ ਖਾ ਜਾਂਦੀਆਂ ਹਨ ਤਾਂ ਉਨ੍ਹਾਂ ਵਿਚਾਲੇ ਰਿਸ਼ਤਾ ਬਿਨ ਉਚੇਚ ਗੂੜ੍ਹਾ ਹੋਈ ਜਾਂਦਾ ਹੈ।

ਮੇਰੇ ਕੁੱਝ ਇਕ ਦੋਸਤ ਅਜਿਹੇ ਹਨ ਜਿਨ੍ਹਾਂ ਨਾਲ ਮੇਰੀਆਂ ਇਹ ਤਰੰਗਾਂ ਮੇਚ ਖਾਂਦੀਆਂ ਹਨ। ਅਸੀਂ ਇਕੱਠੇ ਹੱਸ ਵੀ ਲੈਂਦੇ ਹਾਂ, ਰੋ ਵੀ ਲੈਂਦੇ ਹਾਂ। ਮੈਂ ਤੇ ਮੇਰਾ ਮਿੱਤਰ ਮਹੀਪਾਲ ਮਨੁੱਖਤਾ ਦੇ ਪਹਿਲੂਆਂ ਨੂੰ ਉਜਾਗਰ ਕਰਦਾ ਕੋਈ ਗੀਤ ਸੁਣ ਕੇ, ਕੋਈ ਕਹਾਣੀ ਪੜ੍ਹ ਕੇ ਬੱਚਿਆਂ ਵਾਂਗ ਰੋ ਪੈਂਦੇ ਹਾਂ। ਕਈ ਵਾਰ ਤਾਂ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਟਰੱਕ ਚਲਾਉਂਦਿਆਂ ਕੋਈ ਘਟਨਾ ਯਾਦ ਕਰਕੇ, ਕੋਈ ਗੀਤ ਸੁਣ ਕੇ ਅੱਖਾਂ 'ਚੋਂ ਹੰਝੂ ਆਪ-ਮੁਹਾਰੇ ਵਗਣ ਲੱਗ ਪੈਂਦੇ ਹਨ। ਫੇਰ ਜਦ ਖਿਆਲ ਆਉਂਦੈ ਕਿ ਮੇਰਾ ਜੋਟੀਦਾਰ ਡਰਾਈਵਰ ਕਿਤੇ ਇਹ ਹੰਝੂ ਦੇਖ ਨਾ ਲਵੇ ਤਾਂ ਫ਼ੌਰੀ ਤੌਰ 'ਤੇ ਆਪਣੇ ਆਪ ਨੂੰ ਇਹ ਕਹਿ ਕੇ ਸੰਭਾਲ ਲੈਂਦਾ ਹਾਂ, "ਬਾਹ.ਲ਼ਾ ਈ ਪਾਗਲ ਐਂ ਤੂੰ ਯਾਰਾ...ਸੰਭ.ਲ਼ ਜ਼ਰਾ!" ਮੇਰਾ ਦੋਸਤ ਬਲਬੀਰ ਸੂਫ਼ੀ (ਗਾਇਕ-ਗੀਤਕਾਰ) ਅਜਿਹੇ ਮੌਕਿਆਂ ਬਾਰੇ ਗੱਲ ਕਰਦਾ ਅਕਸਰ ਕਹਿੰਦਾ ਹੁੰਦੈ, "ਆਪਾਂ ਤਾਂ ਯਾਰਾ ਬਾਹ.ਲ਼ੇ ਈ ਪਾਗਲ ਆਂ...!" ਤੇ ਮੇਰਾ ਜਵਾਬ ਹੁੰਦੈ, "ਪਾਗਲ ਜ਼ਰੂਰ ਆਂ, ਬੇਵਕੂਫ਼ ਨਹੀਂ!"

ਇਸ ਵਾਰ ਦੇ ਗੇੜੇ ਮੈਨੂੰ ਆਪਣੇ ਇਕ ਅਜਿਹੇ ਈ ਪਾਗਲ ਮਿੱਤਰ ਦੀ ਬਹੁਤ ਯਾਦ ਆਈ! ਮੇਰੀਲੈਂਡ ਦੇ ਹਯਾਟਵਿਲ 'ਚ ਲੋਡ ਡਲਿਵਰ ਕਰਨ ਦਾ ਸਮਾਂ ਰਾਤ ਪੌਣੇ ਬਾਰਾਂ ਵਜੇ ਸੀ ਤੇ ਵਾਪਸੀ ਦਾ ਲੋਡ ਨਾਰਥ ਕੈਰੋਲਾਈਨਾ ਦੇ ਮੂਰਸਵਿਲ ਸ਼ਹਿਰ ਤੋਂ ਅਗਲੇ ਦਿਨ ਸਵੇਰੇ ਗਿਆਰਾਂ ਵਜੇ ਚੁੱਕਣਾ ਸੀ। ਪਹਿਲਾਂ ਤਾਂ ਸਾਨੂੰ ਡੋਰ ਤੜਕੇ ਚਾਰ ਵਜੇ ਮਿਲਿਆ। ਫੇਰ ਸਵੇਰੇ ਛੇ ਵਜੇ ਪੱਲੇਦਾਰਾਂ ਨੇ ਅੰਦਰ ਬੁਲਾ ਕੇ ਦਿਖਾਇਆ ਕਿ ਸਾਡੇ ਟ੍ਰੇਲਰ ਵਿਚਲੇ ਤਿੰਨ ਪੈਲਟ ਟੇਢੇ ਹੋਏ ਪਏ ਹਨ। ਕਹਿਣ ਲੱਗੇ ਕਿ ਇਨ੍ਹਾਂ ਨੂੰ ਸਿੱਧੇ ਕਰੋ, ਫੇਰ ਈ ਉਤਾਰਾਂਗੇ। ਅੰਦਰ ਠੰਡ ਬਹੁਤ ਸੀ ਤੇ ਸਾਡੇ ਲਈ ਇਹ ਕੰਮ ਮੁਸ਼ਕਲ ਸੀ। ਅਸੀਂ ਕਿਹਾ ਕਿ ਸਾਡੀ ਕੰਪਨੀ ਤੁਹਾਨੂੰ ਤੁਹਾਡੀ ਮਿਹਨਤ ਦੇ ਦੇਵੇਗੀ, ਇਹ ਕੰਮ ਤੁਸੀਂ ਕਰ ਦਿਓ। ਉਨ੍ਹਾਂ ਦੀ ਮੰਗ ਸੀ ਕਿ ਉਹ ਕੈਸ਼ ਲੈਣਗੇ, ਨਹੀਂ ਤਾਂ ਲੋਡ ਵਾਪਸ ਲਿਜਾਣਾ ਪਵੇਗਾ। ਸਮਝ ਆ ਗਈ ਕਿ ਇਹ ਪੈਸੇ ਉਹ ਬਾਹਰੋ-ਬਾਰ ਲੈਣਾ ਚਾਹੁੰਦੇ ਹਨ। ਆਪਣੀ ਕੰਪਨੀ ਨਾਲ ਗੱਲ ਕਰਕੇ ਸੱਠ ਡਾਲਰ 'ਚ ਸੌਦਾ ਕਰ ਲਿਆ। ਸਾਨੂੰ ਉਨ੍ਹਾਂ ਸਵੇਰੇ ਦਸ ਵਜੇ ਵਿਹਲੇ ਕੀਤਾ। ਪੂਰਾ ਤਾਣ ਲਾ ਕੇ ਅਸੀਂ ਜਦ ਮੂਰਸਵਿਲ ਸ਼ਾਮ ਸਾਢੇ ਛੇ ਵਜੇ ਪਹੁੰਚੇ ਤਾਂ ਉਹ ਵੇਅਰਹਾਊਸ ਬੰਦ ਹੋ ਚੁੱਕਾ ਸੀ, ਜਿੱਥੋਂ ਲੋਡ ਚੁੱਕਣਾ ਸੀ। ਸਾਨੂੰ ਦੂਸਰੇ ਦਿਨ ਸਵੇਰੇ ਛੇ ਤੋਂ ਅੱਠ ਵਜੇ ਦੇ ਵਿਚ-



ਵਿਚ ਆਉਣ ਲਈ ਕਿਹਾ ਗਿਆ। ਰਾਤ ਓਥੇ ਠਹਿਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ ਪਰ ਵੇਅਰਹਾਊਸ 'ਚ ਰਾਤ ਦੇ ਪੜਾਅ ਦੀ ਕੋਈ ਵਿਵਸਥਾ ਨਾ ਹੋਣ ਕਾਰਨ ਦਸ ਮੀਲ ਦੂਰ ਪਾਈਲਟ ਦੇ ਟਰੱਕ ਸਟਾਪ 'ਤੇ ਜਾਣਾ ਪਿਆ ਤੇ ਖੁਸ਼ਕਿਸਮਤੀ ਨਾਲ ਸਾਨੂੰ ਪਾਰਕਿੰਗ ਲਈ ਥਾਂ ਮਿਲ ਗਈ। ਸਤਾਰਾਂ ਡਾਲਰ ਦੇ ਕੇ ਰਾਤ ਨਿਰਵਿਘਨ ਕੱਟਣ ਦਾ ਪ੍ਰਬੰਧ ਹੋ ਗਿਆ। ਰਾਤ ਦੇ ਖਾਣੇ ਦਾ ਜੁਗਾੜ ਕਰਕੇ ਮੇਰਾ ਜੋਟੀਦਾਰ ਅਵਤਾਰ ਆਪਣੇ ਬਿਸਤਰੇ 'ਚ ਵੜ ਗਿਆ। ਮੈਂ ਸੋਚਿਆ ਕਿ ਬਾਹਰ ਨਿਕਲ ਕੇ ਥੋੜਾ ਤੁਰ-ਫਿਰ ਲੈਨੇ ਆਂ, ਖਾਣਾ ਪਚ ਜਾਊ ਤੇ ਨੀਂਦ ਵਧੀਆ ਆਊਗੀ!

ਅੱਧਾ-ਪੌਣਾ ਘੰਟਾ ਤੋਰਾ-ਫੇਰਾ ਕਰਕੇ, ਰੈਸਟਰੂਮ 'ਚ ਬਰੱਸ਼ ਕਰਨ ਤੋਂ ਬਾਅਦ ਵਾਪਸ ਆਪਣੇ ਟਰੱਕ ਵੱਲ ਆ ਰਿਹਾ ਸੀ ਤਾਂ ਮੇਰੇ ਕੰਨੀਂ ਕਿਸੇ ਦੇ ਸੁਬਕਣ ਦੀ ਆਵਾਜ਼ ਪਈ। ਉਤਸੁਕਤਾ ਜਾਗੀ ਤਾਂ ਨੇੜੇ ਜਾ ਕੇ ਦੇਖਿਆ ਤਾਂ ਇਕ ਡਰਾਈਵਰ ਰੋ ਰਿਹਾ ਸੀ। ਸਿਰ 'ਤੇ ਸਾਫ਼ਾ ਬੰਨ੍ਹਿਆ ਹੋਣ ਕਾਰਨ ਪਤਾ ਲੱਗ ਗਿਆ ਕਿ ਇਹ ਪੰਜਾਬੀ ਈ ਹੈ। ਉਹ ਕਿਸੇ ਨਾਲ ਫੋਨ 'ਤੇ ਗੱਲ ਕਰ ਰਿਹਾ ਸੀ। ਸੋਚਿਆ ਕਿ ਕਿਸੇ ਮੁਸ਼ਕਲ 'ਚ ਨਾ ਫਸਿਆ ਹੋਵੇ, ਪੁੱਛ ਲੈਣਾ ਚਾਹੀਦੈ। ਜਦ ਉਸਨੇ ਫੋਨ ਬੰਦ ਕੀਤਾ ਤਾਂ ਮੈਂ ਕੋਲ ਹੋ ਕੇ ਕਿਹਾ, "ਕੀ ਗੱਲ ਹੋ ਗਈ ਭਾ...?" ਮੇਰੇ ਸਵਾਲ ਤੋਂ ਥੋੜਾ ਹੈਰਾਨ ਉਸ ਬੰਦੇ ਨੇ ਫ਼ੌਰੀ ਤੌਰ 'ਤੇ ਕੋਈ ਹੁੰਗਾਰਾ ਨਾ ਭਰਿਆ। ਉਹਦੇ ਮੋਢੇ 'ਤੇ ਹੱਥ ਰੱਖ ਕੇ ਮੈਂ ਫੇਰ ਪੁੱਛਿਆ, "ਕੋਈ ਸਮੱਸਿਆ ਹੈ ਤਾਂ ਉਹਦਾ ਹੱਲ ਕੱਢ ਲੈਨੇ ਆਂ ਆਪਾਂ...ਦੱਸ ਤਾਂ ਸਹੀ !" ਮੋਢੇ 'ਤੇ ਹੱਥ ਨੇ ਕੰਮ ਕੀਤਾ ਤੇ ਉਹ ਹੌਲੀ-ਹੌਲੀ ਸਹਿਜ ਹੋਣ ਲੱਗਾ। ਥੋੜ੍ਹੀ ਦੇਰ ਬਾਅਦ ਬੋਲਿਆ, "ਗੱਲ ਕੀ ਹੋਣੀ ਆਂ ਭਾਜੀ, ਵੱਡਾ ਭਰਾ ਗੁੱਸੇ ਹੋਇਆ ਬੈਠੈ! ਪੈਸੇ ਮੰਗ ਰਿਹਾ ਸੀ ਪਰ ਮੈਂ ਕਿੱਥੋਂ ਭੇਜਾਂ ਭਲਾ! ਟਰੱਕ ਲੈ ਕੇ ਫਸ ਗਿਆਂ ਮੈਂ ਤਾਂ, ਖ਼ਰਚੇ ਪੂਰੇ ਨਹੀਂ ਪੈ ਰਹੇ। ਜੇਬ 'ਚੋਂ ਜਾ ਰਹੇ ਆ। ਫਿਊਲ ਪ੍ਰਾਈਸਜ ਹੇਠਾਂ ਆਉਣ ਦਾ ਨਾਂ ਨਹੀਂ ਲੈ ਰਹੀਆਂ, ਲੋਡ ਦੀਆਂ ਕੀਮਤਾਂ ਹੇਠਾਂ ਆਈ ਜਾ ਰਹੀਆਂ ਪਰ ਭਾਜੀ ਸਮਝ ਈ ਨਹੀਂ ਰਹੇ...!"

ਉਸਦੇ ਇਨ੍ਹਾਂ ਬੋਲਾਂ ਨੇ ਟਰੱਕਿੰਗ ਬਿਜ਼ਨਸ ਵਿਚ ਚੱਲ ਰਹੇ ਮੰਦਵਾੜੇ ਦੀ ਤਸਵੀਰ ਸਾਹਮਣੇ ਲਿਆ ਖੜੀ ਕੀਤੀ। ਮੇਰੇ ਸਾਹਮਣੇ ਬੈਠਾ ਟਰੱਕ ਮਾਲਕ-ਡਰਾਈਵਰ ਇਸ ਮੰਦਵਾੜੇ 'ਚ ਨਪੀੜਿਆ ਜਾ ਰਿਹਾ ਸੀ। ਮੈਂ ਮਹਿਸੂਸ ਕੀਤਾ ਕਿ ਇਸ ਮੰਦਵਾੜੇ ਕਾਰਨ ਹੋ ਰਹੇ ਮਾਲੀ

*(ਬਾਕੀ ਅਗਲੇ ਸਫੇ 'ਤੇ)*

# ਫਿਰ ਪਰਤੇ ਭਾਰਤੀ ਹਾਕੀ ਦੇ ਸੋਨ ਸੁਨਹਿਰੀ ਦਿਨ

ਹਾਕੀ ਜਗਤ ਵਿਚ ਭਾਰਤੀ ਹਾਕੀ ਟੀਮ ਦੀ ਫਿਰ ਬੱਲੇ-ਬੱਲੇ ਹੋ ਰਹੀ ਹੈ। 2021 'ਚ ਭਾਰਤੀ ਹਾਕੀ ਟੀਮ ਟੋਕੀਓ ਦੀਆਂ ਓਲੰਪਿਕ ਖੇਡਾਂ ਦੇ ਵਿਕਟਰੀ ਸਟੈਂਡ 'ਤੇ ਚੜ੍ਹੀ, ਫਿਰ ਬਰਮਿੰਘਮ ਦੀਆਂ ਕਾਮਨਵੈਲਥ ਖੇਡਾਂ ਦੇ ਵਿਕਟਰੀ ਸਟੈਂਡ ਉਤੇ ਤੇ ਹੁਣ ਹਾਂਗਜ਼ੂ ਦੀਆਂ ਏਸ਼ਿਆਈ ਖੇਡਾਂ ਦੇ ਜਿੱਤ ਮੰਚ 'ਤੇ ਚੜ੍ਹੀ ਹੈ। ਇਸ ਵੇਲੇ ਭਾਰਤੀ ਹਾਕੀ ਟੀਮ ਕੋਲ ਓਲੰਪਿਕ ਖੇਡਾਂ ਦਾ ਬਰੌਂਜ਼, ਕਾਮਨਵੈਲਥ ਖੇਡਾਂ ਦਾ ਸਿਲਵਰ ਤੇ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਹੈ। ਖੁਸ਼ੀਆਂ ਮਨਾਉਣਾ, ਮਾਣ-ਸਨਮਾਨ ਲੈਣੇ, ਹਾਕੀ ਖਿਡਾਰੀਆਂ ਦਾ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661
principalsarwansingh@gmail.com

ਹੱਕ ਹੈ। ਪਰ ਜਿੱਤਾਂ ਨੂੰ ਬਰਕਰਾਰ ਰੱਖਣ ਤੇ ਪੈਰਿਸ ਓਲੰਪਿਕ ਦੀਆਂ ਖੇਡਾਂ ਦਾ ਚੈਂਪੀਅਨ ਬਣਨ ਲਈ ਭਾਰਤੀ ਹਾਕੀ ਨੂੰ ਹੋਰ ਮਜ਼ਬੂਤ ਕਰਨਾ ਪਵੇਗਾ। ਰਤਾ ਵੀ ਅਵੇਸਲੇ ਹੋਏ ਤਾਂ ਹਾਰ ਮੁੜ ਬੂਹੇ ਖੜ੍ਹੀ ਹੋਵੇਗੀ।

1928 ਤੋਂ 1956 ਦਾ ਸਮਾਂ ਇੰਡੀਆ/ਭਾਰਤ ਦੀ ਹਾਕੀ ਦਾ ਸੁਨਹਿਰੀ ਸਮਾਂ ਸੀ। ਉਨ੍ਹੀਂ ਦਿਨੀਂ ਤਿੰਨ ਵਾਰ ਬ੍ਰਿਟਿਸ਼ ਇੰਡੀਆ ਤੇ ਤਿੰਨ ਵਾਰ ਸੁਤੰਤਰ ਭਾਰਤ ਦੀ ਹਾਕੀ ਟੀਮ ਲਗਾਤਾਰ ਓਲੰਪਿਕ ਚੈਂਪੀਅਨ ਬਣੀ ਸੀ। ਇੰਡੀਆ ਵਿਚ ਹਾਕੀ ਦੀ ਖੇਡ ਅੰਗਰੇਜ਼ ਲਿਆਏ ਸਨ। 1908 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ 'ਚ ਹਾਕੀ ਪਹਿਲੀ ਵਾਰ ਖੇਡੀ ਗਈ ਸੀ, ਜਿਸ ਦਾ ਗੋਲਡ ਮੈਡਲ ਗ੍ਰੇਟ ਬਰਤਾਨੀਆ ਨੇ ਜਿੱਤਿਆ। 1920 ਵਿਚ ਐਂਟਵਰਪ ਦੀਆਂ ਓਲੰਪਿਕ ਖੇਡਾਂ 'ਚ ਹਾਕੀ ਦੁਬਾਰਾ ਸ਼ਾਮਲ ਕੀਤੀ ਤਾਂ ਗ੍ਰੇਟ ਬਰਤਾਨੀਆ ਮੁੜ ਜੇਤੂ ਰਿਹਾ। ਤਦ ਤਕ ਅੰਗਰੇਜ਼ਾਂ ਨੇ ਹਾਕੀ ਇੰਡੀਆ ਵਿਚ ਪੁਚਾ ਦਿੱਤੀ। ਫੌਜੀ ਛਾਉਣੀਆਂ 'ਚ ਹਾਕੀ ਦੇ ਮੈਚ ਹੋਣ ਲੱਗੇ। ਪੰਜਾਬ ਵਿਚ ਉਸ ਵਰਗੀ ਦੇਸੀ ਖੇਡ ਖਿੱਦੋ-ਖੂੰਡੀ ਪਹਿਲਾਂ ਹੀ ਖੇਡੀ ਜਾਂਦੀ ਸੀ। ਸੋ ਹਾਕੀ ਦੀ ਖੇਡ ਪੰਜਾਬੀਆਂ ਨੂੰ ਤੁਰਤ ਭਾਅ ਗਈ।

1928 ਦੀਆਂ 9ਵੀਆਂ ਓਲੰਪਿਕ ਖੇਡਾਂ ਐਮਸਟਰਡਮ ਵਿਖੇ ਹੋਈਆਂ ਤਾਂ ਹਾਕੀ ਪੱਕੇ ਤੌਰ 'ਤੇ ਓਲੰਪਿਕ ਖੇਡਾਂ ਵਿਚ ਸ਼ਾਮਲ ਕਰ ਲਈ ਗਈ। ਉਥੇ ਇੰਡੀਆ ਦੀ ਹਾਕੀ ਟੀਮ ਨੇ ਪਹਿਲੀ ਵਾਰ ਓਲੰਪਿਕ ਖੇਡਾਂ 'ਚ ਭਾਗ ਲਿਆ ਤੇ ਸੋਨੇ ਦਾ ਤਗਮਾ ਜਿੱਤਿਆ। 1932 ਵਿਚ ਲਾਸ ਏਂਜਲਸ, 1936 ਬਰਲਿਨ, 1948 ਲੰਡਨ, 1952 ਹੈਲਸਿੰਕੀ ਤੇ 1956 ਵਿਚ ਮੈਲਬੌਰਨ ਦੀਆਂ ਓਲੰਪਿਕ ਖੇਡਾਂ 'ਚੋਂ ਇੰਡੀਆ/ਭਾਰਤ ਦੀਆਂ ਹਾਕੀ ਟੀਮਾਂ ਲਗਾਤਾਰ ਗੋਲਡ ਮੈਡਲ ਜਿੱਤੀਆਂ। 1940 ਤੇ '44 ਦੀਆਂ ਓਲੰਪਿਕ ਖੇਡਾਂ ਦੂਜੀ ਵਿਸ਼ਵ ਜੰਗ ਕਾਰਨ ਹੋ ਨਾ ਸਕੀਆਂ। ਮੈਲਬੌਰਨ ਵਿਚ ਭਾਰਤੀ ਟੀਮ ਨੇ 38 ਗੋਲ ਕੀਤੇ ਤੇ ਆਪਣੇ ਸਿਰ ਇਕ ਵੀ ਗੋਲ ਨਾ ਹੋਣ ਦਿੱਤਾ!

1960 ਦੀਆਂ ਓਲੰਪਿਕ ਖੇਡਾਂ ਵਿਚ ਭਾਰਤੀ ਟੀਮ ਪਾਕਿਸਤਾਨ ਦੀ ਟੀਮ ਤੋਂ 1-0 ਗੋਲ 'ਤੇ ਹਾਰੀ। ਭਾਰਤੀ ਟੀਮ ਨੇ ਟੋਕੀਓ ਦੀਆਂ ਓਲੰਪਿਕ ਖੇਡਾਂ-1964 'ਚੋਂ ਫਿਰ ਗੋਲਡ ਮੈਡਲ ਜਿੱਤਿਆ। ਉਸ ਨੇ 1966 ਵਿਚ ਏਸ਼ਿਆਈ ਖੇਡਾਂ ਦਾ ਸੋਨ ਤਗਮਾ ਵੀ ਜਿੱਤ ਲਿਆ। 1975 'ਚ ਵਿਸ਼ਵ ਹਾਕੀ ਕੱਪ ਜਿੱਤਿਆ ਤੇ 1980 ਵਿਚ ਮਾਸਕੋ ਦੀਆਂ ਓਲੰਪਿਕ ਖੇਡਾਂ 'ਚੋਂ ਮੁੜ ਸੋਨੇ ਦਾ ਤਗਮਾ ਫੁੰਡਿਆ। ਫਿਰ 41 ਸਾਲ ਭਾਰਤੀ ਹਾਕੀ ਟੀਮਾਂ ਓਲੰਪਿਕ ਖੇਡਾਂ, ਵਰਲਡ ਕੱਪ ਜਾਂ ਚੈਂਪੀਅਨਜ਼ ਟਰਾਫੀ ਦੇ ਜਿੱਤ ਮੰਚ 'ਤੇ ਇਕ ਵਾਰ ਵੀ ਨਹੀਂ ਸੀ ਚੜ੍ਹ ਸਕੀਆਂ। ਇਹ ਔੜ ਆਖ਼ਰ ਟੋਕੀਓ-2021 ਦੀਆਂ ਓਲੰਪਿਕ ਖੇਡਾਂ 'ਚ ਟੁੱਟੀ।

ਹਾਕੀ ਦੀ ਖੇਡ ਹੁਣ ਤਕ 24 ਵਾਰ ਓਲੰਪਿਕ ਖੇਡਾਂ 'ਚ ਖੇਡੀ ਗਈ। 8 ਵਾਰ ਇੰਡੀਆ ਜਿੱਤਿਆ, 4 ਵਾਰ ਜਰਮਨੀ, 3 ਵਾਰ ਪਾਕਿਸਤਾਨ, 3 ਵਾਰ ਗ੍ਰੇਟ ਬ੍ਰਿਟੇਨ, 2 ਵਾਰ ਨੀਦਰਲੈਂਡਜ਼ ਅਤੇ 1-1 ਵਾਰ ਆਸਟ੍ਰੇਲੀਆ, ਬੈਲਜੀਅਮ, ਨਿਊਜ਼ੀਲੈਂਡ ਤੇ ਅਰਜਨਟੀਨਾ। ਹਾਕੀ ਦਾ ਵਰਲਡ ਕੱਪ 4 ਵਾਰ ਪਾਕਿਸਤਾਨ, 3 ਵਾਰ ਨੀਦਰਲੈਂਡਜ਼, 3 ਵਾਰ ਆਸਟ੍ਰੇਲੀਆ, 3 ਵਾਰ ਜਰਮਨੀ, 1 ਵਾਰ ਇੰਡੀਆ ਤੇ 1 ਵਾਰ ਬੈਲਜੀਅਮ ਜਿੱਤੇ ਹਨ। ਏਸ਼ਿਆਈ ਖੇਡਾਂ 'ਚੋਂ ਹਾਕੀ ਦਾ ਗੋਲਡ ਮੈਡਲ 8 ਵਾਰ ਪਾਕਿਸਤਾਨ, 4 ਵਾਰ ਭਾਰਤ, 4 ਵਾਰ ਦੱਖਣੀ ਕੋਰੀਆ ਤੇ 1 ਵਾਰ ਜਪਾਨ ਨੇ ਜਿੱਤਿਆ।

ਇਸ ਲੇਖੇ ਪੱਤੇ 'ਚ ਇਕ ਹੋਰ ਵੇਰਵਾ ਵੀ ਸ਼ਾਮਲ ਕਰਨ ਵਾਲਾ ਹੈ। ਪੰਜਾਬੀਆਂ ਨੂੰ ਕਾਫੀ ਸਾਰੇ ਭਾਰਤੀਆਂ ਤੇ ਕੁਝ ਕੁ ਪੰਜਾਬੀਆਂ ਵੱਲੋਂ ਅਕਸਰ ਨਿੰਦਿਆ ਤੇ ਤ੍ਰਿਸਕਾਰਿਆ ਜਾਂਦੈ। ਪੰਜਾਬੀ ਨੌਜਵਾਨਾਂ ਨੂੰ ਨਿਕੰਮੇ, ਅਨਪੜ੍ਹ, ਨਸ਼ੇੜੀ, ਗੈਂਗਸਟਰ ਤੇ ਹੋਰ ਪਤਾ ਨਹੀਂ ਕੀ ਕੀ ਊਜਾਂ ਲਾ ਕੇ ਅਤਿਵਾਦੀ ਤੇ ਵੱਖਵਾਦੀ ਆਦਿ ਪ੍ਰਚਾਰਿਆ ਜਾਂਦੈ। ਜਿਸ ਹਾਕੀ ਦੀ ਖੇਡ 'ਤੇ ਭਾਰਤ ਐਨਾ ਮਾਣ ਕਰ ਰਿਹੈ, ਕੀ ਸਾਰੇ ਭਾਰਤੀਆਂ ਨੂੰ ਪਤਾ ਹੈ ਕਿ ਉਸ ਦੀਆਂ ਵੱਡੀਆਂ ਜਿੱਤਾਂ ਵਿਚ ਪੰਜਾਬ ਦੇ ਹਾਕੀ ਖਿਡਾਰੀਆਂ ਦਾ ਕਿੱਡਾ ਵੱਡਾ ਯੋਗਦਾਨ ਹੈ?

### ਭਾਰਤੀ ਹਾਕੀ ਟੀਮਾਂ 'ਚ ਪੰਜਾਬੀ ਖਿਡਾਰੀਆਂ ਦਾ ਯੋਗਦਾਨ:

ਭਾਰਤ 'ਚ ਪੰਜਾਬੀ ਬੇਸ਼ੱਕ ਦੋ-ਢਾਈ ਫੀਸਦੀ ਹੀ ਹਨ ਪਰ ਭਾਰਤੀ ਹਾਕੀ ਟੀਮਾਂ 'ਚ ਪੰਜਾਬੀ ਖਿਡਾਰੀਆਂ ਦਾ ਮੁੱਢ ਤੋਂ ਬੋਲਬਾਲਾ ਰਿਹਾ ਹੈ। 1928 ਦੀਆਂ ਓਲੰਪਿਕ ਖੇਡਾਂ ਵਿਚ ਇੰਡੀਆ ਦੀ ਜਿਹੜੀ ਟੀਮ ਸੋਨੇ ਦਾ ਤਗਮਾ ਜਿੱਤੀ ਉਸ ਵਿਚ 5 ਖਿਡਾਰੀ ਪੰਜਾਬੀ ਸਨ। 1932 ਵਿਚ ਦੁਬਾਰਾ ਓਲੰਪਿਕ ਚੈਂਪੀਅਨ ਬਣੀ ਤਾਂ ਪੰਜਾਬੀ ਖਿਡਾਰੀਆਂ ਦੀ ਗਿਣਤੀ 7 ਹੋ ਗਈ। ਟੀਮ ਦਾ ਕਪਤਾਨ ਪੰਜਾਬ ਦਾ ਲਾਲ ਸ਼ਾਹ ਬੁਖ਼ਾਰੀ ਬਣਿਆ। ਵੀਹ ਤੋਂ ਵੱਧ ਪੰਜਾਬੀ ਖਿਡਾਰੀ ਭਾਰਤੀ ਹਾਕੀ ਟੀਮਾਂ ਦੀਆਂ ਕਪਤਾਨੀਆਂ ਕਰ ਚੁੱਕੇ ਹਨ ਜਿਨ੍ਹਾਂ 'ਚ ਬਲਬੀਰ ਸਿੰਘ ਸੀਨੀਅਰ, ਊਧਮ ਸਿੰਘ, ਗੁਰਦੇਵ ਸਿੰਘ, ਚਰਨਜੀਤ ਸਿੰਘ, ਪ੍ਰਿਥੀਪਾਲ ਸਿੰਘ, ਗੁਰਬਖ਼ਸ਼ ਸਿੰਘ, ਹਰਮੀਕ ਸਿੰਘ, ਹਰਬਿੰਦਰ ਸਿੰਘ, ਅਜੀਤਪਾਲ ਸਿੰਘ, ਸੁਰਿੰਦਰ ਸਿੰਘ ਸੋਢੀ, ਸੁਰਜੀਤ ਸਿੰਘ, ਪਰਗਟ ਸਿੰਘ, ਰਮਨਦੀਪ ਸਿੰਘ, ਗਗਨਅਜੀਤ ਸਿੰਘ, ਰਾਜਪਾਲ ਸਿੰਘ, ਬਲਜੀਤ ਸਿੰਘ, ਸਰਦਾਰਾ ਸਿੰਘ, ਮਨਪ੍ਰੀਤ ਸਿੰਘ ਤੇ ਹਰਮਨਪ੍ਰੀਤ ਸਿੰਘ ਆਦਿ ਗਿਣਾਏ ਜਾ ਸਕਦੇ ਹਨ। ਹਾਕੀ ਦੀ ਖੇਡ ਵਿਚ ਪੰਜਾਬ ਦੇ ਸੌ ਤੋਂ ਵੱਧ ਓਲੰਪੀਅਨ ਹਨ। ਕਈਆਂ ਨੇ ਓਲੰਪਿਕ ਖੇਡਾਂ ਦੇ ਦੋ-ਦੋ ਤਿੰਨ-ਤਿੰਨ ਗੋਲਡ ਮੈਡਲ ਜਿੱਤੇ ਹਨ। ਊਧਮ ਸਿੰਘ ਨੇ ਚਾਰ ਓਲੰਪਿਕਸ ਵਿਚੋਂ ਇਕ ਚਾਂਦੀ ਤੇ ਤਿੰਨ ਸੋਨੇ ਦੇ




ਤਗਮੇ ਜਿੱਤੇ ਜੋ ਹੁਣ ਤਕ ਰਿਕਾਰਡ ਹੈ।

1947 ਵਿਚ ਪਾਕਿਸਤਾਨ ਬਣਨ ਨਾਲ ਪੰਜਾਬ ਦੋ ਮੁਲਕਾਂ ਵਿਚਕਾਰ ਵੰਡਿਆ ਗਿਆ। ਫਿਰ ਏਸ਼ਿਆਈ ਖੇਡਾਂ ਤੇ ਓਲੰਪਿਕ ਖੇਡਾਂ ਵਿਚ ਹਾਕੀ ਦੇ ਫਾਈਨਲ ਮੈਚ ਆਮ ਕਰਕੇ ਪਾਕਿਸਤਾਨ ਤੇ ਭਾਰਤ ਦੀਆਂ ਟੀਮਾਂ ਵਿਚਕਾਰ ਖੇਡੇ ਜਾਣ ਲੱਗੇ ਜਾਂ ਇੰਜ ਕਹਿ ਲਓ ਕਿ ਚੜ੍ਹਦੇ ਤੇ ਲਹਿੰਦੇ ਪੰਜਾਬੀਆਂ ਵਿਚਕਾਰ ਹੋਣ ਲੱਗੇ। ਮੈਚ ਭਾਵੇਂ ਮੈਲਬੌਰਨ 'ਚ ਖੇਡਿਆ ਜਾਂਦਾ, ਭਾਵੇਂ ਰੋਮ, ਟੋਕੀਓ, ਬੈਂਕਾਕ, ਤਹਿਰਾਨ ਜਾਂ ਕੁਆਲਾਲੰਪੁਰ, ਇਕ ਪਾਸੇ ਏਧਰਲੇ ਪੰਜਾਬੀ ਹੁੰਦੇ ਤੇ ਦੂਜੇ ਪਾਸੇ ਓਧਰਲੇ ਪੰਜਾਬੀ। ਬਾਈਆਂ 'ਚੋਂ ਪੰਦਰਾਂ-ਸੋਲਾਂ ਖਿਡਾਰੀ ਪੰਜਾਬੀ ਹੋਣ ਕਰਕੇ ਖੇਡ ਮੈਦਾਨ ਦੀ ਬੋਲੀ ਪੰਜਾਬੀ ਹੁੰਦੀ ਤੇ 'ਲਈਂ ਨੂਰਿਆ, ਦੇਈਂ ਬੀਰਿਆ' ਹੋਈ ਜਾਂਦੀ!

1948 ਦੀਆਂ ਓਲੰਪਿਕ ਖੇਡਾਂ ਸਮੇਂ ਭਾਰਤੀ ਹਾਕੀ ਟੀਮ 'ਚ 6 ਖਿਡਾਰੀ ਪੰਜਾਬ ਦੇ ਖੇਡੇ: ਨੰਦੀ ਸਿੰਘ, ਕੇਸ਼ਵ ਦੱਤ, ਜਸਵੰਤ ਸਿੰਘ, ਬਾਵਾ ਤ੍ਰਿਲੋਚਨ ਸਿੰਘ, ਅਮੀਰ ਕੁਮਾਰ ਤੇ ਬਲਬੀਰ ਸਿੰਘ। 1952 'ਚ ਬਲਬੀਰ ਸਿੰਘ, ਧਰਮ ਸਿੰਘ, ਸਵਰੂਪ ਸਿੰਘ, ਕੇਸ਼ਵ ਦੱਤ, ਜਸਵੰਤ ਸਿੰਘ, ਰਘਬੀਰ ਲਾਲ, ਨੰਦੀ ਸਿੰਘ ਤੇ ਊਧਮ ਸਿੰਘ ਖੇਡੇ। ਮੈਲਬੌਰਨ-1956 'ਚ ਬਲਬੀਰ ਸਿੰਘ ਭਾਰਤੀ ਹਾਕੀ ਟੀਮ ਦਾ ਕਪਤਾਨ ਸੀ ਤੇ ਪੰਜਾਬ ਦੇ 13 ਖਿਡਾਰੀ ਭਾਰਤੀ ਟੀਮ 'ਚ ਖੇਡ ਰਹੇ ਸਨ: ਬਲਬੀਰ ਸਿੰਘ, ਊਧਮ ਸਿੰਘ, ਅਮੀਰ ਕੁਮਾਰ, ਰਘਬੀਰ ਲਾਲ, ਬਖਸ਼ੀਸ਼ ਸਿੰਘ, ਹਰਦਿਆਲ ਸਿੰਘ, ਆਰ.ਐਸ. ਭੋਲਾ, ਹਰੀ ਪਾਲ ਕੌਸ਼ਿਕ, ਬਾਲਕ੍ਰਿਸ਼ਨ ਸਿੰਘ, ਗੁਰਦੇਵ ਸਿੰਘ, ਚਾਰਲਸ ਸਟੀਫਨ, ਓ.ਪੀ. ਮਲਹੋਤਰਾ ਤੇ ਏ. ਐਸ. ਬਖ਼ਸ਼ੀ।

1960 'ਚ ਰੋਮ ਦੀਆਂ ਓਲੰਪਿਕ ਖੇਡਾਂ 'ਚ ਪੰਜਾਬ ਤੋਂ ਪ੍ਰਿਥੀਪਾਲ ਸਿੰਘ, ਚਰਨਜੀਤ ਸਿੰਘ, ਮਹਿੰਦਰ ਲਾਲ, ਊਧਮ ਸਿੰਘ, ਜਸਵੰਤ ਸਿੰਘ, ਆਰ.ਐਸ. ਭੋਲਾ, ਹਰੀ ਪਾਲ ਕੌਸ਼ਿਕ ਤੇ ਬਾਲਕ੍ਰਿਸ਼ਨ ਸਿੰਘ ਖੇਡੇ। ਟੋਕੀਓ-1964 'ਚ ਕਪਤਾਨ ਚਰਨਜੀਤ ਸਿੰਘ, ਪ੍ਰਿਥੀਪਾਲ ਸਿੰਘ, ਗੁਰਬਖ਼ਸ਼ ਸਿੰਘ, ਧਰਮ ਸਿੰਘ, ਊਧਮ ਸਿੰਘ, ਮਹਿੰਦਰ ਲਾਲ, ਬਲਬੀਰ ਸਿੰਘ, ਦਰਸ਼ਨ ਸਿੰਘ, ਜਗਜੀਤ ਸਿੰਘ ਤੇ ਹਰੀ ਪਾਲ ਕੌਸ਼ਿਕ ਨੇ ਭਾਰਤੀ ਟੀਮ ਨੂੰ ਰੰਗ ਭਾਗ ਲਾਏ। ਮੈਕਸੀਕੋ-1968 ਵਿਚ ਪ੍ਰਿਥੀਪਾਲ ਸਿੰਘ ਤੇ ਗੁਰਬਖ਼ਸ਼ ਸਿੰਘ ਕਪਤਾਨ ਸਨ। ਉਨ੍ਹਾਂ ਨਾਲ ਤਿੰਨ ਬਲਬੀਰ ਸਿੰਘ, ਧਰਮ ਸਿੰਘ, ਹਰਮੀਕ ਸਿੰਘ, ਇੰਦਰ ਸਿੰਘ, ਅਜੀਤਪਾਲ ਸਿੰਘ, ਹਰਬਿੰਦਰ ਸਿੰਘ ਤੇ ਤਰਸੇਮ ਸਿੰਘ ਪੰਜਾਬ ਤੋਂ ਸਨ।

ਅਨੇਕਾਂ ਪੰਜਾਬੀ ਖਿਡਾਰੀ ਹਨ ਜੋ ਭਾਰਤ, ਪਾਕਿਸਤਾਨ, ਕੀਨੀਆ, ਯੂਗਾਂਡਾ, ਤਨਜ਼ਾਨੀਆਂ, ਮਲੇਸ਼ੀਆ, ਹਾਂਗਕਾਂਗ, ਸਿੰਗਾਪੁਰ, ਇੰਗਲੈਂਡ ਤੇ ਕੈਨੇਡਾ ਦੀਆਂ ਹਾਕੀ ਟੀਮਾਂ ਵਿਚ ਓਲੰਪਿਕ ਖੇਡਾਂ, ਏਸ਼ਿਆਈ ਖੇਡਾਂ ਤੇ ਵਿਸ਼ਵ ਕੱਪਾਂ ਵਿਚ ਖੇਡ ਚੁੱਕੇ ਹਨ। ਹਾਕੀ ਨੂੰ ਭਾਰਤ, ਖ਼ਾਸ ਕਰਕੇ ਪੰਜਾਬੀਆਂ ਦੀ ਕੌਮੀ ਖੇਡ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਇਕ ਵਾਰ ਕੀਨੀਆ ਦੇ 11 ਖਿਡਾਰੀ ਜੂੜਿਆਂ ਵਾਲੇ ਸਰਦਾਰ ਸਨ ਤੇ 1966 ਵਿਚ ਪਹਿਲੀ ਵਾਰ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਜਿੱਤਣ ਵਾਲੀ ਭਾਰਤੀ ਟੀਮ ਵਿਚ 11 'ਚੋਂ ਦਸਾਂ ਦੇ ਜੂੜਿਆਂ ਉਤੇ ਰੁਮਾਲ ਸਨ। ਮਿਊਨਿਖ ਦੀਆਂ ਓਲੰਪਿਕ ਖੇਡਾਂ 'ਚ ਪਾਕਿਸਤਾਨ, ਭਾਰਤ, ਕੀਨੀਆ, ਯੂਗਾਂਡਾ ਤੇ ਮਲੇਸ਼ੀਆ ਦੀਆਂ ਹਾਕੀ ਟੀਮਾਂ ਵਿਚ 40 ਖਿਡਾਰੀ ਪੰਜਾਬੀ ਮੂਲ ਦੇ ਸਨ। 2 ਸਤੰਬਰ 1972 ਨੂੰ ਜੋ ਮੈਚ ਭਾਰਤ ਤੇ ਕੀਨੀਆ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਉਸ ਵਿਚ 15 ਖਿਡਾਰੀਆਂ ਦੇ ਜੂੜਿਆਂ ਉਤੇ ਰੁਮਾਲ ਬੰਨ੍ਹੇ ਹੋਏ ਸਨ। ਮਾਸਕੋ ਦੀਆਂ ਓਲੰਪਿਕ ਖੇਡਾਂ ਵਿਚ ਸੋਨ ਤਗਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਸੈਂਟਰ ਫਾਰਵਰਡ ਸੁਰਿੰਦਰ ਸਿੰਘ ਸੋਢੀ ਨੇ ਸਭ ਤੋਂ ਵੱਧ 15 ਗੋਲ ਕੀਤੇ ਸਨ। ਪੰਜਾਬੀ ਮੂਲ ਦੇ ਹਾਕੀ ਖਿਡਾਰੀ 8 ਮੁਲਕਾਂ ਦੀਆਂ ਟੀਮਾਂ ਵਿਚ ਅੰਤਰਰਾਸ਼ਟਰੀ ਮੈਚ ਖੇਡ ਚੁੱਕੇ ਹਨ।

ਹਾਕੀ ਦੇ 21ਵੀਂ ਸਦੀ ਦੇ ਪੰਜਾਬੀ ਖਿਡਾਰੀਆਂ ਦੀ ਗੱਲ ਕਰੀਏ ਤਾਂ ਗਗਨਅਜੀਤ ਸਿੰਘ, ਜੁਗਰਾਜ ਸਿੰਘ, ਬਲਜੀਤ ਸਿੰਘ ਸੈਣੀ, ਬਲਜੀਤ ਸਿੰਘ ਢਿੱਲੋਂ, ਰਾਜਿੰਦਰ ਸਿੰਘ, ਪ੍ਰਭਜੋਤ ਸਿੰਘ, ਸਰਦਾਰਾ ਸਿੰਘ, ਸੰਦੀਪ ਸਿੰਘ, ਸਰਵਣਜੀਤ ਸਿੰਘ, ਗੁਰਬਾਜ ਸਿੰਘ, ਗੁਰਜਿੰਦਰ ਸਿੰਘ, ਰੁਪਿੰਦਰਪਾਲ ਸਿੰਘ, ਅਕਾਸ਼ਦੀਪ ਸਿੰਘ, ਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ ਚੰਦੀ, ਰਮਨਦੀਪ ਸਿੰਘ, ਧਰਮਵੀਰ ਸਿੰਘ, ਹਰਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਗੁਰਜੰਟ ਸਿੰਘ, ਮਨਦੀਪ ਸਿੰਘ, ਸ਼ਮਸ਼ੇਰ ਸਿੰਘ, ਵਰੁਣ ਕੁਮਾਰ, ਕ੍ਰਿਸ਼ਨ ਬਹਾਦਰ ਪਾਠਕ, ਜਰਮਨਜੀਤ ਸਿੰਘ ਬੱਲ, ਸੁਖਜੀਤ ਸਿੰਘ ਅਤੇ ਹੋਰ ਬਥੇਰੇ ਨਾਂ ਲਏ ਜਾ ਸਕਦੇ ਹਨ। ਜਿਨ੍ਹਾਂ ਦੇ ਨਾਂ ਲਿਖਣੋਂ ਰਹਿ ਗਏ ਹੋਣ ਖਿਮਾਂ ਕਰ ਦੇਣ, ਅਗਲੀ ਵਾਰ ਲਿਖੇ ਜਾਣਗੇ।

ਪੰਜਾਬ ਪੁਲਿਸ, ਪੰਜਾਬ ਐਂਡ ਸਿੰਧ ਬੈਂਕ, ਰੇਲਵੇ ਕੋਚ ਫੈਕਟਰੀ ਤੇ ਬੀਐੱਸਐੱਫ ਆਦਿ ਦੀਆਂ ਨਾਮੀ ਹਾਕੀ ਟੀਮਾਂ ਪੰਜਾਬੀ ਖਿਡਾਰੀਆਂ ਨਾਲ ਭਰਪੂਰ ਹਨ। ਪੰਜਾਬ ਦੇ ਅਨੇਕਾਂ ਹਾਕੀ ਖਿਡਾਰੀਆਂ ਨੂੰ ਖੇਡਾਂ ਦਾ ਸਰਵੋਤਮ ਰਾਸ਼ਟਰੀ ਪੁਰਸਕਾਰ 'ਅਰਜਨ ਐਵਾਰਡ' ਮਿਲ ਚੁੱਕੈ। ਬਲਬੀਰ ਸਿੰਘ ਸੀਨੀਅਰ, ਪ੍ਰਿਥੀਪਾਲ ਸਿੰਘ, ਅਜੀਤਪਾਲ ਸਿੰਘ, ਪਰਗਟ ਸਿੰਘ ਤੇ ਸਰਦਾਰਾ ਸਿੰਘ ਤਾਂ ਹਾਕੀ ਦੀ ਖੇਡ ਕਰਕੇ ਹੀ ਪਦਮਸ਼੍ਰੀ ਹਨ। ਸਰਦਾਰਾ ਸਿੰਘ ਦਾ ਨਾਂ ਵਰਲਡ ਇਲੈਵਨ ਵਿਚ ਆ ਚੁੱਕੈ। ਹਰਮੀਕ ਸਿੰਘ ਏਸ਼ੀਅਨ ਆਲ ਸਟਾਰਜ਼ ਹਾਕੀ ਟੀਮ ਦੀ ਕਪਤਾਨੀ ਕਰ ਚੁੱਕੈ। ਪਰਗਟ ਸਿੰਘ ਓਲੰਪਿਕ ਖੇਡਾਂ 'ਚ ਦੋ ਵਾਰ ਭਾਰਤੀ ਹਾਕੀ ਟੀਮਾਂ ਦਾ ਕਪਤਾਨ ਬਣਿਆ। ਟੋਕੀਓ ਓਲੰਪਿਕਸ-2021 ਵਿਚੋਂ ਕਾਂਸੀ ਦਾ ਤਗਮਾ ਜਿੱਤਣ ਵਾਲੀ ਟੀਮ 'ਚ ਕਪਤਾਨ ਮਨਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ, ਰੁਪਿੰਦਰਪਾਲ ਸਿੰਘ, ਹਾਰਦਿਕ ਸਿੰਘ, ਸ਼ਮਸ਼ੇਰ ਸਿੰਘ, ਦਿਲਪ੍ਰੀਤ ਸਿੰਘ, ਗੁਰਜੰਟ ਸਿੰਘ ਤੇ ਮਨਦੀਪ ਸਿੰਘ ਖੇਡੇ ਸਨ।

ਸਮੁੱਚੇ ਭਾਰਤ ਨੂੰ ਮੰਨ ਲੈਣਾ ਚਾਹੀਦੈ ਕਿ ਪੰਜਾਬੀ ਨਿਕੰਮੇ, ਅਨਾੜੀ, ਨਸ਼ੇੜੀ, ਗੈਂਗਸਟਰ, ਅਤਿਵਾਦੀ ਜਾਂ ਵੱਖਵਾਦੀ ਨਹੀਂ, ਭਾਰਤੀ ਹਾਕੀ ਤੇ ਹੋਰਨਾਂ ਖੇਡਾਂ ਦੇ ਸੱਚਮੁੱਚ ਸਰਦਾਰ ਹਨ। ਹੁਣੇ ਹੋਈਆਂ ਏਸ਼ਿਆਈ ਖੇਡਾਂ 'ਚ ਪੰਜਾਬੀ ਖਿਡਾਰੀਆਂ ਨੇ 19 ਮੈਡਲ ਜਿੱਤ ਕੇ ਭਾਰਤ ਦੀ ਝੋਲੀ ਭਰਨ 'ਚ ਵੱਡਾ ਯੋਗਦਾਨ ਪਾਇਆ ਹੈ। ਭਾਰਤ ਦੇ ਸੁਤੰਤਰਤਾ ਸੰਗਰਾਮ ਤੋਂ ਲੈ ਕੇ ਸਰਹੱਦਾਂ ਦੀ ਰਾਖੀ ਕਰਦਿਆਂ ਪੰਜਾਬੀਆਂ ਨੇ ਬੇਅੰਤ ਕੁਰਬਾਨੀਆਂ ਦੇ ਕੇ, ਭੁੱਖੇ ਭਾਰਤ ਦਾ ਢਿੱਡ ਭਰਨ, ਪਰਦੇਸਾਂ 'ਚ ਦਿਨ-ਰਾਤ ਰੁਲ ਕੇ ਕਮਾਈਆਂ ਕਰਦੇ ਹੋਏ ਭਾਰਤ ਦੀਆਂ ਤਿਜੋਰੀਆਂ ਭਰਨ ਦੇ ਹੋਰ ਪਤਾ ਨਹੀਂ ਕਿੰਨੇ ਪਰਉਪਕਾਰ ਕੀਤੇ ਹਨ। ਤੇ ਉਹਦੇ ਬਦਲੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪੰਜਾਬ ਦਾ ਦਰਿਆਈ ਪਾਣੀ, ਫਸਲਾਂ, ਵਾਤਾਵਰਨ, ਧਰਤੀ ਮਾਂ ਦੀ ਉਪਜਾਊ ਸ਼ਕਤੀ ਤੇ ਹੋਰ ਪਤਾ ਨਹੀਂ ਕਿੰਨਾ ਕੁਝ ਪੰਜਾਬ ਤੋਂ ਖੋਹ ਲਿਆ ਗਿਆ ਹੈ? ਫਿਰ ਵੀ ਪੰਜਾਬੀਆਂ ਨੂੰ ਪਤਾ ਨਹੀਂ ਕਿਉਂ ਬਦੂ ਕੀਤਾ ਜਾ ਰਿਹੈ? ਕਿਉਂ ਉਜਾੜਿਆ ਜਾ ਰਿਹੈ?

---

*(ਪਿਛਲੇ ਸਫੇ ਦੀ ਬਾਕੀ)*

ਨੁਕਸਾਨ ਤੋਂ ਵੱਧ ਉਸ ਨੂੰ ਵੱਡੇ ਭਰਾ ਨਾਲ ਆਪਣੇ ਰਿਸ਼ਤੇ 'ਚ ਪੈਦਾ ਹੋਈ ਕਸ਼ੀਦਗੀ ਜ਼ਿਆਦਾ ਪਰੇਸ਼ਾਨੀ ਦੇ ਰਹੀ ਸੀ। ਉਸ ਦੇ ਮਨ 'ਚ ਇਹ ਡਰ ਸੀ ਕਿ ਭਰਾ ਕਿਤੇ ਪੱਕੇ ਤੌਰ 'ਤੇ ਹੀ ਦੂਰ ਨਾ ਹੋ ਜਾਵੇ। ਮੈਂ ਉਸ ਨੂੰ ਦਿਲਾਸਾ ਦਿੰਦਿਆਂ ਕਿਹਾ, "ਜੇ ਤੁਹਾਡਾ ਵੱਡਾ ਭਰਾ ਸੱਚਮੁੱਚ ਈ ਵੱਡਾ ਐ ਤਾਂ ਉਹ ਗੁੱਸੇ ਨਹੀਂ ਰਹਿਣ ਲੱਗਾ, ਜਲਦੀ ਤੁਹਾਨੂੰ ਫੋਨ ਕਰੇਗਾ..!"

ਮੇਰੇ ਬੋਲਾਂ ਨੇ ਉਸ ਨੂੰ ਧਰਵਾਸ ਦਿੱਤਾ। ਪੁੱਛਣ ਲੱਗਾ, "ਸੱਚੀ ਭਾਜੀ?"

ਉਸਦੇ ਇਸ ਸਵਾਲ ਨੇ ਮੈਨੂੰ ਮੇਰਾ ਪਿਆਰਾ ਮਿੱਤਰ ਗਿਆਨ ਸੈਦਪੁਰੀ ਯਾਦ ਕਰਵਾ ਦਿੱਤਾ। ਉਸਦੀ ਪਿੱਠ ਥਾਪੜਦਿਆਂ ਮੈਂ ਕਿਹਾ, "ਕਿਉਂ ਨਹੀਂ, ਉਹ ਗੁੱਸੇ ਹੋ ਈ ਨਹੀਂ ਸਕਦਾ। ਤੈਨੂੰ ਤਲਖ਼ ਬੋਲ ਕੇ ਉਹ ਵੀ ਜ਼ਰੂਰ ਪਰੇਸ਼ਾਨ ਹੋਵੇਗਾ!"

ਉਹ ਹੁਣ ਸਹਿਜ ਅਵਸਥਾ 'ਚ ਆ ਚੁੱਕਾ ਸੀ। ਸਮਾਂ ਹੋ ਰਿਹਾ ਸੀ, ਤੜਕੇ ਸਵੇਰੇ ਉਠ ਕੇ ਤੁਰਨਾ ਸੀ। ਮੈਂ ਆਪਣੇ ਟਰੱਕ ਵੱਲ ਵਧਣ ਲੱਗਾ ਤਾਂ ਮੇਰੇ ਮੂੰਹੋਂ ਅਚਾਨਕ ਇਹ ਬੋਲ ਨਿਕਲ ਗਏ, "ਵਾਹ ਉਏ ਗਿਆਨ...!"

ਇਹ ਸੁਣਦਿਆਂ ਉਹ ਭੱਜ ਕੇ ਮੇਰੇ ਕੋਲ ਆਇਆ। ਪੁੱਛਣ ਲੱਗਾ, "ਤੁਹਾਨੂੰ ਮੇਰੇ ਨਾਂਅ ਦਾ ਕਿਵੇਂ ਪਤਾ ਭਾਜੀ..?" ਮੈਂ ਖ਼ੁਦ ਹੈਰਾਨ ਸੀ ਇਸ ਮੌਕਾ ਮੇਲ ਤੋਂ! ਮੈਂ ਕਿਹਾ, "ਗਿਆਨ ਮੇਰਾ ਇਕ ਦੋਸਤ ਐ...ਤੇਰੇ ਵਾਂਗ ਈ ਪਾਗਲ..!" ਉਸਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ ਤੇ ਮੇਰੇ ਮੋਢੇ ਲੱਗ ਰੋ ਪਿਆ। ਕਹਿਣ ਲੱਗਾ, "ਮੈਨੂੰ ਮੇਰਾ ਭਰਾ ਮਿਲ ਪਿਆ..!" ਅੱਖਾਂ ਮੇਰੀਆਂ ਵੀ ਨਮ ਹੋ ਗਈਆਂ। ...ਉਠੇ ਗੁਬਾਰ ਦੇ ਸ਼ਾਂਤ ਹੋਣ ਤੋਂ ਬਾਅਦ ਅਸੀਂ ਦੋਵੇਂ ਭਰਾ ਆਪੋ-ਆਪਣੇ ਕੈਬਿਨਾਂ 'ਚ ਜਾ ਵੜੇ।

ਮੈਨੂੰ ਇਸ ਮੌਕੇ ਆਪਣੇ ਦੋਸਤ ਗਿਆਨ ਸੈਦਪੁਰੀ ਵਲੋਂ ਸੁਣਾਈ ਇਕ ਘਟਨਾ ਯਾਦ ਆ ਗਈ। ਆਪਣੇ ਵੱਡੇ ਭਰਾ ਨਾਲ ਉਸਦਾ ਬਹੁਤ ਮੋਹ ਹੈ। ਇਸ ਮੋਹ ਬਾਰੇ ਉਸ ਨੇ ਇਕ ਗੱਲ ਸੁਣਾਈ ਸੀ। ਉਸਨੇ ਦੱਸਿਆ ਕਿ ਸਕੂਲ ਪੜ੍ਹਦਿਆਂ ਇਕ ਵਾਰ ਉਹ ਵੱਡੇ ਭਰਾ ਗੁਰਨਾਮ ਨਾਲ ਨਿੱਕੀ ਜਿਹੀ ਗੱਲ ਤੋਂ ਲੜ ਪਿਆ। ਇਸ ਬਾਰੇ ਜਦ ਉਸ ਦੇ ਭਾਪਾ ਜੀ ਨੂੰ ਪਤਾ ਲੱਗਾ ਤਾਂ ਉਹ ਬਹੁਤ ਦੁਖੀ ਹੋਏ। ਦਰਵੇਸ਼ ਰੂਹ ਵਾਲੇ ਬਜ਼ੁਰਗ ਨੇ ਉਸਨੂੰ ਡਾਂਟਿਆ ਨਹੀਂ। ਗਿਆਨ ਦੱਸ ਰਿਹਾ ਸੀ ਕਿ ਭਾਪਾ ਜੀ ਓਸ ਵੇਲੇ ਮੱਕੀ ਗੁੱਡ ਰਹੇ ਸੀ। ਬਹੋਲੇ ਦਾ ਆਸਰਾ ਲੈ ਕੇ ਕਹਿਣ ਲੱਗੇ, "ਪੁੱਤਰਾ, ਮੇਰੀ ਗੱਲ ਸੁਣ ਧਿਆਨ ਨਾਲ! ਭਰਾਵਾਂ ਨਾਲ ਗੁੱਸੇ ਹੋ ਜਾਈਏ ਤਾਂ ਰੱਬ ਵੀ ਗੁੱਸੇ ਹੋ ਜਾਂਦੈ, ਜਦ ਭਰਾ ਮਿਲਦੇ ਆ ਤਾਂ ਰੱਬ ਵੀ ਖੁਸ਼ ਹੋ ਜਾਂਦੈ!"

ਗਿਆਨ ਦੱਸਦੈ ਕਿ ਭਾਪਾ ਜੀ ਨੇ ਉਸ ਵਕਤ ਬੁੱਕਲ 'ਚ ਲੈ ਕੇ ਮੈਨੂੰ ਇਕ ਲੋਕ ਕਥਾ ਸੁਣਾਈ। ਕਹਿਣ ਲੱਗੇ ਕਿ ਮੋਹਣ ਤੇ ਸੋਹਣ ਨਾਂਅ ਦੇ ਦੋ ਭਰਾਵਾਂ 'ਚ ਬਹੁਤ ਪਿਆਰ ਸੀ। ਪਰਿਵਾਰ 'ਚ ਹਾਲਾਤ ਇਹੋ ਜਿਹੇ ਬਣੇ ਕਿ ਉਨ੍ਹਾਂ ਨੂੰ ਖੇਤੀ-ਬਾੜੀ ਵੱਖ ਕਰਨੀ ਪਈ। ਮੌਸਮ ਨੇ ਸਾਥ ਨਾ ਦਿੱਤਾ। ਕਣਕ ਦਾ ਝਾੜ ਬਹੁਤ ਘੱਟ ਨਿਕਲਦਾ ਦਿਸ ਰਿਹਾ ਸੀ। ਦੋਵੇਂ ਭਰਾ ਇਕ ਦੂਸਰੇ ਨਾਲ ਮਿਲਦੇ-ਵਰਤਦੇ ਤਾਂ ਨਹੀਂ ਸੀ, ਪਰ ਇਕ ਦੂਸਰੇ ਦਾ ਫ਼ਿਕਰ ਉਨ੍ਹਾਂ ਨੂੰ ਵੱਢ-ਵੱਢ ਖਾਈ ਜਾ ਰਿਹਾ ਸੀ। ਛੋਟੇ ਸੋਹਣ ਨੇ ਸੋਚਿਆ ਕਿ ਭਰਾ ਦੇ ਝਾੜ ਘੱਟ ਨਿਕਲਿਐ, ਉਹ ਗੁਜ਼ਾਰਾ ਕਿਵੇਂ ਕਰੇਗਾ! ਇਕ ਰਾਤ ਉਸਨੇ ਮਲਕੜੇ ਜਿਹੇ ਆਪਣੇ ਖੇਤ 'ਚੋਂ ਕੁੱਝ ਭਰੀਆਂ ਕਣਕ ਚੁੱਕ ਕੇ ਵੱਡੇ ਭਰਾ ਦੇ ਖੇਤਾਂ 'ਚ ਜਾ ਰੱਖੀਆਂ। ਸਵੇਰ ਹੋਈ ਤਾਂ ਉਹ ਇਹ ਦੇਖ ਹੈਰਾਨ ਰਹਿ ਗਿਆ ਕਿ ਉਸਦੀ ਕਣਕ ਦੀਆਂ ਭਰੀਆਂ ਪਹਿਲਾਂ ਜਿੰਨੀਆਂ ਈ ਸਨ। ਦੂਸਰੀ ਰਾਤ ਉਸਨੇ ਫੇਰ ਉਸੇ ਤਰ੍ਹਾਂ ਕੀਤਾ ਤੇ ਸਵੇਰ ਵੇਲੇ ਉਸ ਦੀਆਂ ਭਰੀਆਂ ਫੇਰ ਪੂਰੀਆਂ ਹੀ ਸਨ। ਦੋ-ਤਿੰਨ ਰਾਤਾਂ ਇਹ ਸਿਲਸਿਲਾ ਚੱਲਦਾ ਰਿਹਾ। ਫੇਰ ਇਕ ਰਾਤ ਇੰਝ ਵਾਪਰੀ ਕਿ ਜਿਸ ਵਕਤ ਉਹ ਪਹਿਲੀ ਭਰੀ ਚੁੱਕ ਕੇ ਮੋਹਣ ਦੇ ਖੇਤ ਵੱਲ ਵਧਿਆ ਤਾਂ ਉਸਦੀ ਟੱਕਰ ਇਕ ਬੰਦੇ ਨਾਲ ਹੋ ਗਈ ਜੋ ਸਿਰ 'ਤੇ ਕਣਕ ਦੀ ਭਰੀ ਚੁੱਕੀ ਆ ਰਿਹਾ ਸੀ। ਹਨੇਰਾ ਏਨਾ ਗਾੜ੍ਹਾ ਸੀ ਕਿ ਟਕਰਾਅ ਕੇ ਦੋਵੇਂ ਡਿਗ ਪਏ। ਉੱਠ ਕੇ ਇਕ ਦੂਸਰੇ ਵੱਲ ਵੇਖਣ ਲੱਗੇ। ਇਹ ਦੋਵੇਂ ਹੋਰ ਕੋਈ ਨਹੀਂ ਮੋਹਣ ਤੇ ਸੋਹਣ ਈ ਸਨ। ਦੋਵੇਂ ਇਕ-ਦੂਸਰੇ ਦੇ ਗਲ ਲੱਗ ਬਹੁਤ ਰੋਏ। ਉਹ ਵੱਖ ਜ਼ਰੂਰ ਹੋਏ ਸੀ ਪਰ ਉਨ੍ਹਾਂ ਵਿਚਲੇ ਪਿਆਰ 'ਚ ਕੋਈ ਵਖਰੇਵਾਂ ਨਹੀਂ ਸੀ ਆਇਆ। ਦੋਵਾਂ ਭਰਾਵਾਂ ਨੂੰ ਇਕ-ਦੂਸਰੇ ਗਲ ਲੱਗਦਿਆਂ ਦੇਖ ਰੱਬ ਏਨਾ ਖ਼ੁਸ਼ ਹੋਇਆ ਕਿ ਉਸੇ ਥਾਂ 'ਚੋਂ ਇਕ ਚਸ਼ਮਾ ਫੁੱਟ ਪਿਆ ਜਿਸ ਨੇ ਬਾਅਦ 'ਚ ਕਾਲੀ ਵੇਈਂ ਦਾ ਰੂਪ ਧਾਰਿਆ।

ਭਾਵੁਕ ਹੋਇਆ ਗਿਆਨ ਕਹਿ ਰਿਹਾ ਸੀ, "ਭਾਜੀ, ਤੁਹਾਨੂੰ ਪਤਾ ਈ ਐ ਕਿ ਆਪਾਂ ਤਰਕਸ਼ੀਲ ਹਾਂ। ਇਸ ਤਰ੍ਹਾਂ ਹੋਣਾ ਸੰਭਵ ਨਹੀਂ ਪਰ ਮੈਂ ਬਾਅਦ 'ਚ ਇਸ ਬਾਰੇ ਪਤਾ ਹੋਣ ਦੇ ਬਾਵਜੂਦ ਭਾਪਾ ਜੀ ਨਾਲ ਕੋਈ ਤਰਕ ਨਹੀਂ ਕੀਤਾ। ਸਗੋਂ ਮੈਨੂੰ ਜਾਪਦੈ ਕਿ ਜ਼ਰੂਰ ਏਸੇ ਤਰ੍ਹਾਂ ਹੋਇਆ ਹੋਵੇਗਾ। ਹੁਣ ਭਾਪਾ ਜੀ ਸਰੀਰਕ ਤੌਰ 'ਤੇ ਨਹੀਂ ਰਹੇ ਪਰ ਮੈਂ ਜਦ ਵੀ ਆਪਣੇ ਵੱਡੇ ਭਾਜੀ ਗੁਰਨਾਮ ਸਿੰਹੁ ਨੂੰ ਦੇਖਦਾਂ ਤਾਂ ਮੈਨੂੰ ਕਾਲੀ ਵੇਈਂ ਯਾਦ ਆ ਜਾਂਦੀ ਐ ਤੇ ਜਦ ਕਾਲੀ ਵੇਈਂ ਨੂੰ ਦੇਖਦਾਂ ਤਾਂ ਮੈਨੂੰ ਭਾਪਾ ਜੀ ਸਾਹਮਣੇ ਖੜੇ ਨਜ਼ਰ ਆਉਂਦੇ ਹਨ। ਮੈਨੂੰ ਲੱਗਦੈ ਕਿ ਜੇ ਕਾਲੀ ਵੇਈਂ ਦੇ ਫੁਟਾਲੇ ਬਾਰੇ ਇਸ ਗੱਲ ਨੂੰ ਗਲਤ ਕਿਹਾ ਤਾਂ ਭਾਪਾ ਜੀ ਦੀ ਮੌਤ ਅਟੱਲ ਹੈ। ਜੇ ਉਨ੍ਹਾਂ ਦੀ ਮੌਤ ਹੋ ਗਈ ਤਾਂ ਵੱਡੇ ਭਾਜੀ ਵੀ ਗੁੱਸੇ ਹੋ ਜਾਣਗੇ...ਮੇਰਾ ਰੱਬ ਮੇਰੇ ਨਾਲ ਰੁੱਸ ਜਾਵੇਗਾ!"


ਸਾਡੀਆਂ ਲੋਕ ਕਥਾਵਾਂ 'ਚ ਬਹੁਤ ਕੁੱਝ ਅਜਿਹਾ ਹੈ ਜੋ ਵਿਗਿਆਨ ਦੀ ਕਸੌਟੀ 'ਤੇ ਖਰਾ ਨਹੀਂ ਉਤਰਦਾ ਪਰ ਉਨ੍ਹਾਂ ਵਿਚ ਛੁਪੇ ਹੋਏ ਮਾਨਵੀ ਸੰਵੇਦਨਸ਼ੀਲਤਾ ਦੇ ਸੁਨੇਹੇ ਤੋਂ ਕਿਸੇ ਵੀ ਤਰ੍ਹਾਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਸੰਵੇਦਨਸ਼ੀਲਤਾ ਨੂੰ ਜਿਉਂਦਾ ਰੱਖਣ ਲਈ ਇਹ ਪਾਗਲਪਣ ਜ਼ਰੂਰੀ ਹੈ! ਐਪਰ, ਇਸ ਗੱਲ ਦਾ ਖ਼ਿਆਲ ਜ਼ਰੂਰ ਰੱਖੋ ਕਿ ਪਾਗਲਪਣ ਤੇ ਬੇਵਕੂਫ਼ੀ 'ਚ ਬਹੁਤ ਵੱਡਾ ਫ਼ਰਕ ਹੁੰਦਾ ਹੈ!

## ਤੁਸੀਂ ਪੜ੍ਹ ਚੁੱਕੇ ਹੋ...

*ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਇਸੇ ਦੌਰਾਨ ਉਸ ਦੀ ਨੇੜਤਾ ਜੀਤੀ ਨਾਂ ਦੀ ਇਕ ਸਟੂਡੈਂਟ ਨਾਲ ਵਧ ਜਾਂਦੀ ਹੈ। ਸਮਾਂ ਪਾ ਕੇ ਗੁਰਸੀਰ ਦਾ ਭਰਾ ਬਲਵੀਰ ਅਤੇ ਪਤਨੀ ਅਮ੍ਰਿਤ ਵੀ ਕੈਨੇਡਾ ਪੁੱਜ ਜਾਂਦੇ ਹਨ। ਹੁਣ ਪੜ੍ਹੋ ਇਸ ਤੋਂ ਅਗਾਂਹ...*

# ਹਨੇਰੇ ਰਾਹ

**ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**




## ਕਾਂਡ ਤੇਰਾਂ

ਗੁਰਸੀਰ

"ਅਮ੍ਰਿਤ ਯਾਰ, ਲੇਟ ਨਾ ਕਰਵਾ ਦੇਈਂ। ਕੱਲ੍ਹ ਮਸਾਂ ਟਾਈਮ ਨਾਲ ਪਹੁੰਚਿਆ ਸੀ। ਰੋਟੀ ਤਿਆਰ ਰੱਖੀਂ। ਮੈਂ ਆ ਗਿਆ ਬਾਹਰ ਬਸ।" ਗੁਰਸੀਰ ਨੇ ਗੁਸਲਖਾਨੇ 'ਚੋਂ ਆਵਾਜ਼ ਦਿੱਤੀ।



ਹਰਪ੍ਰੀਤ ਸੇਖਾ
ਫੋਨ: +1-778-231-1189

"ਆ ਜੋ, ਆ ਜੋ। ਰੋਟੀ ਤਿਆਰ ਐ। ਤੁਸੀਂ ਨਿੱਕੇ ਹੁੰਦੇ ਸਕੂਲ ਜਾਣ ਲੱਗੇ ਵੀ ਐਨੇ ਹੀ ਐਕਸਾਈਟਡ ਹੁੰਦੇ ਸੀ?" ਅਮ੍ਰਿਤ ਨੇ ਪੁੱਛਿਆ।

"ਜੇ ਉਦੋਂ ਐਨੇ ਐਕਸਾਈਟਡ ਹੁੰਦੇ ਤਾਂ ਹੁਣ ਕਿਉਂ ਟੱਕਰਾਂ ਮਾਰਦੇ ਫਿਰਦੇ! ਮੈਨੂੰ ਤਾਂ ਆਈਲੈਟਸ ਦੇ ਪੰਜ ਬੈਂਡਾਂ ਦਾ ਫ਼ਿਕਰ ਐ। ਆ ਜਾਣ ਤਾਂ ਪੀ ਐੱਨ ਪੀ ਦੀ ਫਾਈਲ ਲਾਉਣ ਵਾਲੇ ਬਣੀਏ।" ਆਖਦਾ ਗੁਰਸੀਰ ਰੋਟੀ ਖਾਣ ਬੈਠ ਗਿਆ। ਉਦੋਂ ਹੀ ਉਸ ਦੇ ਫੋਨ ਦੀ ਘੰਟੀ ਖੜਕ ਪਈ। "ਪਹਿਲਾਂ ਰੋਟੀ ਖਾ ਲਓ, ਫੇਰ ਜਵਾਬ ਦੇ ਦਿਓ ਫੋਨ ਦਾ।" ਅਮ੍ਰਿਤ ਬੋਲੀ ਪਰ ਗੁਰਸੀਰ ਨੇ ਉਸ ਵੱਲ ਧਿਆਨ ਨਾ ਦਿੱਤਾ ਤੇ ਫੋਨ ਚੁੱਕ ਲਿਆ। ਸ਼ਮਿੰਦਰ ਦਾ ਫੋਨ ਸੀ। ਉਹ ਬੋਲਿਆ, "ਗੁਰਸੀਰ, ਲੋਡ ਲੈ ਕੇ ਜਾਣਾ ਪਊ।"

"ਮੈਂ ਤਾਂ ਭਾਅਜੀ ਥੋਨੂੰ ਪਤੈ ਕਦੋਂ ਦਾ ਟੈਸਟ ਬੁੱਕ ਕਰਵਾਇਐ। ਉਹ ਥੋਨੂੰ ਪੁੱਛ ਕੇ ਕਰਵਾਇਐ। ਅਗਲੇ ਸੋਮਵਾਰ ਮੇਰਾ ਆਈਲੈਟਸ ਦਾ ਐਗਜ਼ਾਮ ਐ।"

"ਤੂੰ ਏਨ੍ਹਾਂ ਕਿਨ੍ਹਾਂ ਚੱਕਰਾਂ 'ਚ ਪੈ ਗਿਆ। ਤੈਨੂੰ ਨਵੀਂ ਐੱਲ ਐੱਮ ਆਈ ਏ ਦੇ ਦਿਆਂਗੇ। ਨਾਲੇ ਐਗਜ਼ਾਮ ਐਗਜ਼ੂਮ ਹੁੰਦੇ ਹੀ ਰਹਿੰਦੇ ਇਆ। ਫੇਰ ਦੇ ਲਈਂ। ਸਾਡਾ ਗੇੜਾ ਮਰ ਜਾਣਾ ਇਆ।"

"ਭਾਅ ਜੀ, ਮੈਂ ਪ੍ਰੋਵੈਂਸ਼ਿਅਲ ਨੌਮਨੀ ਪ੍ਰੋਗਰਾਮ ਲਈ ਪੱਕੇ ਹੋਣ ਦੀ ਫਾਈਲ ਲਾਉਣੀ ਆ। ਲੇਟ ਹੋਈ ਜਾਨਾਂ।"

"ਸਭ ਕੁਝ ਹੋਜੂ ਪਹਿਲਾਂ ਇਹ ਗੇੜਾ ਲਾ ਆ। ਸਾਡਾ ਬਹੁਤ ਪੁਰਾਣਾ ਕਸਟਮਰ ਇਆ। ਓਹਨੂੰ ਨਰਾਜ਼ ਨੀ ਕਰ ਸਕਦੇ।"

"ਭਾਅ ਜੀ, ਕਿਸੇ ਹੋਰ ਨੂੰ ਭੇਜ ਦਿਓ ਮੈਂ ਤਾਂ ਐਗਜ਼ਮ ਦੀ ਤਿਆਰੀ ਕਰਵਾਉਣ ਲਈ ਸਕੂਲ ਨੂੰ ਫੀਸ ਵੀ ਦੇਈ ਬੈਠਾਂ।"

"ਐਡਾ ਕਿੱਡਾ ਕੁ ਇਹ ਆਈ ਐੱਸ ਆਈ ਦਾ ਐਗਜ਼ਾਮ ਇਆ ਜਿਹਦੀ ਤਿਆਰੀ ਦੀ ਲੋੜ ਇਆ। ਆਹ ਗੇੜਾ ਲਾ ਆ। ਆ ਕੇ ਦੇ ਲੀਂ ਐਗਜ਼ਾਮ।"

"ਨਹੀਂ ਭਾਅ ਜੀ, ਮੈਂ ਤਿਆਰੀ ਕਰਨੀ ਐ। ਮੇਰੇ ਆਸਤੇ ਤਾਂ ਇਹੀ ਵੱਡਾ ਐ।"

"ਨਹੀਂ ਜਾਣਾ?"

"ਮੈਂ ਜੀ ਕਦੋਂ ਦੀਆਂ ਛੁੱਟੀਆਂ ਬੁੱਕ ਕੀਤੀਆਂ...।"

"ਚੰਗਾ, ਜੇ ਨਹੀਂ ਜਾਣਾ ਤਾਂ ਆ ਕੇ ਕੰਮ ਕੁਇੱਟ ਕਰਨ ਲਈ ਸਾਈਨ ਕਰ ਜਾ।" ਆਖ ਕੇ ਸ਼ਮਿੰਦਰ ਨੇ ਫੋਨ ਕੱਟ ਦਿੱਤਾ। ਅਮ੍ਰਿਤ ਖੜ੍ਹੀ ਗੁਰਸੀਰ ਦੀ ਗੱਲਬਾਤ ਸੁਣ ਰਹੀ ਸੀ। ਉਸ ਨੇ ਗੁਰਸੀਰ ਦੇ ਚਿਹਰੇ ਦੇ ਤਣਾਅ ਨੂੰ ਭਾਂਪ ਲਿਆ। ਉਹ ਬੋਲੀ, "ਕੋਈ ਨੀ ਸਭ ਕੁਝ ਠੀਕ ਹੋ ਜਾਊ। ਤੁਸੀਂ ਪਹਿਲੋਂ ਆਰਾਮ ਨਾਲ ਰੋਟੀ ਖਾ ਲਓ।" ਗੁਰਸੀਰ ਪਰੌਂਠਿਆਂ ਦੀਆਂ ਵੱਡੀਆਂ ਵੱਡੀਆਂ ਬੁਰਕੀਆਂ ਤੋੜ ਕੇ ਮੂੰਹ ਵਿਚ ਤੁੰਨਦਾ ਰਿਹਾ। ਫਿਰ ਉਸ ਨੇ ਲੰਬਾ ਸਾਹ ਲਿਆ ਤੇ ਬੋਲਿਆ, "ਅਮ੍ਰਿਤ, ਨਾਲ ਲਿਜਾਣ ਲਈ ਰੋਟੀਆਂ ਦਾ ਕਰ ਪ੍ਰਬੰਧ, ਗੇੜਾ ਲਾਉਣ ਜਾਣਾ ਪਊ।"

---

ਟਰੱਕ ਯਾਰਡ ਵੱਲ ਜਾਂਦੇ ਗੁਰਸੀਰ ਅੰਦਰ ਉਸਤਾਦ ਦੀਆਂ ਗੱਲਾਂ ਘੁੰਮਣ ਲੱਗੀਆਂ। ਉਸ ਨੇ ਕਿਹਾ ਸੀ, "ਮਾਲਕ ਕਿਉਂ ਚਾਹੁਣਗੇ ਕਿ ਥਾਨੂੰ ਓਪਨ ਵਰਕ ਪਰਮਿਟ ਮਿਲਣ। ਉਹ ਕਿਉਂ ਚਾਹੁਣਗੇ ਕਿ ਤੁਸੀਂ ਆਈਲੈਟਸ 'ਚੋਂ ਨੰਬਰ ਲੈ ਕੇ ਪੀ ਐੱਨ ਪੀ ਦੀ ਫਾਈਲ ਲਾ ਸਕੋਂ। ਜੇ ਉਹ ਇਤਰ੍ਹਾਂ ਸਾਰਿਆਂ ਨੂੰ ਓਪਨ ਵਰਕ ਪਰਮਿਟ ਦਵਾਉਣ ਲੱਗ ਪਏ ਤਾਂ ਖੱਲ ਕਿਸ ਦੀ ਲਾਹੁਣਗੇ? ਦੇਖੀ ਜਾਈਂ ਜਦੋਂ ਤੇਰਾ ਫ਼ਾਈਲ ਲਾਣ ਦਾ ਟੈਮ ਨੇੜੇ ਆਣ ਲੱਗਾ, ਏਨ੍ਹਾਂ ਗੱਲ ਗੱਲ 'ਤੇ ਧਮਕੀਆਂ ਦੇਣ ਲੱਗ ਜਾਣੈ ਕਿ ਕੁਇੱਟ 'ਤੇ ਸਾਈਨ ਕਰ ਦੇ। ਪਤਾ ਪਈ ਅਗਲਾ ਨਈਂ ਕਰੇਗਾ ਮਸਾਂ ਤਾਂ ਫਾਈਲ ਲਾਣ ਦਾ ਟੈਮ ਨੇੜੇ ਆਉਂਦਾ ਜੇ। ਏਨ੍ਹਾਂ ਨੂੰ ਏਦਾਂ ਪਈ ਜੇ ਡਰਾਈਵਰ ਜੌਬ ਕੁਇੱਟ ਕਰ ਜਾਵੇਗਾ ਤਾਂ ਇਹ ਖਾਲੀ ਹੋਈ ਥਾਂ ਲਈ ਹੋਰ ਐੱਲ ਐੱਮ ਆਈ ਏ ਮੰਗ ਲੈਣਗੇ, ਫੇਰ ਹੋਰ ਮਹਿੰਗੀ ਵੇਚ ਦੇਣਗੇ। ਏਤਰ੍ਹਾਂ ਮੇਰੇ ਨਾਲ ਕਰ ਦੇ ਜੇ ਤੇ ਏਤਰ੍ਹਾਂ ਈ ਤੇਰੇ ਨਾਲ ਹੋਣੀ ਜੇ।" ਗੁਰਸੀਰ ਨੂੰ ਉਦੋਂ ਉਸਤਾਦ ਦੀਆਂ ਇਹ ਗੱਲਾਂ ਗੁੱਸੇ 'ਚ ਕਹੀਆਂ ਐਵੇਂ ਹੀ ਲੱਗੀਆਂ ਸਨ ਪਰ ਸ਼ਮਿੰਦਰ ਦੀ ਧਮਕੀ ਯਾਦ ਕਰ ਕੇ ਉਸ ਨੂੰ ਉਸਤਾਦ ਦੀਆਂ ਗੱਲਾਂ ਸੱਚੀਆਂ ਹੁੰਦੀਆਂ ਦਿਸ ਰਹੀਆਂ ਸਨ।

ਮਨ ਕੁਝ ਠੰਢਾ ਹੋਏ ਤੋਂ ਗੁਰਸੀਰ ਨੇ ਸੋਚਿਆ, 'ਉਸਤਾਦ ਵਾਂਗ ਸ਼ਮਿੰਦਰ ਨਾਲ ਬੋਲ-ਬੁਲਾਰਾ ਨਹੀਂ ਕਰਨਾ। ਮਿੰਨਤ-ਤਰਲਾ ਕਰ ਕੇ ਹੀ ਗੱਲ ਸਿਰੇ ਚਾੜ੍ਹਾਂਗਾ।'

---

ਆਈਲੈਟਸ ਦਾ ਨਤੀਜਾ ਮਿਲਣ ਸਾਰ ਹੀ ਗੁਰਸੀਰ ਨੇ ਅਮ੍ਰਿਤ ਨੂੰ ਦੱਸਣ ਤੋਂ ਬਾਅਦ ਸ਼ਮਿੰਦਰ ਨੂੰ ਫੋਨ ਕਰ ਲਿਆ। ਬੋਲਿਆ, "ਭਾਅ ਜੀ, ਮੈਂ ਪੀ ਐੱਨ ਪੀ ਦੀ ਫਾਈਲ ਲਾਉਣੀ ਐ। ਮੇਰੇ ਆਈਲੈਟਸ ਦੇ ਪੂਰੇ ਬੈਂਡ ਆਗੇ ਆ। ਤੁਹਾਡੇ ਵੱਲੋਂ ਸਪੌਂਸਰਸ਼ਿਪ ਲੈਟਰ ਤੇ ਐਕਸਪੀਰੇਂਸ ਦੀ ਲੈਟਰ ਚਾਹੀਦੀ ਆ।" ਅੱਗੋਂ ਸ਼ਮਿੰਦਰ ਕੁਝ ਨਾ ਬੋਲਿਆ। ਗੁਰਸੀਰ ਨੇ "ਹੈਲੋ" ਕਿਹਾ ਤਾਂ ਉਹ ਮੂਹਰੋਂ ਬੋਲਿਆ, "ਠੀਕ ਇਆ।"

"ਭਾਅ ਜੀ, ਛੇਤੀ ਚਾਹੀਦੀ ਐ। ਮੇਰਾ ਵਰਕ ਪਰਮਿਟ ਵੀ ਮੁੱਕਣ ਆਲੈ।"

"ਤੇਰਾ ਵਰਕ ਪਰਮਿਟ ਨੀ ਮੁੱਕਣ ਦਿੰਦੇ। ਨਵੀਂ ਐੱਲ ਐੱਮ ਆਈ ਏ ਦੇ ਦਿਆਂਗੇ।"

"ਭਾਅ ਜੀ, ਪਹਿਲਾਂ ਆਹ ਸਪੌਂਸਰਸ਼ਿਪ ਲੈਟਰ ਆਲਾ ਕੰਮ ਕਰ ਦਿਓ।"

"ਇਹ ਵੀ ਕਰ ਦਿਆਂਗੇ। ਐਡੀ ਕੀ ਕਾਹਲੀ ਇਆ।"

"ਇਕ-ਅੱਧੇ ਦਿਨ 'ਚ ਕਰ ਦਿਓਗੇ ਨਾ, ਭਾਅ ਜੀ?"

"ਆਹ ਗੇੜਾ ਲਾ ਆ। ਮੁੜਦੇ ਤਾਈਂ ਤਿਆਰ ਹੋਊ।"

"ਮੈਂ ਚਾਹੁੰਦਾ ਸੀ ਕਿ ਜਾਣ ਤੋਂ ਪਹਿਲਾਂ ਫਾਈਲ ਲਾ ਦੇਵਾਂ।"

"ਐਡੀ ਛੇਤੀ ਨੀ ਤਿਆਰ ਹੋਣੀ। ਆ ਕੇ ਲੈ ਲੀਂ।"

"ਠੀਕ ਐ, ਭਾਅ ਜੀ।"

---

ਮਾਂਟਰੀਅਲ ਤੋਂ ਟਰੱਕ ਦਾ ਗੇੜਾ ਜਿਹੜਾ ਇਸ ਵਾਰ ਵੀ ਪੰਦਰਾਂ ਦਿਨਾਂ ਦਾ ਹੋ ਗਿਆ ਸੀ, ਲਾ ਕੇ ਮੁੜਦੇ ਗੁਰਸੀਰ ਨੇ ਰਜਾਈਨਾ ਸ਼ਹਿਰ ਤੋਂ ਹੀ ਫੋਨ ਕਰ ਕੇ ਸ਼ਮਿੰਦਰ ਨੂੰ ਕਿਹਾ, "ਭਾਅ ਜੀ, ਮੇਰੇ ਪੇਪਰ ਤਿਆਰ ਕਰਵਾ ਦਿਓ। ਮੈਂ ਕੱਲ੍ਹ ਨੂੰ ਪਹੁੰਚ ਜਾਣੈ।"

"ਤੇਰੀ ਫਾਈਲ ਕੈਨ-ਪਨ ਵਾਲੇ ਰਾਕੇਸ਼ ਨੇ ਈ ਲਾਉਣੀ ਇਆ ਨਾ, ਉਸੇ ਨੂੰ ਹੀ ਭੇਜ ਦਿਆਂਗਾ।" ਸ਼ਮਿੰਦਰ ਨੇ ਕਿਹਾ।




"ਨਹੀਂ ਭਾਅ ਜੀ, ਮੇਰਾ ਇਕ ਜਾਣੂ ਐ ਹਰਵੀਰ, ਉਸ ਤੋਂ ਲਵਾਉਣੀ ਐ।"

"ਨਾ ਨਾ ਇਹ ਗੱਲ ਨਾ ਕਰੀਂ। ਰਾਕੇਸ਼ ਕੋਲ ਚਲਿਆ ਜਾਈਂ। ਓਸੇ ਰਾਹੀਂ ਤੂੰ ਮੈਥੋਂ ਐੱਲ ਐੱਮ ਆਈ ਏ ਲਈ ਸੀ।"

"ਪਰ ਭਾਅਜੀ ਮੇਰੀ ਹਰਵੀਰ ਨਾਲ ਗੱਲ ਹੋਈ ਆ।"

"ਕੋਈ ਨਹੀਂ ਜੇ ਗੱਲ ਹੋਈ ਇਆ ਤਾਂ। ਬਹੁਤੇ ਇਮੀਗ੍ਰੇਸ਼ਨ ਵਾਲਿਆਂ ਨੂੰ ਇਨਵੌਲਵ ਨਹੀਂ ਕਰੀਦਾ। ਜੀਹਦੇ ਨਾਲ ਗੱਲ ਖੁੱਲ੍ਹੀ ਹੋਵੇ, ਓਸੇ ਨਾਲ ਹੀ ਰਹੀਦਾ ਇਆ। ਮੈਂ ਰਾਕੇਸ਼ ਨੂੰ ਭੇਜ ਦਿਆਂਗਾ ਪੇਪਰ।" ਆਖ ਕੇ ਸ਼ਮਿੰਦਰ ਨੇ ਫੋਨ ਬੰਦ ਕਰ ਦਿੱਤਾ।

'ਹਰਵੀਰ ਨੂੰ ਕੀ ਜਵਾਬ ਦਿਆਂਗਾ ਹੁਣ?' ਕਿੰਨੇ ਵਾਰ ਉਸ ਤੋਂ ਸਲਾਹ ਲੈਣ ਲਈ ਉਸ ਨੂੰ ਫੋਨ ਕੀਤੇ ਐ। ਪੀ ਐੱਨ ਪੀ ਦੀ ਫ਼ਾਈਲ ਲਾਉਣ ਲਈ ਵੀ ਉਸ ਨੇ ਰਾਇ ਦਿੱਤੀ ਐ।' ਗੁਰਸੀਰ ਸੋਚਣ ਲੱਗਾ। 'ਚੱਲ, ਉਸ ਤੋਂ ਮਾਫ਼ੀ ਮੰਗ ਲਵਾਂਗਾ। ਕੰਮ ਬਣੇ ਸਹੀ, ਕਿਤੋਂ ਹੋਇਆ।'

ਅਗਲੇ ਦਿਨ ਗੁਰਸੀਰ ਯਾਰਡ 'ਚ ਟਰੱਕ ਖੜ੍ਹਾ ਕਰ ਕੇ ਸ਼ਮਿੰਦਰ ਦੇ ਦਫ਼ਤਰ 'ਚ ਗਿਆ ਤਾਂ ਉਹ ਉੱਥੇ ਨਹੀਂ ਸੀ। ਗੁਰਸੀਰ ਨੇ ਉਸ ਨੂੰ ਫੋਨ ਕਰ ਲਿਆ, "ਭਾਅ ਜੀ, ਭੇਜਤੇ ਸੀ ਪੇਪਰ?"

**"ਉਹ ਕਿਉਂ ਤੈਨੂੰ ਐੱਲ ਐੱਮ ਆਈ ਏ ਫਰੀ 'ਚ ਦੇਵੇਗਾ। ਅਗਲਾ ਹੋਰ ਟਰੱਕ ਨਾ ਲਵੇਗਾ? ਤੈਨੂੰ ਪਤੈ ਇਕ ਐੱਲ ਐੱਮ ਆਈ ਏ ਟਰੱਕ ਦੀਆਂ ਕਿੰਨੀਆਂ ਕਿਸ਼ਤਾਂ ਚੁੱਕ ਲੈਂਦੀ ਆ?" ਰਾਕੇਸ਼ ਨੇ ਗੁਰਸੀਰ ਦੇ ਚਿਹਰੇ 'ਤੇ ਨਿਗ੍ਹਾ ਗੱਡ ਕੇ ਕਿਹਾ। ਉਹ ਰੁਕਿਆ ਤੇ ਫਿਰ ਬੋਲਿਆ, "ਗੱਲ ਖੋਲ੍ਹ ਉਸ ਨਾਲ, ਜਿੰਨੀ ਛੇਤੀ ਹੋ ਸਕਦੈ। ਜੇ ਉਹ ਨਹੀਂ ਦਿੰਦਾ ਤਾਂ ਮੈਂ ਕਿਸੇ ਹੋਰ ਤੋਂ ਪੁੱਛਾਂ। ਜੇ ਤੇਰੀ ਇੰਪਲਾਏਮਿੰਟ ਵਿਚ ਬਰੇਕ ਪੈ ਗਈ ਤਾਂ ਆਹ ਦੋ ਸਾਲ ਲਾਏ ਵੀ ਬੇਅਰਥ ਜਾਣਗੇ।"**

ਸ਼ਮਿੰਦਰ ਦੀ "ਹਾਂ" ਸੁਣ ਕੇ ਗੁਰਸੀਰ ਚੁੱਕਵੇਂ ਪੈਰੀਂ ਆਪਣੀ ਕਾਰ ਵੱਲ ਤੁਰ ਪਿਆ। ਕੰਮ 'ਤੇ ਜਾਂਦੀ ਹੋਈ ਅਮ੍ਰਿਤ ਟਰੱਕ ਯਾਰਡ ਵਿਚ ਗੁਰਸੀਰ ਲਈ ਕਾਰ ਖੜ੍ਹੀ ਕਰ ਕੇ ਆਪ ਬੱਸ ਰਾਹੀਂ ਕੰਮ 'ਤੇ ਚਲੀ ਗਈ ਸੀ। ਗੁਰਸੀਰ ਕੈਨ-ਪਨ ਇਮੀਗ੍ਰੇਸ਼ਨ ਦੇ ਦਫ਼ਤਰ ਵੱਲ ਚੱਲ ਪਿਆ। ਰਾਕੇਸ਼ ਦਫ਼ਤਰ ਵਿਚ ਹੀ ਸੀ। ਬੋਲਿਆ, "ਆ ਗੁਰਸੀਰ ਸਿਆਂ, ਬੈਠ।"

"ਮੇਰੇ ਪੇਪਰ ਮਿਲ ਗਏ ਸਾਰੇ ਜੀ?"

"ਨਹੀਂ, ਹਾਲੇ ਤਾਂ ਨਹੀਂ ਮਿਲੇ ਪਰ ਗੱਲ ਸੁਣ, ਤੇਰਾ ਵਰਕ ਪਰਮਿਟ ਮੁੱਕਣ ਵਾਲਾ। ਪੀ ਐੱਨ ਪੀ ਦੀ ਫਾਈਲ ਤਾਂ ਬਾਅਦ 'ਚ ਵੀ ਲੱਗ ਸਕਦੀ ਐ, ਪਹਿਲਾਂ ਹੋਰ ਐੱਲ ਐੱਮ ਆਈ ਏ ਦਾ ਪ੍ਰਬੰਧ ਕਰ।"

"ਮਸਾਂ ਤਾਂ ਪੁਆਇੰਟ ਬਣੇ ਆ। ਇਹ ਪੀ ਐੱਨ ਪੀ ਵਾਲਾ ਕੰਮ ਛੇਤੀ ਹੋਵੇ ਤਾਂ ਐੱਲ ਐੱਮ ਆਈ ਏਆਂ ਤੋਂ ਖਹਿੜਾ ਛੁੱਟੇ। ਨਾਲੇ ਸ਼ਮਿੰਦਰ ਕਹਿੰਦਾ ਸੀ ਕਿ ਜੇ ਲੋੜ ਪਈ ਤਾਂ ਉਹ ਦੇ ਦੇਵੇਗਾ ਐੱਲ ਐੱਮ ਆਈ ਏ।"

"ਤੈਨੂੰ ਪੱਕਾ ਪਤੈ ਕਿ ਦੇ ਦੇਵੇਗਾ? ਗੱਲ ਖੋਲ੍ਹੀ ਹੈ ਉਸ ਨਾਲ?"

"ਗੱਲ ਤਾਂ ਨੀ ਖੋਲ੍ਹੀ ਪਰ ਕਹਿੰਦਾ ਸੀ ਫ਼ਿਕਰ ਨਾ ਕਰਾਂ।"

"ਉਹ ਕਿਉਂ ਤੈਨੂੰ ਐੱਲ ਐੱਮ ਆਈ ਏ ਫਰੀ 'ਚ ਦੇਵੇਗਾ। ਅਗਲਾ ਹੋਰ ਟਰੱਕ ਨਾ ਲਵੇਗਾ? ਤੈਨੂੰ ਪਤੈ ਇਕ ਐੱਲ ਐੱਮ ਆਈ ਏ ਟਰੱਕ ਦੀਆਂ ਕਿੰਨੀਆਂ ਕਿਸ਼ਤਾਂ ਚੁੱਕ ਲੈਂਦੀ ਆ?" ਰਾਕੇਸ਼ ਨੇ ਗੁਰਸੀਰ ਦੇ ਚਿਹਰੇ 'ਤੇ ਨਿਗ੍ਹਾ ਗੱਡ ਕੇ ਕਿਹਾ। ਉਹ ਰੁਕਿਆ ਤੇ ਫਿਰ ਬੋਲਿਆ, "ਗੱਲ ਖੋਲ੍ਹ ਉਸ ਨਾਲ, ਜਿੰਨੀ ਛੇਤੀ ਹੋ ਸਕਦੈ। ਜੇ ਉਹ ਨਹੀਂ ਦਿੰਦਾ ਤਾਂ ਮੈਂ ਕਿਸੇ ਹੋਰ ਤੋਂ ਪੁੱਛਾਂ। ਜੇ ਤੇਰੀ ਇੰਪਲਾਏਮਿੰਟ ਵਿਚ ਬਰੇਕ ਪੈ ਗਈ ਤਾਂ ਆਹ ਦੋ ਸਾਲ ਲਾਏ ਵੀ ਬੇਅਰਥ ਜਾਣਗੇ।"

"ਤੁਸੀਂ ਸ਼ਮਿੰਦਰ ਨੂੰ ਆਖ ਦੇਵੋ ਜੇ ਛੇਤੀ ਭੇਜ ਦੇਵੇ ਸਪੌਂਸਰਸ਼ਿਪ ਲੈਟਰ।"

"ਇਹ ਤੁਹਾਡਾ ਦੋਹਾਂ ਦਾ ਮਸਲਾ ਏ। ਮੈਂ ਵਿਚ ਦਖਲ ਨੀ ਦੇ ਸਕਦਾ। ਨਾਲੇ ਇਕ ਸਲਾਹ ਦੇਵਾਂ?" ਉਸ ਨੇ ਗੁਰਸੀਰ ਦੀਆਂ ਅੱਖਾਂ ਵਿਚ ਦੇਖਿਆ ਤੇ ਮੁੜ ਕਿਹਾ, "ਮਾਲਕਾਂ ਨਾਲ ਮਿੱਠੇ ਪਿਆਰੇ ਹੋ ਕੇ ਰਹੀਦੈ। ਬੈਨੀਫਿਟ ਤਾਂ ਆਪ ਹੀ ਮਿਲਣ ਲੱਗ ਜਾਂਦੇ ਹੁੰਦੇ ਆ, ਜਦੋਂ ਪੱਕੇ ਹੋ ਜਾਈਏ। ਹਾਲੇ ਆਪਾਂ ਨੂੰ ਲੋੜ ਐ ਓਨ੍ਹਾਂ ਤਾਈਂ।"

"ਮੈਂ ਤਾਂ ਭਾਅ ਜੀ ਦੇਹ ਤੋੜ ਕੇ ਕੰਮ ਕਰਦੈਂ, ਬਹੁਤਾ ਹੀ ਕੋਈ ਜ਼ਰੂਰੀ ਕੰਮ ਹੋ ਜਾਵੇ ਤਾਂ ਭਾਵੇਂ ਕੰਮ ਤੋਂ ਕਦੇ ਛੁੱਟੀ ਕੀਤੀ ਹੋਵੇ, ਨਹੀਂ ਤਾਂ ਜਿਵੇਂ ਮਾਲਕ ਕਹਿੰਦੇ ਆ, ਓਵੇਂ ਕਰੀ ਜਾਨੈਂ।"

'ਕੀ ਸ਼ਮਿੰਦਰ ਨੇ ਕੋਈ ਗਿਲਾ ਕੀਤੈ ਇਸ ਕੋਲ?' ਇਹ ਸੋਚਦਾ ਗੁਰਸੀਰ ਫ਼ਿਕਰ ਨਾਲ ਘਿਰ ਗਿਆ।

ਕੈਨ-ਪਨ ਦੇ ਦਫ਼ਤਰ 'ਚੋਂ ਪੈਰ ਘੜੀਸਦਾ ਗੁਰਸੀਰ ਬਾਹਰ ਆ ਗਿਆ। ਉਸ ਨੇ ਸ਼ਮਿੰਦਰ ਨੂੰ ਫੋਨ ਕਰ ਲਿਆ। ਉਹ ਅੱਗੋਂ ਬੋਲਿਆ, "ਮੈਂ ਆਫਿਸ ਵਾਲੀ ਕੁੜੀ ਨੂੰ ਕਿਹਾ ਤਾਂ ਸੀ ਕਿ ਭੇਜ ਦੇਵੇ। ਭੁੱਲ ਗਈ ਹੋਵੇਗੀ। ਕੋਈ ਨੀ ਭਿਜਵਾ ਦਿੰਨਾ ਇਆਂ।"

"ਭਾਅ ਜੀ, ਮੇਰਾ ਵਰਕ ਪਰਮਿਟ ਵੀ ਮੁੱਕਣ ਵਾਲਾ। ਤੁਸੀਂ ਐੱਲ ਐੱਮ ਆਈ ਏ ਬਾਰੇ ਗੱਲ ਕਰਦੇ ਸੀ—।"

"ਹਾਂ ਹਾਂ, ਮਨਜ਼ੂਰ ਹੋਈਆਂ ਪਈਆਂ। ਤੇਰੇ ਵਾਸਤੇ ਇੱਕ ਪੱਕੀ ਇਆ। ਤੇਰੇ ਕੋਲ ਬਥੇਰਾ ਟਾਈਮ ਇਆ। ਤੂੰ ਵਾਧੂ ਦਾ ਫ਼ਿਕਰ ਕਰਦਾ ਇਆਂ। ਅਗਲੇ ਗੇੜੇ ਤੱਕ ਤੇਰਾ ਮਸਲਾ ਹੱਲ ਕਰ ਦਿੰਨੇ ਇਆਂ।"

"ਠੀਕ ਐ ਭਾਅ ਜੀ।" ਆਖ ਕੇ ਗੁਰਸੀਰ ਥੱਕੇ ਪੈਰੀਂ ਕਾਰ ਵੱਲ ਤੁਰ ਪਿਆ।

ਕਾਰ ਚਲਾਉਂਦੇ ਗੁਰਸੀਰ ਦੇ ਮਨ ਵਿਚ ਸ਼ਮਿੰਦਰ ਦੇ ਕੀਤੇ ਵਾਅਦੇ ਨਾਲੋਂ ਰਾਕੇਸ਼ ਦੀ ਕਹੀ ਗਿਲੇ ਵਾਲੀ ਗੱਲ ਭਾਰੂ ਸੀ। ਉਸ ਦੇ ਮਨ 'ਚ ਆਈ, 'ਕਿਉਂ ਮੈਂ ਸ਼ਮਿੰਦਰ ਨੂੰ 'ਵੇਟਿੰਗ ਟਾਈਮ' ਦਾ ਖਰਚਾ ਦੇਣ ਲਈ ਆਖ ਬੈਠਾ। ਜਿੱਥੇ ਐਨਾ ਚਿਰ ਲੰਘਿਆ ਸੀ, ਹੋਰ ਕੁਝ ਮਹੀਨੇ ਲੰਘ ਜਾਂਦੇ। ਹੁਣ ਪਤਾ ਨੀ ਸਪੌਂਸਰਸ਼ਿਪ ਲੈਟਰ ਦੇਵੇਗਾ ਪਤਾ ਨੀਂ ਨਹੀਂ?--- ਵਾਅਦਾ ਤਾਂ ਕਰਦਾ ਹੈ, ਕੀ ਪਤਾ ਦੇ ਹੀ ਦੇਵੇ--- ਪਰ ਵਾਅਦੇ ਤਾਂ ਉਹ ਉਸਤਾਦ ਨਾਲ ਵੀ ਆਖਰੀ ਦਿਨ ਤਕ ਕਰਦਾ ਰਿਹਾ ਸੀ।' ਇਹ ਸੋਚਦਿਆਂ ਗੁਰਸੀਰ ਦੇ ਮਨ ਵਿਚ ਉਸਤਾਦ ਦੀ ਕਹੀ ਗੱਲ ਆ ਗਈ। ਉਸ ਨੇ ਕਿਹਾ ਸੀ, "ਸ਼ਮਿੰਦਰ ਵਾਅਦੇ ਕਰ ਕਰ ਮੇਰਾ ਸਮਾਂ ਬਰਬਾਦ ਕਰਦਾ ਰਿਹਾ।"

'ਕਿਤੇ ਸ਼ਮਿੰਦਰ ਮੇਰੇ ਨਾਲ ਵੀ ਤਾਂ ਉਸਤਾਦ ਵਾਲੀ ਨਹੀਂ ਕਰ ਰਿਹਾ?' ਗੁਰਸੀਰ ਦੇ ਮਨ 'ਚ ਆਇਆ। 'ਜੇ ਇਸ ਤਰ੍ਹਾਂ ਹੋਇਆ ਤਾਂ ਮੈਨੂੰ ਵੀ ਪੀ ਐੱਨ ਪੀ ਦੀ ਫਾਈਲ ਲਾਉਣ ਦੇ ਫ਼ਿਕਰ ਤੋਂ ਪਹਿਲਾਂ ਅਗਲੀ ਐੱਲ ਐੱਮ ਆਈ ਏ ਦਾ ਪ੍ਰਬੰਧ ਕਰਨਾ ਚਾਹੀਦੈ।' ਉਸ ਦੇ ਦਿਮਾਗ਼ ਵਿਚ ਫਿਰ ਉਸਤਾਦ ਆ ਗਿਆ। ਗੁਰਸੀਰ ਨੂੰ ਉਸ ਨੇ ਦੱਸਿਆ ਸੀ ਕਿ ਉਸ ਨੂੰ ਨਵੀਂ ਟਰੱਕਿੰਗ ਕੰਪਨੀ ਵਿਚ ਐੱਲ ਐੱਮ ਆਈ ਏ ਦਾ ਕੋਈ ਡਾਲਰ ਨਹੀਂ ਸੀ ਦੇਣਾ ਪਿਆ। 'ਜੇ ਲੋੜ ਪੈ ਗਈ ਤਾਂ ਸ਼ਾਇਦ ਮੇਰੇ ਲਈ ਵੀ ਉਸਤਾਦ ਪ੍ਰਬੰਧ ਕਰ ਦੇਵੇ।' ਸੋਚ ਕੇ ਗੁਰਸੀਰ ਨੇ ਉਸਤਾਦ ਨੂੰ ਫੋਨ ਮਿਲਾ ਲਿਆ। ਸਾਰੀ ਗੱਲ ਸੁਣ ਕੇ ਉਸਤਾਦ ਬੋਲਿਆ, "ਇਹ ਇਕੋ ਜਿਹੇ ਈ ਏ। ਕੋਈ ਭਾਵੇਂ ਬਚਿਆ ਹੋਵੇ। ਜਦੋਂ ਮੇਰਾ ਸ਼ਮਿੰਦਰ ਨਾਲ ਪਰਮਟ ਮੁੱਕਿਆ, ਉਦੋਂ ਇਸ ਕੰਪਨੀ ਨੂੰ ਕਿਸੇ ਐਕਸਪੀਰੀਐਂਸ ਵਾਲੇ ਡਰੈਵਰ ਦੀ ਅਰਜੈਂਟ ਲੋੜ ਸੀ। ਮਾਲਕ ਕਹਿੰਦਾ ਐੱਲ ਐੱਮ ਆਈ ਏ ਦਾ ਕੋਈ ਪੈਸਾ ਨਈਓਂ ਲੈਂਦਾ ਪਰ ਸਾਲ ਦਾ ਐਗਰੀਮੈਂਟ ਕਰਨਾ ਪਊ। ਸਾਲ ਬਾਅਦ ਸਪੌਂਸਰਸ਼ਿਪ ਲੈਟਰ ਦੇਊਂ। ਮੈਂ ਸੋਚਿਆ, ਚਲ ਸਾਲ ਬਾਅਦ ਲਾ ਦਾਂਗਾ ਫਾਈਲ ਪੀ ਐੱਨ ਪੀ ਦੀ, ਐੱਲ ਐੱਮ ਆਈ ਏ ਤਾਂ ਫਰੀ 'ਚ ਮਿਲਦੀ ਜੇ। ਸਾਲ ਬਾਅਦ ਕਹਿੰਦਾ ਸਪੌਂਸਰਸ਼ਿਪ ਲੈਟਰ ਦਾ ਦਸ ਹਜ਼ਾਰ ਲਾਂਗਾ। ਕੀ ਕਰੇ ਬੰਦਾ ਫਸਿਆ? ਤੂੰ ਸ਼ਮਿੰਦਰ ਤੋਂ ਹੀ ਪੁੱਛ ਕੇ ਦੇਖ ਲਾ। ਜੇ ਸਪੌਂਸਰਸ਼ਿਪ ਲੈਟਰ ਦੇ ਡਾਲਰ ਮੰਗਦੇ ਤਾਂ ਦੇ ਛੱਡ।" ਉਸਤਾਦ ਦੀ ਗੱਲ ਸੁਣ ਕੇ ਗੁਰਸੀਰ ਨੇ ਸੋਚਿਆ ਕਿ ਉਹ ਸ਼ਮਿੰਦਰ ਨਾਲ ਹੀ ਗੱਲ ਕਰੇਗਾ। ਉਹ ਆਪਣੀਆਂ ਸੋਚਾਂ ਵਿਚ ਹੀ ਗਲਤਾਨ ਸੀ, ਜਦੋਂ ਉਸ ਦੇ ਕੰਨ ਅਚਾਨਕ ਹੀ ਰੇਡੀਓ ਵੱਲ ਹੋ ਗਏ। ਇਹ ਸ਼ਾਇਦ ਰੇਡੀਓ ਤੋਂ ਬੋਲੇ ਜਾ ਰਹੇ ਸ਼ਬਦਾਂ ਕਰ ਕੇ ਸੀ। ਰੇਡੀਓ ਬੋਲ ਰਿਹਾ ਸੀ: ਸਾਡੇ ਕੋਲ ਟਰੱਕ ਡਰਾਈਵਰਾਂ ਦੀਆਂ ਐੱਲ ਐੱਮ ਆਈ ਏ ਵੀ ਹਨ। ਇਹ ਕੈਨ-ਪਨ ਇਮੀਗ੍ਰੇਸ਼ਨ ਦੀ ਹੀ ਮਸ਼ਹੂਰੀ ਸੀ। ਗੁਰਸੀਰ ਦੇ ਦਿਮਾਗ਼ ਵਿਚ ਰਾਕੇਸ਼ ਦੇ ਬੋਲ ਆ ਗਏ, "--- ਜੇ ਸ਼ਮਿੰਦਰ ਐੱਲ ਐੱਮ ਆਈ ਏ ਨਹੀਂ ਦਿੰਦਾ ਤਾਂ ਕਿਸੇ ਹੋਰ ਤੋਂ ਪੁੱਛਾਂ---।" 'ਕੀ ਪਤੈ ਉਹ ਮੈਨੂੰ ਐੱਲ ਐੱਮ ਆਈ ਏ ਵੇਚਣ ਦਾ ਮਾਰਾ ਹੀ ਆਖ ਰਿਹਾ ਹੋਵੇ ਕਿ ਸ਼ਮਿੰਦਰ ਨੇ ਨਹੀਂ ਦੇਣੀ।' ਇਨ੍ਹਾਂ ਸੋਚਾਂ ਵਿਚ ਉਲਝੇ ਗੁਰਸੀਰ ਨੂੰ ਆਪਣਾ ਆਪ ਚਾਰੇ ਪਾਸਿਉਂ ਘਿਰਿਆ ਹੋਇਆ ਲੱਗਾ। ਉਹ ਆਪ ਮੁਹਾਰਾ ਹੀ ਬੋਲਿਆ, "ਪਤਾ ਨੀ ਕਿਹੜੇ ਸਾਲੇ 'ਤੇ ਇਤਬਾਰ ਕਰਾਂ, ਕਿਹੜੇ 'ਤੇ ਨਾ ਕਰਾਂ।" (ਚੱਲਦਾ)

# ਤਾਲੀਮ ਅਤੇ ਤਰਬੀਅਤ

**ਸ਼ਬਦ ਜੋਤ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਤਾਲੀਮ ਅਤੇ ਤਰਬੀਅਤ ਵਿਚਲੇ ਰਿਸ਼ਤੇ ਦੀ ਗੱਲ ਕੀਤੀ ਹੈ ਕਿ ਉਚ-ਵਿਦਿਆ ਪ੍ਰਾਪਤ ਵਿਅਕਤੀ ਤਰਬੀਅਤ ਪੱਖੋਂ ਹੀਣਾ ਹੋ ਸਕਦਾ ਹੈ ਪਰ ਤਰਬੀਅਤ ਦਾ ਪ੍ਰਪੱਕ ਵਿਅਕਤੀ ਕਦੇ ਵੀ ਵਿਦਿਆ ਪੱਖੋਂ ਕਿਸੇ ਵੀ ਨਾਲੋਂ ਘੱਟ ਨਹੀਂ ਹੁੰਦਾ।*

ਤਾਲੀਮ ਅਤੇ ਤਰਬੀਅਤ ਦਾ ਆਪਸੀ ਗੂੜ੍ਹਾ ਰਿਸ਼ਤਾ ਵੀ ਹੈ ਅਤੇ ਰਿਸ਼ਤਾ ਨਹੀਂ ਵੀ। ਇਹ ਦੋ ਵੱਖੋ-ਵੱਖ ਮਨੁੱਖੀ ਗੁਣ ਅਤੇ ਇਨ੍ਹਾਂ ਵਿਚੋਂ ਹੀ ਅਸੀਂ ਕਿਸੇ ਮਨੁੱਖ ਦੀ ਪਛਾਣ ਕਰਦੇ। ਮਨੁੱਖ ਨੂੰ ਇਕੱਲਾ ਵਿਦਿਆ ਦੇ ਪੱਖੋਂ ਮੁਲਾਂਕਣ ਕਰਨਾ, ਮਨੁੱਖੀ ਫ਼ਿਤਰਤ ਦਾ ਸਭ ਤੋਂ ਵੱਡਾ ਗੁਨਾਹ। ਤਾਲੀਮ ਤਰਬੀਅਤ ਨਹੀਂ ਹੁੰਦੀ ਜਦ ਕਿ ਤਰਬੀਅਤ ਜ਼ਰੂਰ ਤਾਲੀਮ ਹੁੰਦੀ।

ਉਚ-ਵਿਦਿਆ ਪ੍ਰਾਪਤ ਵਿਅਕਤੀ ਤਰਬੀਅਤ ਪੱਖੋਂ ਹੀਣਾ ਹੋ ਸਕਦਾ ਹੈ ਪਰ ਤਰਬੀਅਤ ਦਾ ਪ੍ਰਪੱਕ ਵਿਅਕਤੀ ਕਦੇ ਵੀ ਵਿਦਿਆ ਪੱਖੋਂ ਕਿਸੇ ਵੀ ਨਾਲੋਂ ਘੱਟ ਨਹੀਂ ਹੁੰਦਾ। ਸਾਡੇ ਸਮਿਆਂ ਦੀ ਕੇਹੀ ਵਿਡੰਬਨਾ ਹੈ ਕਿ ਅਸੀਂ ਡਿਗਰੀਆਂ ਨੂੰ ਮਾਣ ਦੇਣ ਲੱਗ ਪਏ ਹਾਂ ਅਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਵਿਸਾਰਨ ਲੱਗ ਪਏ ਹਾਂ। ਜਦ ਡਿਗਰੀਆਂ ਹੀ ਕਿਸੇ ਸਮਾਜ ਵਿਚ ਪਰਖਣ ਦਾ ਪੈਮਾਨਾ ਬਣ ਜਾਵੇ ਤਾਂ ਸਮਾਜ ਦੀ ਗਰਕਣੀ ਨੂੰ ਕੋਈ ਨਹੀਂ ਰੋਕ ਸਕਦਾ। ਅਸਲ ਵਿਚ ਸਮਾਜ ਦੀਆਂ ਮੂਲ ਧਾਰਨਾਵਾਂ, ਸੁਚਾਰੂ ਕਦਰਾਂ-ਕੀਮਤਾਂ ਅਤੇ ਮਾਨਵੀ ਗੁਣਾਂ 'ਤੇ ਆਧਾਰਤ ਹੁੰਦੀਆਂ।

ਵਿਦਿਆ ਪ੍ਰਾਪਤੀ ਸਾਡੀ ਆਖਰੀ ਮੰਜ਼ਲ਼ ਨਹੀਂ ਹੋਣੀ ਚਾਹੀਦੀ ਸਗੋਂ ਇਹ ਇਕ ਰਾਹ ਹੋਣਾ ਚਾਹੀਦਾ ਹੈ ਕਿ ਅਸੀਂ ਮਨੁੱਖ ਤੋਂ ਇਨਸਾਨ ਬਣ ਸਕੀਏ। ਜੀਵਨ ਵਿਚ ਮਾਨਵੀ ਕਦਰਾਂ-ਕੀਮਤਾਂ ਦੇ ਧਾਰਨੀ ਬਣੀਏ। ਸਾਡਾ ਵਿਅਕਤੀਤਵ ਚੌਗਿਰਦੇ ਵਿਚ ਮਹਿਕ ਖਿੰਡਾਵੇ ਅਤੇ ਰੋਲ ਮਾਡਲ ਬਣ ਜਾਵੇ। ਜਦ ਸਿਰਫ਼ ਤਾਲੀਮ-ਯਾਫ਼ਤਾ ਪਰ ਤਰਬੀਅਤ ਵਿਹੂਣੇ ਲੋਕ ਕਿਸੇ ਸਮਾਜ ਵਿਚ ਹਾਵੀ ਹੋ ਜਾਂਦੇ ਤਾਂ ਸਿਸਕਦੀਆਂ ਨੇ ਕਦਰਾਂ-ਕੀਮਤਾਂ। ਅਸੀਂ ਡਿਗਰੀਆਂ ਲੈ ਲਈਆਂ ਪਰ ਡਿਗਰੀਆਂ ਕਰਵਾਉਣ ਵਾਲੇ ਮਾਪਿਆਂ ਅਤੇ ਅਧਿਆਪਕਾਂ ਦੀ ਅਣਦੇਖੀ ਕਰਨੀ ਸਿੱਖ ਲਈ। ਅਸੀਂ ਵਿਦਿਆ ਸਦਕਾ ਵੱਡੀਆਂ ਕੋਠੀਆਂ ਬਣਾ ਲਈਆਂ ਪਰ ਆਪਣੇ ਬਾਪ ਲਈ ਪਿਛਵਾੜੇ ਵਿਚ ਨਿੱਕੀ ਜਿਹੀ ਕੋਠੜੀ ਬਣਾ ਦਿੱਤੀ। ਅਸੀਂ ਨਵੇਂ ਮਾਡਲ ਦੀ ਕਾਰ ਤਾਂ ਘਰ ਮੂਹਰੇ ਖੜ੍ਹੀ ਕਰ ਲਈ ਪਰ ਬਾਪ ਤਾਂ ਹੁਣ ਵੀ ਸਾਈਕਲ 'ਤੇ ਜਾਂਦਿਆਂ ਆਪਣਾ ਬਚਾਅ ਖ਼ੁਦ ਕਰਦਾ ਜਦ ਉਸਦੇ ਪੁੱਤ ਦੀ ਕਾਰ ਉਸਨੂੰ ਚਿੱਕੜ ਨਾਲ ਲਬੇੜਨ ਦੀ ਕੋਸ਼ਿਸ਼ ਕਰਦੀ।

ਅਸੀਂ ਕੇਹੇ ਆਲਮ-ਫ਼ਾਜ਼ਲ ਹੋ ਗਏ ਕਿ ਅਸੀਂ ਆਪਣੇ ਖੇਤਾਂ ਵਿਚ ਆਪਣਿਆਂ ਦੀਆਂ ਹੀ ਕਬਰਾਂ ਪੁੱਟਣ ਲੱਗ ਪਏ। ਘਰ ਵਿਚ ਨਿੱਕੇ ਨਿੱਕੇ ਕਮਰੇ ਉਗ ਆਏ ਅਤੇ ਖ਼ਾਮੋਸ਼ ਹੋ ਗਈ ਰੋਟੀ ਖਾਂਦਿਆਂ ਦੀ ਪਿਆਰੀ-ਪਿਆਰੀ ਗੁਫ਼ਤਗੂ।

ਅਸੀਂ ਤਾਂ ਇੰਨਾ ਪੜ੍ਹ ਗਏ ਕਿ ਆਪਣੇ ਬਜ਼ੁਰਗਾਂ ਪ੍ਰਤੀ ਅਦਬ ਹੀ ਭੁੱਲ ਗਏ। ਸਾਨੂੰ ਇਹ ਵਹਿਮ ਹੋ ਗਿਆ ਕਿ ਅਨਪੜ੍ਹ, ਪੇਂਡੂ ਮਾਪਿਆਂ ਨੂੰ ਦੇਖ ਕੇ ਸਹਿਕਰਮੀ ਕੀ ਕਹਿਣਗੇ? ਸਾਡੇ ਬਜ਼ੁਰਗਾਂ ਨੇ ਵਿਦਿਆ ਨਹੀਂ ਸੀ ਪ੍ਰਾਪਤ ਕੀਤੀ। ਉਹ ਅੱਖਰਾਂ ਤੋਂ ਕੋਰੇ ਸਨ ਪਰ ਉਨ੍ਹਾਂ ਨੇ ਜ਼ਿੰਦਗੀ ਦੀ ਕਿਤਾਬ ਨੂੰ ਆਪਣੀ ਰੂਹ ਵਿਚ ਸਮਾਇਆ ਹੋਇਆ ਸੀ। ਉਹ ਕਿਤਾਬੀ ਗਿਆਨ ਤੋਂ ਕੋਰੇ ਵੀ ਸਾਡੇ ਤੋਂ ਜ਼ਿਆਦਾ ਸਿਆਣੇ ਸਨ ਕਿਉਂਕਿ ਉਨ੍ਹਾਂ ਨੂੰ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਇਨ੍ਹਾਂ ਵਿਚੋਂ ਉਭਰਨ ਦਾ ਗੁਰ ਆਉਂਦਾ ਸੀ। ਅਸੀਂ ਤਾਂ ਕਿਸੇ ਮੁਸ਼ਕਲ ਸਥਿਤੀ ਨਾਲ ਨਿਪਟਣ ਦੀ ਬਜਾਏ ਜਾਂ ਤਾਂ ਖ਼ੁਦਕੁਸ਼ੀ ਦੇ ਰਾਹ ਤੁਰ ਪੈਂਦੇ ਹਾਂ ਜਾਂ ਡਿਪਰੈਸ਼ਨ ਵਿਚ ਚਲੇ ਜਾਂਦੇ ਹਾਂ। ਜ਼ਿਆਦਾ ਪੜ੍ਹੇ-ਲਿਖੇ ਲੋਕ ਹੀ ਡਿਪਰੈਸ਼ਨ ਦਾ ਸ਼ਿਕਾਰ ਜਦ ਕਿ ਅਨਪੜ੍ਹ ਲੋਕ ਤਾਂ ਜ਼ਿੰਦਗੀ ਨੂੰ ਜਸ਼ਨ ਵਾਂਗ ਮਾਣਦੇ ਸੀ।

ਕਦੇ ਵਿਦਿਅਕ ਅਦਾਰਿਆਂ ਵਿਚ ਤਾਲੀਮ-ਓ-ਤਰਬੀਅਤ 'ਤੇ ਖਾਸ ਤਵੱਜੋਂ ਦਿੱਤੀ ਜਾਂਦੀ ਸੀ ਤਾਂ ਕਿ ਤਾਲੀਮ ਰਾਹੀਂ ਹਰ ਸ਼ਖ਼ਸ ਦੇ ਵਿਅਕਤੀਤਵ ਨੂੰ ਉਸਾਰਨ ਅਤੇ ਨਿਖਾਰਨ ਵਿਚ ਅਹਿਮ ਭੂਮਿਕਾ ਨਿਭਾਈ ਜਾਵੇ। ਪਰ ਅਸੀਂ ਡਿਗਰੀਆਂ ਦੀ ਦੌੜ ਵਿਚ ਕੇਹੇ ਗਵਾਚੇ ਕਿ ਸਾਨੂੰ ਆਪਣੇ ਵਿਅਕਤੀਤਵ ਨੂੰ ਸੰਤੁਲਤ ਬਣਾਉਣ ਦਾ ਖ਼ਿਆਲ ਹੀ ਨਹੀਂ ਰਿਹਾ। ਮਾਪੇ ਸਿਰਫ਼ ਬੱਚਿਆਂ ਦੀ ਉਚੇਰੀ ਵਿਦਿਆ ਪ੍ਰਾਪਤੀ ਲਈ ਹਰ ਦਾਅ-ਪੇਚ ਵਰਤਦੇ ਪਰ ਉਨ੍ਹਾਂ ਦਾ ਧਿਆਨ ਕਦੇ ਵੀ ਉਨ੍ਹਾਂ ਦੀ ਚਰਿੱਤਰ ਉਸਾਰੀ ਵੱਲ ਨਹੀਂ ਜਾਂਦਾ। ਮਾਪੇ ਸੋਚਦੇ ਨੇ ਵਿਦਿਆ ਨਾਲ ਹੀ ਮੇਰੇ ਬੱਚੇ ਨੇ ਸੰਪੂਰਨ ਹੋ ਜਾਣਾ ਪਰ ਉਹ ਅਪੂਰਨ ਹੀ ਵਿਦਿਅਕ ਅਦਾਰਿਆਂ ਵਿਚੋਂ ਨਿਕਲ ਕੇ ਸਮਾਜ ਲਈ ਇਕ ਬੋਝ ਬਣ ਜਾਂਦੇ।


ਬਹੁਤ ਵੱਡੀ ਕੰਪਨੀ ਦਾ ਸੀਈਓ ਹੈ। ਵਿਆਹ ਤੋਂ ਕੁਝ ਹੀ ਦਿਨਾਂ ਬਾਅਦ ਉਸ ਦਾ ਤਲਾਕ ਹੋ ਜਾਂਦਾ ਹੈ। ਕਾਰਨ ਇਹ ਕਿ ਉਹ ਕੰਪਨੀ ਤਾਂ ਚਲਾਉਣੀ ਜਾਣਦਾ ਹੈ ਪਰ ਉਸਨੂੰ ਪਤਾ ਹੀ ਨਹੀਂ ਕਿ ਵਿਆਹੁਤਾ ਜੀਵਨ ਦੇ ਕਿਹੜੇ ਫਰਜ਼ ਤੇ ਜ਼ਿੰਮੇਵਾਰੀਆਂ ਹੁੰਦੀਆਂ ਅਤੇ ਇਸ ਮਾਲੂਕ ਰਿਸ਼ਤੇ ਨੂੰ ਕਿਵੇਂ ਨਿਭਾਉਣਾ? ਅਜਿਹੀ ਉਲਾਰ ਬਿਰਤੀ ਵਾਲੇ ਲੋਕ ਆਪਣੇ ਜੀਵਨ ਸਾਥੀ ਨਾਲ ਕਿਵੇਂ ਨਿੱਭ ਸਕਦੇ? ਲੋੜ ਹੁੰਦੀ ਹੈ ਆਪਣੀ ਪ੍ਰੋਫੈਸ਼ਨਲ ਅਤੇ ਪਰਿਵਾਰਕ ਜ਼ਿੰਦਗੀ ਵਿਚ ਸੰਤੁਲਨ ਬਣਾ ਕੇ ਰੱਖਿਆ ਜਾਵੇ। ਜਦ ਤੁਸੀਂ ਆਪਣੇ ਕਿੱਤੇ ਨੂੰ ਪਰਿਵਾਰਕ ਜ਼ਿੰਦਗੀ 'ਤੇ ਹਾਵੀ ਹੋਣ ਦਿੰਦੇ ਤਾਂ ਰਿਸ਼ਤਿਆਂ ਦਾ ਤਿੜਕਣਾ ਤੈਅ ਹੁੰਦਾ। ਵਿਦੇਸ਼ ਵਿਚ ਵੱਸਿਆ ਇਕ ਬਹੁਤ ਵੱਡਾ ਪੰਜਾਬੀ ਬਿਜ਼ਨਸਮੈਨ ਹੈ। ਕਰੋੜਾਂ ਦੀ ਜਾਇਦਾਦ ਹੈ ਪਰ ਆਪਣੇ ਭਾਈਚਾਰੇ ਵਿਚ ਉਹ ਅਲੱਗ-ਥਲੱਗ ਹੈ ਕਿਉਂਕਿ ਭਾਈਚਾਰਕ ਸਾਂਝ ਨੂੰ ਨਿਭਾਉਣ ਲਈ ਤੁਹਾਨੂੰ ਆਪਣੇ ਸਿਰ ਤੋਂ ਦੌਲਤ ਦਾ ਗਰੂਰ ਲਾਹੁਣਾ ਪੈਂਦਾ। ਵੱਡੀ ਬੈਂਕ ਦੀ ਸੀਈਓ ਜਦ ਆਪਣੇ ਪਤੀ ਨਾਲ ਮਿਲ ਕੇ ਆਪਣੀ ਹੀ ਬੈਂਕ ਨਾਲ ਫਰਾਡ ਕਰਦੀ ਅਤੇ ਜੇਲ੍ਹ ਜਾਂਦੀ ਤਾਂ ਸਮਝ ਸਕਦੇ ਹੋ ਕਿ ਕਿਵੇਂ ਪੇਸ਼ਾਵਰ ਸੋਚ ਵਿਚੋਂ ਚਰਿੱਤਰ ਗੁੰਮ ਹੈ?

ਅਸੀਂ ਡਿਗਰੀਆਂ ਤਾਂ ਬਹੁਤ ਲੈ ਲਈਆਂ। ਹੋ ਸਕਦਾ ਹੈ ਕੁਝ ਜਾਹਲੀ ਵੀ ਹੋਣ ਪਰ ਅਸੀਂ ਪਿਆਰ ਕਰਨਾ ਭੁੱਲ ਗਏ। ਅਸੀਂ ਬਚਪਨ ਦੇ ਸਾਥੀ, ਭੈਣ-ਭਰਾ, ਰਿਸ਼ਤੇਦਾਰ ਅਤੇ ਮਾਪੇ ਵੀ ਗਵਾ ਲਏ। ਸਾਨੂੰ ਸੋਝੀ ਹੀ ਨਹੀਂ ਕਿ ਪਿਆਰ ਦਾ ਰਿਸ਼ਤਾ ਸਿਰਫ਼ ਪਿਆਰ ਨਾਲ ਹੀ ਨਿਭਦਾ ਅਤੇ ਇਸ ਲਈ ਸਮਾਂ ਦੇਣਾ ਵੀ ਜ਼ਰੂਰੀ ਹੁੰਦਾ।

ਕਈ ਵਾਰ ਇੰਝ ਲੱਗਦਾ ਕਿ ਅਸੀਂ ਪਿਆਰ ਤਾਂ ਕੀ ਕਰਨਾ ਸੀ, ਨਫ਼ਰਤ ਕਰਨਾ ਵੀ ਭੁੱਲ ਗਏ। ਨਫ਼ਰਤ ਦਾ ਇਕ ਸਲੀਕਾ ਹੁੰਦਾ ਤਾਂ ਕਿ ਨਫ਼ਰਤ ਕਰਦਿਆਂ ਵੀ ਅਸੀਂ ਇਕ ਦੂਜੇ ਨਾਲ ਬੋਲਾਂ ਦੀ ਸਾਂਝ ਬਰਕਰਾਰ ਰੱਖੀਏ। ਅਸੀਂ ਤਾਂ ਨਫ਼ਰਤ ਨੂੰ ਦੁਸ਼ਮਣੀ ਵਿਚ ਬਦਲ, ਇਕ ਦੂਜੇ ਦੀ ਜਾਨ ਲੈਣ ਤੀਕ ਚਲੇ ਗਏ ਹਾਂ।

ਅਸੀਂ ਇੰਨੇ ਜ਼ਿਆਦਾ ਪੜ੍ਹ-ਲਿਖ ਗਏ ਕਿ ਤਰਕ ਵੀ ਭੁੱਲ ਗਏ। ਅਸੀਂ ਸਮਝਣ ਲੱਗ ਪਏ ਕਿ ਸਾਡਾ ਕਿਹਾ ਹੀ ਅੰਤਮ ਸੱਚ ਹੈ ਅਤੇ ਇਸ ਨਾਦਰਸ਼ਾਹੀ ਸਵੈ ਅਲਹਾਮ ਨੂੰ ਲਾਗੂ ਕਰਵਾਉਣ ਲਈ ਕਿਸੇ ਵੀ ਹੱਦ ਤੀਕ ਜਾ ਸਕਦੇ ਹਾਂ। ਅਸੀਂ ਹੁਣ ਕੋਰਟਾਂ-ਕਚਹਿਰੀਆਂ ਦੇ ਫ਼ੈਸਲਿਆਂ ਦੀ ਉਡੀਕ ਨਹੀਂ ਕਰਦੇ। ਅਸੀਂ ਖ਼ੁਦ ਹੀ ਫੈਸਲੇ ਕਰਦੇ ਤੇ ਲਾਗੂ ਕਰਦੇ। ਦੂਸਰੀ ਧਿਰ ਦੀਆਂ ਦਲੀਲਾਂ ਸੁਣੇ ਬਗੈਰ ਫਤਵੇ ਜਾਰੀ ਕਰਨਾ, ਬੁਲਡੋਜ਼ਰ ਚਲਾਉਣਾ, ਕਿਸੇ ਦੇ ਘਰ ਨੂੰ ਅੱਗ ਲਾਉਣਾ ਜਾਂ ਕਿਸੇ ਦਾ ਕਤਲ ਕਰਨਾ/ਕਰਵਾਉਣਾ ਤਾਂ ਹੁਣ ਆਮ ਹੀ ਹੈ।

ਕਦੇ ਸਮੇਂ ਸੀ ਲੋਕਾਂ ਕੋਲ ਡਿਗਰੀਆਂ ਨਹੀਂ ਸਨ ਪਰ ਪਿੰਡ ਦੀ ਧੀ ਸਭ ਦੀ ਧੀ ਹੁੰਦੀ ਸੀ। ਆਪਸੀ ਰੰਜ਼ਿਸ਼ ਹੁੰਦਿਆਂ ਵੀ ਸਾਂਝੇ ਕਾਰਜ ਲਈ ਸਾਰੇ 'ਕੱਠੇ ਹੋ ਜਾਇਆ ਕਰਦੇ ਸਨ। ਹਰੇਕ ਬੱਚੇ ਨੂੰ ਪਿੰਡ ਦਾ ਕੋਈ ਵੀ ਬਜ਼ੁਰਗ ਉਸਦੀ ਗ਼ਲਤੀ ਤੋਂ ਝਿੜਕ ਸਕਦਾ ਸੀ। ਹੁਣ ਅਸੀਂ ਇੰਨੇ ਸਿਆਣੇ ਹੋ ਗਏ ਹਾਂ ਕਿ ਮਾਪੇ ਵੀ ਬੱਚਿਆਂ ਨੂੰ ਝਿੜਕਣ ਲੱਗਿਆਂ ਡਰਦੇ। ਅਸੀਂ ਬਹੁਤ ਪੜ੍ਹ ਕੇ ਇੰਨੇ ਜ਼ਿਆਦਾ ਉਤਰ-ਆਧੁਨਿਕ ਹੋ ਗਏ ਕਿ ਜਵਾਨ ਧੀਆਂ ਨੂੰ ਇਕੱਲਿਆਂ ਘਰੋਂ ਬਾਹਰ ਨਾ ਭੇਜਣ ਵਾਲੇ ਮਾਪਿਆਂ ਨੂੰ, ਹੁਣ ਵਿਦੇਸ਼ ਵਿਚ ਭੇਜਣ ਲੱਗਿਆਂ ਕੋਈ ਉਜਰ ਨਹੀਂ। ਨਾ ਹੀ ਇਸਦੀ ਚਿੰਤਾ ਕਿ ਉਨ੍ਹਾਂ ਦੀ ਧੀ ਮੁੰਡਿਆਂ ਨਾਲ ਇਕ ਹੀ ਕਮਰੇ ਵਿਚ ਰਹਿੰਦੀ ਹੈ। ਇਹ ਵਰਤਾਰਾ ਨਮੋਸ਼ੀ ਨੂੰ ਤਿਲਾਂਜਲੀ ਦੇਣ ਅਤੇ ਨਿੱਜੀ-ਮੁਫ਼ਾਦ ਦੀ ਪੂਰਤੀ ਦਾ ਸਿਖਰ ਹੈ।




ਅਸੀਂ ਆਪਣੀਆਂ ਡਿਗਰੀਆਂ ਅਤੇ ਰੁਤਬਿਆਂ ਦੇ ਮਾਣ ਵਿਚ ਇੰਨੇ ਗਵਾਚ ਗਏ ਕਿ ਕਿਸੇ ਨੂੰ ਸੱਚਾ ਪਿਆਰ ਨਹੀਂ ਕਰਦੇ। ਸਿਰਫ਼ ਆਪਣੇ ਨਿੱਜੀ ਲਾਭ, ਤਰੱਕੀ ਜਾਂ ਸਹੂਲਤਾਂ ਲਈ ਖੁਸ਼ਾਮਦੀ ਹੋ ਗਏ ਹਾਂ ਜਿਸਨੂੰ ਸੱਜਣਤਾਈ ਦਾ ਮੁਖੌਟਾ ਬਣਾ ਲਿਆ।

ਵਿਦਿਆ ਪ੍ਰਾਪਤੀ ਦਾ ਅਸਲ ਮਕਸਦ ਗਿਆਨ ਦੀ ਪ੍ਰਾਪਤੀ। ਉਹ ਗਿਆਨ ਜੋ ਤੁਹਾਡੀ ਸ਼ਖ਼ਸੀਅਤ ਨੂੰ ਨਿਖਾਰੇ। ਤੁਹਾਨੂੰ ਖਰੇ-ਖੋਟੇ ਸੀ ਪਛਾਣ ਹੋਵੇ। ਕਿਸੇ ਦੇ ਦੁੱਖ ਵਿਚ ਤੁਹਾਡੀ ਅੱਖ ਨਮ ਹੋਵੇ। ਕਿਸੇ ਦੇ ਖਾਲੀ ਬਸਤੇ ਵਿਚ ਕੁਝ ਕਿਤਾਬਾਂ ਅਤੇ ਕਲਮਾਂ ਧਰਨ ਦੀ ਜੁਗਤ ਹੋਵੇ। ਕਿਸੇ ਮਸਤਕ 'ਤੇ ਗਿਆਨ ਦਾ ਦੀਵਾ ਰੱਖਣ ਦਾ ਚਾਅ ਹੋਵੇ। ਹਨੇਰੇ ਵਿਚ ਡੁੱਬੇ ਘਰ ਦੇ ਬੰਨੇਰੇ 'ਤੇ ਚਿਰਾਗ ਜਗਾ, ਇਸਨੂੰ ਰੌਸ਼ਨ ਕਰਨ ਦਾ ਵਲ ਹੋਵੇ। ਮਾਪਿਆਂ ਦੀ ਉਡੀਕ ਨੂੰ ਹਉਕਾ ਬਣਨ ਤੋਂ ਪਹਿਲਾਂ ਹਾਕ ਦਾ ਹੁੰਗਾਰਾ ਬਣਨ ਦੀ ਆਦਤ ਹੋਵੇ। ਮਾਪਿਆਂ ਦੀ ਤਰਾਸਦੀ ਦੇਖ ਕੇ ਹੁੱਬਕੀਂ ਰੋਣ ਨੂੰ ਜੀਅ ਕਰੇ। ਆਪਣੇ ਮਿੱਤਰ ਦੇ ਰੋਣ ਲਈ ਤੁਹਾਡਾ ਮੋਢਾ ਸਦਾ ਹਾਜ਼ਰ ਰਹੇ। ਆਪਣੀ ਮਾਂ ਦੇ ਕੁੱਖੋਂ ਜਾਇਆਂ ਲਈ ਸ਼ੁੱਭ ਕਰਮਨ ਦਾ ਖ਼ਿਆਲ ਮਨ ਵਿਚ ਪਲਦੇ ਰਹੇ।

ਵਿਦਿਆ ਤਾਂ ਹੋਣੀ ਚਾਹੀਦੀ ਸੀ ਕਿ ਜੀਵਨ ਵਿਚ ਵਿਚਰਦਿਆਂ ਰਾਹਾਂ ਦੀ ਪਛਾਣ ਹੁੰਦੀ। ਮੰਜ਼ਲ਼ 'ਤੇ ਪਹੁੰਚਣ ਲਈ ਸਿਰੜ ਅਤੇ ਸਿਦਕ ਦਾ ਸੁਨੇਹਾ ਮਿਲਦਾ। ਡਿਗਰੀ ਮੰਜ਼ਲ ਨਹੀਂ ਸਗੋਂ ਗਿਆਨ ਮੰਜ਼ਲ ਹੋਣਾ ਚਾਹੀਦਾ ਹੈ। ਗਿਆਨ ਜੋ ਤੁਹਾਨੂੰ ਜੀਵਨੀ ਤਿਲਕਣ ਤੋਂ ਬਚਾਵੇ, ਤੁਹਾਡੇ ਚਿੱਟੇ ਲਿਬਾਸ 'ਤੇ ਕੋਈ ਦਾਗ਼ ਨਾ ਲੱਗੇ, ਤੁਹਾਡਾ ਸਿਰ ਸਦਾ ਉੱਚਾ ਰਹੇ। ਤੁਹਾਡੀ ਕਲਮ ਸਿਰਫ਼ ਜੀਵਨੀ ਸਰੋਕਾਰਾਂ ਦੀ ਅੱਖਰਕਾਰੀ ਨੂੰ ਆਪਣਾ ਪਰਮ ਧਰਮ ਸਮਝੇ।

ਵਿਦਿਆ ਤਾਂ ਅਜਿਹਾ ਸ਼ਖ਼ਸੀ ਗਹਿਣਾ ਹੋਣਾ ਚਾਹੀਦਾ ਜੋ ਕਿਸੇ ਸ਼ਖ਼ਸੀਅਤ ਦਾ ਸ਼ਿੰਗਾਰ ਹੁੰਦਾ। ਉਸਦੇ ਵਿਅਕਤੀਤਵ ਨੂੰ ਹੋਰ ਚਮਕਾਉਂਦਾ। ਸੁੰਦਰ ਸ਼ਖ਼ਸੀਅਤ ਜਦ ਡਿਗਰੀਆਂ ਕਰ ਕੇ ਕਿਸੇ ਰੁਤਬੇ 'ਤੇ ਪਹੁੰਚਦੀ ਹੈ, ਤਾਂ ਉਸ ਰੁਤਬੇ ਦਾ ਵੀ ਮਾਣ ਵਧਦਾ ਹੈ। ਕਈ ਅਹੁਦੇਦਾਰੀਆਂ ਅਤੇ ਸੰਸਥਾਵਾਂ ਸਿਰਫ਼ ਵਿਅਕਤੀ ਵਿਸ਼ੇਸ਼ ਕਰਕੇ ਹੀ ਨਾਮੀ ਹੁੰਦੀਆਂ ਭਾਵੇਂ ਕਿ ਉਨ੍ਹਾਂ ਕੋਲ ਕੋਈ ਡਿਗਰੀ ਨਹੀਂ ਹੁੰਦੀ। ਭਾਵੇਂ ਭਗਤ ਪੂਰਨ ਸਿੰਘ ਜੀ ਹੋਣ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ ਜਾਂ ਸੰਤ ਬਲਬੀਰ ਸਿੰਘ ਸੀਚੇਵਾਲ ਆਦਿ। ਜਸਵੰਤ ਸਿੰਘ ਕੰਵਲ ਵਰਗੇ ਮਹਾਨ ਲੇਖਕ ਕੋਲ ਕੋਈ ਡਿਗਰੀ ਨਹੀਂ ਸੀ। ਸਾਰੇ ਗੁਰੂ ਸਾਹਿਬਾਨ ਕੋਲ ਕੋਈ ਡਿਗਰੀਆਂ ਨਹੀਂ ਸਨ ਪਰ ਉਨ੍ਹਾਂ ਨੇ ਧਾਰਮਿਕ ਸੰਦੇਸ਼ਾਂ ਰਾਹੀਂ ਦੁਨੀਆਂ ਨੂੰ ਸੱਚ ਦਾ ਮਾਰਗੀ ਬਣਾਇਆ ਅਤੇ ਗੁਰਬਾਣੀ ਰਾਹੀਂ ਸ਼ਬਦ-ਜੋਤ ਨੂੰ ਹਰ ਮਸਤਕ ਵਿਚ ਟਿਕਾਇਆ।

ਯਾਦ ਰਹੇ ਕਿ ਮੁਹੱਬਤ ਦਾ ਇਕ ਸਲੀਕਾ ਹੁੰਦਾ ਜੋ ਸਾਨੂੰ ਆਉਂਦਾ ਹੀ ਨਹੀਂ ਕਿਉਂਕਿ ਕਿਸੇ ਨੇ ਸਾਨੂੰ ਮੁਹੱਬਤ ਕਰਨੀ ਸਿਖਾਈ ਹੀ ਨਹੀਂ। ਇਸਦਾ ਕੋਈ ਕੋਰਸ ਨਹੀਂ। ਇਹ ਤਾਂ ਸੁਚੇਤ ਅਤੇ ਅਚੇਤ ਰੂਪ ਵਿਚ ਸਾਨੂੰ ਆਪਣੇ ਪੁਰਖਿਆਂ ਅਤੇ ਬਜ਼ੁਰਗਾਂ ਤੋਂ ਮਿਲਣੀ ਹੁੰਦੀ। ਕਦੇ ਸਮੇਂ ਸੀ ਕਿ ਬੱਸ ਵਿਚ ਸਫ਼ਰ ਕਰਦਿਆਂ ਜਨਾਨੀ ਸਵਾਰੀ ਲਈ ਮਰਦ ਸਵਾਰੀ ਸੀਟ ਛੱਡ ਦਿੰਦੀ ਸੀ। ਉਦੋਂ ਸਾਡੇ ਮਨਾਂ ਵਿਚ ਇਸਤਰੀ ਦੀ ਇੱਜ਼ਤ ਹੁੰਦੀ ਸੀ ਜਿਹੜੀ ਸਾਨੂੰ ਸਾਡੇ ਬਜ਼ੁਰਗਾਂ ਨੇ ਸਿਖਾਈ ਸੀ। ਪਰ ਹੁਣ ਅਸੀਂ ਪੜ੍ਹ ਗਏ ਹਾਂ ਇਸ ਲਈ ਅਸੀਂ ਇਸਤਰੀ ਸਵਾਰੀ ਨੂੰ ਸੀਟ ਤਾਂ ਕੀ ਦੇਣੀ ਸੀ ਸਗੋਂ ਉਸਨੂੰ ਜ਼ਲੀਲ ਕਰਨ ਵਿਚ ਕੋਈ ਕਸਰ ਨਹੀਂ ਛੱਡਦੇ।

ਰਾਜਿਆਂ ਦੇ ਜ਼ਮਾਨੇ ਵਿਚ ਰਾਜਕੁਮਾਰਾਂ/ਰਾਜਕੁਮਾਰੀਆਂ ਨੂੰ ਸ਼ਸਤਰ ਵਿਦਿਆ ਅਤੇ ਹੋਰ ਵਿਦਿਆ ਦੇ ਨਾਲ-ਨਾਲ ਜ਼ਿੰਦਗੀ ਜਿਊਣ ਦਾ ਸਲੀਕਾ ਸਿਖਾਉਣ ਲਈ ਵਿਸ਼ੇਸ਼ ਮਾਹਿਰਾਂ ਦੀ ਨਿਗਰਾਨੀ ਹੇਠ ਪਾਲਣ ਪੋਸ਼ਣ ਕੀਤਾ ਜਾਂਦਾ ਸੀ ਤਾਂ ਕਿ ਉਨ੍ਹਾਂ ਨੂੰ ਰਾਜ ਦਰਬਾਰਾਂ ਵਿਚਲੇ ਹੁਸਨ-ਏ-ਸ਼ਰਾਫ਼ਤ ਦੀ ਪਾਲਣਾ ਕਰਨ ਦਾ ਪਤਾ ਹੋਵੇ। ਉਹ ਵਧੀਆ ਭਵਿੱਖੀ ਸ਼ਾਸ਼ਕ ਹੋਣ ਦੇ ਨਾਲ-ਨਾਲ ਚੰਗੇ ਇਨਸਾਨ ਵੀ ਬਣ ਸਕਣ। ਮਹਾਰਾਜਾ ਰਣਜੀਤ ਸਿੰਘ ਜਦ ਕਿਸੇ ਬਜ਼ੁਰਗ ਦੀ ਦਾਣਿਆਂ ਦੀ ਪੰਡ ਉਸਦੇ ਘਰ ਪਹੁੰਚਾਂਦਾ ਹੈ ਤਾਂ ਇਹ ਉਸਦੀ ਸ਼ਖ਼ਸੀਅਤ ਦਾ ਉਹ ਮੀਰੀ ਗੁਣ ਪ੍ਰਦਸ਼ਤ ਕਰਦਾ ਹੈ ਕਿ ਮਹਾਰਾਜਾ ਹੁੰਦਿਆਂ ਵੀ ਨਿਮਰ ਹੋਣਾ ਕਿੰਨਾ ਅਹਿਮ ਹੁੰਦਾ ਏ। ਅਜੇਹੇ ਸ਼ਾਸ਼ਕ ਲੋਕ-ਮਨਾਂ 'ਤੇ ਰਾਜ ਕਰਦੇ।

ਯਾਦ ਰਹੇ ਕਿ ਉਚੇ ਆਚਰਨ ਤੋਂ ਬਗੈਰ ਕੋਈ ਵੀ ਕੌਮ ਤਰੱਕੀ ਨਹੀਂ ਕਰ ਸਕਦੀ ਭਾਵੇਂ ਉਹ ਕਿੰਨੀ ਅਮੀਰ ਹੋਵੇ, ਤਾਲੀਮ-ਯਾਫ਼ਤਾ ਹੋਵੇ ਜਾਂ ਉਚੀਆਂ ਬੁਲੰਦੀਆਂ ਨੂੰ ਛੋਂਹਦੀ ਹੋਵੇ। ਇਹ ਮਨੁੱਖੀ ਆਚਰਨ ਵਿਚ ਆਇਆ ਨਿਘਾਰ ਹੀ ਹੈ ਕਿ ਮਨੁੱਖ ਅਮੁੱਲ ਹੁੰਦਿਆਂ ਵੀ ਕੁਝ ਕੁ ਟਕਿਆਂ ਖ਼ਾਤਰ ਵਿਕ ਜਾਂਦਾ ਹੈ। ਜਦ ਮਨੁੱਖ ਵਿਕਣ ਲੱਗ ਪਵੇ ਤਾਂ ਉਸਦੀ ਜ਼ਮੀਰ ਮਰ ਜਾਂਦੀ ਅਤੇ ਮਰੀਆਂ ਜ਼ਮੀਰਾਂ ਵਾਲੇ ਲੋਕ ਸਿਰਫ਼ ਤੁਰਦੀਆਂ-ਫਿਰਦੀਆਂ ਲੋਥਾਂ ਹੁੰਦੇ। ਭਾਰਤੀਆਂ ਦੀਆਂ ਵਿਕੀਆਂ ਜ਼ਮੀਰਾਂ ਸਦਕਾ ਹੀ ਅੰਗਰੇਜ਼ਾਂ ਨੇ ਭਾਰਤ 'ਤੇ ਸੌ ਸਾਲ ਤੀਕ ਰਾਜ ਕੀਤਾ।

ਮੁਹੰਮਦ ਗਜ਼ਨਵੀ, ਜਗਨਨਾਥ ਦੇ ਮੰਦਰ ਦੇ ਸੋਨੇ ਦੇ ਦਰਵਾਜ਼ੇ ਵੀ ਲਾਹ ਕੇ ਲੈ ਗਿਆ। ਮੁਗ਼ਲਾਂ ਨੇ ਭਾਰਤ 'ਤੇ ਰਾਜ ਕੀਤ। ਹਿੰਦੂ ਔਰਤਾਂ ਅਤੇ ਲੜਕੀਆਂ ਨੂੰ ਨਾਦਰ ਸ਼ਾਹ, ਅਬਦਾਲੀ ਅਕਸਰ ਹੀ ਬੰਦੀ ਬਣਾ ਕੇ ਲੈ ਜਾਂਦਾ ਸੀ। ਸਿਰਫ਼ ਸਿੱਖ ਹੀ ਜਿਉਂਦੀ ਜ਼ਮੀਰ ਵਾਲੇ ਸਨ ਜਿਨ੍ਹਾਂ ਦਾ ਖ਼ੌਫ ਅੰਗਰੇਜ਼, ਮੁਗ਼ਲ ਅਤੇ ਵਿਦੇਸ਼ੀ ਧਾੜਵੀ ਮੰਨਦੇ ਸਨ। ਇਹ ਵੀ ਮਨੁੱਖੀ ਤਰਬੀਅਤ ਹੀ ਸਿਖਾਉਂਦੀ ਕਿ ਚਾਦਰ ਵੇਖ ਕੇ ਪੈਰ ਪਸਾਰੋ। ਸੀਮਤ ਸਾਧਨਾਂ ਵਿਚ ਜ਼ਿੰਦਗੀ ਦਾ ਸੁਖਨ ਮਾਨਣਾ ਸਾਡੇ ਬਜ਼ੁਰਗਾਂ ਨੂੰ ਆਉਂਦਾ ਸੀ। ਉਹ ਲੋੜ ਪੈਣ 'ਤੇ ਇਕ ਡੰਗ ਭੁੱਖੇ ਵੀ ਰਹਿ ਲੈਂਦੇ ਸਨ। ਅਚਾਰ ਅਤੇ ਗੰਢੇ ਨਾਲ ਰੋਟੀ ਖਾਂਦਿਆਂ ਉਹ ਲੱਜ਼ਤ ਮਾਣਦੇ।

ਉਨ੍ਹਾਂ ਦੇ ਘਰ ਨਿੱਕੇ ਸਨ ਪਰ ਦਿਲ ਬਹੁਤ ਵੱਡੇ ਸਨ। ਘਰ ਕੱਚੇ ਪਰ ਸਿਰੜ ਪੱਕਾ ਸੀ। ਉਹ ਇਕ ਰੋਟੀ ਵੀ ਅੱਧੀ ਅੱਧੀ ਵੰਡ ਕੇ ਰੱਜ ਜਾਂਦੇ ਸਨ। ਉਨ੍ਹਾਂ ਦੇ ਦਰ ਹਮੇਸ਼ਾ ਮਹਿਮਾਨਾਂ ਅਤੇ ਫਕੀਰਾਂ ਲਈ ਖੁੱਲ੍ਹੇ ਰਹਿੰਦੇ ਸਨ। ਪ੍ਰਾਹੁਣਾ ਆਉਣ 'ਤੇ ਉਨ੍ਹਾਂ ਦੇ ਮੱਥਿਆਂ 'ਤੇ ਸ਼ਿਕਨ ਦੀ ਬਜਾਏ ਹੁਲਾਸ ਚਮਕਦਾ ਸੀ। ਪੰਜਾਬੀਆਂ ਦੀ ਪ੍ਰਾਹੁਣਚਾਰੀ ਉਨ੍ਹਾਂ ਦੇ ਸੁਭਾਅ ਦਾ ਅੰਗ ਸੀ। ਪਰ ਹੁਣ ਇਹੀ ਪ੍ਰਾਹੁਣਚਾਰੀ ਕਿੰਝ ਗਾਇਬ ਹੋ ਗਈ, ਪਤਾ ਹੀ ਨਾ ਲੱਗਾ ਕਦੋਂ ਅਸੀਂ ਘਰਾਂ ਦੇ ਗੇਟਾਂ 'ਤੇ ਜਿੰਦਰੇ ਲਾ ਦਿੱਤੇ।

ਵੱਡੀਆਂ ਡਿਗਰੀਆਂ ਵਾਲਿਆਂ ਦਾ ਕੇਹਾ ਸ਼ਖ਼ਸੀ ਬਿੰਬ ਬਣ ਗਿਆ ਕਿ ਵੱਡੇ-ਵੱਡੇ ਘਰਾਂ, ਨਵੇਂ ਮਾਡਲ ਦੀਆਂ ਗੱਡੀਆਂ ਅਤੇ ਬਰਾਂਡਡ ਕੱਪੜੇ ਪਹਿਨਣ ਵਾਲੇ ਦਰਅਸਲ ਬੌਣੇ ਲੋਕ ਹੋ ਗਏ। ਉਨ੍ਹਾਂ ਦੀ ਸੋਚ ਦਾ ਸੁੱਚਿਆਰਾਪਣ, ਮਾਨਵੀ ਬਿਰਤੀ ਦਾ ਅਲੋਪ ਹੋਣਾ ਅਤੇ ਮਨਾਂ ਵਿਚ ਵਸਿਆ ਨਿੱਜਵਾਦ ਅਤੇ ਸਭ ਕੁਝ 'ਤੇ ਕਬਜ਼ਾ ਕਰਨ ਦੀ ਬਿਰਤੀ ਨੇ ਉਨ੍ਹਾਂ ਦੇ ਵਿਅਕਤੀਤਵ ਨੂੰ ਸੁੰਗੇੜ ਦਿੱਤਾ ਹੈ ਅਤੇ ਅਜਿਹੀ ਬਿਰਤੀ ਦਾ ਵਿਸਥਾਰ ਹੋਣਾ ਅਸੰਭਵ ਹੋ ਗਿਆ ਹੈ।

ਜ਼ਿਆਦਾਤਰ ਤਾਲੀਮ ਯਾਫ਼ਤਾ ਲੋਕਾਂ ਨੇ ਇਹ ਵੀ ਭਰਮ ਪਾਲਿਆ ਹੋਇਆ ਹੈ ਕਿ ਉਹ ਬਹੁਤ ਵੱਡੇ ਗੁਣੀ ਗਿਆਨੀ ਹਨ। ਉਨ੍ਹਾਂ ਨੂੰ ਸਭ ਕੁਝ ਪਤਾ ਹੈ। ਬਹੁਤੇ ਕਹਿਣਗੇ ਸਾਨੂੰ ਪੰਜਾਬੀ ਤਾਂ ਪੜ੍ਹਨੀ ਨਹੀਂ ਆਉਂਦੀ ਪਰ ਗੁਰੂ ਗ੍ਰੰਥ ਵਰਗਾ ਗ੍ਰੰਥ ਦੁਨੀਆਂ ਵਿਚ ਹੋਰ ਕੋਈ ਨਹੀਂ! ਗੁਰਬਾਣੀ ਪੜ੍ਹੇ ਬਗੈਰ ਹੀ ਠੋਸ ਨਿਰਣਾ ਦੇ ਦੇਣਾ, ਉਨ੍ਹਾਂ ਦੀਆਂ ਡਿਗਰੀਆਂ ਦਾ ਹੰਕਾਰ ਹੈ।

ਮਨੁੱਖੀ ਤਰਬੀਅਤ ਦਾ ਸਭ ਤੋਂ ਵੱਡਾ ਹਾਸਲ ਹੈ ਕਿ ਕਦੇ ਗਲਤਫਹਿਮੀਆਂ ਪੈਦਾ ਨਹੀਂ ਹੁੰਦੀਆਂ। ਜੇਕਰ ਹੋ ਜਾਣ ਤਾਂ ਮਿਲ ਬੈਠ ਕੇ ਦੂਰ ਕੀਤੀਆਂ ਜਾਂਦੀਆਂ। ਪਰ ਅਸੀਂ ਤਾਂ ਡਿਗਰੀਆਂ ਦੀ ਗ੍ਰਿਫ਼ਤ ਵਿਚ ਆ ਕੇ ਆਪਣੇ ਆਪ ਨੂੰ ਸਹੀ ਸਿੱਧ ਕਰਨ ਲਈ ਜ਼ੋਰ ਲਾਉਂਦੇ ਰਹੇ। ਦੂਸਰਿਆਂ ਨੂੰ ਪੁੱਛਿਆ ਹੀ ਨਹੀਂ ਕਿ ਉਹ ਕਿਉਂ ਨਾਰਾਜ਼ ਨੇ? ਮਿਲ ਬੈਠਣ 'ਤੇ ਗਿਲੇ ਸ਼ਿਕਵੇ ਅਤੇ ਮਨ-ਮੁਟਾਅ ਦੂਰ ਹੋ ਜਾਂਦੇ। ਸਬੰਧ ਫਿਰ ਤੋਂ ਸੁਖਾਵੇਂ ਹੋ ਜਾਂਦੇ। ਜੀਵਨ ਫਿਰ ਆਪਣੇ ਰਾਹੇ ਤੁਰ ਪੈਂਦਾ। ਗਲਤੀ ਮੰਨ ਲੈਣਾ ਹੀ, ਇਸਦੀ ਦਰੁਸਤਗੀ ਦਾ ਪਹਿਲਾ ਕਦਮ ਹੁੰਦਾ।

ਜ਼ਿੰਦਗੀ ਦਾ ਜਸ਼ਨ ਮਨਾਉਣ ਲਈ ਸਭ ਤੋਂ ਜ਼ਰੂਰੀ ਹੈ ਸ਼ਖ਼ਸੀ ਆਚਰਣ। ਜ਼ਿੰਦਗੀ ਹੋਰ ਵੀ ਖ਼ੂਬਸੂਰਤ ਅਤੇ ਜਿਊਣ ਗੋਚਰੀ ਹੋ ਜਾਵੇਗੀ ਜਦ ਅਸੀਂ ਤਰਬੀਅਤ ਰਾਹੀਂ ਆਪਣਿਆਂ ਨੂੰ ਅਤੇ ਆਪਣੇ ਆਪ ਨੂੰ ਮਿਲਾਂਗੇ। ਖ਼ੁਦ ਦੀ ਖੋਜ ਕਰਾਂਗੇ। ਖ਼ੁਦ ਦੀ ਪਛਾਣ ਕਰਾਂਗੇ। ਇਹੀ ਸੱਚੀ-ਸੁੱਚੀ ਪਛਾਣ ਸਮਾਜ ਨੂੰ ਨਵੀਆਂ ਬੁਲੰਦੀਆਂ ਦਾ ਹਾਣੀ ਬਣਾਵੇਗੀ।

ਜ਼ਿੰਦਗੀ ਨਵੇਂ ਦਿਸਹੱਦਿਆਂ ਦਾ ਨਾਮਕਰਣ ਹੋਵੇਗੀ ਅਤੇ ਫਿਰ ਡਿਗਰੀਆਂ ਸਾਡੀ ਤਰਬੀਅਤ ਦੀਆਂ ਗੁਲਾਮ ਹੋਣਗੀਆਂ ਨਾ ਕਿ ਤਰਬੀਅਤ ਸਾਡੀ ਤਾਲੀਮ ਦੀ ਗੁਲਾਮ ਹੋਵੇਗੀ।

# ਕੌਫ਼ੀ-ਕਿੰਨੀ ਤੇ ਕਿਹੜੀ

## ਸਿਹਤਨਾਮਾ

ਚਿਰਾਂ ਤੋਂ ਅਣਗਿਣਤ ਖੋਜੀ ਇਹ ਸਾਬਤ ਕਰਦੇ ਆ ਰਹੇ ਹਨ ਕਿ ਕੌਫ਼ੀ ਐਂਟੀਆਕਸੀਡੈਂਟ ਭਰਪੂਰ ਹੈ ਤੇ ਇਸ ਵਿਚਲਾ ਕੇਫ਼ੀਨ ਫ਼ਾਇਦੇਮੰਦ ਹੈ। ਐਂਟੀਆਕਸੀਡੈਂਟ ਗੰਭੀਰ ਰੋਗ, ਕੈਂਸਰ ਅਤੇ ਕਰੌਨਿਕ ਬੀਮਾਰੀਆਂ ਹੋਣ ਤੋਂ ਬਚਾਉਂਦੇ ਹਨ। ਇਕ ਕੱਪ ਕੌਫ਼ੀ ਵਿਚ 200-550 ਮਿਲੀਗ੍ਰਾਮ ਐਂਟੀਆਕਸੀਡੈਂਟ ਹੁੰਦੇ ਹਨ। ਇਨ੍ਹਾਂ ਵਿਚ ਕਲੋਰੋਜੈਨਿਕ ਏਸਿਡ ਵੀ ਸ਼ਾਮਲ ਹੈ ਜੋ ਸਰੀਰ ਅੰਦਰਲਾ ਥਿੰਦਾ ਅਤੇ ਮਿੱਠਾ ਘਟਾਉਣ ਵਿਚ ਸਹਾਈ ਹੁੰਦਾ ਹੈ।

ਠੰਢੀ ਮਿੱਠੀ ਕੌਫ਼ੀ ਨੌਜਵਾਨਾਂ ਦੀ ਪਹਿਲੀ ਪਸੰਦ ਬਣਦੀ ਜਾ ਰਹੀ ਹੈ ਜੋ ਕਰੀਮ ਨਾਲ ਲਬਾਲਬ ਹੁੰਦੀ ਹੈ। ਇਸੇ ਲਈ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੌਫ਼ੀ ਦੇ ਬੀਜਾਂ ਵਿਚੋਂ ਐਂਟੀਆਕਸੀਡੈਂਟ ਕੱਢਣ ਲਈ ਗਰਮੀ ਦੀ ਲੋੜ ਹੁੰਦੀ ਹੈ ਜੋ ਗਰਮ ਕੌਫ਼ੀ ਵਿਚ ਮਿਲਦੇ ਹਨ। ਪਰ, ਜੇ ਕੇਫ਼ੀਨ ਦਾ ਅਸਰ ਭਾਲਦੇ ਹੋਈਏ ਤਾਂ ਠੰਢੀ ਕੌਫ਼ੀ ਤਗੜਾ ਕਰੰਟ ਵਰਗਾ ਅਸਰ ਵਿਖਾਉਂਦੀ ਹੈ। ਠੰਢੀ ਕੌਫ਼ੀ ਵਿਚ ਤੇਜ਼ਾਬੀ ਮਾਦਾ ਘੱਟ ਹੁੰਦਾ ਹੈ ਪਰ ਉਸ ਵਿਚਲਾ ਮਿੱਠਾ ਤੇ ਕਰੀਮ ਮਾੜਾ ਅਸਰ ਵਿਖਾ ਸਕਦੇ ਹਨ।

**ਡਾ. ਹਰਸ਼ਿੰਦਰ ਕੌਰ, ਐੱਮ.ਡੀ.**
**ਫੋਨ: +91-0175-2216783**

**ਸਭ ਤੋਂ ਵਧੀਆ ਕੌਫ਼ੀ:** ਕਾਲੀ ਅਤੇ ਗਰਮ ਹੀ ਮੰਨੀ ਗਈ ਹੈ ਜਿਸ ਵਿਚ ਦੁੱਧ ਨਾ ਹੋਣ ਸਦਕਾ ਕੈਲਰੀਆਂ ਅਤੇ ਕਾਰਬੋਹਾਈਡ੍ਰੇਟ ਨਹੀਂ ਹੁੰਦੇ। ਕਾਲੀ ਕੌਫ਼ੀ ਵਿਚ ਪੋਟਾਸ਼ੀਅਮ, ਮੈਗਨੀਸ਼ੀਅਮ ਅਤੇ ਨਾਇਆਸਿਨ ਹੁੰਦੇ ਹਨ। ਜਿਉਂ ਹੀ ਦੁੱਧ ਜਾਂ ਕਰੀਮ ਪਾਈ ਜਾਵੇ, ਇਹ ਦਿਲ ਦੇ ਰੋਗਾਂ ਨੂੰ ਵਧਾਉਣ ਵਿਚ ਮਦਦ ਕਰ ਦਿੰਦੇ ਹਨ।

ਅਮਰੀਕਨ ਹਾਰਟ ਐਸੋਸੀਏਸ਼ਨ ਅਨੁਸਾਰ ਜੇ ਦਿਨ ਵਿਚ ਚਾਰ ਕੱਪ ਕੌਫ਼ੀ ਦੇ ਪੀਣੇ ਹੋਣ ਤਾਂ ਸਿਰਫ਼ ਇਕ ਚਮਚ ਪ੍ਰਤੀਦਿਨ ਤੋਂ ਵੱਧ ਖੰਡ ਨਹੀਂ ਵਰਤਣੀ ਚਾਹੀਦੀ। ਇਹ ਚੇਤੇ ਰਹੇ ਕਿ ਸਿਰਫ਼ 'ਫਲੇਵਰ' ਪਾਉਣ ਲਈ ਜੋ ਚਮਚ ਕੌਫ਼ੀ ਦੇ ਕੱਪ ਵਿਚ ਪੈਂਦੇ ਹਨ, ਉਨ੍ਹਾਂ ਵਿਚ ਇਕ ਭਰੇ ਚਮਚ ਖੰਡ ਤੋਂ ਵੱਧ ਮਿੱਠਾ ਹੁੰਦਾ ਹੈ। ਇਸੇ ਲਈ ਬਿਨਾਂ ਮਿੱਠੇ ਦੇ ਵਨੀਲਾ ਜਾਂ ਬਦਾਮਾਂ ਦਾ 'ਫਲੇਵਰ' ਪਾਇਆ ਜਾ ਸਕਦਾ ਹੈ।

ਇੰਜ ਹੀ ਦੁੱਧ ਵਾਲੀ ਕੌਫ਼ੀ ਵਿਚ ਬਹੁਤੀ ਵਾਰ 'ਕੰਡੈਂਸਡ' ਜਾਂ ਗਾੜ੍ਹਾ ਮਿੱਠਾ ਦੁੱਧ ਪਾ ਦਿੱਤਾ ਜਾਂਦਾ ਹੈ ਜਾਂ ਕਰੀਮ ਦੇ ਗੱਫੇ ਨੂੰ ਫ਼ੈਂਟ ਕੇ ਵਿਚ ਮਿਲਾ ਦਿੱਤਾ ਜਾਂਦਾ ਹੈ ਜੋ ਥਿੰਦੇ ਅਤੇ ਕੈਲਰੀਆਂ ਦਾ ਭੰਡਾਰ ਸਰੀਰ ਅੰਦਰ ਭੇਜ ਦਿੰਦੇ ਹਨ। ਇੱਕ ਔਂਸ ਗਿਲਾਸ ਉੱਪਰ ਉਭਰੀ ਹੋਈ ਕਰੀਮ ਨਾਲ 100 ਕੈਲਰੀਆਂ ਸਰੀਰ ਅੰਦਰ ਲੰਘ ਜਾਂਦੀਆਂ ਹਨ। ਇਸ ਦੇ ਉਲਟ ਸੋਇਆਬੀਨ ਦੁੱਧ ਨਾਲ ਸਿਰਫ਼ 10 ਕੈਲਰੀਆਂ ਪ੍ਰਤੀ ਔਂਸ ਅਤੇ ਮੱਝ ਦੇ ਦੁੱਧ ਨਾਲ 19 ਕੈਲਰੀਆਂ ਪ੍ਰਤੀ ਔਂਸ ਹੀ ਅੰਦਰ ਲੰਘਦੀਆਂ ਹਨ।

ਇਸੇ ਲਈ ਜੇ ਕਦੇ ਕਦਾਈਂ ਜੀਭ ਦੇ ਸੁਆਦ ਲਈ ਮਿੱਠੇ ਅਤੇ ਕਰੀਮ ਭਰਪੂਰ ਕੌਫ਼ੀ ਪੀਣ ਦਾ ਦਿਲ ਕਰੇ ਤਾਂ ਸਭ ਤੋਂ ਛੋਟਾ ਕੱਪ ਹੀ ਲੈਣਾ ਚਾਹੀਦਾ ਹੈ। ਇੰਜ ਹੀ 'ਲਾਤੇ' ਜਾਂ 'ਫਲੇਵਰਡ' ਕੌਫ਼ੀ ਵੀ ਮਹੀਨੇ 'ਚ ਇਕ ਵਾਰ ਛੋਟਾ ਕੱਪ ਹੀ ਲਿਆ ਜਾ ਸਕਦਾ ਹੈ।

**ਆਰਗੈਨਿਕ ਕੌਫ਼ੀ:** ਅੱਜ ਕੱਲ੍ਹ ਆਰਗੈਨਿਕ ਜਾਂ ਕੁਦਰਤੀ ਚੀਜ਼ਾਂ ਵੱਲ ਲੋਕਾਂ ਦਾ ਝੁਕਾਅ ਵਧਦਾ ਜਾ ਰਿਹਾ ਹੈ। ਇਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਹਾਨੀਕਾਰਕ ਸਪਰੇਆਂ ਤੋਂ ਬਗ਼ੈਰ ਹਨ, ਇਸੇ ਲਈ ਮਹਿੰਗੇ ਵਿਕਦੇ ਹਨ। ਕੌਫ਼ੀ ਉੱਤੇ ਦੁਨੀਆ ਭਰ ਵਿਚ ਸਭ ਤੋਂ ਵੱਧ ਕੀਟਨਾਸ਼ਕ ਸਪਰੇਅ ਕੀਤੀ ਜਾਂਦੀ ਹੈ, ਜਿਸ ਨੂੰ ਕੱਢਣ ਲਈ ਬੀਜਾਂ ਨੂੰ ਧੋ ਕੇ 'ਰੋਸਟ' ਕੀਤਾ ਜਾਂਦਾ ਹੈ। ਹਾਨੀਕਾਰਕ ਤੱਤਾਂ ਤੋਂ ਬਚਣ ਲਈ ਕਾਫ਼ੀ ਥਾਵਾਂ ਉੱਤੇ ਹੁਣ ਆਰਗੈਨਿਕ ਕਾਫ਼ੀ ਵਿਕਣ ਲੱਗ ਗਈ ਹੈ।

**ਹਲਦੀ ਕੌਫ਼ੀ:** ਹਲਦੀ ਬਾਰੇ ਅਣਗਿਣਤ ਖੋਜਾਂ ਹੋ ਚੁੱਕੀਆਂ ਹਨ ਕਿ ਇਸ ਵਿਚਲੇ ਕੁਰਕੁਮਿਨ ਕਈ ਰੋਗਾਂ ਵਿਚ ਅਸਰਦਾਰ ਹਨ। ਦੁੱਧ ਹਲਦੀ ਦਾ ਸੇਵਨ ਸਦੀਆਂ ਤੋਂ ਕੀਤਾ ਜਾ ਰਿਹਾ ਹੈ, ਪਰ ਹੁਣ ਕਾਲੀ ਗਰਮ ਕੌਫ਼ੀ ਵਿਚ ਵੀ ਲੋਕ ਇਸ ਨੂੰ ਪਾ ਕੇ ਪੀਣ ਲੱਗ ਚੁੱਕੇ ਹਨ। ਜੇ ਇਸ ਵਿਚ ਦੁੱਧ, ਕਰੀਮ ਜਾਂ ਮਿੱਠਾ ਪਾ ਲਿਆ ਜਾਵੇ ਤਾਂ ਹਲਦੀ ਬੇਅਸਰ ਹੋ ਜਾਂਦੀ ਹੈ। ਪਰ ਜੇ ਕਾਲੀ ਮਿਰਚ ਹਲਕੀ ਜਿਹੀ ਪਾ ਲਈ ਜਾਵੇ ਤਾਂ ਵਧੀਆ ਅਸਰ ਵਿਖਾਉਂਦੀ ਹੈ।

**ਅੰਡਾ ਕੌਫ਼ੀ:** ਵੀਅਤਨਾਮ ਅਤੇ ਸਵੀਡਨ ਵਿਚ ਕਈ ਲੋਕ ਅੰਡੇ ਦੇ ਪੀਲੇ ਹਿੱਸੇ ਨੂੰ ਕੰਡੈਂਸਡ ਮਿੱਠੇ ਦੁੱਧ ਵਿਚ ਕੌਫ਼ੀ ਅਤੇ ਬਰਫ਼ ਪਾ ਕੇ ਹਿਲਾ ਕੇ ਪੀਂਦੇ ਹਨ। ਇਹ ਸਹੀ ਇਸ ਕਰਕੇ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਕੱਚੇ ਅੰਡੇ ਵਿਚਲੇ ਸਾਲਮੋਨੈਲਾ ਕੀਟਾਣੂ ਹਾਨੀਕਾਰਕ ਸਾਬਤ ਹੋ ਸਕਦੇ ਹਨ ਤੇ ਕੌਫ਼ੀ ਵਿਚ ਪਾਈ ਖੰਡ ਅਤੇ ਕਰੀਮ ਵੀ ਸਿਹਤ ਲਈ ਠੀਕ ਨਹੀਂ ਰਹਿੰਦੀ।

**ਖੁੰਭ ਕੌਫ਼ੀ:** ਖੁੰਭਾਂ ਨੂੰ ਪੀਹ ਕੇ ਕੌਫ਼ੀ ਵਿਚ ਰਲਾ ਕੇ ਵੀ 'ਮਸ਼ਰੂਮ ਕੌਫ਼ੀ' ਤਿਆਰ ਕੀਤੀ ਜਾਂਦੀ ਹੈ। ਇਸ ਵਿਚ ਕੇਫ਼ੀਨ ਦੀ ਮਾਤਰਾ ਘੱਟ ਹੁੰਦੀ ਹੈ ਪਰ ਐਂਟੀਆਕਸੀਡੈਂਟ ਵੱਧ ਹੁੰਦੇ ਹਨ। ਇਸੇ ਲਈ ਇਸ ਨੂੰ ਪੀਣਾ ਮਾੜੀ ਗੱਲ ਨਹੀਂ ਪਰ ਜੇ ਕਰੀਮ ਜਾਂ ਖੰਡ ਪਾ ਲਈ ਜਾਵੇ ਤਾਂ ਐਂਟੀਆਕਸੀਡੈਂਟ ਦਾ ਅਸਰ ਵੀ ਖ਼ਤਮ ਸਮਝੋ।

**ਨੂਟਰੋਪਿਕ ਕੌਫ਼ੀ:** ਨੂਟਰੋਪਿਕ ਬਾਰੇ ਕਿਹਾ ਜਾਂਦਾ ਹੈ ਕਿ ਇਹ ਯਾਦਾਸ਼ਤ ਦੇ ਸੈਂਟਰ ਨੂੰ ਰਵਾਂ ਕਰ ਕੇ ਧਿਆਨ ਲਾਉਣ ਵਿਚ ਮਦਦ ਕਰਦੇ ਹਨ ਅਤੇ ਨਵੀਆਂ ਚੀਜ਼ਾਂ ਘੜਨ ਵਿਚ ਵੀ ਸਹਾਇਤਾ ਕਰਦੇ ਹਨ। ਕੌਫ਼ੀ ਵਿਚਲੀ ਕੇਫ਼ੀਨ ਕੁਦਰਤੀ ਤੌਰ ਉੱਤੇ ਇਹੋ ਅਸਰ ਵਿਖਾਉਂਦੀ ਹੈ। ਇਸੇ ਲਈ ਦਵਾਈਆਂ ਦੇ ਰੂਪ ਵਿਚ ਇਨ੍ਹਾਂ ਨੂੰ ਕੌਫ਼ੀ ਵਿਚ ਮਿਲਾਉਣਾ ਸਿਆਣਪ ਨਹੀਂ ਹੈ।

**ਵਿਟਾਮਿਨ ਕੌਫ਼ੀ:** ਵਿਕਰੀ ਕਰਨ ਦੇ ਵੱਖੋ-ਵੱਖ ਢੰਗ ਇਸ਼ਤਿਹਾਰਬਾਜ਼ੀ ਰਾਹੀਂ ਲੋਕਾਂ ਨੂੰ ਭਰਮਾਉਣ ਲਈ ਪੂਰਾ ਜ਼ੋਰ ਲਾਉਂਦੇ ਹਨ। ਇੰਜ ਹੀ ਤਿੰਨ ਗੁਣਾ ਮਹਿੰਗੀ ਕੌਫ਼ੀ ਵੇਚਣ ਲਈ ਵਿਟਾਮਿਨ ਕੌਫ਼ੀ ਦੀ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਹੈ।

ਇੱਕ ਗੱਲ ਸਪੱਸ਼ਟ ਪਤਾ ਹੋਣੀ ਚਾਹੀਦੀ ਹੈ ਕਿ ਕੌਫ਼ੀ ਪੀਣ ਨਾਲ ਪਿਸ਼ਾਬ ਵੱਧ ਆਉਂਦਾ ਹੈ, ਸੋ ਪਾਣੀ ਵਿਚ ਘੁਲ ਕੇ ਵਾਧੂ ਵਿਟਾਮਿਨ ਤਾਂ ਸਾਰੇ ਉਸੇ ਵੇਲੇ ਸਰੀਰ ਵਿਚੋਂ ਬਾਹਰ ਨਿਕਲ ਜਾਂਦੇ ਹਨ। ਕੌਫ਼ੀ ਵੈਸੇ ਵੀ ਜ਼ਿੰਕ, ਕੈਲਸ਼ੀਅਮ ਤੇ ਲੋਹ ਕਣਾਂ ਨੂੰ ਸਰੀਰ ਅੰਦਰ ਛੇਤੀ ਹਜ਼ਮ ਨਹੀਂ ਹੋਣ ਦਿੰਦੀ। ਇਸੇ ਲਈ ਇਹ ਹਦਾਇਤ ਦਿੱਤੀ ਜਾਂਦੀ ਹੈ ਕਿ ਵਿਟਾਮਿਨ ਖਾਣੇ ਹੋਣ ਤਾਂ ਦੋ ਘੰਟੇ ਪਹਿਲਾਂ ਜਾਂ ਬਾਅਦ ਵਿਚ ਕੌਫ਼ੀ ਨਹੀਂ ਪੀਣੀ ਚਾਹੀਦੀ।

**ਸਟਰੌਂਗ ਕੌਫ਼ੀ:** ਸਟਰੌਂਗ ਕੌਫ਼ੀ ਨੂੰ ਮਰਦਾਨਗੀ ਨਾਲ ਜੋੜ ਦਿੱਤਾ ਗਿਆ ਹੈ ਕਿ ਜਿੰਨੀ ਵੱਧ ਕੌਫ਼ੀ, ਓਨਾ ਤੇਜ਼ ਦਿਮਾਗ ਅਤੇ ਚੁਸਤੀ।



ਇਹ ਤੱਥ ਹੈ ਕਿ ਕੇਫ਼ੀਨ ਸਰੀਰ ਅੰਦਰ ਜਮ੍ਹਾਂ ਨਹੀਂ ਹੋ ਸਕਦੀ ਤੇ ਇਸ ਦਾ ਅਸਰ ਸਿਰਫ਼ ਛੇ ਘੰਟੇ ਤੱਕ ਹੀ ਰਹਿ ਸਕਦਾ ਹੈ। ਬਹੁਤ ਜ਼ਿਆਦਾ ਸਟਰੌਂਗ ਕੌਫ਼ੀ ਜਿੱਥੇ ਪੀਣ ਵਾਲੇ ਨੂੰ ਆਦੀ ਬਣਾ ਦਿੰਦੀ ਹੈ, ਉੱਥੇ ਧੜਕਨ ਤੇਜ਼, ਪਸੀਨਾ ਵੱਧ ਆਉਣਾ ਤੇ ਘਬਰਾਹਟ ਵੀ ਪੈਦਾ ਕਰ ਦਿੰਦੀ ਹੈ। ਜੇ ਰਾਤ ਸੌਣ ਲੱਗਿਆਂ ਲਈ ਜਾਵੇ ਤਾਂ ਜਿੱਥੇ ਠੀਕ ਨੀਂਦਰ ਨਹੀਂ ਲੈਣ ਦਿੰਦੀ, ਉੱਥੇ ਅੱਧ ਰਾਤ ਉੱਠ ਕੇ ਪਿਸ਼ਾਬ ਕਰਨ ਵੀ ਜਾਣਾ ਪੈਂਦਾ ਹੈ।

ਹਰ ਰੋਜ਼ ਸਟਰੌਂਗ ਕੌਫ਼ੀ ਪੀਣ ਵਾਲਿਆਂ ਨੂੰ ਆਦੀ ਹੋ ਜਾਣ ਉੱਤੇ ਜੇ ਵੇਲੇ ਸਿਰ ਕੌਫ਼ੀ ਨਾ ਮਿਲੇ ਤਾਂ ਸਿਰ ਪੀੜ ਜਾਂ ਜਕੜਿਆ ਹੋਇਆ ਸਿਰ ਮਹਿਸੂਸ ਹੁੰਦਾ ਹੈ ਜਿਸ ਨੂੰ 'ਰੀਬਾਊਂਡ' ਸਿਰ ਪੀੜ ਕਿਹਾ ਜਾਂਦਾ ਹੈ।

ਜੇ ਤਗੜੀ ਕਸਰਤ ਕਰਨ ਤੋਂ ਇਕ ਘੰਟਾ ਪਹਿਲਾਂ ਸਟਰੌਂਗ ਕੌਫ਼ੀ ਪੀਤੀ ਜਾਵੇ ਤਾਂ ਇਹ ਕਸਰਤ ਵਧੀਆ ਕਰਵਾ ਦਿੰਦੀ ਹੈ ਤੇ ਬਾਅਦ ਵਿਚ ਹੁੰਦੀ ਥਕਾਵਟ ਵੀ ਘਟਾ ਦਿੰਦੀ ਹੈ। ਇਹ ਵੀ ਵੇਖਿਆ ਗਿਆ ਹੈ ਕਿ ਕੁੱਝ ਚਿਰ ਲਈ ਸਰੀਰ ਅੰਦਰ ਐਡਰੀਨਾਲੀਨ ਵਧਾਉਣ ਕਾਰਨ ਸਟਰੌਂਗ ਕੌਫ਼ੀ ਪੀਂਦੇ ਰਹਿਣ ਵਾਲਿਆਂ ਦਾ ਬਲੱਡ ਪ੍ਰੈੱਸ਼ਰ ਜ਼ਰੂਰ ਵਕਤੀ ਤੌਰ ਉੱਤੇ ਵਧ ਜਾਂਦਾ ਹੈ।

**ਬੀਮਾਰੀਆਂ ਅਤੇ ਕੌਫ਼ੀ:** ਹਾਲਾਂਕਿ ਬਹੁਤੀਆਂ ਖੋਜਾਂ ਨਹੀਂ ਹੋਈਆਂ ਪਰ ਇਹ ਮੰਨਿਆ ਗਿਆ ਹੈ ਕਿ ਕੌਫ਼ੀ ਪਾਰਕਿਨਸਨ ਰੋਗ ਨੂੰ ਛੇਤੀ ਵਧਣ ਨਹੀਂ ਦਿੰਦੀ ਤੇ ਪਿੱਤੇ ਵਿਚ ਪੱਥਰੀ ਬਣਨ ਤੋਂ ਵੀ ਰੋਕਦੀ ਹੈ ਬਸ਼ਰਤੇ ਕਿ ਕਾਲੀ ਕੌਫ਼ੀ ਪੀਤੀ ਜਾ ਰਹੀ ਹੋਵੇ।

**ਮਾਹਵਾਰੀ ਬੰਦ ਹੋਣ ਤੋਂ ਬਾਅਦ:** ਜੇ ਹਾਰਮੋਨਾਂ ਦੀ ਗੜਬੜੀ ਕਾਰਨ ਘਬਰਾਹਟ ਮਹਿਸੂਸ ਹੋ ਰਹੀ ਹੋਵੇ ਤੇ ਵੱਧ ਪਸੀਨਾ ਆ ਰਿਹਾ ਹੋਵੇ ਤਾਂ ਸਟਰੌਂਗ ਕੌਫ਼ੀ ਨਾ ਹੀ ਪੀਤੀ ਜਾਵੇ ਤਾਂ ਬਿਹਤਰ ਹੈ।

**ਕਿੰਨੀ ਕੌਫ਼ੀ?** ਹਰ ਕਿਸੇ ਦਾ ਸਰੀਰ ਵੱਖ ਤਰ੍ਹਾਂ ਦਾ ਹੁੰਦਾ ਹੈ ਤੇ ਵੱਖੋ-ਵੱਖ ਚੀਜ਼ਾਂ ਦੀ ਐਲਰਜੀ ਵੀ ਹਰ ਕਿਸੇ ਦੀ ਅਲੱਗ ਹੁੰਦੀ ਹੈ। ਇੰਜ ਹੀ ਕਈ ਜਣੇ ਬਹੁਤ ਥੋੜ੍ਹੀ ਕੌਫ਼ੀ ਪੀ ਕੇ ਵੀ ਪਸੀਨੋ-ਪਸੀਨ ਹੋ ਜਾਂਦੇ ਹਨ ਤੇ ਕੁੱਝ ਸਟਰੌਂਗ ਪੀ ਕੇ ਹੀ ਖ਼ੁਸ਼ ਹੁੰਦੇ ਹਨ। ਇਹ ਵੇਖਣ ਵਿਚ ਆਇਆ ਹੈ ਕਿ ਪ੍ਰਤੀ ਦਿਨ 400 ਮਿਲੀਗ੍ਰਾਮ ਕੇਫ਼ੀਨ ਤੋਂ ਵੱਧ ਕਿਸੇ ਹਾਲ ਵਿਚ ਨਹੀਂ ਲੈਣੀ ਚਾਹੀਦੀ ਕਿਉਂਕਿ ਲਗਭਗ ਹਰ ਪੀਣ ਵਾਲੇ ਵਿਚ, ਜਿਨ੍ਹਾਂ ਨੇ 600 ਮਿਲੀਗ੍ਰਾਮ ਕੇਫ਼ੀਨ ਰੋਜ਼ ਪੀਤੀ, ਮਾੜੇ ਅਸਰ ਵੇਖਣ ਨੂੰ ਮਿਲੇ। ਇਹ ਅਸਰ ਸਨ-ਧੜਕਨ ਵਧਣੀ, ਸਿਰ ਪੀੜ, ਪੱਠਿਆਂ ਵਿਚ ਅਕੜਾਅ, ਪੇਟ ਵਿਚ ਅਫ਼ਾਰਾ ਜਾਂ ਗੈਸ ਬਣਨੀ ਆਦਿ।

ਪ੍ਰਤੀ ਕੱਪ ਆਮ ਕੌਫ਼ੀ ਵਿਚ 150 ਮਿਲੀਗ੍ਰਾਮ ਕੇਫ਼ੀਨ ਹੁੰਦੀ ਹੈ। ਇਸੇ ਲਈ ਉਸੇ ਹਿਸਾਬ ਨਾਲ ਹੀ ਹਲਕੀ ਜਾਂ ਤੇਜ਼ ਕੌਫ਼ੀ ਪੀਤੀ ਜਾ ਸਕਦੀ ਹੈ।

**ਹਰੀ ਚਾਹ:** ਆਮ ਧਾਰਨਾ ਹੈ ਕਿ ਹਰੀ ਚਾਹ ਬਹੁਤ ਸਿਹਤਮੰਦ ਹੈ ਤੇ ਲੋਕ ਧੜਾਧੜ ਇਸ ਦੀ ਵਰਤੋਂ ਬਿਨਾਂ ਸੋਚੇ ਸਮਝੇ ਕਰ ਰਹੇ ਹਨ। ਇਹ ਪਤਾ ਹੋਣਾ ਚਾਹੀਦਾ ਹੈ ਕਿ ਇਕ ਛੋਟੇ ਕੱਪ ਹਰੀ ਚਾਹ ਪੀਣ ਦੇ ਨਾਲ 28 ਮਿਲੀਗ੍ਰਾਮ ਕੇਫ਼ੀਨ ਅੰਦਰ ਲੰਘ ਜਾਂਦੀ ਹੈ। ਕਈ ਕਿਸਮਾਂ ਵਿਚ ਕੇਫ਼ੀਨ ਦੋ ਜਾਂ ਤਿੰਨ ਗੁਣਾ ਵੱਧ ਵੀ ਹੁੰਦੀ ਹੈ।

**ਕਾਲੀ ਚਾਹ:** ਇਕ ਛੋਟੇ ਕੱਪ ਕਾਲੀ ਚਾਹ ਵਿਚ ਵੀ 4 ਮਿਲੀਗ੍ਰਾਮ ਕੇਫ਼ੀਨ ਹੁੰਦੀ ਹੈ ਜੋ ਸਵੇਰ ਵੇਲੇ ਲੋੜੀਂਦੀ ਚੁਸਤੀ ਬਖ਼ਸ਼ ਦਿੰਦੀ ਹੈ ਬਸ਼ਰਤੇ ਵਿਚ ਦੁੱਧ ਅਤੇ ਖੰਡ ਨਾ ਪਾਈ ਹੋਵੇ।

ਇੱਥੋਂ ਤਕ ਕਿ ਛੋਟੇ ਬੱਚਿਆਂ ਵੱਲੋਂ ਨਾਸ਼ਤੇ ਵਿਚ ਦੁੱਧ ਵਿਚ ਰਲਾ ਕੇ ਖਾਧੇ ਜਾਂਦੇ 'ਕੋਕੋ ਪੱਫ' ਦੇ ਇਕ ਕੱਪ ਵਿਚ ਵੀ ਲਗਭਗ 10 ਮਿਲੀਗ੍ਰਾਮ ਕੇਫ਼ੀਨ ਹੁੰਦੀ ਹੈ। ਇਹੋ ਕੁੱਝ 'ਐਨਰਜੀ ਬਾਰ' ਵਿਚ ਹੁੰਦਾ ਹੈ।

**ਪਾਣੀ ਅਤੇ ਕੇਫ਼ੀਨ:** ਸ਼ਾਇਦ ਅਟਪਟਾ ਲੱਗੇ ਪਰ ਅਣਗਿਣਤ ਪਾਣੀ ਦੀਆਂ ਬੰਦ ਬੋਤਲਾਂ ਵਿਚ 'ਮਿਨਰਲ' ਦੇ ਨਾਂ ਹੇਠ 60 ਮਿਲੀਗ੍ਰਾਮ ਕੇਫ਼ੀਨ ਵੀ ਮਿਲਾ ਦਿੱਤੀ ਹੁੰਦੀ ਹੈ ਜੋ ਜਾਣੇ-ਅਣਜਾਣੇ ਹਰ ਬੰਦਾ ਆਪਣੇ ਅੰਦਰ ਲੰਘਾਈ ਜਾ ਰਿਹਾ ਹੈ।

**ਡੀਕੈਫ਼ ਕੌਫ਼ੀ:** ਡੀਕੈਫ਼ ਕੌਫ਼ੀ ਦੇ ਇਕ ਛੋਟੇ ਕੱਪ ਵਿਚ ਵੀ 2 ਤੋਂ 15 ਮਿਲੀਗ੍ਰਾਮ ਕੇਫ਼ੀਨ ਹੁੰਦੀ ਹੈ।

**ਠੰਡੇ ਮਿੱਠੇ ਸੋਡੇ:** 12 ਔਂਸ ਵਿਚ 34-54 ਮਿਲੀਗ੍ਰਾਮ ਕੇਫ਼ੀਨ ਪਾਈ ਹੁੰਦੀ ਹੈ।

**ਐਨਰਜੀ ਡਰਿੰਕਸ:** ਧੜਾਧੜ ਵਿਕ ਰਹੇ 'ਐਨਰਜੀ ਡਰਿੰਕ' ਜਿੱਥੇ ਨਿੱਕੇ ਅਤੇ ਨੌਜਵਾਨ ਬੱਚਿਆਂ ਨੂੰ ਹਸਪਤਾਲਾਂ ਵੱਲ ਧੱਕ ਰਹੇ ਹਨ, ਉੱਥੇ ਉਨ੍ਹਾਂ ਦੀ ਸਿਹਤ ਦਾ ਨਾਸ ਵੀ ਮਾਰ ਰਹੇ ਹਨ। ਕੁੱਝ ਐਨਰਜੀ ਡਰਿੰਕਸ ਉੱਤੇ 'ਹਰਬਲ' ਵੀ ਲਿਖਿਆ ਮਿਲ ਜਾਂਦਾ ਹੈ। ਸੋਲਾਂ ਔਂਸ ਵਿਚ 350 ਮਿਲੀਗ੍ਰਾਮ ਕੇਫ਼ੀਨ ਦੀ ਮਾਤਰਾ ਹੋਣ ਕਾਰਨ ਇਹ ਬੱਚਿਆਂ ਨੂੰ ਆਦੀ ਬਣਾ ਕੇ ਉਨ੍ਹਾਂ ਦੀ ਸਿਹਤ ਦਾ ਨਾਸ ਮਾਰ ਰਹੇ ਹਨ। ਇਨ੍ਹਾਂ ਵਿਚਲੀ ਮਿੱਠੇ ਦੀ ਮਾਤਰਾ ਅਗਾਊਂ ਹੋਣ ਵਾਲੇ ਰੋਗਾਂ ਦਾ ਬੀਜ ਬੋਅ ਦਿੰਦੀ ਹੈ।

**ਚਿੰਗਮ:** ਇਕ ਪੀਸ ਚਿੰਗਮ ਵਿਚ ਵੀ 20 ਤੋਂ 100 ਮਿਲੀਗ੍ਰਾਮ ਕੇਫ਼ੀਨ ਪਾਈ ਹੁੰਦੀ ਹੈ ਜਿਸ ਨੂੰ ਰੈਪਰ ਦੇ ਬਾਹਰ ਕਈ ਵਾਰ 'ਗੁਆਰਨਾ' ਲਿਖ ਕੇ ਸਾਰ ਲਿਆ ਜਾਂਦਾ ਹੈ। ਇਸੇ ਲਈ ਇਹ ਵੀ ਧਿਆਨ ਨਾਲ ਖਾਣ ਦੀ ਲੋੜ ਹੈ।

**ਡਾਰਕ ਚਾਕਲੇਟ:** ਇੱਕ ਔਂਸ ਵਿਚ 23 ਮਿਲੀਗ੍ਰਾਮ ਕੇਫ਼ੀਨ ਹੁੰਦੀ ਹੈ।

**ਕੋਕੋ ਦੁੱਧ:** ਇਕ ਕੱਪ ਵਿਚ 25 ਮਿਲੀਗ੍ਰਾਮ ਤੱਕ ਕੇਫ਼ੀਨ ਹੁੰਦੀ ਹੈ।

**ਆਈਸਕ੍ਰੀਮ:** ਇੱਕ 'ਸਕੂਪ' ਆਈਸਕ੍ਰੀਮ ਵਿਚ 5 ਤੋਂ 125 ਮਿਲੀਗ੍ਰਾਮ ਕੇਫ਼ੀਨ ਹੁੰਦੀ ਹੈ।

**ਦਵਾਈ:** ਬਜ਼ਾਰ ਵਿਚ ਜ਼ੁਕਾਮ ਦੀਆਂ ਦਵਾਈਆਂ ਧੜਾਧੜ ਵਿਕ ਰਹੀਆਂ ਹਨ। ਇਕ ਗੋਲੀ ਵਿਚ 60 ਤੋਂ 85 ਮਿਲੀਗ੍ਰਾਮ ਕੇਫ਼ੀਨ ਹੋ ਸਕਦੀ ਹੈ।

**ਸਾਰ:** ਕੌਫ਼ੀ ਦੇ ਕਾਫ਼ੀ ਫ਼ਾਇਦੇ ਹਨ ਪਰ ਹੱਦੋਂ ਵੱਧ ਹਰ ਚੀਜ਼ ਦੇ ਨੁਕਸਾਨ ਵੀ ਹੁੰਦੇ ਹਨ। ਜਿੱਥੇ ਹੁਣ ਹਰ ਚੀਜ਼ ਵਿਚ ਕੇਫ਼ੀਨ ਦੀ ਵਰਤੋਂ ਹੋਣ ਲੱਗ ਪਈ ਹੈ, ਉੱਥੇ ਬੱਚਿਆਂ ਦੀ ਖ਼ੁਰਾਕ ਦਾ ਖ਼ਾਸ ਖ਼ਿਆਲ ਰੱਖਣ ਦੀ ਲੋੜ ਹੈ ਜਿਨ੍ਹਾਂ ਦੇ ਬਣਦੇ ਦਿਮਾਗ਼ ਉੱਤੇ ਸਦੀਵੀ ਅਸਰ ਪੈ ਸਕਦਾ ਹੈ ਤੇ ਉਨ੍ਹਾਂ ਵਿਚ ਹੱਥਾਂ ਦਾ ਕੰਬਣਾ, ਧੜਕਨ ਤੇਜ਼ ਹੋਣੀ, ਬਲੱਡ ਪ੍ਰੈੱਸ਼ਰ ਦਾ ਵਾਧਾ ਅਤੇ ਨਸਾਂ ਦਾ ਨੁਕਸਾਨ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

ਇਸੇ ਲਈ ਜਿੱਥੇ ਵੱਡਿਆਂ ਲਈ ਵੱਧੋ-ਵੱਧ 400 ਮਿਲੀਗ੍ਰਾਮ ਕੇਫ਼ੀਨ ਹੋਣੀ ਚਾਹੀਦੀ ਹੈ, ਉੱਥੇ ਬੱਚਿਆਂ ਲਈ 45 ਤੋਂ 60 ਮਿਲੀਗ੍ਰਾਮ ਤੋਂ ਵੱਧ ਕਿਸੇ ਹਾਲ ਵਿਚ ਨਹੀਂ।

## ਕਾਵਿ-ਕਿਆਰੀ

### ਤਪੋਬਨ

ਆਪਣੇ ਆਪਣੇ ਅੰਦਰ ਹੈ
ਆਪਣਾ ਆਪਣਾ ਤਪੋਬਨ!
ਤੁਰਦਾ ਹੈ ਕੋਈ ਕੋਈ
ਅੰਦਰ ਲੱਥਦਾ ਹੈ ਕੋਈ ਕੋਈ
ਲੱਭਦਾ ਹੈ ਕੋਈ ਕੋਈ
ਵਸਤ ਅੰਦਰੇ ਗੁਆਚੀ ਹੋਈ!

ਭਟਕਣ ਹੈ ਭਟਕਣ ਹੈ
ਇੱਥੇ ਨਿਰੀ ਭਟਕਣ ਹੈ
ਭਟਕਣ ਹੈ ਵਸਤੂਆਂ ਦੀ
ਭਟਕਣ ਹੈ ਤੰਤੂਆਂ ਦੀ
ਭਟਕਣ ਹੈ ਹਾਦਸਿਆਂ ਦੀ
ਭਟਕਣ ਹੈ ਰਿਸ਼ਤਿਆਂ ਦੀ
ਭਟਕਣ ਹੀ ਭਟਕਣ ਹੈ
ਭਟਕਣ ਹੈ ਹਿੰਦਸਿਆਂ ਦੀ!

ਆਪਣੇ ਆਪਣੇ ਅੰਦਰ ਹੈ
ਆਪੋ ਆਪਣਾ ਤਪੋਬਨ!
ਭਾਲਦਾ ਹੈ ਕੋਈ ਕੋਈ
ਵਸਤ ਅੰਦਰੇ ਗੁਆਚੀ ਹੋਈ!

ਚੁੱਪ ਦੇ ਅੰਦਰ ਹੈ ਗਹਿਰੀ ਗੁਫ਼ਾ
ਇੱਥੇ ਹੀ ਹੁੰਦਾ ਮਨ ਨੂੰ ਸਾਧਣਾ
ਮਨ ਸਾਧਣਾ ਹੀ ਹੈ, ਸਾਧਨਾ!
ਸਾਧਨਾ ਹੈ ਮਨ ਨੂੰ ਸੁਆਰਨਾ
ਸਾਧਨਾ ਹੈ ਅੰਦਰ ਨੂੰ ਜਾਨਣਾ
ਜ਼ਿੰਦਗੀ ਦੀ ਰਮਜ਼ ਨੂੰ ਪਛਾਨਣਾ
ਸਾਧਨਾ ਹੈ ਆਪੇ ਨੂੰ ਸਿਆਨਣਾ
ਸਾਧਨਾ ਨਹੀਂ ਹੈ ਆਪੇ ਨੂੰ ਮਾਰਨਾ
ਸਮਝਦਾ ਹੈ ਕੋਈ ਕੋਈ
ਰਮਜ਼ ਅੰਦਰੇ ਗੁਆਚੀ ਹੋਈ!

ਸਾਧਨਾ ਹੀ ਹੈ ਉਪਾਸਨਾ
ਉਪਾਸਨਾ ਨਹੀਂ ਏ ਦਰ ਦਰ ਭਟਕਣਾ
ਉਪਾਸਨਾ ਨਹੀਂ ਗਿਰਜੇ ਮੰਦਰ ਮਸਜਿਦ
ਖੋਜਣਾ ਨਹੀਂ ਹੈ ਕੋਈ ਜੰਗਲ
ਪੂਜਯ ਹੈ ਆਪਣਾ ਹੀ ਮਨ
ਤਪੋਬਨ ਹੈ ਆਪਣੇ ਹੀ ਅੰਦਰ!
ਤਪੋਬਨ ਵਿਚ ਜਾਗਦਾ ਏ ਪ੍ਰਸ਼ਨ ਕਰਤਾ
ਕੌਣ ਹਾਂ ਮੈਂ, ਹੈ ਜੋ ਪ੍ਰਸ਼ਨ ਕਰਦਾ
ਕਿਉਂ ਹਾਂ ਮੈਂ, ਕਦੋਂ ਤੱਕ ਹਾਂ ਮੈਂ
ਸੋਚਦਾ ਸਮਝਦਾ ਤੇ ਧਿਆਨ ਧਰਦਾ
ਜਾਣਦਾ ਹੈ ਕੋਈ ਕੋਈ
ਰਮਜ਼ ਅੰਦਰੇ ਗੁਆਚੀ ਹੋਈ!

ਉਜਲਾ ਹੋ ਜਾਏ ਜਦ ਤਪੋਬਨ
ਫਿਰ ਉਜਲਾ ਹੋ ਜਾਏ ਤਨ ਤੇ ਮਨ
ਬਹੁਤ ਕੁਝ ਦਿਸਦੈ ਸਾਫ਼ ਸਾਫ਼
ਬਹੁਤ ਕੁਝ ਲਗਦੈ ਬੇਮਾਇਨੇ
ਅੰਦਰ ਬੇਲੋੜਾ ਕਚਰਾ ਭਰਿਆ
ਵਸਤਾਂ ਅੰਦਰ ਦੱਬਿਆ ਇਨਸਾਨ
ਕੁਦਰਤ ਕੋਲੋਂ ਦੂਰ ਭੱਜਿਆ ਇਨਸਾਨ
ਕੰਧਾਂ ਅੰਦਰ ਘੁੱਟਿਆ ਇਨਸਾਨ!
ਜ਼ੰਜੀਰਾਂ ਵਿਚ ਜੁੱਟਿਆ ਇਨਸਾਨ
ਜੰਦਰੇ ਖੋਲਦੈ ਕੋਈ ਕੋਈ
ਚਾਬੀ ਅੰਦਰੇ ਗੁਆਚੀ ਹੋਈ!

ਆਪਣੇ ਆਪਣੇ ਅੰਦਰ ਹੈ
ਆਪਣਾ ਆਪਣਾ ਤਪੋਬਨ !
ਤੁਰਦਾ ਹੈ ਕੋਈ ਕੋਈ
ਅੰਦਰ ਲੱਥਦਾ ਹੈ ਕੋਈ ਕੋਈ
ਲੱਭਦਾ ਹੈ ਕੋਈ ਕੋਈ
ਵਸਤ ਅੰਦਰੇ ਗੁਆਚੀ ਹੋਈ।

*-ਸੁਰਜੀਤ (ਟੋਰਾਂਟੋ)*

---

### ਬਦ-ਹਵਾਸੀ

ਰੁੱਤਾਂ ਬਦਲਦੀਆਂ ਨੇ,
ਹਵਾ ਬਦਲਦੀ ਰੁਖ ਹੈ,
ਤੂਫ਼ਾਨ ਝੱਖੜ ਆਉਂਦੇ,
ਬੱਸ ਝੱਲਦਾ ਮਨੁੱਖ ਹੈ।
ਵਕਤ ਬੜਾ ਜ਼ੋਰਾਵਰ,
ਅਜ਼ਮਾਉਂਦਾ ਹੈ ਸਭ ਨੂੰ,
ਧਰਤੀ ਉੱਤੇ ਚੱਲਦਾ,
ਰਹੇ ਹਮੇਸ਼ਾ ਦੁੱਖ-ਸੁੱਖ ਹੈ।

ਹਾਹਾਕਾਰ ਮਚੀ ਚੁਫ਼ੇਰੇ,
ਮਹਿੰਗਾਈ ਹੈ ਹਾਵੀ,
ਸਤਲੁਜ, ਬਿਆਸ, ਗੰਗਾ,
ਸਹਿਮਦੀ ਹੈ ਰਾਵੀ।
ਕਰਵਟ ਜ਼ਮਾਨਾ ਪਲਟਦੈ,
ਨਾਜ਼ਿਮ ਹੈ ਬੇਚੈਨ,
ਅੱਗ ਲਗਾਈ ਮਜ਼੍ਹਬਾਂ,
ਧਰਤੀ ਸੜੀ ਹੈ ਸਾਵੀ।

ਬੇਰਹਿਮ, ਬੇਖਬਰ, ਰੁੱਖਾ,
ਚਿਰਾਂ ਤੋਂ ਹੀ ਬੜਾ ਹੈ,
ਪਰ ਹੱਦ ਤਾਂ ਉਦੋਂ ਹੋਈ,
ਚੜ੍ਹ ਹਿੱਕ ਧੂੰ ਖੜ੍ਹਾ ਹੈ।
ਲਚਾਰੀ ਭੁੱਖਮਰੀ ਵੱਲ,
ਕੀਤੀ ਪਿੱਠ ਹੈ ਉਹਨੇ,
ਆਖਦੈ ਆਪ ਨੂੰ 'ਕੱਲਾ,
ਨਫ਼ਰਤਾਂ ਦਾ ਘੜਾ ਹੈ।

ਰਾਹ ਲੱਭਦਾ ਨ ਕੋਈ,
ਭੱਜ ਕੇ ਕਿਧਰ ਨੂੰ ਜਾਵੇ,
ਬਾਂਹ ਫੜਦਾ ਨਾ ਕੋਈ,
ਰਹਿ ਗਿਆਂ ਨਿਥਾਂਵੇ।
ਐਸਾ 'ਮੈਂ ਮੈਂ' ਫਾਹਿਆ,
ਅੱਖਾਂ ਤੋਂ ਅੰਨ੍ਹਾ ਜਾਪਦੈ,
ਪੱਥਰਾਂ 'ਤੇ ਪੈਰ ਧਰਦਾ,
ਤਿਲਕ ਨ ਲੱਕ ਤੜਾਵੇ।

*-ਸੇਵਾ ਸਿੰਘ 'ਨੂਰਪੁਰੀ'*

# ਬੇਮੇਲ, ਬੇਤੁਕੇ ਹਾਸੋਹੀਣੇ ਬੋਲ-ਮੈਲਾਪਰੌਪਿਜ਼ਮ !

ਵਿਅੰਗ

ਇਕ ਦੱਖਣੀ ਭਾਰਤੀ ਫਿਲਮ ਦੇਖ ਰਿਹਾ ਸੀ। ਉਸ ਵਿਚ ਇਕ ਘੱਟ ਪੜ੍ਹੀ ਪਾਤਰ ਨੂੰ ਆਮ ਗੱਲਬਾਤ ਕਰਦਿਆਂ ਅੰਗਰੇਜ਼ੀ ਦੇ ਸ਼ਬਦ ਵਰਤਣ ਦੀ ਬੀਮਾਰੀ ਹੈ (ਇਹ ਬੀਮਾਰੀ ਪੁਰਸ਼ਾਂ ਵਿਚ ਵੀ ਘਟ ਨਹੀਂ)। ਪਰ ਉਹ ਅਜਿਹੇ ਸ਼ਬਦ ਵਰਤਦੀ ਹੈ ਕਿ ਅਰਥਾਂ ਦਾ ਅਨਰਥ ਹੋ ਜਾਂਦੈ। ਸ਼ਬਦ ਧੁਨੀ ਕਰਕੇ ਇਕੋ ਜਿਹੇ ਲਗਦੇ ਹਨ ਪਰ ਅਰਥਾਂ ਵਜੋਂ ਬਿਲਕੁਲ ਵਿਪਰੀਤ। ਉਦਾਹਰਣ ਲਈ ਇਕ ਥਾਂ ਦੋ ਪਾਤਰਾਂ ਵਿਚ ਕਿਸੇ ਸਥਿਤੀ ਨੂੰ ਲੈ ਕੇ ਸੰਵਾਦ ਹੈ-ਮੈਂ ਨੇ 'ਐਕਸੀਲੇਟਰ ਬੇਲ' ਲੇ ਰੱਖੀ ਹੈ; ਨਹੀਂ ਇਸੇ 'ਐਂਟੀਸੈਪਟਿਕ ਬੇਲ' ਕਹਿਤੇ ਹੈਂ! ਇਹ ਸ਼ਬਦ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ:+91-98766-55055**

'ਐਂਟੀਸਿਪੇਟਰੀ ਬੇਲ' (ਅਗਾਊਂ ਜ਼ਮਾਨਤ) ਲਈ ਵਰਤੇ ਗਏ ਹਨ। 'ਐਕਸੀਲੇਟਰ' ਦਾ ਅਰਥ ਗਤੀ-ਵਰਧਕ ਯੰਤਰ ਹੁੰਦੈ ਅਤੇ 'ਬੇਲ' ਦਾ, ਜ਼ਮਾਨਤ। 'ਐਂਟੀਸੈਪਟਿਕ' ਦਾ ਅਰਥ ਕੀਟਾਣੂਨਾਸ਼ਕ ਔਸ਼ਧੀ ਹੁੰਦੈ!

ਜਿਨ੍ਹਾਂ ਲਈ ਕਾਲਾ ਅੱਖਰ ਭੈਂਸ ਬਰਾਬਰ ਹੁੰਦੈ ਉਹ ਵੀ ਅੰਗਰੇਜ਼ੀ ਦੇ ਸ਼ਬਦ ਵਰਤਣੋਂ ਨਹੀਂ ਟਲਦੇ। ਨਤੀਜਤਨ 'ਮੈਰੇਜ ਐਨੀਵਰਸਰੀ' (ਸ਼ਾਦੀ ਦੀ ਸਾਲਗਿਰ੍ਹਾ) 'ਮੀਰਾਜ (ਮ੍ਰਿਗਮਰੀਚਿਕਾ/ਛਲਾਵਾ) 'ਐਡਵਰਸਰੀ' (ਵੈਰ/ਵਿਰੋਧੀ/ਵਿਪੱਖੀ) ਹੋ ਨਿੱਬੜਦੀ ਹੈ ਅਤੇ 'ਵੈਡਿੰਗ ਐਨੀਵਰਸਰੀ', 'ਵਾਈਂਡਿੰਗ ਯੂਨੀਵਰਸਿਟੀ'(ਵਲੇਂਵੇਦਾਰ ਵਿਸ਼ਵ-ਵਿਦਿਆਲਾ) ਬਣ ਜਾਂਦੀ ਹੈ!

ਇਨ੍ਹਾਂ ਅਨਰਥਾਂ ਤੋਂ ਸਾਨੂੰ ਸ਼ਾਦੀ ਬਾਰੇ ਦੋ ਮਜ਼ਾਕੀਆ ਗੱਲਾਂ ਯਾਦ ਆ ਗਈਆਂ ਹਨ। ਇਹ ਗੱਲਾਂ ਇਕ ਟੀਵੀ ਪ੍ਰੋਗਰਾਮ ਵਿਚ ਇਕ ਹਾਸਰਸ ਸ਼ਾਇਰ ਦੀ ਸ੍ਰੀਮਤੀ ਨੇ ਸੁਣਾਈਆਂ ਸਨ-'ਵਿਆਹ ਕੇ ਪਹਿਲੇ ਵਰਸ਼ ਪਤਨੀ ਹੋਤੀ ਹੈ ਚੰਦਰਮੁਖੀ, ਦੂਸਰੇ ਮੇਂ ਸੂਰਜਮੁਖੀ, ਤੀਸਰੇ ਵਰਸ਼ ਜਵਾਲਾਮੁਖੀ ਹੋ ਜਾਤੀ ਹੈ'! ਇਸੇ ਤਰ੍ਹਾਂ ਹੀ ' ਵਿਆਹ ਕੇ ਪਹਿਲੇ ਵਰਸ਼ ਪਤੀ ਹੋਤਾ ਹੈ ਪ੍ਰਾਣਨਾਥ, ਦੂਸਰੇ ਮੇਂ ਨਾਥ, ਔਰ ਤੀਸਰੇ ਮੇਂ ਤੋ ਅਨਾਥ ਹੋ ਜਾਤਾ ਹੈ'!

ਇਕ ਹੋਰ ਹਾਸਰਸ ਕਵੀ ਦੀ ਪਤਨੀ ਨੇ ਇਕ ਮਜ਼ਾਹੀਆ ਟੀਵੀ ਸ਼ੋਅ ਵਿਚ 'ਅਰੇਂਜਡ ਮੈਰੇਜ'(ਪਰਿਵਾਰ ਵਲੋਂ ਤੈਅਸ਼ੁਦਾ ਸ਼ਾਦੀ) ਅਤੇ 'ਲਵ ਮੈਰਿਜ' (ਪ੍ਰੇਮ ਵਿਆਹ) ਵਿਚ ਫਰਕ ਦਸਦਿਆਂ ਕਿਹਾ ਸੀ-'ਅਰੇਂਜਡ ਮੈਰਿਜ ਉਹ ਹੈ ਕਿ ਤੁਸੀਂ ਕਿਤੇ ਜਾ ਰਹੇ ਹੋਵੋ ਤੇ ਅਚਾਨਕ ਸੱਪ ਕਟ ਜਾਏ' ਪਰ ਲਵ ਮੈਰਿਜ (ਪ੍ਰੇਮ ਵਿਆਹ) ਤਾਂ 'ਸੱਪ ਅਗੇ ਬੀਨ ਵਜਾਉਣਾ, ਨੱਚਣਾ ਤੇ ਵਾਰ ਵਾਰ ਕਹਿਣਾ 'ਆ ਮੈਨੂੰ ਕਟ, ਆ ਮੈਨੂੰ ਕਟ'!

ਖੈਰ, ਗੱਲ ਚੱਲੀ ਸੀ ਸਮਾਨ ਧੁਨੀ ਵਾਲੇ ਪਰ ਉਲਟ ਅਰਥਾਂ ਵਾਲੇ ਸ਼ਬਦਾਂ ਦੀ ਵਰਤੋਂ ਦੀ। ਇਸ ਨੂੰ ਅੰਗਰੇਜ਼ੀ ਵਿਚ 'ਮੈਲਾਪਰੌਪਿਜ਼ਮ' ਕਹਿੰਦੇ ਹਨ। ਇਹ ਟਰਮ ਐਂਗਲੋ-ਆਇਰਿਸ਼ ਨਾਟਕਕਾਰ ਅਤੇ ਰਾਜਨੇਤਾ ਰਿਚਰਡ ਬਰਿੰਸਲੇ ਸ਼ੈਰੀਡਨ((1751-1816) ਦੇ 1775 ਦੇ ਪ੍ਰਸਿੱਧ ਮਜ਼ਾਹੀਆ ਨਾਟਕ 'ਦ ਰਾਈਵਲਜ਼' (ਸ਼ਰੀਕ/ਰਕੀਬ) ਦੀ ਮਹਿਲਾ ਪਾਤਰ 'ਮੈਲਾਪਰੌਪ' ਤੋਂ ਬਣੀ ਹੈ।

ਇਸ ਦਾ ਅਰਥ ਸ਼ਬਦ ਪ੍ਰਯੋਗ ਵਿਚ ਹਾਸੋਹੀਣੀ ਗਲਤੀ ਜਾਂ ਹਾਸੋਹੀਣਾ ਸ਼ਬਦ ਪ੍ਰਯੋਗ ਹੈ। ਬੇਮੇਲ, ਬੇਤੁਕੇ ਹਾਸਰਸੀ ਬੋਲ। ਇਹ ਇਕ ਦਿਲਚਸਪ ਗਲਤੀ ਹੁੰਦੀ ਹੈ। ਇਹ ਇਕ ਸਾਹਿਤਕ ਟੂਲ (ਯੰਤਰ/ਵਿਧੀ) ਹੈ ਜੋ ਮਜ਼ਾਹ ਉਤਪੰਨ ਕਰਨ ਲਈ ਵਰਤੀ ਜਾਂਦੀ ਹੈ। ਇਸ ਤਹਿਤ ਪਾਤਰ ਜਾਂ ਤਾਂ ਅਗਿਆਨਤਾਵਸ ਅਤੇ ਜਾਂ ਜਾਣਬੁੱਝ ਕੇ ਅਜਿਹਾ ਕਰਦਾ/ਕਰਦੀ ਹੈ। ਜਾਣੇ-ਅਣਜਾਣੇ ਵਿਚ ਕੀਤਾ ਗਿਆ ਇਹ ਸ਼ਬਦ-ਪ੍ਰਯੋਗ ਦਾ ਪ੍ਰਭਾਵ ਇਕੋ ਜਿਹਾ ਹੀ ਪੈਂਦੈ, ਭਾਵ ਕਾਮੇਡੀ (ਹਾਸਰਸ) ਕਰਨਾ।

ਮੈਲਾਪਰੌਪਿਜ਼ਮ ਦਾ ਮੂਲ ਫਰਾਂਸਿਸੀ ਭਾਸ਼ਾ ਦੇ ਵਾਕ ਅੰਸ਼ 'ਮੈਲ ਅ ਪਰੋਪੋਜ਼' ਹੈ, ਜਿਸ ਦਾ ਅਰਥ ਹੈ ਮਾੜੇ ਢੰਗ ਨਾਲ ਸਥਾਪਤ, ਭਾਵ ਅਜਿਹਾ ਸ਼ਬਦ ਜੋ ਅਢੁਕਵਾਂ ਹੋਵੇ। ਆਨਲਾਈਨ ਐਟੀਮੋਲੋਜੀ ਡਿਕਸ਼ਨਰੀ ਇਸ ਦਾ ਸ਼ਾਬਦਿਕ ਅਰਥ 'ਮੌਕੇ/ਮਕਸਦ ਲਈ ਮਾੜਾ'(ਮਾਲ+ਪਰੋਪੋਜ਼ਰ) ਕਰਦੀ ਹੈ। ਐਨਸਾਈਕਲੋਪੀਡੀਆ ਬਰਿਟੈਨਿਕਾ ਵਿਚ ਇਸ ਨੂੰ 'ਭਾਰੀ ਸ਼ਾਬਦਿਕ ਭੁੱਲ' ਕਿਹਾ ਗਿਐ।

ਭਾਵੇਂ ਸ਼ੈਰੀਡਨ ਤੋਂ ਪਹਿਲਾਂ ਹੋਏ ਮਹਾਨ ਅੰਗਰੇਜ਼ੀ ਲੇਖਕ ਵਿਲੀਅਮ ਸ਼ੇਕਸਪੀਅਰ (1564-1616) ਨੇ ਇਸ ਹਾਸ-ਵਿਧੀ ਨੂੰ ਪਹਿਲਾਂ ਵਰਤਿਐ (ਖਾਸ ਕਰਕੇ ਨਾਟਕ 'ਮੱਚ ਐਡੋ ਅਬਾਊਟ ਨਥਿੰਗ ਵਿਚ') ਪਰ ਇਹ ਟਰਮ ਜੁੜੀ ਸ਼ੈਰੀਡਨ ਨਾਲ ਹੀ ਹੈ।

ਔਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ ਇਸ ਦੀ ਅੰਗਰੇਜ਼ੀ ਵਿਚ ਦਰਜਸ਼ੁਦਾ ਵਰਤੋਂ 1630 ਤੋਂ ਸਮਝੀ ਜਾਂਦੀ ਹੈ।

ਇਸ ਦੇ ਸਮਾਨਾਰਥੀ ਸ਼ਬਦ 'ਡੌਗਬੈਰੀਇਜ਼ਮ' ਦੀ ਉਤਪਤੀ ਸ਼ੇਕਸਪੀਅਰ ਦੇ ਉਪਰੋਕਤ ਵਰਣਨ ਕੀਤੇ ਗਏ 1598 ਦੇ ਨਾਟਕ ਵਿਚ ਪਾਤਰ 'ਡੌਗਬੈਰੀ' ਤੋਂ ਹੈ ਜੋ ਹਾਸਰਸ ਪੈਦਾ



ਕਰਨ ਹਿਤ ਸਮਾਨ ਧੁਨੀ ਪਰ ਉਲਟ ਅਰਥਾਂ ਵਾਲੇ ਸ਼ਬਦਾਂ ਦੀ ਵਰਤੋਂ ਕਰਦਾ ਹੈ। ਸ਼ੈਰੀਡਨ ਦੀ ਮਹਿਲਾ ਪਾਤਰ ਸ੍ਰੀਮਤੀ ਮੈਲਾਪਰੌਪ ਤਾਂ ਐਨੇਂ ਅਢੁਕਵੇਂ ਸ਼ਬਦ ਵਰਤਦੀ ਹੈ ਕਿ ਜੇ ਸਾਰੀਆਂ ਉਦਾਹਰਨਾਂ ਦੇਣ ਲਗੀਏ ਤਾਂ ਲੇਖ ਬਹੁਤ ਲੰਮੇਰਾ ਹੋ ਜਾਵੇਗਾ। ਇੱਕਾ-ਦੁੱਕਾ ਉਦਾਹਰਨਾਂ ਨਾਲ ਹੀ ਸਾਰਦੇ ਹਾਂ-"ਇਲਿਟਰੇਟ ਹਿਮ ਫਰੌਮ ਯੂਅਰ ਮੈਮੋਰੀ" (ਉਸ ਨੂੰ ਆਪਣੀ ਯਾਦ 'ਚੋਂ ਅਨਪੜ੍ਹ/ਉਜੱਡ ਕਰ ਦਿਓ) ਜਦਕਿ ਉਸ ਦਾ ਕਹਿਣ ਤੋਂ ਭਾਵ ਹੁੰਦੈ "ਔਬਲੀਟਰੇਟ..."(ਮੁਢੋਂ ਸੁਢੋਂ ਯਾਦ 'ਚੋਂ ਕੱਢ ਦਿਓ); "ਹੀ ਇਜ਼ ਦ ਵੈਰੀ ਪਾਈਨਐਪਲ ਆਫ ਪੁਲਾਈਟਨੈਸ"(ਉਹ ਸਨਿਮਰਤਾ ਦਾ ਅਨਾਨਾਸ ਹੈ), ਜਦਕਿ ਸਹੀ ਸ਼ਬਦ 'ਪਿਨੈਕਲ'(ਚਰਮਸੀਮਾ/ਟੀਸੀ) ਹੈ!"ਕਾਸ਼ ਮੇਰੀ ਧੀ ਸਹੀ ਅਰਥ 'ਰੈਪਰੀਹੈਂਡ' (ਧਿਕਾਰਨਾ/ਫਿਟਕਾਰਨਾ) ਕਰ ਲੈਂਦੀ (ਭਾਵ 'ਕੰਪਰੀਹੈਂਡ', ਸਮਝ ਲੈਂਦੀ)। ਉਸ ਨੂੰ ਖੇਦ ਹੈ ਕਿ ਉਸ ਦੀ ਭਤੀਜੀ ਉਪਰ ਉਸ ਦਾ 'ਐਫਲੂਐਂਸ' (ਸਮ੍ਰਿਧੀ) ਬਹੁਤ ਥੋੜਾ ਹੈ (ਭਾਵ 'ਇਨਫਲੂਐਂਸ, ਪ੍ਰਭਾਵ, ਬਹੁਤ ਘਟ ਹੈ)। ਉਹ ਗੁਣਵਾਚਕ ਵਿਸ਼ੇਸ਼ਣ (ਐਪੀਥੈਟਸ) ਦੀ ਬਜਾਏ ਕਬਰ ਦਾ ਕੁਤਬਾ/ ਸਮਾਧੀ ਲੇਖ (ਐਪੀਟਾਪਸ), ਨਾਲਦੇ (ਕਾਂਗਰੂਅੱਸ) ਮੁਲਕਾਂ ਲਈ ਲਾਗ/ਛੂਤ ਦਾ ਰੋਗ (ਕੰਨਟੇਜੀਅਸ) ਆਦਿ ਸ਼ਬਦਾਂ ਦਾ ਪ੍ਰਯੋਗ ਕਰਦੀ ਹੈ!

ਇਥੇ ਸਾਨੂੰ ਦੋ ਘਟਨਾਵਾਂ ਯਾਦ ਆ ਜਾਂਦੀਆਂ ਹਨ। ਸੰਸਥਾ ਵਿਚ ਵਧੇਰੇ ਵਿਦਿਆਰਥੀਆਂ ਨੂੰ ਆਉਣ ਲਈ ਪ੍ਰੇਰਿਤ ਕਰਨ ਲਈ ਮੁਖੀ ਵਲੋਂ ਮਤਹਿਤਾਂ ਨੂੰ ਉਨ੍ਹਾਂ ਨਾਲ 'ਸਰੀਰਕ ਸੰਪਰਕ' (ਫਿਜ਼ੀਕਲ ਕੰਨਟੈਕਟ) ਕਰਨ ਲਈ ਕਹਿਣ 'ਤੇ ਹਲਚਲ ਜਿਹੀ ਮਚ ਜਾਂਦੀ ਹੈ (ਉਸ ਦਾ ਅਸਲੀ ਮਕਸਦ ਨਿੱਜੀ, 'ਪਰਸਨਲ' ਸੰਪਰਕ ਕਰਨ ਤੋਂ ਸੀ)। ਇਕ ਮੰਚ-ਸੰਚਾਲਿਕਾ ਵਿਦਿਆਰਥੀਆਂ ਅਤੇ ਸਮਾਗਮ ਵਿਚ ਆਏ ਮਹਿਮਾਨਾਂ ਨੂੰ ਬੇਨਤੀ ਕਰਦੀ ਹੈ ਕਿ 'ਜਦੋਂ ਮੁੱਖ ਮਹਿਮਾਨ ਗੁਜ਼ਰ ਜਾਣ ਤਾਂ ਸਭ ਖੜ੍ਹਨ ਦੀ ਕ੍ਰਿਪਾਲਤਾ ਕਰਨ! ਉਹ ਅੰਗਰੇਜ਼ੀ ਦਾ ਵਾਕ ਅੰਸ਼ 'ਪਾਸ ਅਵੇ' (ਗੁਜ਼ਰ/ਮਰ ਜਾਣਾ) ਵਰਤਦੀ ਹੈ ਜਦਕਿ ਉਸ ਦਾ ਭਾਵ ਕੋਲੋਂ ਦੀ ਲੰਘਣਾ/ਗੁਜ਼ਰਨਾ ('ਪਾਸ ਬਾਇ') ਸੀ! ਬਾਅਦ ਵਿਚ ਉਸ ਨਾਲ ਕੀ ਗੁਜ਼ਰੀ ਹੋਵੇਗੀ ਉਹ ਤਾਂ ਉਹ ਹੀ ਜਾਣੇ ਤੇ ਜਾਂ ਫਿਰ 'ਉਹ ਜਾਣੇ'!

ਭਲਾ 2009 ਦੀ ਮਸ਼ਹੂਰ ਹਿੰਦੀ ਫਿਲਮ 'ਥਰੀ ਈਡੀਅਟਸ' (ਤਿੰਨ ਮੂਰਖ) ਦਾ ਉਹ ਦ੍ਰਿਸ਼ ਕਿਸ ਨੂੰ ਭੁੱਲ ਸਕਦੈ ਜਿਸ ਵਿਚ ਇਕ ਕਿਤਾਬੀ ਕੀੜਾ/ਰੱਟਾਮਾਰ ਪਾਤਰ ਕਾਲਜ ਦੇ ਇਕ ਸਮਾਗਮ, ਜਿਸ ਦੀ ਪ੍ਰਧਾਨਗੀ ਇਕ ਮੰਤਰੀਗਣ ਕਰ ਰਹੇ ਹਨ, ਵਿਚ ਲਿਖੀ ਹੋਈ ਸਪੀਚ ਪੜ੍ਹਦੈ ਜਿਸ ਵਿਚ ਨਾਇਕ ਨੇ ਸ਼ਰਾਰਤਵਸ ਹਾਸੋਹੀਣੀਆਂ, ਬਲਕਿ ਖ਼ਤਰਨਾਕ ਹੱਦ ਤਕ ਹਾਸੋਹੀਣੀਆਂ, ਤਬਦੀਲੀਆਂ ਕਰ ਦਿੱਤੀਆਂ। ਨਤੀਜਾ-ਚਮਤਕਾਰ, ਬਲਾਤਕਾਰ ਬਣ ਜਾਂਦੈ ਅਤੇ ਧਨ, ਸਤਨ ਹੋ ਨਿਬੜਦੈ! ਅਗੋਂ ਜੋ ਵਾਪਰਦੈ ਆਪ ਸਭ ਨੂੰ ਪਤਾ ਹੀ ਹੈ।

ਅਨਪੜ੍ਹ ਜਾਂ ਘੱਟ ਪੜ੍ਹੇ ਆਮ ਬੋਲ-ਚਾਲ ਵਿਚ ਹੋਸਟਲ ਨੂੰ ਹਸਪਤਾਲ ਤਾਂ ਬੜੇ ਈ ਕਹਿੰਦੇ ਹਨ।

ਇਕ ਅਕੈਡਮੀ ਦਾ ਘੱਟ ਪੜ੍ਹਿਆ ਪਰ ਪੜ੍ਹਿਆਂ-ਲਿਖਿਆਂ ਨੂੰ ਨੌਕਰੀ ਦੇਣ ਵਾਲਾ ਮਾਲਕ ਕਿਸੇ ਸ਼ਰਾਰਤੀ ਵਿਦਿਆਰਥੀ ਨੂੰ ਚਿਤਾਵਨੀ ਦੇਣ ਵੇਲੇ ਅਕਸਰ ਕਹਿੰਦਾ-"ਜੇ ਫਿਰ ਸ਼ਰਾਰਤ ਕੀਤੀ ਤਾਂ ਮੈਂ ਤੇਰੇ ਸਾਰੇ 'ਕੁਨੈਕਨਸ਼ਨ' ਕੱਟ ਦਊਂ" (ਉਸ ਦਾ ਭਾਵ ਹੁੰਦਾ ਸੀ ਕਿ 'ਕਨਸੈਸ਼ਨ' (ਰਿਆਇਤ) ਵਾਪਿਸ ਲੈ ਲਊਂ)।

ਬਹੁਤ ਮਹਾਨ ਸ਼ਖਸੀਅਤਾਂ, ਜਿਨ੍ਹਾਂ ਵਿਚ ਕੁਝ ਮੁਲਕਾਂ ਦੇ ਮੁਖੀ/ਸਾਬਕਾ ਮੁਖੀ ਵੀ ਸ਼ਾਮਲ ਹਨ, ਵੀ ਇਸ ਤਰ੍ਹਾਂ ਦੀਆਂ ਗਲਤੀਆਂ ਕਰਦੇ ਹਨ। ਵਿਕੀਪੀਡੀਆ ਅਤੇ ਨਾਮਵਰ ਭਾਸ਼ਾ ਵਿਗਿਆਨੀ ਪ੍ਰੋ. ਜਾਂ ਮਾਰਗਰੈਟ ਐਟਚੀਸਨ ਨੇ ਆਪਣੀਆਂ ਪੁਸਤਕਾਂ ਵਿਚ ਇਸ ਦੀਆਂ ਅਨੇਕ ਉਦਾਹਰਨਾਂ ਦਿੱਤੀਆਂ ਹਨ।

ਹਾਲ ਆਫ ਫੇਮ ਦੇ ਬੇਸਬਾਲ ਖਿਡਾਰੀ ਯੋਗੀ ਬੇਰਾ ਤਾਂ ਸ਼ਬਦ-ਪ੍ਰਯੋਗ ਦੀਆਂ ਐਨੀਆਂ ਗਲਤੀਆਂ ਕਰਦਾ ਸੀ ਕਿ ਉਸ ਲਈ 'ਯੋਗੀਇਜ਼ਮ' ਟਰਮ ਹੀ ਘੜ ਦਿੱਤੀ ਗਈ। ਉਸ ਨਾਲ 'ਇਲੈਕਟੋਰਲ' (ਚੋਣ ਸਬੰਧੀ) ਸ਼ਬਦ ਲਈ 'ਇਲੈਕਟਰੀਕਲ'(ਬਿਜਲਈ), 'ਲੈਬੌਰੇਟਰੀ' (ਪ੍ਰਯੋਗਸ਼ਾਲਾ) ਦੀ ਥਾਂ 'ਲੈਵੇਟੋਰੀ' (ਸ਼ੌਚਾਲਿਆ/ਪਖਾਨਾ) ਆਦਿ ਅਨੇਕਾਂ ਅਢੁਕਵੇਂ ਸ਼ਬਦਾਂ ਦਾ ਪ੍ਰਯੋਗ ਜੁੜਿਆ ਹੈ!

ਹਸਤੀਆਂ ਤਾਂ ਹੋਰ ਵੀ ਕਈ ਹਨ, ਪਰ ਚਲੋ ਛੱਡੋ, ਮਿਟੀ ਪਾਓ!

ਇਕ ਸ਼ੇਅਰ ਨਾਲ ਗੱਲ ਮੁਕਾਉਂਦੇ ਹਾਂ-

"ਹਮ ਦੁਆ ਲਿਖਤੇ ਰਹੇ, ਵੋਹ ਦਗਾ ਪੜ੍ਹਤੇ ਰਹੇ

ਏਕ ਨੁਕਤੇ ਨੇ ਹਮੇਂ ਮਹਿਰਮ ਸੇ ਮੁਜਰਮ ਬਨਾ ਦੀਆ"!

# ਮਨੋਰੰਜਨ ਭਰਪੂਰ ਫਿਲਮ 'ਬਿਨਾ ਬੈਂਡ ਚੱਲ ਇੰਗਲੈਂਡ' ਲੈ ਕੇ ਆ ਰਿਹਾ ਨਿਰਦੇਸ਼ਕ ਸਤਿੰਦਰ ਦੇਵ

ਸਤਿੰਦਰ ਸਿੰਘ 'ਦੇਵ' ਪੰਜਾਬੀ ਸਿਨਮੇ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜਿਆ ਪਰਦੇ ਪਿੱਛੇ ਦਾ ਤਕਨੀਕੀ ਕਲਾਕਾਰ ਹੈ ਜਿਸਨੇ ਬਤੌਰ ਸਹਾਇਕ ਨਿਰਦੇਸ਼ਕ ਅਨੇਕਾਂ ਫ਼ਿਲਮਾਂ ਲਈ ਆਪਣਾ ਯੋਗਦਾਨ ਪਾਇਆ। ਸਤਿੰਦਰ ਦੇਵ ਨੇ ਰਵਿੰਦਰ ਪੀਪਟ, ਸ਼ਿਤਿਜ ਚੌਧਰੀ ਅਤੇ ਸਮੀਪ ਕੰਗ ਵਰਗੇ ਸੁਲਝੇ ਹੋਏ ਨਿਰਦੇਸ਼ਕਾਂ ਨਾਲ ਕੰਮ ਕਰ ਕੇ ਆਪਣਾ ਗਿਆਨ ਵਧਾਇਆ ਹੈ।

ਬਤੌਰ ਨਿਰਦੇਸ਼ਕ 'ਮਾਹੀ ਮੇਰਾ ਨਿੱਕਾ ਜਿਹਾ' ਤੋਂ ਬਾਅਦ ਇਨ੍ਹੀਂ ਦਿਨੀਂ ਸਤਿੰਦਰ ਦੇਵ ਆਪਣੀ ਇਕ ਹੋਰ ਪੰਜਾਬੀ ਫ਼ਿਲਮ 'ਬਿਨਾ ਬੈਂਡ ਚੱਲ ਇੰਗਲੈਂਡ' ਲੈ ਕੇ ਆ ਰਿਹਾ ਹੈ। ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਦਰਸਾਉਂਦੀ ਕਾਮੇਡੀ ਤੇ ਰੁਮਾਂਸ ਭਰਪੂਰ ਇਹ ਫ਼ਿਲਮ ਹਰ ਵਰਗ ਦੇ ਦਰਸ਼ਕਾਂ ਦਾ ਮਨੋਰੰਜਨ ਕਰੇਗੀ। ਨਿਰਦੇਸ਼ਕ ਸਤਿੰਦਰ ਦੇਵ ਨੇ ਦੱਸਿਆ ਕਿ ਇਸ ਫਿਲਮ ਦਾ ਹੀਰੋ ਰੌਸ਼ਨ ਪ੍ਰਿੰਸ ਹੈ ਤੇ ਹੀਰੋਇਨ ਸਾਇਰਾ। 'ਲਾਵਾਂ ਫੇਰੇ' ਤੋਂ ਬਾਅਦ ਇਸ ਫ਼ਿਲਮ ਰਾਹੀਂ ਰੌਸ਼ਨ ਪ੍ਰਿੰਸ਼ ਇਕ ਵਾਰ ਫੇਰ ਦਰਸ਼ਕਾਂ ਨੂੰ ਖ਼ੂਬ ਹਸਾਵੇਗਾ। ਉਹ ਇਕ ਵਾਰ ਫਿਰ ਅਜਿਹੇ ਪ੍ਰੇਮੀ ਜਾਂ ਲਾੜੇ ਦਾ ਕਿਰਦਾਰ ਨਿਭਾ ਰਿਹਾ ਹੈ ਜਿਸ ਦੇ ਵਿਆਹ 'ਚ ਅੜਚਣ ਬਿਗਾਨੇ ਨਹੀਂ ਬਲਕਿ ਉਸਦੇ ਆਪਣੇ ਬਣ ਰਹੇ ਹਨ। ਦਰਸ਼ਕ ਇਹ ਫਿਲਮ ਦੇਖਦਿਆਂ ਹੱਸ-ਹੱਸ ਢਿੱਡੀਂ ਪੀੜਾਂ ਪਾਉਣਗੇ। ਇਹ ਫ਼ਿਲਮ ਵਿਦੇਸ਼ਾਂ ਵਿਚ ਪੰਜਾਬੀ ਪਰਿਵਾਰਾਂ ਅਤੇ ਨੌਜਵਾਨਾਂ ਦੀਆਂ ਸਮੱਸਿਆਵਾਂ ਦੀ ਗੱਲ ਵੀ ਕਰਦੀ ਹੈ।

'ਵੀ ਆਈ ਪੀ ਫ਼ਿਲਮਸ ਯੂ ਐਸ ਏ' ਦੇ ਬੈਨਰ ਹੇਠ ਬਣੀ ਨਿਰਮਾਤਾ ਬਲਵਿੰਦਰ ਹੀਰ, ਰਮਨ ਪਲਟਾ ਅਤੇ ਹਰਸ਼ ਵਿਰਕ ਦੀ ਇਸ ਫ਼ਿਲਮ ਵਿਚ ਰੌਸ਼ਨ ਪ੍ਰਿੰਸ ਤੇ ਸਾਇਰਾ ਤੋਂ ਇਲਾਵਾ ਗੁਰਪ੍ਰੀਤ ਘੁੱਗੀ, ਬੀ ਐਨ ਸ਼ਰਮਾ, ਸੁੱਖੀ ਚਾਹਲ, ਰੁਪਿੰਦਰ ਰੂਪੀ, ਗੁਰਜੀਤ ਕੌਰ, ਹਾਰਬੀ ਸੰਘਾ, ਰਾਜ ਧਾਲੀਵਾਲ, ਨੇਹਾ ਦਿਆਲ, ਮਨਪ੍ਰੀਤ ਮਨੀ, ਰਾਣਾ ਜੰਗ ਬਹਾਦਰ ਅਤੇ ਬਦਰ ਖਾਨ ਨੇ ਅਹਿਮ



ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ ਰਾਜੂ ਵਰਮਾ ਨੇ ਲਿਖੀ ਹੈ। ਪੰਜਾਬ ਅਤੇ ਲੰਡਨ ਵਿਚ ਫਿਲਮਾਈ ਗਈ ਇਹ ਫ਼ਿਲਮ ਪੰਜਾਬੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨ ਦਾ ਦਮ ਰੱਖਦੀ ਹੈ। ਰਿਸ਼ਤਿਆਂ ਦੀ ਅਹਿਮੀਅਤ ਦੀ ਗੱਲ ਕਰਦੀ ਇਹ ਫਿਲਮ ਆਮ ਪੰਜਾਬੀ ਫ਼ਿਲਮਾਂ ਨਾਲੋਂ ਬਿਲਕੁਲ ਵੱਖਰੀ ਹੈ।

ਆਪਣੇ ਕਲਾ ਸਫ਼ਰ ਬਾਰੇ ਗੱਲ ਕਰਦਿਆਂ ਸਤਿੰਦਰ ਸਿੰਘ ਦੇਵ ਨੇ ਕਿਹਾ ਕਿ "ਉਹ ਹਰਿਆਣਾ ਦੇ ਕੁਰੂਕਸ਼ੇਤਰ ਜਿਲ੍ਹੇ ਦੇ ਲਾਡਵਾਂ ਸ਼ਹਿਰ ਤੋਂ ਹੈ। ਫ਼ਿਲਮਾਂ ਵੱਲ ਆਉਣ ਤੋਂ ਪਹਿਲਾਂ ਕਾਲਜ ਪੜ੍ਹਦਿਆਂ ਪੰਜਾਬੀ ਗਾਇਕ ਹਰਭਜਨ ਮਾਨ, ਦਲੇਰ ਮਹਿੰਦੀ ਆਦਿ ਦੇ ਲਾਈਵ ਸ਼ੋਅ ਵੇਖਣ ਦਾ ਸ਼ੌਕ ਸੀ। ਉਸਦੇ ਪਿਤਾ ਸਵ. ਰਣਜੀਤ ਸਿੰਘ ਕਿਸੇ ਵੇਲੇ ਰਾਜ ਕਪੂਰ ਦੇ ਬਹੁਤ ਵੱਡੇ ਫੈਨ ਸਨ। ਉਹ ਅਕਸਰ ਫ਼ਿਲਮੀ ਹਸਤੀਆਂ ਨੂੰ ਮਿਲਣ ਦੇ ਇੱਛੁਕ ਰਹੇ। ਪਿਤਾ ਜੀ ਵਾਂਗ ਇਕ ਵਾਰ ਹਰਭਜਨ ਮਾਨ ਦੇ ਸ਼ੋਅ ਦੌਰਾਨ ਮੈਂ ਵੀ ਰਵਿੰਦਰ ਪੀਪਟ ਜੀ ਨੂੰ ਮਿਲਿਆ ਜਿਨ੍ਹਾਂ ਤੋਂ ਪ੍ਰਭਾਵਿਤ ਹੁੰਦਿਆਂ ਮੈਂ ਫ਼ਿਲਮ ਖੇਤਰ ਵੱਲ ਆਉਣ ਦਾ ਮਨ ਬਣਾਇਆ ਤੇ ਉਨ੍ਹਾਂ ਨੂੰ ਆਪਣਾ ਉਸਤਾਦ-ਗੁਰੂ ਮੰਨ ਲਿਆ। ਉਨ੍ਹਾਂ ਮੈਨੂੰ ਫ਼ਿਲਮ 'ਯਾਰਾਂ ਨਾਲ ਬਹਾਰਾਂ' ਅਤੇ 'ਵਾਰਿਸ ਸ਼ਾਹ' ਵਿਚ ਬਤੌਰ ਟਰੇਨੀ ਸ਼ਾਮਲ ਕਰ ਕੇ ਫ਼ਿਲਮ ਖੇਤਰ ਨਾਲ ਜੋੜਿਆ। ਮੇਰੀ ਲਗਨ ਅਤੇ ਮੇਹਨਤ ਨੂੰ ਵੇਖਦਿਆਂ ਉਨ੍ਹਾਂ ਮੈਨੂੰ ਆਪਣੀ ਅਗਲੀ ਫ਼ਿਲਮ 'ਆਪਣੀ ਬੋਲੀ ਆਪਣਾ ਦੇਸ਼' ਵਿਚ ਬਤੌਰ 'ਏ ਡੀ' ਕੰਮ ਕਰਨ ਦਾ ਮੌਕਾ ਦਿੱਤਾ। ਉਸ ਤੋਂ ਬਾਅਦ ਰਵਿੰਦਰ ਪੀਪਟ ਜੀ ਨਾਲ 'ਪੰਜਾਬ ਬੋਲਦਾ', 'ਵੈਲਕਮ ਟੂ ਪੰਜਾਬ', 'ਪਤਾ ਨੀਂ ਰੱਬ ਕਿਹੜਿਆਂ ਰੰਗਾਂ ਵਿਚ ਰਾਜ਼ੀ' ਫ਼ਿਲਮਾਂ ਤੋਂ ਇਲਾਵਾ ਇਕ ਮੈਗਾ ਲੜੀਵਾਰ 'ਜਿਊਰੀ 'ਵੀ ਕੀਤਾ, ਜਿਸ ਦੀਆਂ ਕਿਸ਼ਤਾਂ ਡੇਢ ਸਾਲ ਤੱਕ ਚੱਲੀਆਂ। ਰਵਿੰਦਰ ਪੀਪਟ ਜੀ ਤੋਂ ਬਹੁਤ ਕੁਝ ਸਿੱਖਿਆ ਜਿਸਦੀ ਬਦੌਲਤ ਪੰਜਾਬੀ ਸਿਨਮੇ ਦੇ ਨਾਮੀ ਨਿਰਦੇਸ਼ਕ ਸ਼ਿਤਿਜ ਚੌਧਰੀ ਨਾਲ ਬਤੌਰ ਚੀਫ਼ ਅਸਿਸਟੈਂਟ 'ਯਾਰਾ ਓ ਦਿਲਦਾਰਾ' ਕੀਤੀ ਫਿਰ ਸਮੀਪ ਕੰਗ, ਗਿੱਪੀ ਗਰੇਵਾਲ ਨਾਲ 30 ਤੋਂ ਵੱਧ ਫ਼ਿਲਮਾਂ ਕੀਤੀਆਂ। ਪੰਜਾਬੀ ਤੋਂ ਇਲਾਵਾ ਉਸਨੇ ਅਕਸ਼ੇ ਕੁਮਾਰ ਦੀ ਬਾਲੀਵੁੱਡ ਫ਼ਿਲਮ 'ਸਿੰਘ ਇਜ਼ ਬਲਿੰਗ' ਵੀ ਕੀਤੀ। ਇੰਡਸਟਰੀ ਦੇ ਹਰੇਕ ਨਿਰਦੇਸ਼ਕ ਤੋਂ ਉਸਨੇ ਹਮੇਸ਼ਾਂ ਸਿੱਖਿਆ ਹੀ ਹੈ। ਸਭ ਨੇ ਬਹੁਤ ਪਿਆਰ ਦਿੱਤਾ ਹੈ ਜਿਨ੍ਹਾਂ ਦੇ ਆਸ਼ੀਰਵਾਦ ਸਦਕਾ ਅੱਜ ਮੈਂ 'ਮਾਹੀ ਮੇਰਾ ਨਿੱਕਾ ਜਿਹਾ' ਫ਼ਿਲਮ ਡਾਇਰੈਕਟਰ ਵਜੋਂ ਕਰਨ ਦੇ ਕਾਬਲ ਹੋਇਆ ਹਾਂ।' ਇਸ ਤੋਂ ਪਹਿਲਾਂ ਇੱਕ ਸ਼ਾਰਟ ਫ਼ਿਲਮ 'ਇੱਕ ਹੋਰ ਜੰਨਤ' ਵੀ ਕੀਤੀ ਜਿਸਨੂੰ ਬਹੁਤ ਪਿਆਰ ਮਿਲਿਆ। 17 ਨਵੰਬਰ ਨੂੰ ਰਿਲੀਜ਼ ਹੋ ਰਹੀ ਇਹ ਫ਼ਿਲਮ 'ਬਿਨਾ ਬੈਂਡ ਚੱਲ ਇੰਗਲੈਂਡ' ਸਤਿੰਦਰ ਸਿੰਘ ਦੇਵ ਦੇ ਭਵਿੱਖ ਨੂੰ ਚਮਕਾਉਣ ਦਾ ਦਮ ਰੱਖਦੀ ਹੈ।

*-ਸੁਰਜੀਤ ਜੱਸਲ*
*ਫੋਨ: +91-98146-07737*

# ਗੋਦੀ ਮੀਡੀਆ ਤੋਂ ਵੀ ਅਗਾਂਹ ਜਾ ਰਹੇ ਨਿਊਜ਼ ਚੈਨਲ

ਅੱਜ ਕੱਲ੍ਹ ਕਥਿਤ ਭਾਰਤੀ ਨਿਊਜ਼ ਚੈਨਲਾਂ 'ਚ ਇਜ਼ਰਾਈਲ-ਗਾਜ਼ਾ ਪੱਟੀ ਯੁੱਧ ਖੇਤਰ ਤੋਂ ਲਾਈਵ ਦਿਸਣ ਦੀ ਹੋੜ ਲੱਗੀ ਹੋਈ ਹੈ। ਕੁਲ ਦੁਨੀਆ ਡਰੀ ਹੋਈ ਹੈ ਕਿ ਕਿਤੇ ਇਜ਼ਰਾਈਲ-ਹਮਾਸ ਲੜਾਈ ਦੀ ਇਹ ਚੰਗਿਆੜੀ ਪੂਰੇ ਮੱਧ-ਪੂਰਬ ਨੂੰ ਆਪਣੀ ਲਪੇਟ ਵਿਚ ਨਾ ਲੈ ਲਵੇ ਕਿਉਂਕਿ ਇਸ ਤੋਂ ਬਾਅਦ ਤੀਜਾ ਆਲਮੀ ਯੁੱਧ ਛਿੜਨ ਵਿਚ ਦੇਰ ਨਹੀਂ ਲੱਗੇਗੀ। ਇਸ ਕਾਰਨ ਦੇਸ਼-ਦੁਨੀਆ ਦੀਆਂ ਹੋਰ ਖ਼ਬਰਾਂ ਦੀ ਥਾਂ ਆਮ ਭਾਰਤੀਆਂ ਲਈ ਗਾਜ਼ਾ ਪੱਟੀ ਦੀਆਂ ਖ਼ਬਰਾਂ ਤੋਂ ਜਾਣੂ ਹੋਣਾ ਪਹਿਲੀ ਜ਼ਰੂਰਤ ਬਣ ਗਿਆ ਹੈ।

ਭਾਰਤ ਵਿਚ ਵਨ-ਡੇ ਕ੍ਰਿਕਟ ਵਰਲਡ ਕੱਪ ਚੱਲ ਰਿਹਾ ਹੈ ਪਰ ਉਦਘਾਟਨੀ ਮੈਚ ਤੋਂ ਲੈ ਕੇ ਅਜੇ ਤੱਕ ਸਟੇਡੀਅਮ 'ਚ ਦਰਸ਼ਕਾਂ ਦੀ ਭੀੜ ਨਹੀਂ ਉਮੜੀ। ਰੇਟਿੰਗ 'ਤੇ ਪਲਣ ਵਾਲੇ ਇਨ੍ਹਾਂ ਨਿਊਜ਼ ਚੈਨਲਾਂ ਦੇ ਲਈ ਖ਼ਬਰ ਭਾਵੇਂ ਕਿਹੋ ਜਿਹੀ

**ਰਵਿੰਦਰ ਪਟਵਾਲ**
**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਵੀ ਹੋਵੇ, 'ਖ਼ਬਰ ਉਹੀ ਜੋ ਦਰਸ਼ਕਾਂ ਦੇ ਮਨਾਂ ਨੂੰ ਭਾਉਂਦੀ ਹੋਵੇ' ਦੀ ਤਰਜ਼ 'ਤੇ ਉਨ੍ਹਾਂ ਨੇ ਇਕ-ਇਕ ਕਰ ਕੇ ਇਜ਼ਰਾਈਲ ਦੀ ਹਵਾਈ ਯਾਤਰਾ ਸ਼ੁਰੂ ਕਰ ਦਿੱਤੀ ਹੈ ਪਰ ਸਾਡੇ ਗੋਦੀ ਮੀਡੀਆ ਵਾਲੇ ਉਥੇ ਜਾ ਕੇ ਕੀ ਦਿਖਾ ਰਹੇ ਹਨ? ਪਿਛਲੇ 3 ਦਿਨ ਤੋਂ ਐਨ.ਡੀ.ਟੀ.ਵੀ. ਦੇ ਦੋ ਸੀਨੀਅਰ ਪੱਤਰਕਾਰ ਇਜ਼ਰਾਈਲ ਦੀ ਧਰਤੀ 'ਤੇ ਮੌਜੂਦ ਹਨ। ਜੰਗੀ ਖੇਤਰ ਤੋਂ ਤਰੋ-ਤਾਜ਼ਾ ਖ਼ਬਰਾਂ ਪੇਸ਼ ਕਰਨ ਦਾ ਦਾਅਵਾ ਕਰਨ ਵਾਲੇ ਇਹ ਪੱਤਰਕਾਰ ਦਰਅਸਲ ਆਪਣੀਆਂ ਖ਼ਬਰਾਂ ਉਥੋਂ ਪ੍ਰਸਾਰਿਤ ਕਰ ਰਹੇ ਹਨ ਜਿੱਥੋਂ ਹਵਾਈ ਹਮਲੇ ਕੀਤੇ ਜਾ ਰਹੇ ਹਨ, ਨਾ ਕਿ ਅਸਲ ਯੁੱਧ ਖੇਤਰ ਤੋਂ ਜੋ ਗਾਜ਼ਾ ਪੱਟੀ ਹੈ।

ਇਕ ਵੀ ਭਾਰਤੀ ਨਿਊਜ਼ ਚੈਨਲ ਗਾਜ਼ਾ ਪੱਟੀ ਦੇ ਇਲਾਕਿਆਂ ਵਿਚ ਜਾਣ ਦੀ ਜਹਿਮਤ ਨਹੀਂ ਉਠਾਏਗਾ। ਉਠਾਏ ਵੀ ਕਿਉਂ? ਉਸ ਨੇ ਤਾਂ ਧਮਾਕਿਆਂ, ਧਮਾਕਿਆਂ ਤੋਂ ਉਠਦੇ ਗੁਬਾਰ ਅਤੇ ਆਸਮਾਨ ਛੂੰਹਦੀਆਂ ਇਮਾਰਤਾਂ ਦੇ ਪਲ ਭਰ 'ਚ ਢਹਿ-ਢੇਰੀ ਹੋਣ ਨੂੰ ਆਪਣੇ ਕੈਮਰਿਆਂ ਵਿਚ ਕੈਦ ਕਰਨਾ ਹੁੰਦਾ ਹੈ ਅਤੇ ਹਫੜੇ ਹੋਏ ਸਾਰਾ ਕਿੱਸਾ ਬਿਆਨ ਕਰਨਾ ਹੁੰਦਾ ਹੈ। ਆਖਿਰਕਾਰ, ਰੇਟਿੰਗ ਤਾਂ ਸਨਸਨੀਖੇਜ਼ ਦਿਖਾ ਕੇ ਹੀ ਮਿਲਣੀ ਹੁੰਦੀ ਹੈ। ਗਾਜ਼ਾਪੱਟੀ 'ਚ ਗਏ ਤਾਂ ਕਿਸੇ ਵੀ ਸਮੇਂ ਤੁਹਾਡੇ ਚੀਥੜੇ ਉਡ ਸਕਦੇ ਹਨ ਜਾਂ ਫਿਰ ਇਮਾਰਤ ਦੇ ਮਲਬੇ ਹੇਠਾਂ ਦਫ਼ਨ ਹੋ ਜਾਣ ਦਾ ਖ਼ਤਰਾ ਹੈ। ਮੱਧ-ਪੂਰਬ ਅਤੇ ਲਿਬਨਾਨ ਦੇ ਬਹਾਦਰ ਪੱਤਰਕਾਰ ਉਥੋਂ ਦੀ ਤਬਾਹੀ ਅਤੇ ਮਨੁੱਖੀ ਤ੍ਰਾਸਦੀ ਨੂੰ ਦਿਖਾ ਤਾਂ ਰਹੇ ਹਨ ਜਿਸ ਵਿਚ ਰੇਟਿੰਗ ਵਧਣ ਦਾ ਕੋਈ ਖ਼ਾਸ ਮੌਕਾ ਵੀ ਨਹੀਂ ਹੈ।

ਹੁਣ ਤੱਕ ਇਕੱਲੇ ਫ਼ਲਸਤੀਨ ਦੇ ਹੀ ਘੱਟੋ-ਘੱਟ 6 ਪੱਤਰਕਾਰ ਮਾਰੇ ਜਾ ਚੁੱਕੇ ਹਨ, ਉਹ ਸਾਰੇ ਗਾਜ਼ਾ ਪੱਟੀ ਤੋਂ ਰਿਪੋਰਟਿੰਗ ਕਰ ਰਹੇ ਸਨ। ਸ਼ੁੱਕਰਵਾਰ ਨੂੰ ਰਾਇਟਰਜ਼ ਦੇ ਇਕ ਪੱਤਰਕਾਰ ਦੇ ਵੀ ਮਾਰੇ ਜਾਣ ਦੀ ਖ਼ਬਰ ਹੈ। ਸ਼ਨੀਵਾਰ ਤੜਕੇ ਇਕ ਵੀਡੀਓ ਜਾਰੀ ਕਰਦੇ ਹੋਏ ਰਾਇਟਰਜ਼ ਨੇ ਕਿਹਾ ਹੈ ਕਿ ਸ਼ੁੱਕਰਵਾਰ ਨੂੰ ਦੱਖਣੀ ਲਿਬਨਾਨ ਵਿਚ ਉਨ੍ਹਾਂ ਦਾ ਵੀਡੀਓਗ੍ਰਾਫਰ ਇਸਾਮ ਅਬਦੁੱਲਾ ਮਾਰਿਆ ਗਿਆ ਹੈ ਜਦੋਂ ਉਹ ਇਜ਼ਰਾਈਲ ਦੀ ਗੋਲੀਬਾਰੀ ਦੀ ਲਪੇਟ 'ਚ ਆ ਗਿਆ।

ਦੂਜੇ ਪਾਸੇ, ਐਨ.ਡੀ.ਟੀ.ਵੀ. ਦੇ ਪੱਤਰਕਾਰ ਉਮਾਸ਼ੰਕਰ ਸਿੰਘ ਦਾ ਸ਼ੁੱਕਰਵਾਰ ਦਾ ਟਵੀਟ ਦੇਖੋ, "ਤੇਲ ਅਵੀਵ ਵਿਚ ਹੁਣੇ-ਹੁਣੇ ਏਅਰ ਸਾਇਰਨ ਵੱਜਿਆ। ਹੋਟਲ ਵਿਚ ਮੁਨਾਦੀ ਹੋਈ ਕਿ ਸ਼ੈਲਟਰ ਵਿਚ ਚਲੇ ਜਾਓ ਪਰ ਜਾਈਏ ਤਾਂ ਜਾਈਏ ਕਿੱਥੇ?" ਤੇਲ ਅਵੀਵ ਤੋਂ ਗਾਜ਼ਾ ਦੀ ਦੂਰੀ 71 ਕਿਲੋਮੀਟਰ ਹੈ। ਆਪਣੇ ਹੋਟਲ ਦੇ ਬਾਹਰ ਲਾਅਨ ਅਤੇ ਹੋਟਲ ਦੇ ਸਟੀਲ ਦੇ ਦਰਵਾਜ਼ੇ ਦਿਖਾਉਂਦੇ ਹੀ ਉਸ ਦੇ ਟਵੀਟ ਕਦੇ-ਕਦੇ ਗਾਜ਼ਾ ਪੱਟੀ ਦੇ ਨੇੜੇ ਤੋਂ ਵੀ ਖ਼ਬਰ ਨੂੰ ਕਵਰ ਕਰਦੇ ਦਿਖਾਈ ਦਿੰਦੇ ਹਨ।

ਉਂਝ, ਅੱਜ ਦੁਨੀਆ ਜਿਸ ਗੱਲ ਨੂੰ ਲੈ ਕੇ ਸਭ ਤੋਂ ਜ਼ਿਆਦਾ ਚਿੰਤਤ ਅਤੇ ਫ਼ਿਕਰਮੰਦ ਹੈ, ਉਹ ਇਹ ਹੈ ਕਿ ਕੀ 23 ਲੱਖ ਫ਼ਲਸਤੀਨੀ ਲੋਕਾਂ ਜਿਨ੍ਹਾਂ ਨੂੰ ਪਹਿਲਾਂ ਹੀ 15 ਸਾਲਾਂ ਤੋਂ ਬੇਰਹਿਮੀ ਨਾਲ ਪਿੰਜਰੇ ਵਰਗੀ ਖੁੱਲ੍ਹੀ ਜੇਲ੍ਹ ਵਿਚ ਰੱਖਿਆ ਗਿਆ ਹੈ, ਦਾ ਇਜ਼ਰਾਈਲੀ ਫ਼ੌਜ ਦੁਆਰਾ ਕਤਲੇਆਮ 24 ਘੰਟੇ ਦੀ ਮੋਹਲਤ ਦਾ ਸਮਾਂ ਖ਼ਤਮ ਹੋਣ ਤੋਂ ਬਾਅਦ ਕੀਤਾ ਜਾਵੇਗਾ ਜਾਂ ਨਹੀਂ? (ਜੋ ਹੁਣ ਸ਼ੁਰੂ ਕਰ ਦਿੱਤਾ ਗਿਆ ਹੈ) ਜਾਂ ਕੀ ਇਜ਼ਰਾਈਲ ਕੌਮਾਂਤਰੀ ਦਬਾਅ ਹੇਠ ਪਿੱਛੇ ਹਟ ਜਾਵੇਗਾ?

ਇਕ ਜ਼ਿੰਮੇਵਾਰ ਪੱਤਰਕਾਰ ਦੀ ਸਭ ਤੋਂ ਵੱਡੀ ਭੂਮਿਕਾ ਇਹ ਹੈ ਕਿ ਉਹ ਸੱਚ ਦੇ ਨਾਲ ਖੜ੍ਹੇ, ਮਜ਼ਲੂਮਾਂ ਦੇ ਹੱਕ 'ਚ ਖੜ੍ਹੇ ਅਤੇ ਡਾਹਢੇ ਦੇ ਸਾਹਮਣੇ ਮਾਈਕ ਕਰ ਕੇ ਕੁਝ ਜ਼ਰੂਰੀ ਪਰ ਕੌੜੇ ਸਵਾਲ ਪੁੱਛੇ ਤਾਂ ਜੋ ਉਸ ਦੀ ਜ਼ਮੀਰ ਵੀ ਜਾਗੇ।

ਇਹੀ ਵਜ੍ਹਾ ਹੈ ਕਿ ਤੇਲ ਅਵੀਵ ਤੋਂ ਅੱਖੀਂ ਡਿੱਠਾ ਹਾਲ ਬਿਆਨ ਕਰਨ ਵਾਲੇ ਪੱਤਰਕਾਰ ਉਮਾਸ਼ੰਕਰ ਸਿੰਘ ਨੂੰ ਟਰੋਲ ਹੋਣਾ ਪੈ ਰਿਹਾ ਹੈ। ਲੱਗਭੱਗ ਸਾਰੇ ਗੋਦੀ ਮੀਡੀਆ ਪੱਤਰਕਾਰਾਂ ਨੂੰ ਭਾਰਤੀ ਯੂਜ਼ਰ ਸਵਾਲ ਪੁੱਛ ਰਹੇ ਹਨ ਕਿ 5 ਮਹੀਨਿਆਂ ਤੋਂ ਤੁਹਾਨੂੰ ਮੁਲਕ ਦੇ ਅੰਦਰ ਮਨੀਪੁਰ ਯੁੱਧ ਖੇਤਰ ਨਹੀਂ ਦਿਸਿਆ, ਕੀ ਤੁਸੀਂ ਇਸੇ ਲਈ ਇਜ਼ਰਾਈਲ ਚਲੇ ਗਏ? ਉਥੋਂ ਕੁਝ ਵੀ ਦਿਖਾਉਣ ਦੀ ਬਜਾਇ ਆਪਣੀਆਂ ਡਰੀਆਂ ਹੋਈਆਂ ਤਸਵੀਰਾਂ ਦਿਖਾਉਣ ਨਾਲੋਂ ਤਾਂ ਚੰਗਾ ਹੈ ਕਿ ਤੁਸੀਂ ਮਨੀਪੁਰ ਜਾਓ। ਇਸ ਤੋਂ ਖਿੱਝ ਕੇ ਉਮਾਸ਼ੰਕਰ ਨੇ ਆਪਣੇ ਇਕ ਟਵੀਟ ਵਿਚ ਲਿਖਿਆ, "ਮੇਰੀ ਮਾਂ ਕਹਿੰਦੀ ਹੁੰਦੀ ਸੀ, 'ਹਾਥੀ ਚਲੇ ਬਾਜ਼ਾਰ, ਕੁੱਤੇ ਭੌਂਕੇ ਹਜ਼ਾਰ', ਚਲੋ ਹੋ ਜਾਓ ਸ਼ੁਰੂ।" ਉਮਾਸ਼ੰਕਰ ਸਿੰਘ ਬਾਰੇ ਖ਼ਾਸ ਤੌਰ 'ਤੇ ਇਸ ਕਰ ਕੇ ਲਿਖਿਆ ਕਿਉਂਕਿ ਅਡਾਨੀ ਵੱਲੋਂ ਐਨ.ਡੀ.ਟੀ.ਵੀ. ਨੂੰ ਕਬਜ਼ੇ 'ਚ ਲੈਣ ਤੋਂ ਪਹਿਲਾਂ ਇਸ ਪੱਤਰਕਾਰ ਨੇ ਦੇਸ਼ ਅਤੇ ਦੁਨੀਆ ਤੋਂ ਕਈ ਸ਼ਾਨਦਾਰ ਰਿਪੋਰਟਿੰਗ ਕੀਤੀਆਂ ਸਨ।



ਰਾਇਟਰਜ਼ ਵੀਡੀਓਗ੍ਰਾਫਰ ਅਬਦੁੱਲਾ ਜੋ ਇਜ਼ਰਾਈਲੀ ਹਮਲੇ 'ਚ ਮਾਰਿਆ ਗਿਆ।

ਐਨ.ਡੀ.ਟੀ.ਵੀ. ਦੇ ਜ਼ਿਆਦਾਤਰ ਵਧੀਆ ਪੱਤਰਕਾਰ ਛੱਡ ਕੇ ਜਾ ਚੁੱਕੇ ਹਨ। ਕੁਝ ਅਜਿਹੇ ਨਵੇਂ ਪੱਤਰਕਾਰ ਵੀ ਸਨ ਜਿਨ੍ਹਾਂ ਨੇ ਆਪਣੇ ਕਰੀਅਰ ਦੀ ਬਜਾਇ ਇਮਾਨਦਾਰ ਪੱਤਰਕਾਰੀ ਲਈ ਐਨ.ਡੀ.ਟੀ.ਵੀ. ਨੂੰ ਛੱਡਣਾ ਹੀ ਬਿਹਤਰ ਸਮਝਿਆ ਸੀ।

ਹੁਣ ਪੱਤਰਕਾਰਾਂ ਦੀ ਇਸ ਜਮਾਤ ਵਿਚ ਸਭ ਤੋਂ ਤਾਜ਼ਾ ਐਂਟਰੀ ਕੱਲ੍ਹ ਰੂਬੀਕਾ ਲਿਆਕਤ ਨੇ ਕੀਤੀ ਹੈ ਜਿਸ ਨੇ ਇਜ਼ਰਾਈਲ ਦੀ ਧਰਤੀ 'ਤੇ ਪਹੁੰਚਣ ਤੋਂ ਪਹਿਲਾਂ ਹੀ ਹਵਾਈ ਜਹਾਜ਼ ਤੋਂ ਟਵੀਟ ਕਰਦੇ ਹੋਏ ਲਿਖਿਆ ਹੈ ਕਿ "ਇਕ ਨਵੀਂ ਚੁਣੌਤੀ ਮਿਲੀ ਹੈ। ਛੇਤੀ ਹੀ ਤੁਹਾਨੂੰ ਇਜ਼ਰਾਈਲ 'ਚ ਗਰਾਊਂਡ ਜ਼ੀਰੋ ਤੋਂ ਮੁਖ਼ਾਤਿਬ ਹੋਵਾਂਗੇ।"

ਆਪਣੇ ਸਭ ਤੋਂ ਤਾਜ਼ਾ ਟਵੀਟ ਵਿਚ ਰੂਬੀਕਾ ਦਾ ਕਹਿਣਾ ਹੈ ਕਿ ਆਪਣੇ ਦੋ ਦਿਨਾਂ ਦੇ ਠਹਿਰਾਅ ਦੌਰਾਨ ਉਸ ਨੇ ਮਹਿਸੂਸ ਕੀਤਾ ਹੈ ਕਿ ਇਹ ਯੁੱਧ ਦੋ ਮੁਲਕਾਂ ਵਿਚਾਲੇ ਨਹੀਂ ਸਗੋਂ ਹਮਾਸ ਦੇ ਖ਼ਿਲਾਫ਼ ਹੈ। ਹੁਣ ਇਹ ਤਾਂ ਚੈਨਲ ਮਾਲਕ ਦੀ ਸਿਆਣਪ 'ਤੇ ਸਵਾਲ ਉਠਦਾ ਹੈ ਕਿ ਉਸ ਨੇ ਰੂਬੀਕਾ ਲਿਆਕਤ ਨੂੰ ਰੋਜ਼ਾਨਾ ਚੀਕਣ ਦੇ ਕੰਮ 'ਚ ਉਲਝਾ ਕੇ ਉਸ ਨੂੰ ਇੰਨਾ ਸਮਾਂ ਵੀ ਨਹੀਂ ਦਿੱਤਾ ਕਿ ਇਕ ਘੰਟਾ ਅਖ਼ਬਾਰ ਪੜ੍ਹ ਸਕੇ। ਵਿਚਾਰੀ ਨੂੰ ਇਜ਼ਰਾਈਲ ਜਾ ਕੇ ਗਰਾਊਂਡ ਜ਼ੀਰੋ ਤੋਂ ਇਲਮ ਹੋ ਰਿਹਾ ਹੈ ਕਿ ਇਹ ਲੜਾਈ ਆਖ਼ਿਰ ਕਿਉਂ ਹੋ ਰਹੀ ਹੈ।

ਟਾਈਮਜ਼ ਨਾਓ ਨਵਭਾਰਤ ਦੇ ਪ੍ਰਦੀਪ ਦੱਤਾ ਦਾ ਹਾਲ ਤਾਂ ਸਭ ਤੋਂ ਨਿਆਰਾ ਹੈ। ਇਹ ਸਾਹਿਬ ਉਂਵ ਤਾਂ ਸਿੱਖ ਹੈ ਪਰ ਉਸ ਦਾ ਨਾਂ ਦੇਖ ਕੇ ਬੰਦਾ ਟਪਲਾ ਖਾ ਸਕਦਾ ਹੈ ਕਿ ਇਹ ਬੰਗਾਲੀ ਹੈ। ਇਹ ਸਾਹਿਬ ਵੀ ਇਜ਼ਰਾਈਲ ਤੋਂ ਬੈਠ ਕੇ ਹਮਾਸ ਦੇ ਹਮਲੇ ਨੂੰ ਵਧਾ-ਚੜ੍ਹਾ ਕੇ ਦੱਸਣ ਅਤੇ ਆਪਣੀ ਰੇਟਿੰਗ ਦੀ ਚਿੰਤਾ 'ਚ ਗ੍ਰਸਤ ਹੈ। ਸਾਇਰਨ ਵੱਜਣ 'ਤੇ ਫ਼ੌਜੀਆਂ, ਪੱਤਰਕਾਰਾਂ ਜਾਂ ਆਮ ਨਾਗਰਿਕਾਂ ਸਾਰਿਆਂ ਨੂੰ ਜੋ ਵੀ ਨਿਰਦੇਸ਼ ਦਿੱਤੇ ਗਏ ਹੋਣਗੇ, ਉਸੇ ਦੀ ਪਾਲਣਾ ਕਰਨੀ ਪਵੇਗੀ।

ਇਹ ਸਾਹਿਬ ਜ਼ਮੀਨ 'ਤੇ ਲੰਮਾ ਪੈ ਕੇ ਉੱਚੀ-ਉੱਚੀ ਚੀਕਦੇ ਹੋਏ ਰਿਪੋਰਟਿੰਗ ਕਰਨ ਤੋਂ ਜਦੋਂ ਬਾਜ਼ ਨਹੀਂ ਆਉਂਦਾ ਤਾਂ ਇਜ਼ਰਾਈਲੀ ਫ਼ੌਜੀ ਉਂਗਲੀ ਦੇ ਇਸ਼ਾਰੇ ਨਾਲ ਉਸ ਨੂੰ ਮੂੰਹ 'ਤੇ ਚੁੱਪੀ ਲਗਾਉਣ ਲਈ ਕਹਿੰਦਾ ਹੈ ਪਰ ਉਹ ਤਾਂ ਭਾਰਤੀ ਪੱਤਰਕਾਰ ਹੈ। ਇੰਨੀ ਛੇਤੀ ਮੰਨ ਜਾਏ ਤਾਂ ਕਹਿਣਾ ਹੀ ਕੀ ਹੈ? ਤੇ ਅਖ਼ੀਰ 'ਚ ਭਾਰਤ ਤੋਂ ਸਭ ਤੋਂ ਪਹਿਲਾਂ ਇਜ਼ਰਾਈਲ ਪਹੁੰਚਣ ਵਾਲੀ ਪੱਤਰਕਾਰ ਪਲਕੀ ਸ਼ਰਮਾ ਦੀ ਕੁਝ ਗੱਲ ਕਰ ਲੈਂਦੇ ਹਾਂ ਜਿਸ ਨੇ ਬੇਨ ਗੁਰਿਓਂ ਏਅਰਪੋਰਟ ਤੋਂ ਬਾਹਰ ਆਉਂਦੇ ਹੀ ਸ਼ੈਲਟਰ ਦੇ ਹੋਰਡਿੰਗਾਂ ਵੱਲ ਆਪਣਾ ਧਿਆਨ ਲਗਾਇਆ। ਉਸ ਦੀਆਂ ਬਾਅਦ ਦੀਆਂ ਰਿਪੋਰਟਾਂ ਤੋਂ ਵੀ ਸਾਫ਼ ਜਾਪਦਾ ਹੈ ਕਿ ਉਸ ਨੇ ਸ਼ਹਿਰ ਤੋਂ ਬਾਹਰ ਨਿਕਲਣ ਦੀ ਕੋਈ ਖੇਚਲ ਹੀ ਨਹੀਂ ਕੀਤੀ। ਉਸ ਦਾ ਸਭ ਤੋਂ ਵੱਧ ਧਿਆਨ ਬੰਬ ਧਮਾਕਿਆਂ ਤੋਂ ਬਚਣ ਲਈ ਬਣਾਏ ਬੇਸਮੈਂਟ ਲੱਭਣ 'ਤੇ ਲੱਗਿਆ ਹੋਇਆ ਸੀ। ਪਲਕੀ ਸ਼ਰਮਾ ਦੁਆਰਾ ਸ਼ੇਅਰ ਕੀਤੀਆਂ ਗਈਆਂ ਰਾਕੇਟ ਹਮਲਿਆਂ ਦੀਆਂ ਖ਼ਬਰਾਂ ਅਤੇ ਵੀਡੀਓ ਪਹਿਲਾਂ ਹੀ ਜਨਤਕ ਤੌਰ 'ਤੇ ਜਾਣਕਾਰੀ 'ਚ ਹਨ। ਤੇਲ ਅਵੀਵ ਸ਼ਹਿਰ ਦੇ ਕੈਨਵਸ ਅਤੇ ਜਨਤਕ ਸਥਾਨਾਂ ਦੀਆਂ ਤਸਵੀਰਾਂ ਰਾਹੀਂ ਉਸ ਨੇ ਯਕੀਨਨ ਤੌਰ 'ਤੇ ਸ਼ਹਿਰ ਬਾਰੇ ਰੁਚੀ ਰੱਖਣ ਵਾਲਿਆਂ ਦੇ ਗਿਆਨ 'ਚ ਵਾਧਾ ਕੀਤਾ ਹੈ!

ਦੂਜੇ ਪਾਸੇ ਕੌਮਾਂਤਰੀ ਮੀਡੀਆ ਵਿਚ, ਐਸੋਸੀਏਟਿਡ ਪ੍ਰੈੱਸ ਦੇ ਇਕ ਫੋਟੋਗ੍ਰਾਫਰ ਨੇ ਦੱਸਿਆ ਹੈ ਕਿ ਰਾਇਟਰਜ਼ ਦੇ ਵੀਡੀਓਗ੍ਰਾਫਰ ਅਬਦੁੱਲਾ ਦੀ ਲਾਸ਼ ਅਤੇ ਅਲ ਜਜ਼ੀਰਾ ਤੇ ਏਜੰਸੀ ਫਰਾਂਸ-ਪ੍ਰੈੱਸ ਸਮੇਤ ਛੇ ਲੋਕਾਂ ਨੂੰ ਉਸ ਨੇ ਜ਼ਖ਼ਮੀ ਹਾਲਤ 'ਚ ਦੇਖਿਆ ਸੀ। ਉਨ੍ਹਾਂ ਵਿਚੋਂ ਕੁਝ ਨੂੰ ਐਂਬੂਲੈਂਸ ਵਿਚ ਹਸਪਤਾਲ ਲਿਜਾਇਆ ਗਿਆ। ਘਟਨਾ ਵਾਲੀ ਥਾਂ ਦੀਆਂ ਤਸਵੀਰਾਂ 'ਚ ਸੜੀ ਹੋਈ ਕਾਰ ਦਿਖਾਈ ਦੇ ਰਹੀ ਸੀ। ਇਜ਼ਰਾਈਲ ਡਿਫੈਂਸ ਫੋਰਸਜ਼ ਜਾਂ ਆਈ.ਡੀ.ਐਫ. ਤੋਂ ਇਸ ਬਾਰੇ ਟਿੱਪਣੀ ਲਈ ਬੇਨਤੀ ਦਾ ਤਤਕਾਲ ਜਵਾਬ ਨਹੀਂ ਦਿੱਤਾ ਗਿਆ।

ਇਜ਼ਰਾਈਲ ਦੇ ਸੰਯੁਕਤ ਰਾਸ਼ਟਰ ਦੇ ਦੂਤ ਗਿਲਾਡ ਏਰਡਾਨ ਨੇ ਸ਼ੁੱਕਰਵਾਰ ਨੂੰ ਬ੍ਰੀਫਿੰਗ ਵਿਚ ਕਿਹਾ: "ਸਪਸ਼ਟ ਤੌਰ 'ਤੇ ਅਸੀਂ ਆਪਣਾ ਕੰਮ ਕਰ ਰਹੇ ਕਿਸੇ ਵੀ ਪੱਤਰਕਾਰ ਨੂੰ ਗੋਲੀ ਨਹੀਂ ਮਾਰਨਾ ਚਾਹਾਂਗੇ ਪਰ ਤੁਸੀਂ ਜਾਣਦੇ ਹੋ, ਅਸੀਂ ਯੁੱਧ ਦੀ ਹਾਲਤ 'ਚ ਹਾਂ, ਇਸ ਤਰ੍ਹਾਂ ਦੀਆਂ ਚੀਜ਼ਾਂ ਹੋ ਸਕਦੀਆਂ ਹਨ।" ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਇਜ਼ਰਾਈਲ ਇਸ ਘਟਨਾ ਦੀ ਜਾਂਚ ਕਰੇਗਾ।

ਰਾਇਟਰਜ਼ ਨੇ ਇਕ ਬਿਆਨ ਵਿਚ ਕਿਹਾ ਕਿ ਅਬਦੁੱਲਾ ਦੀ ਮੌਤ ਬ੍ਰਾਡਕਾਸਟਰਾਂ ਲਈ ਲਾਈਵ ਵੀਡੀਓ ਸਿਗਨਲ ਮੁਹੱਈਆ ਕਰਾਉਂਦੇ ਸਮੇਂ ਹੋਈ। ਕੈਮਰੇ ਦਾ ਮੂੰਹ ਪਹਾੜੀ ਵੱਲ ਸੀ, ਉਦੋਂ ਹੀ ਜ਼ੋਰਦਾਰ ਧਮਾਕੇ ਨਾਲ ਕੈਮਰਾ ਹਿੱਲ ਗਿਆ, ਹਵਾ 'ਚ ਧੂੰਆਂ ਭਰ ਗਿਆ ਅਤੇ ਚੀਕਾਂ ਸੁਣਾਈ ਦਿੱਤੀਆਂ। ਨਿਊਜ਼ ਏਜੰਸੀ ਨੇ ਬਿਆਨ ਵਿਚ ਕਿਹਾ, "ਸਾਨੂੰ ਇਹ ਜਾਣ ਕੇ ਬਹੁਤ ਦੁੱਖ ਹੋਇਆ ਹੈ ਕਿ ਸਾਡੇ ਵੀਡੀਓਗ੍ਰਾਫਰ ਇਸਾਮ ਅਬਦੁੱਲਾ ਦੀ ਹੱਤਿਆ ਕਰ ਦਿੱਤੀ ਗਈ ਹੈ।"

ਰਾਇਟਰਜ਼ ਦੇ ਦੋ ਹੋਰ ਪੱਤਰਕਾਰ, ਥੇਰ ਅਲ-ਸੁਦਾਨੀ ਅਤੇ ਮਾਹੇਰ ਨਾਜ਼ੇਹ ਵੀ ਇਸ ਘਟਨਾ ਵਿਚ ਜ਼ਖ਼ਮੀ ਹੋ ਗਏ ਅਤੇ ਡਾਕਟਰੀ ਸਹਾਇਤਾ ਦੇਣ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਏ.ਪੀ. ਅਤੇ ਅਲ ਜਜ਼ੀਰਾ ਨੇ ਦਾਅਵਾ ਕੀਤਾ ਕਿ ਗੋਲੇ ਇਜ਼ਰਾਈਲੀ ਸਨ। ਰਾਇਟਰਜ਼ ਨੇ ਕਿਹਾ ਕਿ ਇਹ ਸਥਾਪਿਤ ਨਹੀਂ ਕੀਤਾ ਜਾ ਸਕਿਆ ਕਿ ਕੀ ਮਿਜ਼ਾਈਲਾਂ ਅਸਲ ਵਿਚ ਇਜ਼ਰਾਈਲ ਦੁਆਰਾ ਚਲਾਈਆਂ ਗਈਆਂ ਸਨ ਜਾਂ ਨਹੀਂ।

ਏ.ਐਫ.ਪੀ. ਨੇ ਕਿਹਾ ਕਿ ਉਸ ਦੇ ਦੋ ਪੱਤਰਕਾਰ ਜ਼ਖ਼ਮੀ ਹੋ ਗਏ ਪਰ ਏਜੰਸੀ ਨੇ ਉਨ੍ਹਾਂ ਦੇ ਨਾਂ ਜਾਰੀ ਨਹੀਂ ਕੀਤੇ। ਕਤਰ ਦੇ ਫੰਡਾਂ ਨਾਲ ਚੱਲ ਰਹੇ ਬ੍ਰਾਡਕਾਸਟਰ ਅਲ ਜਜ਼ੀਰਾ ਨੇ ਕਿਹਾ ਕਿ ਉਨ੍ਹਾਂ ਦੇ ਦੋ ਪੱਤਰਕਾਰ, ਏਲੀ ਬ੍ਰਾਖਿਆ ਅਤੇ ਰਿਪੋਰਟਰ ਕਾਰਮੇਨ ਜੌਖਾਦਰ ਵੀ ਇਸ ਘਟਨਾ ਵਿਚ ਜ਼ਖ਼ਮੀ ਹੋ ਗਏ ਅਤੇ ਉਹ ਸਪਸ਼ਟ ਤੌਰ 'ਤੇ ਪ੍ਰੈੱਸ ਵਜੋਂ ਪਛਾਣੇ ਜਾ ਰਹੇ ਸਨ। ਅਲ ਜਜ਼ੀਰਾ ਨੇ ਇਸ ਘਟਨਾ ਲਈ ਇਜ਼ਰਾਈਲ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ 'ਇਸ ਮੁਜਰਮਾਨਾ ਕਾਰੇ' ਦੇ ਪਿੱਛੇ ਜਿਨ੍ਹਾਂ ਦਾ ਹੱਥ ਹੈ, ਉਨ੍ਹਾਂ ਸਾਰਿਆਂ ਨੂੰ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ।

ਅਲ ਜਜ਼ੀਰਾ ਨੇ ਬਿਆਨ ਵਿਚ ਕਿਹਾ, "ਸਾਡੀ ਟੀਮ ਦੀ ਸਹਿਮਤੀ ਵਾਲੇ ਸਥਾਨ 'ਤੇ ਬਾਕੀ ਕੌਮਾਂਤਰੀ ਮੀਡੀਆ ਅਮਲੇ ਦੇ ਨਾਲ-ਨਾਲ ਮੌਜੂਦ ਹੋਣ ਦੇ ਬਾਵਜੂਦ ਸਾਡੇ ਪ੍ਰਸਾਰਨ ਵਾਹਨ ਉਪਰ ਬੰਬਾਰੀ ਕੀਤੀ ਗਈ ਅਤੇ ਉਸ ਨੂੰ ਪੂਰੀ ਤਰ੍ਹਾਂ ਨਾਲ ਸਾੜ ਦਿੱਤਾ ਗਿਆ।"

ਅਲਮਾ ਅਲ-ਸ਼ਾਬ ਪਿੰਡ ਵਾਰ-ਵਾਰ ਝੜਪਾਂ ਦਾ ਸਥਾਨ ਰਿਹਾ ਹੈ ਕਿਉਂਕਿ ਇਜ਼ਰਾਈਲ ਅਤੇ ਹਮਾਸ ਵਿਚਾਲੇ ਦੱਖਣ ਵਿਚ ਯੁੱਧ ਛਿੜ ਗਿਆ ਹੈ ਜੋ ਹਿਜ਼ਬੁਲ੍ਹਾ ਨਾਲ ਨਜ਼ਦੀਕੀ ਸਬੰਧਾਂ ਵਾਲੀ ਇਕ ਫ਼ਲਸਤੀਨੀ ਮਿਲੀਸ਼ੀਆ ਹੈ। ਅਬਦੁੱਲਾ ਦੀ ਹੱਤਿਆ ਤੋਂ ਥੋੜ੍ਹੀ ਦੇਰ ਪਹਿਲਾਂ ਉਸ ਨੇ ਸੋਸ਼ਲ ਮੀਡੀਆ ਉਪਰ ਹੈਲਮੇਟ ਅਤੇ ਫਲੈਕ ਜੈਕੇਟ ਪਹਿਨੇ ਹੋਏ ਆਪਣੀ ਫੋਟੋ ਪੋਸਟ ਕੀਤੀ ਸੀ ਜਿਸ 'ਤੇ 'ਪ੍ਰੈੱਸ' ਸ਼ਬਦ ਦਿਖਾਈ ਦੇ ਰਿਹਾ ਸੀ।

# ਭਾਅ ਜੀ ਸੁਰਜੀਤ ਸਿੰਘ

ਸਾਡੇ ਲਈ ਉਹ 'ਭਾਅ ਜੀ' ਸਨ: ਉਮਰ ਪੱਖੋਂ, ਹੁਨਰ ਪੱਖੋਂ, ਸੁਭਾਅ ਤੋਂ ਵੀ ਅਤੇ ਅਦਾਰਾ ਟ੍ਰਿਬਿਊਨ ਵਿਚ ਨੌਕਰੀ ਦੀ ਲੰਬਾਈ ਪੱਖੋਂ ਵੀ। ਪੰਜਾਬੀ ਟ੍ਰਿਬਿਊਨ ਦੇ ਆਰੰਭ ਵੇਲੇ ਸ. ਸੁਰਜੀਤ ਸਿੰਘ, ਨਿਊਜ਼ ਰੂਮ ਵਾਸਤੇ ਚੁਣੇ ਗਏ ਪਹਿਲੇ ਅੱਠ ਸਟਾਫ ਮੈਂਬਰਾਂ ਵਿਚ ਸ਼ਾਮਲ ਸਨ। ਉਂਝ, ਬਾਕੀਆਂ ਦੀ ਤੁਲਨਾ ਵਿਚ ਉਨ੍ਹਾਂ ਦੀ ਚੋਣ ਮਹਿਜ਼ ਰਸਮ ਹੀ ਸੀ। ਚੁਣੇ ਤਾਂ ਉਹ ਪਹਿਲਾਂ ਹੀ ਜਾ ਚੁੱਕੇ ਸਨ। ਉਹ ਅਤੇ ਸ. ਅੰਤਰ ਸਿੰਘ ਦੋ ਅਜਿਹੇ ਸ਼ਖ਼ਸ ਸਨ ਜੋ ਟ੍ਰਿਬਿਊਨ ਅਦਾਰੇ ਦਾ ਪਹਿਲਾਂ ਹੀ ਹਿੱਸਾ ਸਨ। ਸੁਰਜੀਤ ਸਿੰਘ ਹੁਰੀਂ 1972 ਤੋਂ

**ਸੁਰਿੰਦਰ ਸਿੰਘ ਤੇਜ**

ਨਿਯਮਿਤ ਮੁਲਾਜ਼ਮ ਸਨ, ਅੰਤਰ ਸਿੰਘ ਜੁਜ਼ਵਕਤੀ। ਦੋਵਾਂ ਦਾ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕੀ ਮੰਡਲ ਵਿਚ ਮੁਕਾਮ 'ਪੰਜਾਬੀ ਟ੍ਰਿਬਿਊਨ' ਦੀ ਸਥਾਪਨਾ ਦੀ ਮੁੱਢਲੀ ਰੂਪ-ਰੇਖਾ ਤਿਆਰ ਕਰਨ ਵੇਲੇ ਹੀ ਤੈਅ ਹੋ ਗਿਆ ਸੀ। ਸੁਰਜੀਤ ਸਿੰਘ ਦਾ ਉਨ੍ਹਾਂ ਦੀ ਇਮਾਨਦਾਰੀ, ਲਿਆਕਤ ਤੇ ਵਿੱਦਿਅਕ ਯੋਗਤਾਵਾਂ ਕਾਰਨ ਅਤੇ ਅੰਤਰ ਸਿੰਘ ਦਾ ਅੰਗਰੇਜ਼ੀ ਟ੍ਰਿਬਿਊਨ ਦੇ ਆਰਜ਼ੀ ਨਾਮਾਨਿਗਾਰ ਹੋਣ ਸਦਕਾ। ਇਹ ਵੱਖਰੀ ਗੱਲ ਹੈ ਕਿ ਸੁਰਜੀਤ ਸਿੰਘ ਹੁਰਾਂ ਨੇ ਪ੍ਰਬੰਧਕਾਂ ਵੱਲੋਂ ਦਿਖਾਏ ਭਰੋਸੇ ਨੂੰ ਬਿਹਤਰ ਢੰਗ ਨਾਲ ਸੱਚਾ ਸਾਬਤ ਕਰ ਦਿਖਾਇਆ। ਉਹ ਤਰੱਕੀਆਂ ਕਰਦੇ ਹੋਏ ਸਮਾਚਾਰ ਸੰਪਾਦਕ ਦੇ ਰੁਤਬੇ ਤੱਕ ਪਹੁੰਚੇ ਅਤੇ ਇਸ ਰੁਤਬੇ ਦਾ ਕੱਦ ਲਗਾਤਾਰ ਵਧਾਇਆ।

ਕੁਝ ਗਿਣਵੇਂ ਸੱਜਣ ਹੀ ਇਹ ਜਾਣਦੇ ਹਨ ਕਿ ਸੁਰਜੀਤ ਭਾਅ ਜੀ ਨੇ 'ਪੰਜਾਬੀ ਟ੍ਰਿਬਿਊਨ' ਸ਼ੁਰੂ ਕਰਵਾਉਣ ਵਿਚ ਵੀ ਛੋਟੀ ਪਰ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਟ੍ਰਿਬਿਊਨ ਟਰੱਸਟ ਦੇ ਸੰਸਥਾਪਕ ਸ. ਦਿਆਲ ਸਿੰਘ ਮਜੀਠੀਆ ਦੀ ਵਸੀਅਤ ਨਾਲ ਸਬੰਧਿਤ ਅਹਿਮ ਦਸਤਾਵੇਜ਼ ਦੀ ਨਕਲ ਪੁਰਾਣੇ ਰਿਕਾਰਡਾਂ ਵਿਚੋਂ ਲੱਭ ਕੇ ਟਰੱਸਟੀ ਡਾ. ਮਹਿੰਦਰ ਸਿੰਘ ਰੰਧਾਵਾ ਕੋਲ ਉਸ ਸਮੇਂ ਪਹੁੰਚਾਈ ਜਦੋਂ ਟਰੱਸਟ, ਪੰਜਾਬੀ ਅਖ਼ਬਾਰ ਸ਼ੁਰੂ ਕਰਨ ਬਾਰੇ ਦੁਬਿਧਾ ਵਿਚ ਸੀ। ਇਸ ਦਸਤਾਵੇਜ਼ ਨੇ ਦੁਬਿਧਾ ਦੂਰ ਕਰਨ ਵਿਚ ਯੋਗਦਾਨ ਪਾਇਆ। ਸੰਪਾਦਕੀ ਮੰਡਲ ਵਿਚ ਦਾਖ਼ਲੇ ਮਗਰੋਂ ਸੁਰਜੀਤ ਭਾਅ ਜੀ ਨੇ ਤਰਜਮਾਕਾਰੀ ਤੇ ਚਲੰਤ ਮਾਮਲਿਆਂ ਦੇ ਗਿਆਨ ਉੱਤੇ ਪੂਰੀ ਪਕੜ ਦਿਖਾਈ। ਅੰਗਰੇਜ਼ੀ ਦੇ ਔਖੇ ਸ਼ਬਦ ਉਨ੍ਹਾਂ ਨੂੰ ਔਖਾ ਨਹੀਂ ਸੀ ਕਰਦੇ। ਪੇਚੀਦਾ ਫ਼ਿਕਰਿਆਂ ਨੂੰ ਸਰਲ ਬਣਾਉਣ ਦਾ ਹੁਨਰ ਵੀ ਸਾਡੇ ਵਿਚੋਂ ਕਈਆਂ ਨੇ ਉਨ੍ਹਾਂ ਤੋਂ ਹੀ ਸਿੱਖਿਆ।

ਭਾਅਜੀ ਤੋਂ ਇਲਾਵਾ ਉਹ 'ਫ਼ੌਜੀ' ਦੀ ਅੱਲ੍ਹ ਨਾਲ ਵੀ ਜਾਣੇ ਜਾਂਦੇ ਸਨ। ਟ੍ਰਿਬਿਊਨ ਅਦਾਰੇ ਵਿਚ ਆਉਣ ਤੋਂ ਪਹਿਲਾਂ ਉਹ 1960 ਤੋਂ 1972 ਤਕ ਫ਼ੌਜ ਵਿਚ ਰਹੇ। ਮਿਹਨਤਕਸ਼ਾਂ ਦੇ ਪਰਿਵਾਰ



ਤੋਂ ਸਨ ਉਹ। ਪਿਛੋਕੜ ਮਾਝੇ ਦਾ ਸੀ ਪਰ ਜ਼ਿੰਦਗੀ ਬਿਹਤਰ ਬਣਾਉਣ ਦੀ ਲਾਲਸਾਵੱਸ ਉਹ ਪਰਿਵਾਰ ਲਾਇਲਪੁਰ (ਹੁਣ ਫ਼ੈਸਲਾਬਾਦ) ਜ਼ਿਲ੍ਹੇ ਵਿਚ ਜਾ ਵੱਸਿਆ। ਉਸ ਜ਼ਿਲ੍ਹੇ ਦੇ ਪਿੰਡ ਚੱਕ 353 ਜਹਾਂਗੀਰ 'ਚ 29 ਜੁਲਾਈ 1942 ਨੂੰ ਸੁਰਜੀਤ ਸਿੰਘ ਦਾ ਜਨਮ ਹੋਇਆ। ਪਾਕਿਸਤਾਨ ਬਣਨ ਮਗਰੋਂ ਇਸ ਪਰਿਵਾਰ ਨੂੰ ਮਲੋਟ ਨੇੜਲੇ ਪਿੰਡ ਬੁਰਜ ਸਿੱਧਵਾਂ ਵਿਚ ਜ਼ਮੀਨ ਅਲਾਟ ਹੋਈ। ਮਲੋਟ ਤੋਂ ਮੈਟ੍ਰਿਕ ਕਰਨ ਮਗਰੋਂ ਉਨ੍ਹਾਂ ਨੇ ਪਰਿਵਾਰ ਦੀ ਮਾਇਕ ਦਸ਼ਾ ਸੁਧਾਰਨ ਲਈ ਫ਼ੌਜ 'ਚ ਭਰਤੀ ਹੋਣਾ ਬਿਹਤਰ ਸਮਝਿਆ। ਇਹ ਉਨ੍ਹਾਂ ਅੰਦਰਲੇ ਮਿਹਨਤੀ ਜਜ਼ਬੇ ਦਾ ਕਮਾਲ ਸੀ ਕਿ 12 ਵਰ੍ਹਿਆਂ ਦੀ ਫ਼ੌਜੀ ਨੌਕਰੀ ਦੌਰਾਨ ਹੀ ਉਨ੍ਹਾਂ ਨੇ ਗਿਆਨੀ, ਬੀ.ਏ. ਅਤੇ ਫਿਰ ਅੰਗਰੇਜ਼ੀ ਤੇ ਪੰਜਾਬੀ ਵਿਸ਼ਿਆਂ ਵਿਚ ਐਮ.ਏ. ਦੀਆਂ ਡਿਗਰੀਆਂ ਹਾਸਿਲ ਕੀਤੀਆਂ। ਇਹ ਵਿੱਦਿਅਕ ਯੋਗਤਾਵਾਂ ਬਤੌਰ ਪੱਤਰਕਾਰ ਵੀ ਉਨ੍ਹਾਂ ਦੇ ਖ਼ੂਬ ਕੰਮ ਆਈਆਂ ਅਤੇ ਪੱਤਰਕਾਰ ਜਥੇਬੰਦੀਆਂ ਦੇ ਮੋਹਰੀ ਆਗੂ ਵਜੋਂ ਪਟੀਸ਼ਨਾਂ ਡਰਾਫਟ ਕਰਨ ਵਿਚ ਵੀ।

ਸੁਭਾਅ ਨੇਕ ਹੋਣ ਕਰ ਕੇ ਉਹ ਛੇਤੀ ਕਿਤੇ ਕਿਸੇ ਨਾਲ ਵੀ ਤਲਖ਼ ਨਹੀਂ ਸੀ ਹੁੰਦੇ। ਜਦੋਂ ਤਲਖ਼ ਹੁੰਦੇ ਸਨ ਤਾਂ ਦਬਕੇ ਦਾ ਅੰਦਾਜ਼ ਵੀ ਵੱਖਰਾ ਹੁੰਦਾ ਸੀ। ਇਕ ਵਾਰ ਕਿਸੇ ਗੱਲ ਤੋਂ ਮੈਂ ਉਨ੍ਹਾਂ ਨਾਲ ਬਹਿਸ ਪਿਆ। ਬਹਿਸ ਵਧਦੀ ਦੇਖ ਕੇ ਅਚਾਨਕ ਉਹ ਕੜਕੇ: "ਬੱਸ! ਹੋਰ ਬਹਿਸ ਨਹੀਂ। ਤੈਨੂੰ ਪਤੈ ਜਿਸ ਸਾਲ ਤੂੰ ਜੰਮਿਆ ਸੀ, ਉਸ ਸਾਲ ਮੈਂ ਮੈਟ੍ਰਿਕ ਪਾਸ ਕੀਤੀ ਸੀ!" ਸੁਭਾਅ ਵਾਂਗ ਉਨ੍ਹਾਂ ਦੀ ਨੀਤ ਵੀ ਫੱਕਰਾਂ ਵਾਲੀ ਸੀ। ਹਰ ਇਕ ਦਾ ਭਲਾ ਚਾਹੁਣ ਵਾਲੀ। ਛੇ ਦਹਾਕੇ ਚੰਡੀਗੜ੍ਹ ਸ਼ਹਿਰ ਵਿਚ ਰਹਿਣ ਦੇ ਬਾਵਜੂਦ ਉਹ ਅਖ਼ੀਰ ਤਕ ਦੇਸੀ ਹੀ ਰਹੇ। ਸ਼ਹਿਰੀ ਬਨਾਵਟ ਤੇ ਛਲ-ਕਪਟ ਤੋਂ ਬੇਲਾਗ਼ ਤੇ ਬੇਦਾਗ਼। ਨਿਦਾ ਫ਼ਾਜ਼ਲੀ ਦੇ ਮਸ਼ਹੂਰ ਮਿਸਰੇ 'ਕਭੀ ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ' ਵਾਂਗ ਸੁਰਜੀਤ ਸਿੰਘ ਜਹਾਨ ਵੀ ਨਾ-ਮੁਕੰਮਲ ਸੀ ਪਰ ਉਨ੍ਹਾਂ ਨੇ ਨਾ-ਮੁਕੰਮਲੀ ਨੂੰ 'ਨਾ' ਵਾਲੀ ਨਜ਼ਰ ਨਾਲ ਕਦੇ ਨਹੀਂ ਦੇਖਿਆ; ਜ਼ਿੰਦਗੀ ਨੂੰ ਜਸ਼ਨ ਵਾਂਗ ਮਾਣਿਆ। ਦਿਮਾਗ਼ ਦੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਲੜਾਈ ਦੌਰਾਨ ਵੀ।

ਉਹ ਜ਼ਿੰਦਗੀ ਦੇ 81 ਵਰ੍ਹੇ (29 ਜੁਲਾਈ 1942 ਤੋਂ 6 ਅਕਤੂਬਰ 2023) ਜੀਵੇ। ਕੌਮੀ ਔਸਤ ਦੇ ਨਜ਼ਰੀਏ ਤੋਂ ਏਨੀ ਉਮਰ ਥੋੜ੍ਹੀ ਨਹੀਂ ਪਰ ਉਨ੍ਹਾਂ ਦੇ ਮਾਮਲੇ ਵਿਚ ਇਹ ਥੋੜ੍ਹੀ ਜਾਪਦੀ ਹੈ। ਹਰ ਦਮ, ਹਰ ਸਾਹ ਚੜ੍ਹਦੀਆਂ ਕਲਾਂ ਵਿਚ ਰਹਿਣ ਦਾ ਜੋ ਹੁਨਰ ਉਨ੍ਹਾਂ ਕੋਲ ਸੀ, ਉਸ ਨੂੰ ਦੇਖਦਿਆਂ ਇਹੋ ਲੱਗਦਾ ਹੈ ਕਿ ਉਨ੍ਹਾਂ ਨੂੰ ਵੱਧ ਜਿਊਣਾ ਚਾਹੀਦਾ ਸੀ।



# ਰਿਚਾ ਦਾ ਗੜ੍ਹਕਾ

ਅਦਾਕਾਰਾ ਰਿਚਾ ਚੱਢਾ ਨੇ ਕਿਹਾ ਕਿ ਉਸ ਨੇ ਹੁਣ ਤੱਕ ਜੋ ਕੁਝ ਵੀ ਹਾਸਲ ਕੀਤਾ ਹੈ, ਉਸ 'ਤੇ ਉਸ ਨੂੰ ਮਾਣ ਹੈ। ਉਸ ਕੋਲ ਸੌ ਕਰੋੜ ਰੁਪਏ ਦਾ ਕਲੱਬ ਹੈ ਅਤੇ ਕੋਈ ਵੀ ਇਸ ਨੂੰ ਉਸ ਤੋਂ ਖੋਹ ਨਹੀਂ ਸਕਦਾ। ਉਸ ਦੀ ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਫੁਕਰੇ 3' ਨੇ 107.7 ਕਰੋੜ ਰੁਪਏ ਕਮਾਏ ਹਨ। ਉਸ ਨੇ ਦੱਸਿਆ ਕਿ ਫਿਲਮ ਵਿਚ ਉਸ ਦਾ ਭੋਲੀ ਪੰਜਾਬਣ ਵਾਲਾ ਕਿਰਦਾਰ ਹਰ ਕਿਸੇ ਦੇ ਦਿਮਾਗ ਵਿਚ ਉਕਰਿਆ ਹੋਇਆ ਹੈ। ਉਹ ਫਿਲਮ ਨਿਰਮਾਤਾਵਾਂ ਦੀ ਬਹੁਤ ਧੰਨਵਾਦੀ ਹੈ ਜਿਨ੍ਹਾਂ ਨੇ ਉਸ ਨੂੰ 10 ਸਾਲ ਪਹਿਲਾਂ ਚੁਣਿਆ। 18 ਦਸੰਬਰ 1986 ਨੂੰ ਜਨਮੀ ਰਿਚਾ ਚੱਢਾ ਦੀ ਪਹਿਲੀ ਫਿਲਮ 'ਓਏ ਲੱਕੀ! ਲੱਕੀ ਓਏ!' ਸਾਲ 2008 ਵਿਚ ਆਈ ਸੀ। 2012 ਵਿਚ ਰਿਲੀਜ਼ ਹੋਈ ਫਿਲਮ 'ਗੈਂਗਜ਼ ਆਫ ਵਾਸੇਪੁਰ' ਨਾਲ ਉਸ ਦੀ ਖੂਬ ਚਰਚਾ ਹੋਈ ਅਤੇ ਇਸ ਤੋਂ ਬਾਅਦ ਉਸ ਨੇ ਮੁੜ ਪਿਛਾਂਹ ਨਹੀਂ ਦੇਖਿਆ। ਫਿਲਮਾਂ ਵਿਚ ਆਉਣ ਤੋਂ ਪਹਿਲਾਂ ਉਹ ਮਾਡਲ ਸੀ ਅਤੇ ਥੀਏਟਰ ਵੀ ਕਰਦੀ ਸੀ।

# ਅਦਾਕਾਰਾ ਦੀਪਿਕਾ ਪਾਦੂਕੋਨ ਦੀ ਅਨੂਠੀ ਝਲਕ

ਉਘੀ ਅਦਾਕਾਰਾ ਦੀਪਿਕਾ ਪਾਦੂਕੋਨ ਹਾਲ ਹੀ ਵਿਚ ਸ਼ਾਹਰੁਖ ਖਾਨ ਦੀ ਫਿਲਮ 'ਜਵਾਨ' ਵਿਚ ਨਜ਼ਰ ਆਈ ਸੀ। ਹੁਣ ਉਸ ਨੇ ਆਪਣੀ ਆਉਣ ਵਾਲੀ ਫਿਲਮ 'ਸਿੰਘਮ ਅਗੇਨ' ਬਾਰੇ ਇੰਸਟਾਗ੍ਰਾਮ 'ਤੇ ਦੱਸਿਆ ਹੈ। ਉਹ ਇਸ ਫਿਲਮ ਵਿਚ ਸ਼ਕਤੀ ਸ਼ੈਟੀ ਦੀ ਸਿਪਾਹੀ ਵਾਲੀ ਭੂਮਿਕਾ ਵਿਚ ਨਜ਼ਰ ਆਵੇਗੀ।

ਅਦਾਕਾਰਾ ਦੀਪਿਕਾ ਪਾਦੂਕੋਨ ਨੇ ਆਪਣੇ ਇੰਸਟਾਗ੍ਰਾਮ 'ਤੇ ਫਿਲਮ ਦੀਆਂ ਦੋ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਪਹਿਲੀ ਤਸਵੀਰ ਵਿਚ ਦਿਖਾਇਆ ਗਿਆ ਹੈ ਕਿ ਅਦਾਕਾਰਾ ਨੇ ਇੱਕ ਸ਼ਖਸ ਨੂੰ ਵਾਲਾਂ ਤੋਂ ਫੜਿਆ ਹੋਇਆ ਹੈ ਜੋ ਉਸ ਦੇ ਪੈਰਾਂ ਵਿਚ ਪਿਆ ਹੈ। ਉਸ ਸ਼ਖਸ ਦੇ ਮੂੰਹ ਕੋਲ ਬੰਦੂਕ ਕਰਦੇ ਹੋਏ ਅਦਾਕਾਰਾ ਆਪਣੇ ਚਿਹਰੇ 'ਤੇ ਹਾਸਾ ਬਿਖੇਰਦੀ ਹੋਈ ਦਿਸਦੀ ਹੈ। ਦੂਜੀ ਤਸਵੀਰ ਵਿਚ ਦੀਪਿਕਾ ਪਾਦੂਕੋਨ ਆਪਣੇ ਮੱਥੇ 'ਤੇ ਬੰਦੂਕ ਦੀ ਬੈਰਲ ਰੱਖ ਕੇ ਹੱਸ ਰਹੀ ਹੈ। ਇਸ ਫਿਲਮ ਵਿਚ ਅਕਸ਼ੈ ਕੁਮਾਰ, ਅਜੈ ਦੇਵਗਨ, ਰਣਵੀਰ ਸਿੰਘ, ਕਰੀਨਾ ਕਪੂਰ ਅਤੇ ਵਿੱਕੀ ਕੌਸ਼ਲ ਵੀ ਹਨ।

ਦੀਪਿਕਾ ਪਾਦੂਕੋਨ ਨੂੰ ਇਸ ਫਿਲਮ ਤੋਂ ਬਹੁਤ ਆਸਾਂ ਹਨ। ਇਸ ਤੋਂ ਪਹਿਲਾਂ ਦੀਪਿਕਾ ਪਾਦੂਕੋਨ ਉਘੇ ਅਦਾਕਾਰ ਸ਼ਾਹਰੁਖ ਖਾਨ ਨਾਲ ਫਿਲਮ 'ਪਠਾਨ' ਵਿਚ ਦਿਖਾਈ ਦਿੱਤੀ ਸੀ। ਇਹ ਫਿਲਮ ਵੀ ਇਸੇ ਸਾਲ 2023 ਵਿਚ ਹੀ ਰਿਲੀਜ਼ ਹੋਈ ਸੀ। 'ਸਿੰਘਮ ਅਗੇਨ' ਫਿਲਮ ਦੇ ਨਿਰਦੇਸ਼ਕ ਰੋਹਿਤ ਸ਼ੈਟੀ ਹਨ ਅਤੇ ਇਹ ਫਿਲਮ ਅਗਲੇ ਸਾਲ ਅਗਸਤ ਵਿਚ ਰਿਲੀਜ਼ ਹੋਣੀ ਹੈ। ਰੋਹਿਤ ਸ਼ੈਟੀ ਨੇ ਫਿਲਮ 'ਸਿੰਘਮ' 2011 ਵਿਚ ਬਣਾਈ ਸੀ ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ ਸੀ। ਇਸੇ ਸੀਰੀਜ਼ ਵਿਚ ਫਿਰ ਉਸ ਨੇ 'ਸਿੰਘਮ ਰਿਟਰਨਜ਼' ਦੇ ਨਾਂ ਹੇਠ ਫਿਲਮ ਬਣਾਈ ਜੋ 2014 ਵਿਚ ਰਿਲੀਜ਼ ਕੀਤੀ ਗਈ ਸੀ। ਹੁਣ ਉਹ 'ਸਿੰਘਮ ਅਗੇਨ' ਲਿਆ ਰਿਹਾ ਹੈ।



# ਮੇਘਨਾ ਗੁਲਜ਼ਾਰ ਅਤੇ 'ਸੈਮ ਬਹਾਦਰ' ਦੀ ਕਥਾ

ਕੁਦਰਤ ਕੌਰ


ਨਿਰਦੇਸ਼ਕ ਮੇਘਨਾ ਗੁਲਜ਼ਾਰ ਆਪਣੀ ਨਵੀਂ ਫਿਲਮ 'ਸੈਮ ਬਹਾਦਰ' ਦੀ ਰਿਲੀਜ਼ ਲਈ ਤਿਆਰ ਹੈ। ਇਸ ਫਿਲਮ ਵਿਚ ਵਿੱਕੀ ਕੌਸ਼ਲ ਭਾਰਤ ਦੇ ਜੰਗੀ ਨਾਇਕ ਅਤੇ ਪਹਿਲੇ ਫੀਲਡ ਮਾਰਸ਼ਲ ਸੈਮ ਮਾਨਿਕਸ਼ਾਹ ਦੀ ਭੂਮਿਕਾ ਨਿਭਾਏਗਾ। ਇਸ ਫਿਲਮ ਦਾ ਟਰੇਲਰ ਰਿਲੀਜ਼ ਕਰਨ ਮੌਕੇ ਮੁੰਬਈ ਵਿਚ ਸਮਾਰੋਹ ਕੀਤਾ ਗਿਆ। ਫਿਲਮ ਪਹਿਲੀ ਦਸੰਬਰ ਨੂੰ ਰਿਲੀਜ਼ ਹੋਵੇਗੀ। ਇਸ ਸਬੰਧੀ ਆਲੀਆ ਭੱਟ ਨੇ ਇੰਸਟਾਗ੍ਰਾਮ 'ਤੇ ਸਟੋਰੀ ਪੋਸਟ ਕਰ ਕੇ ਵਿੱਕੀ ਨੂੰ ਵਧਾਈ ਦਿੱਤੀ ਹੈ। ਆਲੀਆ ਨੇ ਲਿਖਿਆ, "ਮੈਨੂੰ ਉਹ ਦਿਨ ਯਾਦ ਹੈ ਜਦੋਂ ਮੇਘਨਾ ਗੁਲਜ਼ਾਰ ਨੇ ਫਿਲਮ 'ਰਾਜ਼ੀ' ਦੇ ਸੈੱਟ 'ਤੇ ਸਾਨੂੰ ਸੈਮ ਦੀ ਕਹਾਣੀ ਸੁਣਾਈ ਸੀ। ਵਿੱਕੀ ਉਥੇ ਬੈਠਾ ਸੀ। ਉਸ ਦੀਆਂ ਅੱਖਾਂ ਵਿਚ ਇੱਕ ਚਮਕ ਸੀ। ਉਸ ਨੂੰ ਉਮੀਦ ਸੀ ਕਿ ਉਹ ਇੱਕ ਦਿਨ ਸੈਮ ਬਣੇਗਾ!"


ਇਸ ਬਾਰੇ ਫਿਲਮ ਦੇ ਮੁਖ ਅਦਾਕਾਰ ਵਿੱਕੀ ਕੌਸ਼ਲ ਨੇ ਆਖਿਆ, "ਉਹ ਉਸ ਦਿਨ ਨੂੰ ਕਦੇ ਨਹੀਂ ਭੁੱਲ ਸਕਦਾ।" ਇਹ ਫਿਲਮ ਭਾਰਤ ਦੇ ਪਹਿਲੇ ਫੀਲਡ ਮਾਰਸ਼ਲ ਸੈਮ ਮਾਨਿਕਸ਼ਾਹ ਦੇ ਜੀਵਨ 'ਤੇ ਆਧਾਰਿਤ ਹੈ। ਇਸ ਫਿਲਮ ਵਿਚ ਵਿੱਕੀ ਕੌਸ਼ਲ, ਸਾਨੀਆ ਮਲਹੋਤਰਾ ਅਤੇ ਫਾਤਿਮਾ ਸਨਾ ਸ਼ੇਖ ਮੁੱਖ ਭੂਮਿਕਾਵਾਂ ਵਿਚ ਹਨ। ਟੀਜ਼ਰ ਵਿਚ ਵਿੱਕੀ ਫੀਲਡ ਮਾਰਸ਼ਲ ਵਜੋਂ ਫੌਜੀਆਂ ਦੀ ਟੀਮ ਦੀ ਅਗਵਾਈ ਕਰਦਾ ਹੋਇਆ ਉਨ੍ਹਾਂ ਨੂੰ ਆਪਣੇ ਦੇਸ਼ ਲਈ ਲੜਨ ਲਈ ਪ੍ਰੇਰਦਾ ਦਿਖਾਈ ਦਿੰਦਾ ਹੈ।

ਵਿੱਕੀ ਕੌਸ਼ਲ ਨੇ ਵੀ 'ਸੈਮ ਬਹਾਦਰ' ਸਬੰਧੀ ਪੋਸਟ ਸ਼ੇਅਰ ਕਰਦਿਆਂ ਆਪਣੇ ਪ੍ਰਸ਼ੰਸਕਾਂ ਨਾਲ ਫਿਲਮ ਵਿਚ ਆਪਣੇ ਕਿਰਦਾਰ ਦੀ ਝਲਕ ਸਾਂਝੀ ਕੀਤੀ ਹੈ। ਉਸ ਨੇ ਫੋਟੋ ਕੈਪਸ਼ਨ ਵਿਚ ਲਿਖਿਆ, "ਜ਼ਿੰਦਗੀ ਜਿਉਣ ਲਈ... ਸੈਮ ਬਹਾਦਰ।" ਇਸ ਤਸਵੀਰ ਵਿਚ ਵਿੱਕੀ ਮੈਦਾਨ ਵਿਚ ਫੌਜ ਦੀ ਵਰਦੀ ਪਾ ਕੇ ਖੜ੍ਹਾ ਹੈ। ਵਿੱਕੀ ਨੇ ਕਿਹਾ, "ਮੇਰੀ ਖੁਸ਼ਕਿਸਮਤੀ ਹੈ ਕਿ ਇਸ ਫਿਲਮ ਵਿਚ ਮੈਂ ਅਸਲ ਜੀਵਨ ਦੇ ਹੀਰੋ ਅਤੇ ਦੇਸ਼ਭਗਤ ਦੀ ਭੂਮਿਕਾ ਨਿਭਾਅ ਰਿਹਾ ਹਾਂ ਜਿਸ ਨੂੰ ਅੱਜ ਵੀ ਦੇਸ਼ ਲਈ ਯੋਗਦਾਨ ਪਾਉਣ ਬਦਲੇ ਯਾਦ ਕੀਤਾ ਜਾਂਦਾ ਹੈ।"

ਮੇਘਨਾ ਗੁਲਜ਼ਾਰ ਇਸ ਤੋਂ ਪਹਿਲਾਂ 'ਫਿਲਹਾਲ...', 'ਜਸਟ ਮੈਰੀਡ', 'ਦਸ ਕਹਾਨੀਆਂ', 'ਤਲਵਾਰ', 'ਰਾਜ਼ੀ' ਅਤੇ 'ਛਪਾਕ' ਫਿਲਮਾਂ ਬਣਾ ਚੁੱਕੀ ਹੈ। ਉਸ ਨੇ ਆਪਣੇ ਪਿਤਾ ਫਿਲਮਸਾਜ਼ ਗੁਲਜ਼ਾਰ ਦੀ ਫਿਲਮ 'ਹੂ ਤੂ ਤੂ' ਵਿਚ ਪਟਕਥਾ ਲਿਖ ਕੇ ਫਿਲਮੀ ਸੰਸਾਰ ਅੰਦਰ ਦਾਖਲਾ ਲਿਆ ਸੀ। ਬਤੌਰ ਨਿਰਦੇਸ਼ਕ 'ਫਿਲਹਾਲ...' ਉਸ ਦੀ ਪਹਿਲੀ ਫਿਲਮ ਸੀ ਪਰ ਇਹ ਫਿਲਮ ਚੱਲੀ ਨਹੀਂ। 'ਜਸਟ ਮੈਰੀਡ' ਅਤੇ 'ਦਸ ਕਹਾਨੀਆਂ' ਫਿਲਮਾਂ ਨੂੰ ਵੀ ਮੱਠਾ ਹੁੰਗਾਰਾ ਹੀ ਮਿਲਿਆ ਪਰ ਜਦੋਂ 2015 ਵਿਚ ਉਸ ਦੀ ਫਿਲਮ 'ਤਲਵਾਰ' ਰਿਲੀਜ਼ ਹੋਈ ਤਾਂ ਉਸ ਦੀ ਵਾਹਵਾ ਚਰਚਾ ਹੋਈ ਅਤੇ ਬਤੌਰ ਨਿਰਦੇਸ਼ਕ ਉਸ ਦੀ ਵੱਖਰੀ ਪਛਾਣ ਬਣ ਗਈ। ਇਸ ਫਿਲਮ ਲਈ ਉਸ ਨੂੰ ਸਰਵੋਤਮ ਨਿਰਦੇਸ਼ਕ ਦਾ ਫਿਲਮਫੇਅਰ ਇਨਾਮ ਵੀ ਮਿਲਿਆ। 2018 ਵਿਚ ਆਈ ਫਿਲਮ 'ਰਾਜ਼ੀ' ਅਤੇ 2020 ਵਿਚ ਰਿਲੀਜ਼ ਹੋਈ ਫਿਲਮ 'ਛਪਾਕ' ਨਾਲ ਉਸ ਦੀ ਇਹ ਪਛਾਣ ਹੋਰ ਗੂੜ੍ਹੀ ਹੋ ਗਈ। ਫਿਲਮ 'ਰਾਜ਼ੀ' ਫਿਲਮਫੇਅਰ ਲਈ ਸਰਵੋਤਮ ਫਿਲਮ ਅਤੇ ਸਰਵੋਤਮ ਪਟਕਥਾ ਇਨਾਮਾਂ ਲਈ ਨਾਮਜ਼ਦ ਹੋਈ।

ਮੇਘਨਾ ਗੁਲਜ਼ਾਰ ਉਘੇ ਫਿਲਮਸਾਜ਼ ਤੇ ਲਿਖਾਰੀ ਗੁਲਜ਼ਾਰ ਅਤੇ ਅਦਾਕਾਰਾ ਰਾਖੀ ਦੀ ਧੀ ਹੈ। ਰਾਖੀ ਨੇ ਆਪਣੀ ਧੀ ਦਾ ਨਾਂ ਬੰਗਲਾਦੇਸ਼ ਵਿਚ ਵਹਿੰਦੇ ਦਰਿਆ ਮੇਘਨਾ ਦੇ ਨਾਂ 'ਤੇ ਰੱਖਿਆ ਸੀ।









ਫਿਲਮ 'ਸੈਮ ਬਹਾਦਰ' ਦਾ ਪੋਸਟਰ, ਅਦਾਕਾਰ ਵਿੱਕੀ ਕੌਸ਼ਲ, ਅਦਾਕਾਰਾ ਸਾਨੀਆ ਮਲਹੋਤਰਾ, ਅਦਾਕਾਰਾ ਫਾਤਿਮਾ ਸਨਾ ਸ਼ੇਖ ਅਤੇ ਫਿਲਮ ਦੀ ਨਿਰਦੇਸ਼ਕ ਮੇਘਨਾ ਗੁਲਜ਼ਾਰ।

ਇੰਡੋ ਯੂ-ਐਸ ਹੈਰੀਟੇਜ਼, ਫ਼ਰਿਜ਼ਨੋ, ਵੱਲੋਂ

ਭਾਰਤ ਦੀ ਅਜ਼ਾਦੀ ਲਈ ਸ੍ਰ.ਕਰਤਾਰ ਸਿੰਘ ਸਰਾਭਾ

ਅਤੇ ਉਸ ਨਾਲ ਫ਼ਾਂਸੀ 'ਤੇ ਚੜ੍ਹਨ ਵਾਲੇ ਛੇ ਹੋਰ ਸਾਥੀਆਂ ਦੀ ਸ਼ਹਾਦਤ ਨੂੰ ਸਮਰਪਿਤ

# ਗਦਰੀ ਬਾਬਿਆਂ ਦਾ ਮੇਲਾ

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ 'ਚੋਂ ਨਹੀਂ ਭੁਲਾ ਜਾਣਾ
ਖਾਤਿਰ ਵਤਨ ਦੀ ਲੱਗੇ ਹਾਂ ਚੜ੍ਹਨ ਫ਼ਾਂਸੀ,
ਸਾਨੂੰ ਦੇਖ ਕੇ ਨਾ ਘਬਰਾ ਜਾਣਾ




## 29 ਅਕਤੂਬਰ, ਦਿਨ ਐਤਵਾਰ

1:00 ਵਜੇ ਦੁਪਹਿਰ ਤੋਂ ਸ਼ਾਮ 5:00 ਵਜੇ ਤੱਕ

ਸਥਾਨ - ਪੰਜਾਬੀ ਕਲਚਰਲ ਸੈਂਟਰ ਦੇ ਪਾਰਕ ਵਿੱਚ (Punjabi Cultural Center)

2125 N Barton Ave, Fresno, near the crossing of Hwy 168 & Clinton Ave.

**Chief Guest: Dr. Daljit Singh LL.B, LL.M, PHD (P.U.)**

Principal, Khalsa College Amritsar, Ex. V.C. Rayat-Bahra University, Mohali

ਗ਼ਦਰ ਲਹਿਰ ਦਾ ਅਜ਼ਾਦੀ ਦੇ ਸੰਘਰਸ਼ ਵਿੱਚ ਅਣਮੁੱਲਾ ਯੋਗਦਾਨ ਹੈ। ਇਸ ਸੰਘਰਸ਼ ਵਿੱਚ ਸੈਂਕੜੇ ਗਦਰੀ ਸੂਰਮੇ ਸ਼ਹੀਦ ਹੋਏ। ਜਿੰਨ੍ਹਾਂ ਵਿਚੋਂ ਸ੍ਰ.ਕਰਤਾਰ ਸਿੰਘ ਸਰਾਭਾ, ਸ੍ਰ.ਜਗਤ ਸਿੰਘ ਸੁਰ ਸਿੰਘ ਵਾਲਾ, ਸ੍ਰ.ਬਖਸ਼ੀਸ਼ ਸਿੰਘ ਗਿੱਲਵਾਲੀ, ਸ੍ਰ.ਹਰਨਾਮ ਸਿੰਘ ਸਿਆਲਕੋਟੀ, ਸ੍ਰ.ਸੁਰੈਣ ਸਿੰਘ (ਛੋਟਾ) ਗਿੱਲਵਾਲੀ, ਸ੍ਰ.ਸੁਰੈਣ ਸਿੰਘ (ਵੱਡਾ) ਗਿੱਲਵਾਲੀ ਅਤੇ ਸ੍ਰੀ ਵਿਸ਼ਨੂੰ ਗਨੇਸ਼ ਪਿੰਗਲੇ ਮਹਾਰਾਸ਼ਟਰ, ਨੂੰ ਲਹੌਰ ਜੇਲ਼ ਵਿੱਚ 16 ਨਵੰਬਰ 1915 ਨੂੰ ਇਕੋ ਸਮੇਂ ਫ਼ਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਇਨ੍ਹਾਂ ਕੁਰਬਾਨੀਆਂ ਅੱਗੇ ਸਿਰ ਝੁਕਾਉਂਦੀ ਹੋਈ ਸਾਡੀ ਸੰਸਥਾ, ਗ਼ਦਰੀ ਬਾਬਿਆਂ ਦਾ ਇਹ ਮੇਲਾ, ਇਨ੍ਹਾਂ ਸੱਤਾਂ ਯੋਧਿਆਂ ਨੂੰ ਸਮਰਪਿਤ ਕਰਦੀ ਹੈ। ਫ਼ਰਿਜ਼ਨੋ ਅਤੇ ਆਸ ਪਾਸ ਦੇ ਇਲਾਕਾ ਨਿਵਾਸੀਆਂ ਅਤੇ ਭਰਾਤਰੀ ਜੱਥੇਬੰਦੀਆਂ ਨੂੰ ਇਸ ਮੇਲੇ ਵਿਚ ਆਉਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ। ਆਓ ਪਰਿਵਾਰਾਂ ਸਮੇਤ ਆ ਕੇ ਦੇਸ਼ ਭਗਤਾਂ ਦੀ ਮਹਾਨ ਕੁਰਬਾਨੀ ਨੂੰ ਸਿਜਦਾ ਕਰੀਏ।

ਲ਼ੋਕ ਗਾਇਕ: ਗੋਗੀ ਸੰਧੂ, ਗੁਰਦੀਪ ਕੁੱਸਾ, ਪੱਪੀ ਭਦੌੜ, ਕਮਲਜੀਤ ਬੈਨੀਪਾਲ, ਰਾਜ ਬਰਾੜ, ਅਵਤਾਰ ਗਰੇਵਾਰ।

ਬੱਚਿਆਂ ਦਾ ਗਿੱਧਾ ਭੰਗੜਾ, ਕਵੀਸ਼ਰੀ, ਸਕਿੱਟ, ਮਲਵਈ ਗਿੱਧਾ, ਫੋਟੋ ਪ੍ਰਦਰਸ਼ਨੀ।

ਹਾਈ ਸਕੂਲ ਦੇ 4.0 ਗਰੇਡ ਵਾਲੇ ਬੱਚਿਆਂ ਨੂੰ ਨਕਦ ਇਨਾਮ

ਸੰਸਥਾ ਦਾ ਸੋਵੀਨਾਰ ਮੁਫ਼ਤ ਵੰਡਿਆ ਜਾਵੇਗਾ।

ਚਾਹ-ਪਾਣੀ ਦਾ ਪੁਖਤਾ ਪ੍ਰਬੰਧ, Venders-call Manjit Kular 559-286-6383

ਪ੍ਰਬੰਧਕ ਕਮੇਟੀ: ਨਿਰਮਲ ਸਿੰਘ ਗਿੱਲ, ਰਣਜੀਤ ਸਿੰਘ ਗਿੱਲ, ਮਨਜੀਤ ਕੁਲਾਰ, ਸਾਧੂ ਸਿੰਘ ਸੰਘਾ, ਰਜਿੰਦਰ ਸਿੰਘ ਬਰਾੜ ਵੈਰੋਕੇ, ਸਤਵੰਤ ਵਿਰਕ, ਹਾਕਮ ਸਿੰਘ ਢਿੱਲੋਂ, ਹੈਰੀ ਮਾਨ, ਸੁਲੱਖਣ ਸਿੰਘ ਗਿੱਲ, ਸੰਤੋਖ ਸਿੰਘ ਢਿੱਲੋਂ, ਨੀਟਾ ਮਾਛੀਕੇ, ਜਗੀਰ ਸਿੰਘ ਗਿੱਲ, ਕੁਲਵਿੰਦਰ ਸਿੰਘ ਢੀਂਡਸਾ, ਪੁਸ਼ਪਿੰਦਰ ਪਾਤੜਾਂ

ਸੰਪਰਕ ਨੰ.: (559) 709-9599, (559) 333-5776 (559) 270-9880, (559) 906-4710

## ਇੰਡੋ ਯੂ.ਐਸ ਹੈਰੀਟੇਜ, ਫ਼ਰਿਜ਼ਨੋ